**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 16, April 16, 2011
20451 N Plum Grove Rd. Palatine, IL 60074
Ph:847-359-0746, Fax:847-705-9388


## ਨਾਮਧਾਰੀ ਸੰਪਰਦਾ ਦੇ ਸੰਤ ਅਵਤਾਰ ਸਿੰਘ ਦੀ ਦਿਨ ਦਿਹਾੜੇ ਹੱਤਿਆ

**ਲੁਧਿਆਣਾ:** ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਦੇ ਮੁਖ਼ਤਾਰੇ-ਆਮ ਸੰਤ ਅਵਤਾਰ ਸਿੰਘ ਦਾ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸਤਿਗੁਰੂ ਜਗਜੀਤ ਸਿੰਘ ਦੇ ਦਮਾਦ ਸੰਤ ਜਗਤਾਰ ਸਿੰਘ ਦੇ ਕਰੀਬੀ ਰਿਸ਼ਤੇਦਾਰ 62 ਸਾਲਾ ਸੰਤ ਅਵਤਾਰ ਸਿੰਘ ਨਾਮਧਾਰੀ ਸੰਪਰਦਾ ਦੀ ਗੱਦੀ ਦੇ ਅਗਲੇ ਦਾਅਵੇਦਾਰ ਮੰਨੇ ਜਾਂਦੇ ਸਨ। ਇਸ ਲਈ ਕਤਲ ਪਿੱਛੇ ਗੱਦੀ ਦਾ ਰੌਲਾ ਹੋਣ ਦਾ ਵੀ ਸ਼ੱਕ ਹੈ।


*ਸੰਤ ਅਵਤਾਰ ਸਿੰਘ*

ਜ਼ਿਕਰਯੋਗ ਹੈ ਕਿ ਨਾਮਧਾਰੀ ਗੁਰੂ ਜਗਜੀਤ ਸਿੰਘ 90 ਸਾਲਾ ਦੇ ਹੋ ਗਏ ਹਨ ਤੇ ਅੱਜਕਲ ਬਿਮਾਰ ਚੱਲ ਰਹੇ ਹਨ। ਉਹ ਆਪਣੀ ਗੱਦੀ ਆਪਣੇ ਪੋਤੇ ਨੂੰ ਸੌਂਪਣਾ ਚਾਹੁੰਦੇ ਹਨ। ਇਸ ਦਾ ਨਾਮਧਾਰੀਆਂ ਦੀ ਇਕ ਧਿਰ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਉਂਜ ਸੰਤ ਅਵਤਾਰ ਸਿੰਘ 'ਤੇ ਤਕਰੀਬਨ ਤਿੰਨ ਸਾਲ ਪਹਿਲਾਂ ਵੀ ਹਮਲਾ ਹੋ ਚੁੱਕਾ ਹੈ ਜਿਸ ਬਾਰੇ ਅਦਾਲਤ ਵਿਚ ਮੁੱਕਦਮਾ ਚੱਲ ਰਿਹਾ ਹੈ। ਦੂਜੇ ਪਾਸੇ ਇਹ ਵੀ ਚਰਚਾ ਹੈ ਕਿ ਉਨ੍ਹਾਂ ਦਾ ਕਤਲ ਏ.ਕੇ. 47 ਰਾਈਫਲ ਨਾਲ ਹੋਇਆ ਹੈ ਤੇ ਇਸ ਕਰਕੇ ਪੁਲਿਸ ਨੂੰ ਸ਼ੱਕ ਹੈ ਕਿ ਇਸ ਹਮਲੇ ਵਿਚ ਕਿਸੇ ਖਾੜਕੂ ਧੜੇ ਦਾ ਹੱਥ ਹੋ ਸਕਦਾ ਹੈ। ਉਹ ਅੱਜਕਲ੍ਹ ਉਹ ਮੁਹਾਲੀ ਰਹਿੰਦੇ ਸਨ ਪਰ ਉਨ੍ਹਾਂ ਦਾ ਜੱਦੀ ਪਿੰਡ ਅਮਰਾਸਰ

*(ਬਾਕੀ ਸਫਾ 6 'ਤੇ)*

# ਸੈਨ ਹੋਜ਼ੇ ਗੁਰੂ ਘਰ ਦੀ ਨਵੀਂ ਇਮਾਰਤ ਦੇ ਗੁਰੂ ਅਰਪਣ ਸਮਾਗਮ ਦਾ ਅਲੌਕਿਕ ਨਜ਼ਾਰਾ

**ਸੈਨ ਹੋਜੇ (ਦੂਪਾਲਪੁਰ, ਮਾਨ ਮਨਦੀਪ):** ਸੁਗੰਧੀਆਂ ਛਡਦੇ ਬਹੁਰੰਗੇ ਮਨਮੋਹਕ ਫੁਲਾਂ ਨਾਲ ਲੱਦੀ ਹੋਈ ਗੱਡੀ ਉਪਰ ਸੁੱਚੇ ਰੇਸ਼ਮੀ ਰੁਮਾਲਿਆਂ ਅਤੇ ਫੁਲ ਕਲੀਆਂ ਦੀਆਂ ਲੜੀਆਂ ਨਾਲ ਸਜਾਈ ਹੋਈ ਸ਼ਾਨਦਾਰ ਪਾਲਕੀ ਵਿਚ ਬਿਰਾਜਮਾਨ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ, ਉਪਰ ਝੁਲਾਇਆ ਜਾ ਰਿਹਾ ਚਾਂਦੀ ਰੰਗੀ ਮੁਠ ਵਾਲਾ ਦੂਧੀਆ ਚੌਰ, ਅੱਗੇ ਰਵਾਇਤੀ ਅਸਤਰਾਂ-ਬਸਤਰਾਂ ਵਿਚ ਸਜੇ ਕੇਸਰੀ ਪਰਚਮ ਝੁਲਾਉਂਦੇ ਹੋਏ ਪੰਜ ਪਿਆਰੇ, ਪਾਲਕੀ ਦੇ ਪਿਛੇ ਫਿਜ਼ਾ ਵਿਚ ਇਲਾਹੀ ਬਾਣੀ ਦਾ ਵਿਸਮਾਦ ਘੋਲ ਰਹੇ ਰਾਗੀ ਸਿੰਘ, ਰੰਗ ਬਰੰਗੀਆਂ ਦਸਤਾਰਾਂ ਅਤੇ ਦੁਪੱਟਿਆਂ ਵਿਚ ਸਜੇ ਸ਼ਰਧਾਲੂਆਂ ਦਾ ਠਾਠਾਂ ਮਾਰਦਾ ਦਰਿਆ, ਫਿਰ ਆਵਾਜ਼ ਗੂੰਜਦੀ ਹੈ, ਮੈਂ ਸੋਭਾ ਸੁਣ ਕੇ ਆਇਆ, ਉਚਾ ਦਰ ਬਾਬੇ ਨਾਨਕ ਦਾ। ਹੋਰ ਅੱਗੇ ਜੰਗੀ ਬਾਣੇ ਵਿਚ ਸਜੇ ਨੌਜਵਾਨ ਗੱਤਕੇ ਦੇ ਕਰਤੱਬ ਦਿਖਾ ਕੇ ਸੰਗਤਾਂ ਨੂੰ ਚਕ੍ਰਿਤ ਕਰ ਰਹੇ ਹਨ, ਇਕ ਹੈਲੀਕਾਪਟਰ ਅਸਮਾਨ ਤੋਂ ਫੁਲ ਪੱਤੀਆਂ ਵਰਸਾ ਰਿਹਾ ਹੈ- ਇਹ ਨਜ਼ਾਰਾ ਹੈ ਗੁਰਦੁਆਰਾ ਸੈਨ ਹੋਜੇ ਦੇ ਵਿਸ਼ਾਲ ਕੰਪਲੈਕਸ ਦਾ ਜਿਥੇ ਅੱਜ ਨਵੇਂ ਬਣਾਏ ਗਏ ਦੀਵਾਨ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਕਰਕੇ ਇਮਾਰਤ ਨੂੰ ਗੁਰੂ ਅਰਪਣ ਕੀਤਾ ਜਾ ਰਿਹਾ ਹੈ।

ਭਾਵੇਂ ਐਤਵਾਰ ਦੇ ਇਸ ਦਿਨ ਮੌਸਮ ਮਹਿਕਮੇ ਨੇ ਇਸ ਖਿੱਤੇ ਲਈ ਬੱਦਲਵਾਈ ਅਤੇ ਹਲਕੀ ਵਰਖਾ ਦੀ ਪੇਸ਼ੀਨਗੋਈ ਕੀਤੀ ਹੋਈ ਸੀ ਪਰ ਸਾਫ ਨੀਲੇ ਅੰਬਰਾਂ ਵਿਚੋਂ ਚੇਤ ਮਹੀਨੇ ਦੀ ਕੋਸੀ ਕੋਸੀ ਲਿਸ਼ਕ ਸ਼ਰਧਾਲੂਆਂ ਦੀ ਦਿੱਖ ਅਤੇ ਆਭਾ ਨੂੰ ਲਿਸ਼ਕਾ-ਪੁਸ਼ਕਾ ਰਹੀ ਪ੍ਰਤੀਤ ਹੁੰਦੀ ਸੀ, ਮਾਨੋ ਕੁਦਰਤ ਵੀ ਇਸ ਰੁਹਾਨੀ ਇਕੱਠ ਦੇ ਦਰਸ਼ਨ ਕਰਕੇ ਬਾਗੋ-ਬਾਗ ਹੋ ਰਹੀ ਸੀ। ਭਾਈ ਸੱਤੇ ਬਲਵੰਡ ਦੀਆਂ ਇਹ ਪਾਵਨ ਪੰਕਤੀਆਂ ਰੂਪਮਾਨ ਹੋਈਆਂ ਪ੍ਰਤੀਤ ਹੁੰਦੀਆਂ ਸਨ-"ਵਰ੍ਹਿਆ ਦਰਗਾਹ ਗੁਰੂ ਕੀ ਕੁਦਰਤੀ ਨੂਰ॥"




ਇਹ ਨਗਰ ਕੀਰਤਨ ਗੁਰੂ ਮਹਾਰਾਜ ਦੇ ਪਹਿਲੇ ਪ੍ਰਕਾਸ਼ ਅਸਥਾਨ ਤੋਂ ਆਰੰਭ ਹੋ ਕੇ ਨਵੇਂ ਬਣਾਏ ਗਏ ਦੀਵਾਨ ਹਾਲ ਵਿਚ ਜਾ ਕੇ ਸਮਾਪਤ ਹੋਇਆ ਜਿਥੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਉਚੇਚਾ ਪਹੁੰਚੇ ਅਰਦਾਸੀਏ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ। ਮੁਖ ਵਾਕ ਲੈਣ ਉਪਰੰਤ ਦੀਵਾਨ ਦੀ ਕਾਰਵਾਈ ਆਰੰਭ ਹੋਈ।

ਕਰੀਬ 40 ਏਕੜਾਂ ਵਿਚ ਫੈਲੇ ਖੂਬਸੂਰਤ ਪਹਾੜੀਆਂ ਉਤੇ ਸਥਿਤ ਸੈਨ ਹੋਜ਼ੇ ਗੁਰੂ ਘਰ ਦੀ ਇਸ ਨਵੀਂ ਇਮਾਰਤ ਦੇ ਬਣਨ ਨਾਲ ਇਹ ਸ਼ਾਇਦ ਦੁਨੀਆਂ ਵਿਚ ਭਾਰਤ ਤੋਂ ਬਾਹਰ ਸਭ ਤੋਂ ਵੱਡਾ ਗੁਰੂ ਘਰ ਹੈ। ਨਵੇਂ ਪ੍ਰਾਜੈਕਟ ਹੇਠ ਬਣਾਇਆ

*(ਬਾਕੀ ਸਫਾ 3 'ਤੇ)*

**ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸੇ ਦੇ ਸਿਰਜਣਾ ਦਿਹਾੜੇ ਵਿਸਾਖੀ ਦੀ ਲੱਖ ਲੱਖ ਵਧਾਈ**


**Mann Tax Services**
Individual, Trucking or Business Taxes
CTEC
California Tax Education Council Approved Tax Preparer
IRS e-file
For Fast Refund:
For Appointments.
Gurdawar S. Mann
Ph:(510) 487-1000
(510) 468-9381
Email: manntaxservices@gmail.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

**Lance V Friel, Attorney at Law** | **Kirandeep K Sihota, Attorney at Law**

*Over 10 Years of experience*

## ਸਭਨਾਂ ਨੂੰ ਵਿਸਾਖੀ ਮੁਬਾਰਕ

> Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
> Bankruptcy (Ch 7) ਬੈਂਕਰਪਸੀ (ਚੈਪਟਰ 7)
> Family Law (Divorce, Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)


Business Formation and Tax (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)


*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**
**2351 W. March Lane Suite A, Stockton, CA 95207**






# ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ

**ਸਟਾਕਟਨ, ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਦੌੜਦਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸਭ ਕੁਝ ਅਜ਼ਮਾ ਚੁਕੇ ਹੋ ਤੇ ਕਾਸੇ ਨਾਲ ਵੀ ਫਰਕ ਨਹੀਂ ਪਿਆ!

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਲਕ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਕਿਤਾਬਾਂ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਆਪਣਾ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਵਲੋਂ ਕਮਰ, ਡਿਸਕ ਅਤੇ ਗਰਦਨ ਦੇ ਦਰਦ ਦੇ ਕੀਤੇ ਜਾਂਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ।

ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਦਿੱਤੇ ਜਾਣ ਵਾਲੇ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ:

**209 464 7738**

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। **ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ** ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209 464 7738**

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।


**ਨੋਟ (1):**ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 18 ਅਪਰੈਲ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।



ਮੈਂ ਪਿਛਲੇ 12 ਸਾਲਾਂ ਤੋਂ ਕਮਰ ਦਰਦ ਤੋਂ ਪ੍ਰੇਸ਼ਾਨ ਸਾਂ। ਮੈਂ ਟਰੱਕ ਡਰਾਈਵਰ ਹਾਂ ਅਤੇ ਪਿਛਲੇ ਕਈ ਸਾਲਾਂ ਤੋਂ ਟਰੱਕ ਚਲਾ ਰਿਹਾ ਹਾਂ। ਇਸ ਅਰਸੇ ਦੌਰਾਨ ਮੇਰੀ ਲੱਕ ਪੀੜ ਲਗਾਤਾਰ ਵਧਦੀ ਚਲੀ ਗਈ।

ਮੈਂ ਡਾ. ਸਿਹੋਤਾ ਦੀ ਕਲੀਨਿਕ ਵਿਚ ਪਿਛਲੇ 5 ਹਫਤਿਆਂ ਤੋਂ ਆ ਰਿਹਾ ਹਾਂ ਅਤੇ ਮੈਨੂੰ ਲੱਕ ਪੀੜ ਤੋਂ 60% ਤੱਕ ਆਰਾਮ ਹੈ। ਇਲਾਜ ਬਿਲਕੁਲ ਵੀ ਤਕਲੀਫਦੇਹ ਨਹੀਂ ਹੈ। ਮੈਂ ਉਨ੍ਹਾਂ ਸਭ ਸੱਜਣਾਂ ਨੂੰ ਕਹਾਂਗਾ ਕਿ ਉਹ ਇਸ ਕਲੀਨਿਕ ਵਿਚ ਆਉਣ ਜਿਹੜੇ ਕਮਰ ਦਰਦ ਤੋਂ ਪ੍ਰੇਸ਼ਾਨ ਹਨ। ਮੈਂ ਡਾ. ਸਿਹੋਤਾ ਦਾ ਧੰਨਵਾਦੀ ਹਾਂ। ***-ਭੁਪਿੰਦਰ (ਉਮਰ 39 ਸਾਲ, ਟਰੱਕ ਡਰਾਈਵਰ)***

---



ਮੈਨੂੰ ਪਿਛਲੇ 10 ਸਾਲ ਤੋਂ ਕਮਰ ਦੀ ਦਰਦ ਸੀ। ਮੇਰੀ ਕਮਰ ਵਿਚ ਇੰਡੀਆ ਵਾਲੀਬਾਲ ਖੇਡਦਿਆਂ ਸੱਟ ਲੱਗ ਗਈ ਸੀ। ਮੈਂ ਪਹਿਲਾਂ ਇੰਡੀਆ ਅਤੇ ਫਿਰ ਅਮਰੀਕਾ ਆ ਕੇ ਇਸ ਦਰਦ ਤੋਂ ਦੁਖੀ ਰਿਹਾ ਹਾਂ। ਮੈਂ ਟਰੱਕ ਚਲਾਉਂਦਾ ਹਾਂ। ਪੀੜ ਤੋਂ ਨਿਜਾਤ ਪਾਉਣ ਲਈ ਮੈਂ ਦਵਾਈਆਂ ਖਾਂਦਾ ਸੀ ਅਤੇ ਮਾਲਿਸ਼ ਵਗੈਰਾ ਕਰਵਾਉਂਦਾ ਸੀ ਪਰ ਕੋਈ ਆਰਾਮ ਨਹੀਂ ਸੀ। ਪਿਛਲੇ ਸਾਲ ਮੇਰੀ ਕਮਰ ਅਤੇ ਲੱਤਾਂ ਵਿਚ ਬਹੁਤ ਜ਼ਿਆਦਾ ਦਰਦ ਹੋਣ ਲੱਗ ਪਈ ਅਤੇ ਮੈਂ ਤੁਰਨੋਂ ਤੇ ਗੱਡੀ ਚਲਾਉਣ ਤੋਂ ਵੀ ਆਰੀ ਹੋ ਗਿਆ।

ਮੇਰੇ ਇਕ ਦੋਸਤ ਨੇ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਦੱਸਿਆ। ਮੈਂ ਨਵੰਬਰ 2010 ਵਿਚ ਇਲਾਜ ਸ਼ੁਰੂ ਕੀਤਾ ਅਤੇ ਸਿਰਫ ਦੋ ਹਫਤਿਆਂ ਦੇ ਅੰਦਰ ਹੀ ਮੈਨੂੰ ਪੀੜ ਤੋਂ ਕਾਫੀ ਆਰਾਮ ਮਹਿਸੂਸ ਹੋਇਆ। ਹੁਣ ਜਦੋਂ ਕਿ ਇਲਾਜ ਮੁਕੰਮਲ ਹੋ ਚੁਕਾ ਹੈ, ਮੈਂ ਪਹਿਲਾਂ ਦੇ ਮੁਕਾਬਲੇ 80-85% ਬਿਹਤਰ ਮਹਿਸੂਸ ਕਰਦਾਂ। ਮੈਨੂੰ ਕੋਈ ਦਰਦ ਨਹੀਂ ਅਤੇ 8 ਤੋਂ 12 ਘੰਟੇ ਰੋਜ਼ ਗੱਡੀ ਚਲਾਉਂਦਾ ਹਾਂ। ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਧੰਨਵਾਦੀ ਹਾਂ। ***-ਸੁਰਿੰਦਰ ਸਿੰਘ (ਟਰੱਕ ਡਰਾਈਵਰ)***

Copyright © 2009 CMC, LLC

# ਸੈਨ ਹੋਜ਼ੇ ਗੁਰੂ ਘਰ ਦੀ ਨਵੀਂ ਇਮਾਰਤ ਦੇ ਗੁਰੂ ਅਰਪਣ ਸਮਾਗਮ ਦਾ ਅਲੌਕਿਕ ਨਜ਼ਾਰਾ

## *ਕੈਲੀਫੋਰਨੀਆ ਦੇ ਗਵਰਨ ਜੈਰੀ ਬਰਾਊਨ, ਮੇਅਰ ਚੱਕ ਰੀਡ ਅਤੇ ਹੋਰ ਅਮਰੀਕੀ ਆਗੂਆਂ ਨੇ ਹਾਜ਼ਰੀ ਭਰੀ*

ਗਿਆ ਦੀਵਾਨ ਹਾਲ 37,000 ਵਰਗ ਫੁੱਟ ਤੇ ਲੰਗਰ ਹਾਲ 35,000 ਵਰਗ ਫੁੱਟ ਦਾ ਹੈ। ਗੁਰੂ ਘਰ ਨੂੰ ਗਰੀਨ ਗੁਰੂ ਘਰ ਦਾ ਦਰਜਾ ਹਾਸਲ ਹੈ ਕਿਉਂਕਿ ਵਰਤੀ ਜਾਣ ਵਾਲੀ ਸਾਰੀ ਬਿਜਲੀ ਸੋਲਰ ਸਿਸਟਮ ਨਾਲ ਆਏਗੀ ਅਤੇ ਇਥੇ ਫੋਮ ਦੀ ਥਾਂ ਸਟੀਲ ਦੇ ਬਰਤਨ ਵਰਤੇ ਜਾਣਗੇ। ਇਸ ਪ੍ਰਾਜੈਕਟ ਤਹਿਤ ਸਕੂਲ, ਗ੍ਰੰਥੀ ਸਿੰਘਾਂ ਅਤੇ ਯਾਤਰੂਆਂ ਲਈ ਕਮਰੇ ਵੀ ਬਣਾਏ ਗਏ ਹਨ। ਕੁਲ ਖਰਚਾ 20 ਮਿਲੀਅਨ ਡਾਲਰ ਤੋਂ ਵੱਧ ਦਾ ਹੈ। ਇਸ ਵਿਚੋਂ ਕੋਈ 13.5 ਮਿਲੀਅਨ ਡਾਲਰ ਲੋਨ ਲਿਆ ਗਿਆ ਹੈ।

ਇਸ ਸਮਾਗਮ ਵਿਚ ਸਰੀਕ ਹੋਣ ਲਈ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਉਚੇਚਾ ਪਹੁੰਚੇ ਹੋਏ ਸਨ। ਇਹ ਪਹਿਲੀ ਵਾਰ ਸੀ ਜਦੋਂ ਕੈਲੀਫੋਰਨੀਆ ਦਾ ਕੋਈ ਗਵਰਨਰ ਅਜਿਹੇ ਵਿਸ਼ੇਸ਼ ਸਮਾਗਮ ਵਿਚ ਪਹੁੰਚਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਜੈਰੀ ਬਰਾਊਨ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਮਹਾਨ ਸਮਾਗਮ ਵਿਚ ਸਰੀਕ ਹੋ ਕੇ ਬੜੀ ਖੁਸ਼ੀ ਹਾਸਲ ਹੋਈ ਹੈ। ਸਿੱਖ ਸੰਗਤਾਂ ਨੂੰ ਇਸ ਸਮਾਗਮ ਦੀ ਵਧਾਈ ਦਿੰਦਿਆਂ ਉਨ੍ਹਾਂ ਸਿੱਖ ਕੌਮ ਦੀਆਂ ਸ਼ਾਨਦਾਰ ਰਵਾਇਤਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੈਕਰਾਮੈਂਟੋ ਵਿਚ ਪਿਛਲੇ ਦਿਨੀਂ ਦੋ ਬਜ਼ੁਰਗ ਸਿੱਖਾਂ ਉਪਰ ਹਮਲਾ ਕਰਨ ਵਾਲੇ ਹਮਲਾਵਰਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹੇ ਕਰਨ ਲਈ ਹਰ ਸੰਭਵ ਕਾਰਵਾਈ ਕੀਤੀ ਜਾਏਗੀ।

ਇਸ ਤੋਂ ਪਹਿਲਾਂ ਗੁਰੂ ਘਰ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸ੍ਰੀ ਜੈਰੀ ਬਰਾਊਨ, ਸਰਕਾਰੀ ਨੁਮਾਇੰਦਿਆਂ ਅਤੇ ਦੂਰੋਂ ਨੇੜਿਓਂ ਚੱਲ ਕੇ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਸਮਾਗਮ ਨੂੰ ਪੰਜਾਬ ਦੇ ਐਨ ਆਰ ਆਈ ਮੰਤਰੀ ਬਲਬੀਰ ਸਿੰਘ ਬਾਠ, ਸੈਨ ਹੋਜ਼ੇ ਦੇ ਮੇਅਰ ਚੱਕ ਰੀਡ, ਸੈਂਟਾ ਕਲਾਰਾ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਜ਼ੈਫ ਰੋਜ਼ਰ, ਸੈਨ ਹੋਜ਼ੇ ਦੇ ਪੁਲਿਸ ਮੁਖੀ ਕ੍ਰਿਸ ਮੋਰ, ਸੈਂਟਾ ਕਲਾਰਾ ਕਾਉਂਟੀ ਸੁਪਰਵਾਈਜ਼ਰ ਡੇਵ ਕੁਟੀਜੀ, ਮਿਲਪੀਟਸ ਅਤੇ ਕੂਪਰਟੀਨੋ ਦੇ ਮੇਅਰਾਂ, ਸਿਟੀ ਕੌਂਸਲਰ ਰੋਜ ਹਰੇਰਾ, ਐਸ ਕਾਲਰਾ, ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ, ਕਮੇਟੀ ਮੈਂਬਰ ਸ. ਪ੍ਰੀਤਮ ਸਿੰਘ ਗਰੇਵਾਲ, ਡਾ. ਗੁਰਿੰਦਰ ਪਾਲ ਸਿੰਘ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਹਰਦੇਵ ਸਿੰਘ ਤੱਖਰ, ਸੁਖਦੇਵ ਸਿੰਘ ਬੈਣੀਵਾਲ ਤੋਂ ਇਲਾਵਾ ਹੋਰ ਕਈ ਬੁਲਾਰਿਆਂ ਨੇ ਸੰਬੋਧਨ ਕੀਤਾ। ਸਮਾਗਮ ਵਿਚ ਵੱਖ ਵੱਖ ਧਰਮਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਸਟੇਜ਼ ਸਕੱਤਰ ਦੀ ਸੇਵਾ ਭਾਈ ਰਾਜਿੰਦਰ ਸਿੰਘ ਮੰਘਰ ਅਤੇ ਭਾਈ ਪ੍ਰੀਤਮ ਸਿੰਘ ਗਰੇਵਾਲ ਨੇ ਨਿਭਾਈ। ਵਖ ਵਖ ਆਗੂਆਂ ਨੂੰ ਗੁਰੂਘਰ ਵਲੋਂ ਸਿਰੋਪਾਓ ਅਤੇ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ।

ਲੰਗਰ ਹਾਲ ਵਿਚ ਸੰਗਤਾਂ ਦੀ ਇਨੀ ਗਹਿਮਾ ਗਹਿਮੀ ਸੀ ਕਿ ਕਿਧਰੇ ਤਿਲ ਧਰਨ ਨੂੰ ਥਾਂ ਨਹੀਂ ਸੀ। ਇਸ ਮੌਕੇ ਭਾਂਤ ਸੁਭਾਂਤੇ ਪਕਵਾਨਾਂ ਦੇ ਸਟਾਲ ਸ਼ਰਧਾਲੂ ਸੰਗਤਾਂ ਵਲੋਂ ਲਾਏ ਗਏ ਸਨ ਜਿਨ੍ਹਾਂ ਤੋਂ ਸੰਗਤਾਂ ਦੀਪ ਜੂਸ, ਵੇਰਕਾ ਲੱਸੀ ਅਤੇ ਹੋਰ ਚੀਜ਼ਾਂ ਛਕ ਰਹੀਆਂ ਸਨ।

ਸੈਨ ਹੋਜ਼ੇ ਪੁਲਿਸ ਮੁਤਾਬਕ ਦਿਨ ਭਰ ਵਿਚ ਕੋਈ 20 ਹਜ਼ਾਰ ਤੋਂ ਵੀ ਵੱਧ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਜਸਪ੍ਰੀਤ ਸਿੰਘ ਲਵਲਾ ਦੀ ਗਤਕਾ ਪਾਰਟੀ ਵਲੋਂ ਗਤਕੇ ਦੇ ਜ਼ੌਹਰ ਦਿਖਾਏ ਗਏ। ਗੁਰੂ ਕੇ ਲੰਗਰ ਦੀ ਸੇਵਾ ਹੋਲਿਸਟਰ ਦੀ ਸੰਗਤ, ਜਸਵੀਰ ਸਿੰਘ ਦੇ ਪਰਿਵਾਰ ਅਤੇ ਫਤਿਹਗੜ੍ਹ ਸਾਹਿਬ ਦੀ ਸੰਗਤ ਵਲੋਂ ਬਹੁਤ ਹੀ ਸ਼ਰਧਾ ਨਾਲ ਕੀਤੀ ਗਈ।

ਸੰਗਤਾਂ ਦੇ ਠਾਠਾਂ ਮਾਰਦੇ ਹੜ੍ਹ ਅਤੇ ਉਤਸ਼ਾਹ ਤੋਂ ਜਾਪਦਾ ਸੀ ਕਿ ਇਹ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖਾਸ ਕਰਕੇ ਸਕੱਤਰ ਭਾਈ ਭੁਪਿੰਦਰ ਸਿੰਘ ਢਿਲੋਂ ਦੀ ਸੇਵਾ ਉਤੇ ਸੰਗਤਾਂ ਦੀ ਪ੍ਰਵਾਨਗੀ ਦੀ ਮੋਹਰ ਹੈ।




ਇਸ ਤੋਂ ਪਹਿਲਾਂ ਸਨਿਚਰਵਾਰ 9 ਅਪਰੈਲ ਸ਼ਾਮ ਨੂੰ ਕੀਰਤਨ ਦਰਬਾਰ ਹੋਇਆ ਜਿਸ ਵਿਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕਿਰਪਾਲ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਸ਼ਿੰਦਰਪਾਲ ਸਿੰਘ ਪਟਿਆਲੇ ਵਾਲੇ, ਭਾਈ ਗੁਰਮੁੱਖ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ, ਭਾਈ ਅਤਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਕਥਾ ਦਾ ਪ੍ਰਵਾਹ ਚਲਾਇਆ।

ਇਸ ਉਦਘਾਟਨੀ ਸਮਾਰੋਹ ਵਿਚ ਵਿਸ਼ੇਸ਼ ਤੌਰ 'ਤੇ ਜੀਤ ਸਿੰਘ ਬੈਣੀਵਾਲ, ਕਿਰਪਾਲ ਸਿੰਘ ਅਟਵਾਲ, ਨੀਟੂ ਸਿੰਘ ਕਾਹਲੋਂ, ਸਰਬਜੋਤ ਸਿੰਘ ਸਵੱਦੀ, ਸੁਰਿੰਦਰ ਸਿੰਘ ਪੁਰੇਵਾਲ, ਜਸਵੀਰ ਸਿੰਘ ਪਵਾਰ, ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਇੰਦਰਜੀਤ ਸਿੰਘ ਥਿੰਦ, ਗੁਰਦੇਵ ਸਿੰਘ ਕਲਸੀ, ਸਤਪਾਲ ਸਿੰਘ ਦੌਧਰ, ਮਲਾਪ ਸਿੰਘ, ਸੁਰਜੀਤ ਸਿੰਘ ਬੈਂਸ, ਪ੍ਰੋ. ਸਰਬਜੀਤ ਸਿੰਘ ਸੰਧੂ, ਨਰਿੰਦਰ ਕੌਰ ਮਹੇੜੂ, ਸੁਖਵਿੰਦਰ ਸਿੰਘ ਗੋਗੀ, ਦਲਜੀਤ ਸਿੰਘ ਮਾਵੀ, ਹਰਪ੍ਰਕਾਸ਼ ਸਿੰਘ ਢਿੱਲੋਂ, ਗੁਰਜੰਟ ਸਿੰਘ ਸੰਘਾ, ਇੰਦਰਜੀਤ ਸਿੰਘ ਸਿਆਟਲ, ਰਮਿੰਦਰ ਸਿੰਘ ਮਿੰਟੂ ਸੰਧੂ, ਅਮੋਲਕ ਸਿੰਘ ਗਾਖਲ, ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ, ਸਕੱਤਰ ਭਾਈ ਦਵਿੰਦਰ ਸਿੰਘ, ਸੂਬੇਦਾਰ ਸੁਰਜੀਤ ਸਿੰਘ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਹੇੜੂ, ਹਰਪਾਲ ਸਿੰਘ ਚਾਹਲ, ਭਾਈ ਸਾਹਿਬ ਸਿੰਘ ਅਤੇ ਦਮਦਮੀ ਟਕਸਾਲ ਦੇ ਸਿੰਘ, ਗੁਰਨਾਮ ਸਿੰਘ ਪੰਮਾ, ਰੌਣਕ ਸਿੰਘ,

*(ਅਗਲੇ ਸਫੇ 'ਤੇ ਜਾਰੀ)*


ਦੁਨੀਆਂ ਦੇ ਕੋਨੇ-ਕੋਨੇ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ:

ਰੇਡੀਓ ਚੜ੍ਹਦੀ ਕਲਾ

wwwock.com

ਫਰੀਮਾਂਟ, ਕੈਲੀਫੋਰਨੀਆ

*ਰੇਡੀਓ ਚੜ੍ਹਦੀਕਲਾ ਪਹਿਲੀ ਅਪਰੈਲ 2011 ਤੋਂ ਹੁਣ ਯੂਬਾ ਸਿਟੀ ਵਿਚ ਵੀ ਸੁਣਿਆ ਜਾ ਸਕਦਾ ਹੈ*

ਹੋਰ ਜਾਣਕਾਰੀ ਲਈ ਫੋਨ ਕਰੋ

Gurcharan Singh Mann
510-557-0061
Mann@radiock.com

Lakhbir Singh
510-760-9882
Lakhbir@radiock.com



ਸਮੂਹ ਭਾਈਚਾਰੇ ਨੂੰ ਵਿਸਾਖੀ ਮੁਬਾਰਕ





ਪ੍ਰੋਗਰਾਮ ਵਿਚ ਹਿਸਾ ਲੈਣ ਲਈ
ਸਟੂਡੀਓ ਦਾ ਨੰਬਰ 510-972-0820

ਰੇਡੀਓ ਚੜ੍ਹਦੀ ਕਲਾ ਦੇ ਸਮੂਹ ਸਰੋਤਿਆਂ, ਵਿਗਿਆਪਕਾਂ, ਗੁਰਬਾਣੀ ਸਪਾਂਸਰਾਂ ਅਤੇ ਸੁਭਚਿੰਤਕਾਂ ਦਾ ਅਦਾਰਾ ਰੇਡੀਓ ਚੜ੍ਹਦੀ ਕਲਾ ਵਲੋਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ

ਜਸਪ੍ਰੀਤ ਸਿੰਘ ਅਟਾਰਨੀ, ਨਰਿੰਦਰਪਾਲ ਸਿੰਘ ਹੁੰਦਲ, ਬਿਕਰਮਜੀਤ ਸਿੰਘ, ਸੁਖਵਿੰਦਰ ਸਿੰਘ ਅਬਲੋਵਾਲ, ਬਲਜੀਤ ਸਿੰਘ ਮਾਨ, ਹਰਦੇਵ ਸਿੰਘ ਗਰੇਵਾਲ, ਦਵਿੰਦਰ ਸਿੰਘ ਚਾਨਾ, ਲਾਲੀ ਧਨੋਆ, ਜਗਦੇਵ ਰਾਮ, ਜੈ ਪਾਲ, ਕਰਮਜੀਤ ਬੈਂਸ, ਮਨਜੀਤ ਸਿੰਘ ਔਲਖ, ਰਾਜ ਭਨੋਟ, ਬਲਬੀਰ ਸਿੰਘ ਟੁੱਟ, ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਮੀਤ ਪ੍ਰਧਾਨ ਰੌਣਕ ਸਿੰਘ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਰਛਪਾਲ ਸਿੰਘ (ਪਾਲ ਮੰਨਣ), ਜਸਵੰਤ ਸਿੰਘ ਹੋਠੀ, ਬਿੱਲਾ ਸੰਘੇੜਾ, ਪਰਮਿੰਦਰ ਸਿੰਘ, ਚਰਨਜੀਤ ਸਿੰਘ ਬਾਠ, ਬਹਾਦਰ ਸਿੰਘ ਦਿਓਲ, ਮਹਿੰਗਾ ਸਿੰਘ ਰਾਜਾਸਾਂਸੀ, ਮਹਿੰਦਰ ਸਿੰਘ ਤੱਖਰ, ਹਰਭਜਨ ਸਿੰਘ ਜੌਹਲ, ਗੁਰਿੰਦਰਪਾਲ ਸਿੰਘ, ਸੋਹਣ ਸਿੰਘ ਧਨੋਤਾ, ਮਿਲਾਪ ਸਿੰਘ ਉਭੀ, ਗੁਰਦੇਵ ਸਿੰਘ ਕਲਸੀ, ਸੁਰਿੰਦਰ ਸਿੰਘ ਪੁਰੇਵਾਲ ਨੇ ਹਾਜ਼ਰੀਆਂ ਭਰੀਆਂ।

ਇਸੇ ਦੌਰਾਨ ਸੰਗਤ ਦੇ ਇਕ ਵਰਗ ਵਲੋਂ ਐਨ ਆਰ ਆਈ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਦੀ ਇਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਦੋਸ਼ ਸੀ ਕਿ ਕੈਪਟਨ ਬਾਠ ਨੇ ਨਿਹੰਗ ਮੁਖੀ ਅਜੀਤ ਸਿੰਘ ਪੂਹਲਾ ਦੇ ਬਰਸੀ ਸਮਾਗਮ ਵੇਲੇ ਹਾਜ਼ਰੀ ਭਰ ਕੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ ਸੀ।









ੴ ਸਤਿਗੁਰ ਪ੍ਰਸਾਦਿ ॥

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

# ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ, ਬੇਕਰਸਫੀਲਡ




7000 WIBLE RD, BAKERSFIELD CA 93313 TEL:661-444-6876

ਵਿਖੇ **ਮਹਾਨ ਵਿਸਾਖੀ ਦਿਵਸ**

ਮਨਾਇਆ ਜਾ ਰਿਹਾ ਹੈ ਜੀ

ਕਥਾ ਵਾਚਕ ਭਾਈ ਸਾਹਿਬ ਸਿੰਘ ਜੀ (ਕਨੇਡਾ ਵਾਲੇ)
(ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ ਜੀ)
ਕਥਾ ਵਾਚਿਕ ਭਾਈ ਜਸਪਾਲ ਸਿੰਘ ਜੀ (ਨਿਊਯਾਰਕ ਵਾਲੇ)
ਕੀਰਤਨੀ ਜਥਾ ਭਾਈ ਸੁਖਦੇਵ ਸਿੰਘ ਜੀ (ਸੈਕਰਮੈਂਟੋ ਵਾਲੇ)
ਕੀਰਤਨੀ ਜਥਾ ਭਾਈ ਗੁਰਪ੍ਰੀਤ ਸਿੰਘ ਜੀ (ਬੇਕਰਸਫੀਲਡ ਵਾਲੇ)
ਸੰਗਤਾਂ ਨੂੰ ਗੁਰਬਾਣੀ ਕਥਾ ਅਤੇ ਕੀਰਤਨ ਦੁਆਰਾ ਨਿਹਾਲ ਕਰਨਗੇ ਜੀ ।

• ਪ੍ਰੋਗਰਾਮ

15 ਅਪ੍ਰੈਲ ਦਿਨ ਸ਼ੁਕਰਵਾਰ
ਆਖੰਡ ਪਾਠ ਸਾਹਿਬ ਆਰੰਭ ........................10.30
16 ਅਪ੍ਰੈਲ ਦਿਨ ਸ਼ਨੀਵਾਰ
ਸੇਵਾ ਨਿਸ਼ਾਨ ਸਾਹਿਬ .................... 09.00-10.00
ਬੱਚਿਆਂ ਦੇ ਦਸਤਾਰ ਮੁਕਾਬਲੇ ..........12.00 ਤੋ 2.00
ਵਿਸ਼ੇਸ਼ ਕਥਾ ਅਤੇ ਕੀਰਤਨ ਦਰਬਾਰ ਸ਼ਾਮ .. 6.00 ਤੋ 10.00
17 ਅਪ੍ਰੈਲ ਦਿਨ ਐਤਵਾਰ
ਸਿਮਰਨ ........................................6.00 - 7.00
ਆਸਾ ਜੀ ਦੀ ਵਾਰ ......................... 7.00 - 8.30
ਭੋਗ ਸ੍ਰੀ ਆਖੰਡ ਪਾਠ ਸਾਹਿਬ ............... 9.30-10.30
ਕਥਾ ਅਤੇ ਕੀਰਤਨ ਦੀਵਾਨ ................. 10.30-1.00

ਇਸ ਸਮਾਗਮ ਅਤੇ ਲੰਗਰਾਂ ਦੀ ਸੇਵਾ ਭਾਈ ਦਲਜਿੰਦਰ ਸਿੰਘ ਚੌਹਾਨ ਅਤੇ ਸਮੂਹ ਪਰਿਵਾਰ ਵਲੋਂ ਕੀਤੀ ਜਾ ਰਹੀ ਹੈ ।
ਸਮੂੰਹ ਸੰਗਤ ਨੂੰ ਬੇਨਤੀ ਹੈ ਜੀ ਕਿ ਇਸ ਪ੍ਰੋਗਰਾਮ ਵਿੱਚ ਹੁੰਮ ਹੁੰਮਾ ਕੇ ਸਮੇਂ ਸਿਰ ਪਹੁੰਚ ਕੇ ਲਾਹਾ ਪ੍ਰਾਪਤ ਕਰੋ ਜੀ ।







ਤਸਵੀਰਾਂ:ਮੀਕਾ ਸਟੂਡੀਓ, ਸੈਨ ਹੋਜ਼ੇ ਅਤੇ ਮਾਨ ਮਨਦੀਪ
























ਸੰਤ ਲੱਖਾ ਸਿੰਘ ਨਾਨਕਸਰ ਵਾਲੇ 16 ਅਪਰੈਲ ਦਿਨ ਸਨਿਚਰਵਾਰ ਨੂੰ ਸਵੇਰੇ 9 ਤੋਂ ਲੈ ਕੇ 10 ਵਜ਼ੇ ਤੱਕ ਗੁਰਦੁਆਰਾ ਸੈਨ ਹੋਜ਼ੇ ਵਿਚ ਗੁਰਬਾਣੀ ਦੀ ਕਥਾ ਕਰਨਗੇ। ਸਮੂਹ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਚ ਹਾਜ਼ਰੀਆ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।



*ਪੰਜ ਪਰਦੇਸਾਂ ਦਾ ਇੰਚਾਰਜ ਬਣਨ ਤੋਂ ਬਾਅਦ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਸ. ਜਗਮੀਤ ਸਿੰਘ ਬਰਾੜ ਪਿਛਲੇ ਦਿਨੀਂ ਗੋਆ ਪਹੁੰਚੇ ਤਾਂ ਉਨ੍ਹਾਂ ਦਾ ਸਮੁੱਚੀ ਕਾਂਗਰਸ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰੇ ਦੌਰਾਨ ਵੱਖ ਵੱਖ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸ. ਬਰਾੜ ਨੇ ਸਮੂਹ ਕਾਂਗਰਸੀ ਵਰਕਰਾਂ ਨੂੰ ਪਾਰਟੀ ਲਈ ਅਨੁਸਾਸ਼ਨ ਵਿਚ ਰਹਿ ਕੇ ਡਟਵਾਂ ਕੰਮ ਕਰਨ ਲਈ ਪ੍ਰੇਰਨਾ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਉਂਦੀਆਂ ਚੋਣਾਂ ਵਿਚ ਗੋਆ ਦੀਆਂ ਸਾਰੇ 40 ਵਿਧਾਨ ਸਭਾ ਹਲਕਿਆਂ ਵਿਚ ਆਪ ਪਹੁੰਚ ਕੇ ਪਾਰਟੀ ਲਈ ਕੰਮ ਕਰਨਗੇ। ਇਸ ਮੌਕੇ ਉਨ੍ਹਾਂ ਦੇ ਸਿਆਸੀ ਸਕੱਤਰ ਸ੍ਰੀ ਹੈਪੀ ਖੇੜਾ ਵੀ ਮੌਜੂਦ ਸਨ।*

## ਨਾਮਧਾਰੀ ਸੰਪਰਦਾ ਦੇ ਸੰਤ ਅਵਤਾਰ ਸਿੰਘ ਕਤਲ

ਕਲਾਂ (ਸਿਰਸਾ) ਹੈ ਤੇ ਉਨ੍ਹਾਂ ਦੇ ਪਰਿਵਾਰ ਵਿਚ ਪਤਨੀ, ਇਕ ਲੜਕਾ ਤੇ ਦੋ ਲੜਕੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ 12 ਅਪਰੈਲ ਨੂੰ ਸਵੇਰੇ 11 ਵਜੇ ਦੇ ਕਰੀਬ ਸੰਤ ਅਵਤਾਰ ਸਿੰਘ ਤਾਰੀ (62) ਪੁੱਤਰ ਪੂਰਨ ਸਿੰਘ ਆਪਣੀ ਕਾਰ ਰਾਹੀਂ ਗੁਰਦੁਆਰਾ ਭੈਣੀ ਸਾਹਿਬ ਮੱਥਾ ਟੇਕਣ ਆ ਰਹੇ ਸਨ। ਜਦੋਂ ਉਹ ਕਟਾਣੀ ਨੇੜੇ ਪਹੁੰਚੇ ਤਾਂ ਉਨ੍ਹਾਂ ਨੂੰ ਲੱਗਿਆ ਕਿ ਕੋਈ ਉਨ੍ਹਾਂ ਦਾ ਪਿੱਛਾ ਕਰ ਰਿਹਾ ਹੈ। ਉਹ ਕਟਾਣੀ ਕਲਾਂ ਤੇ ਭੈਣੀ ਸਾਹਿਬ ਦੇ ਨਜ਼ਦੀਕ ਪੈਂਦੇ ਨਾਮਧਾਰੀ ਸੰਪਰਦਾ ਦੇ ਸ਼ਰਧਾਲੂ ਦੇ ਘਰ ਰੁਕ ਗਏ। ਕੁਝ ਦੇਰ ਬਾਅਦ ਜਿਉਂ ਹੀ ਸੰਤ ਅਵਤਾਰ ਸਿੰਘ ਉਸ ਘਰੋਂ ਨਿਕਲ ਕੇ ਬਾਹਰ ਖੜੀ ਕਾਰ ਵੱਲ ਆਏ ਤਾਂ ਇਕ ਪਾਸੇ ਤੋਂ ਤਿੰਨ ਮੋਟਰਸਾਈਕਲ ਸਵਾਰ ਮੌਕੇ 'ਤੇ ਪੁੱਜੇ ਤੇ ਉਨ੍ਹਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਈਸ਼ਵਰ ਸਿੰਘ ਅਨੁਸਾਰ ਸੰਤ ਅਵਤਾਰ ਸਿੰਘ ਦੇ ਸਿਰ ਦੇ ਪਿੱਛੇ, ਢਿੱਡ, ਸੱਜੇ ਗੁੱਟ, ਮੋਢੇ ਤੇ ਪੱਟ 'ਤੇ ਗੋਲੀਆਂ ਲੱਗੀਆਂ ਹਨ ਤੇ ਮੌਕੇ ਤੋਂ ਗੋਲੀਆਂ ਦੇ 11 ਖੋਲ ਬਰਾਮਦ ਹੋਏ ਹਨ।

**Rising Sun Transport Roanoke,VA**

ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ



ਡੀਜ਼ਲ ਮਕੈਨਿਕ ਦੀ ਵੀ ਲੋੜ ਹੈ

ਡਰਾਈ ਅਤੇ ਰੀਫਰ ਲੋਡ
ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਕਾਲ ਕਰੋ:540-632-3671

## ਗੁਰਦੁਆਰਾ ਬੋਗ ਰੋਡ ਵਿਖੇ ਵਿਸਾਖੀ ਸਮਾਗਮ

**ਯੂਬਾ ਸਿਟੀ (ਹਰਵਿੰਦਰ ਸਿੰਘ):** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕੈਲੀਫੋਰਨੀਆ ਦੇ ਇਸ ਸ਼ਹਿਰ ਦੇ ਗੁਰਦੁਆਰਾ ਬੋਗ ਰੋਡ ਵਿਖੇ ਵਿਸਾਖੀ ਸਬੰਧੀ ਸਮਾਗਮ ਸੰਗਤਾਂ ਵਲੋਂ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਅਖੰਡ ਪਾਠ ਦੀ ਸੇਵਾ ਗੁਰੂ ਘਰ ਦੇ ਪ੍ਰਬੰਧਕ ਸ. ਗੁਰਦੇਵ ਸਿੰਘ ਥਿਆੜਾ ਦੇ ਪਰਿਵਾਰ ਵਲੋਂ ਕਰਵਾਈ ਗਈ।

ਐਤਵਾਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਰਚਰਨ ਸਿੰਘ ਅਤੇ ਭਾਈ ਈਸ਼ਰ ਸਿੰਘ ਨੇ ਇਲਾਹੀ ਬਾਣੀ ਦੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਦੀਆਂ ਰੂਹਾਂ ਨੂੰ ਸਰਸ਼ਾਰ ਕੀਤਾ। ਪੰਥ ਪ੍ਰਸਿਧ ਕਥਾਵਾਚਕ ਭਾਈ ਗੁਰਦੇਵ ਸਿੰਘ ਨੇ ਕਥਾ ਵਿਆਖਿਆ ਰਾਹੀਂ ਗੁਰ ਇਤਿਹਾਸ ਅਤੇ ਗੁਰਮਤਿ ਬਾਰੇ ਜਾਣਕਾਰੀ ਦਿੱਤੀ। ਉਪਰੰਤ ਗੁਰੂ ਘਰ ਦੇ ਪ੍ਰਬੰਧਕ ਸ. ਹਰਬੰਸ ਸਿੰਘ ਪੰਮਾ ਨੇ ਸੰਗਤ ਨੂੰ ਖਾਲਸਾ ਜੀ ਦੇ ਸਿਰਜਣਾ ਦਿਹਾੜੇ ਦੀ ਵਧਾਈ ਦਿੰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਖਾਲਸੇ ਦੀ ਸਾਜਨਾ ਦੇ ਰਚਾਏ ਕੌਤਕ ਬਾਰੇ ਜਾਣਕਾਰੀ ਦਿੱਤੀ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮੋਹਨ ਸਿੰਘ ਬੈਂਸ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਦੀ ਪ੍ਰੇਰਣਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਗਤਾਂ ਵਿਚ ਜਸਬੀਰ ਸਿੰਘ ਰਾਏ, ਕੁਲਦੀਪ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ, ਬੀਬੀ ਮਹਿੰਦਰ ਕੌਰ ਥਿਆੜਾ, ਨਾਹਰ ਸਿੰਘ ਹੀਰ, ਹੈਰੀ ਸਿੰਘ ਅਤੇ ਸੈਨ ਹੋਜ਼ੇ ਤੋਂ ਉਚੇਚੇ ਤੌਰ 'ਤੇ ਪੰਜਾਬ ਰੇਡੀਓ ਯੂ ਐਸ ਏ ਵਾਲੇ ਹਰਜੋਤ ਸਿੰਘ ਖਾਲਸਾ ਪਹੁੰਚੇ ਹੋਏ ਸਨ। ਗੁਰੂ ਕਾ ਲੰਗਰ ਅਤੁੱਟ ਵਰਤਿਆ।

ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

*909 Garden Hwy*

*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

ਇੰਡੀਅਨ ਰੈਸਟੋਰੈਂਟ ਅਤੇ ਗਰੌਸਰੀ ਸਟੋਰ ਵਿਕਾਊ ਹੈ

**Indian Restaurant & Grocery Store For Sale in Turlock, CA**

ਟਰਲਕ, ਕੈਲੀਫੋਰਨੀਆ ਵਿਚ ਬਹੁਤ ਹੀ ਵਧੀਆ ਲੋਕੇਸ਼ਨ 'ਤੇ ਰੈਸਟੋਰੈਂਟ ਅਤੇ ਇੰਡੀਅਨ ਗਰੌਸਰੀ ਸਟੋਰ ਵਿਕਾਊ ਹੈ।

(Beer & Wine License Available)

*Lease Month to Month or Year to Year.
*No Water Bill, No Triple Net.
*No Waste Management Bill.

ਚਾਹਵਾਨ ਸੱਜਣ ਸੰਪਰਕ ਕਰ ਸਕਦੇ ਹਨ

**Call: Ashwani**

**209-535-8642, 209-667-6205**

www.premindiancuisine.com

# ਠੱਗ ਡਾਕਟਰ ਲਾੜੇ ਤੋਂ ਸਾਵਧਾਨ

**ਬੇਕਰਜ਼ਫੀਲਡ (ਮਾਨ ਮਨਦੀਪ):** ਜੇ ਤੁਹਾਡਾ ਆਪਣਾ ਜਾਂ ਤੁਹਾਡੀ ਆਪਣੀ ਕਿਸੇ ਧੀ-ਭੈਣ ਦਾ 'ਮੈਟਰਮੋਨੀਅਲ ਸ਼ਾਦੀ ਡਾਟ ਕਾਮ', 'ਜੀਵਨ ਸਾਥੀ ਡਾਟ ਕਾਮ' ਜਾਂ 'ਪੰਜਾਬੀ ਮੈਟਰੀਮੋਨੀ' ਉਤੇ ਹੈ ਅਤੇ ਕੋਈ ਡਾਕਟਰ ਬਣ ਕੇ ਤੁਹਾਡੇ ਨਾਲ ਸੰਪਰਕ ਕਰਦਾ ਹੈ ਤਾਂ ਸਾਵਧਾਨ! ਇਹ ਕੋਈ ਜਾਅਲਸਾਜ਼ ਹੋ ਸਕਦਾ ਹੈ। ਇਨ੍ਹੀਂ ਦਿਨੀਂ ਇਕ ਚਾਲਬਾਜ਼ ਡਾਕਟਰ ਜਿਸ ਦਾ ਲਾਈਸੈਂਸ ਇੰਗਲੈਂਡ ਦੇ ਮੈਡੀਕਲ ਬੋਰਡ ਵਲੋਂ ਕਾਫੀ ਸਮਾਂ ਪਹਿਲਾਂ ਰੱਦ ਕਰ ਦਿਤਾ ਗਿਆ ਸੀ ਅਤੇ ਉਸ ਉਤੇ ਹਮੇਸ਼ਾਂ ਲਈ ਡਾਕਟਰੀ ਪ੍ਰੈਕਟਿਸ ਕਰਨ 'ਤੇ ਰੋਕ ਲਾ ਦਿਤੀ ਗਈ ਸੀ, ਕਿਸੇ ਸ਼ਿਕਾਰ ਦੀ ਭਾਲ ਵਿਚ ਹੈ।

ਇਹ ਸ਼ਾਤਿਰ ਡਾਕਟਰ 10 ਸਾਲ ਦੇ ਵਿਜ਼ਿਟਰ ਵੀਜ਼ੇ 'ਤੇ ਪਿਛਲੇ ਸਾਲ ਜੁਲਾਈ ਮਹੀਨੇ ਅਮਰੀਕਾ ਆ ਗਿਆ ਅਤੇ ਵਿਆਹ-ਸ਼ਾਦੀ ਵਾਲੀਆਂ ਵੈਬਸਾਈਟਾਂ ਉਪਰ ਆਪਣੀ ਪਰੋਫਾਈਲ ਪਾ ਕੇ ਵਖ ਵਖ ਕੁੜੀਆਂ ਨਾਲ ਵਿਆਹ ਦੇ ਬਹਾਨੇ ਸੰਪਰਕ ਬਣਾਉਣੇ ਸ਼ੂਰੂ ਕਰ ਦਿਤੇ। ਇਨ੍ਹਾਂ ਕੁੜੀਆਂ ਵਿਚੋਂ ਬਹੁਤੀਆਂ ਡਾਕਟਰ ਸਨ।

ਪੰਜਾਬ ਦੇ ਜਿਲਾ ਹੁਸ਼ਿਆਰਪੁਰ ਦੇ ਪਿੰਡ ਜਹਾਨਖੇਲਾਂ ਦੇ ਵਾਸੀ 6 ਫੁਟ ਲੰਮੇ 32 ਸਾਲਾ ਤੇਜੇਸ਼ਵਰ ਸਿੰਘ ਨਾਂ ਦੇ ਇਸ ਕਥਿਤ ਡਾਕਟਰ ਨੇ ਇਕੋ ਸਮੇਂ ਕੈਲੀਫੋਰਨੀਆ ਦੀਆਂ ਦੋ ਕੁੜੀਆਂ ਨਾਲ ਵਿਆਹ ਦੀ ਤਜਵੀਜ ਰੱਖ ਦਿੱਤੀ। ਇਨ੍ਹਾਂ ਕੁੜੀਆਂ ਵਿਚੋਂ ਇਕ ਬੇਏਰੀਏ ਵਿਚ ਰਹਿੰਦੀ ਹੈ ਅਤੇ ਉਸ ਨਾਲ ਵਿਆਹ 9 ਅਪਰੈਲ ਨੂੰ ਹੋਣਾ ਸੀ ਅਤੇ ਦੂਜੀ ਫਰਿਜ਼ਨੋ ਰਹਿੰਦੀ ਹੈ। ਇਸ ਡਾਕਟਰ ਦੀ ਪਿੰਡ ਜਹਾਨਖੇਲਾਂ ਰਹਿੰਦੀ ਮਾਤਾ ਨਰਜੀਤ ਕੌਰ ਨੇ ਬੇਏਰੀਆ ਰਹਿੰਦੀ ਕੁੜੀ ਵਾਲਿਆਂ ਤੋਂ ਸ਼ਗਨਾਂ ਦੀਆਂ ਰਸਮਾਂ ਪੂਰੀਆਂ ਕਰਨ ਦੇ ਬਹਾਨੇ 5 ਲੱਖ ਰੁਪਏ ਵੀ ਇੰਡੀਆ ਮੰਗਵਾ ਲਏ। ਠੀਕ ਉਸੇ ਸਮੇਂ ਫਰਿਜ਼ਨੋ ਰਹਿੰਦੀ ਲੜਕੀ ਤੋਂ ਵੀ 20 ਹਜ਼ਾਰ ਡਾਲਰ ਮੰਗ ਲਏ ਪਰ ਇਸ ਜਾਅਲਸਾਜ਼ੀ ਦਾ ਭਾਂਡਾ ਉਦੋਂ ਭੱਜ ਗਿਆ ਜਦੋਂ ਬੇਏਰੀਏ ਵਿਚ ਰਹਿੰਦੀ ਲੜਕੀ (ਜਿਸ ਦਾ ਵਿਆਹ 9 ਅਪਰੈਲ ਨੂੰ ਹੋਣਾ ਨਿਸ਼ਚਿਤ ਸੀ) ਦੀ ਇਕ ਸਹੇਲੀ ਫਰਿਜ਼ਨੋ ਰਹਿੰਦੀ ਲੜਕੀ ਦੇ ਘਰ ਚਲੀ ਗਈ ਕਿਉਂਕਿ ਉਹ ਉਨ੍ਹਾਂ ਦੋਹਾਂ ਦੀ ਸਾਂਝੀ ਸਹੇਲੀ ਸੀ। ਅਚਾਨਕ ਕੰਪਿਊਟਰ ਉਪਰ ਡਾਕਟਰ ਦੀ ਤਸਵੀਰ ਦੇਖ ਕੇ ਇਸ ਸਾਂਝੀ ਸਹੇਲੀ ਨੇ ਪੁੱਛ ਲਿਆ ਕਿ ਇਹ ਕੌਣ ਹੈ?



ਤਾਂ ਫਰਿਜ਼ਨੋ ਵਾਲੀ ਲੜਕੀ ਨੇ ਦੱਸਿਆ ਕਿ ਉਸ ਦਾ ਇਸ ਨਾਲ ਵਿਆਹ ਹੋਣ ਵਾਲਾ ਹੈ। ਇਹ ਸੁਣ ਕੇ ਸਾਂਝੀ ਸਹੇਲੀ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਇਹ ਗੱਲ ਸਪਸ਼ਟ ਹੋਣ 'ਤੇ ਉਸ ਨੇ ਫਰਿਜ਼ਨੋ ਵਾਲੀ ਲੜਕੀ ਨੂੰ ਸਾਰੀ ਕਹਾਣੀ ਤੋਂ ਜਾਣੂ ਕਰਵਾ ਦਿੱਤਾ ਅਤੇ ਨਾਲ ਹੀ ਬੇਏਰੀਏ ਵਾਲੀ ਲੜਕੀ ਨੂੰ ਵੀ ਫੋਨ ਕਰ ਦਿਤਾ। ਇਹ ਪਤਾ ਲੱਗਣ 'ਤੇ ਬੇਏਰੀਏ ਵਾਲੀ ਲੜਕੀ ਅਤੇ ਉਸ ਦੇ ਮਾਪੇ ਵੀ ਸਕਤੇ ਵਿਚ ਆ ਗਏ ਕਿਉਂਕਿ ਉਹ ਹਾਲ ਵੀ ਬੁੱਕ ਕਰ ਚੁਕੇ ਸਨ ਅਤੇ ਵਿਆਹ ਦੇ ਸੱਦਾ ਪੱਤਰ ਵੀ ਭੇਜ ਚੁਕੇ ਸਨ। ਵਿਆਹ ਦਾ ਫੈਸਲਾ ਤੁਰਤ ਰੱਦ ਕਰ ਦਿਤਾ ਗਿਆ।

ਬੇਏਰੀਏ ਵਾਲੀ ਲੜਕੀ ਦੇ ਨੇੜਲੇ ਸੂਤਰਾਂ ਤੋਂ ਪਤਾ ਲੱਗਾ ਕਿ ਇਸ ਠੱਗ ਡਾਕਟਰ ਲਾੜੇ ਨੇ ਉਸ ਪਾਸੋਂ 20 ਹਜ਼ਾਰ ਡਾਲਰ ਕੈਸ਼ ਅਤੇ ਔਡੀ ਕਾਰ ਦੀ ਮੰਗ ਵੀ ਕੀਤੀ ਸੀ। ਇੰਨਾ ਹੀ ਨਹੀਂ ਇਸ ਲੜਕੀ ਦੇ ਕਰੈਡਿਟ ਕਾਰਡ ਉਪਰ ਰੈਂਟਲ ਕਾਰ ਵੀ ਲਈ ਅਤੇ ਠੱਗੀ ਦਾ ਪਤਾ ਲੱਗਣ ਤੱਕ ਕਾਰ ਰੈਂਟ ਕਰਨ ਦਾ ਬਿਲ 2 ਹਜ਼ਾਰ ਡਾਲਰ ਬਣ ਚੁਕਾ ਸੀ। ਲੜਕੀ ਕੋਲੋਂ ਕੁਝ ਨਕਦੀ ਅਤੇ ਇਕ ਆਈਫੋਨ ਵੀ ਲਿਆ।

ਜਦੋਂ ਇਸ ਪੱਤਰਕਾਰ ਨੇ ਇਸ ਡਾਕਟਰ ਲਾੜੇ ਦੀ ਮਾਂ ਨਰਜੀਤ ਕੌਰ ਨਾਲ ਉਸ ਦੇ ਫੋਨ (ਨੰਬਰ 98729-95970) ਉਤੇ ਸੰਪਰਕ ਕੀਤਾ ਤਾਂ ਪਹਿਲਾਂ ਤਾਂ ਉਸ ਨੇ ਟਾਲਮਟੋਲ ਕੀਤੀ ਪਰ ਜਦੋਂ ਦੱਸਿਆ ਕਿ ਉਸ ਵਲੋਂ ਮੰਗਾਏ ਪੰਜ ਲੱਖ ਰੁਪਏ ਦੀ ਰਸੀਦ ਸਾਡੇ ਕੋਲ ਮੌਜੂਦ ਹੈ ਤਾਂ ਜਵਾਬ ਸੀ ਇਹ ਸਾਡਾ ਪਰਿਵਾਰਕ ਮਾਮਲਾ ਹੈ। ਜਦੋਂ ਉਸ ਤੋਂ ਫਰਿਜ਼ਨੋ ਵਾਲੀ ਕੁੜੀ ਤੋਂ 20 ਹਜ਼ਾਰ ਡਾਲਰ ਮੰਗੇ ਜਾਣ ਬਾਰੇ ਪੁੱਛਿਆ ਗਿਆ ਤਾਂ ਪਹਿਲਾਂ ਤਾਂ ਉਸ ਟਾਲ ਮਟੋਲ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਸ ਨੂੰ ਮੀਡੀਏ ਵਿਚ ਉਸ ਦੇ ਅਤੇ ਉਸ ਦੇ 'ਸਰਵਣ ਪੁੱਤ' ਦੇ ਕਾਰੇ ਨਸ਼ਰ ਕਰਨ ਦੀ ਗੱਲ ਕਹੀ ਗਈ ਤਾਂ ਉਹ ਮਿੰਨਤਾਂ ਤਰਲਿਆਂ ਉਪਰ ਆ ਗਈ।

ਦੂਜੇ ਪਾਸੇ ਜਦੋਂ ਹੁਸ਼ਿਆਰਪੁਰ ਦੇ ਐਸ ਐਸ ਪੀ ਸ੍ਰੀ ਰਾਕੇਸ਼ ਅਗਰਵਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਪਾਸ ਕੋਈ ਕੇਸ ਨਹੀਂ ਆਇਆ। ਜੇ ਆਉਂਦਾ ਹੈ ਤਾਂ ਦਾਜ ਵਿਰੋਧੀ ਕਾਨੂੰਨ ਤਹਿਤ ਸਬੰਧਤ ਵਿਅਕਤੀ ਵਿਰੁਧ ਕਾਰਵਾਈ ਕੀਤੀ ਜਾਏਗੀ। ਇਸੇ ਦੌਰਾਨ ਇਹ ਮਾਮਲਾ ਐਨ ਆਰ ਆਈ ਸਭਾ, ਅਮਰੀਕਾ ਕੋਲ ਵੀ ਪਹੁੰਚ ਚੁਕਾ ਹੈ। ਸਭਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਨੇ ਕਿਹਾ ਕਿ ਇਸ ਮਾਮਲੇ ਵਿਚ ਸਭਾ ਵਲੋਂ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਉਧਰ ਜਦੋਂ ਡਾਕਟਰ ਦੇ ਫੋਨ ਨੰਬਰ 559-283-4891 ਉਪਰ ਸੰਪਰਕ ਕੀਤਾ ਗਿਆ ਤਾਂ ਲਗਾਤਾਰ ਬੰਦ ਆ ਰਿਹਾ ਸੀ। ਜਾਹਰ ਹੈ ਕਿ ਡਾਕਟਰ ਆਪਣੀ ਜਾਅਲਸਾਜ਼ੀ ਦਾ ਪਤਾ ਲੱਗਣ ਉਪਰੰਤ ਖਿਸਕ ਗਿਆ ਹੈ। ਬੇਏਰੀਆ ਵਾਲੀ ਲੜਕੀ ਵਲੋਂ ਇਸ ਡਾਕਟਰ ਵਿਰੁਧ ਰੈਂਟਲ ਕਾਰ ਸਬੰਧੀ ਰਿਪੋਰਟ ਪੁਲਿਸ ਪਾਸ ਦਰਜ ਕਰਵਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਇੰਡੀਆ ਵਿਚ ਅਮਰੀਕੀ ਅੰਬੈਸੀ ਨੂੰ ਡਾਕਟਰ ਦੀ ਮਾਂ ਨਰਜੀਤ ਕੌਰ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਵੀਜ਼ਾ ਨਾ ਦੇਣ ਦੀ ਬੇਨਤੀ ਵੀ ਕੀਤੀ ਗਈ ਜਿਸ ਦੇ ਜੁਆਬ ਵਿਚ ਅੰਬੈਸੀ ਨੇ ਲੜਕੀ ਦੇ ਮਾਪਿਆਂ ਨੂੰ ਦੱਸਿਆ ਹੈ ਕਿ ਵੀਜ਼ੇ ਤੋਂ ਇਨਕਾਰ ਕਰ ਦਿੱਤਾ ਗਿਆ ਹੈ।

## ਦਸਤਾਰ ਉਤਾਰਨ ਵਾਲੇ ਅਫਸਰਾਂ ਵਿਰੁਧ ਸਖਤ ਕਾਰਵਾਈ ਦੀ ਮੰਗ

**ਕੋਲੰਬਸ, ਓਹਾਇਓ (ਬਿਊਰੋ):** ਵਰਲਡ ਸਿੱਖ ਕੌਂਸਲ-ਅਮਰੀਕਾ ਖੇਤਰ ਨੇ ਪਿਛਲੇ ਦਿਨੀਂ ਮੁਹਾਲੀ ਵਿਚ ਪੰਜਾਬ ਪੁਲਿਸ ਦੇ ਇਕ ਅਫਸਰ ਵਲੋਂ ਇਕ ਸਿੱਖ ਦੀ ਸ਼ਰ੍ਹੇਆਮ ਦਸਤਾਰ ਉਤਾਰੇ ਜਾਣ ਦੀ ਘਟਨਾ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਇਸ ਗੱਲ ਉਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਆਪਣੇ ਆਪ ਨੂੰ ਪੰਥਕ ਸਰਕਾਰ ਅਖਵਾਉਂਦੀ ਅਕਾਲੀ ਦਲ ਦੀ ਸਰਕਾਰ ਮੌਕੇ ਅਜਿਹਾ ਵਾਪਰਿਆ ਹੈ। ਇਸ ਵਕਤ ਜਦੋਂ ਸਿੱਖ ਅਮਰੀਕਾ, ਫਰਾਂਸ, ਇਟਲੀ ਅਤੇ ਹੋਰ ਮੁਲਕਾਂ ਵਿਚ ਦਸਤਾਰ ਦੇ ਸਤਿਕਾਰ ਲਈ ਜੂਝ ਰਹੇ ਹਨ ਤਾਂ ਖੁਦ ਪੰਜਾਬ ਵਿਚ ਵੀ ਜੇ ਅਜਿਹਾ ਵਾਪਰਦਾ ਹੈ ਤਾਂ ਸਿੱਖਾਂ ਦੀ ਹਾਲਤ ਸਮਝੀ ਜਾ ਸਕਦੀ ਹੈ।

ਕੌਂਸਲ ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੇ ਇਕ ਖੁੱਲ੍ਹੇ ਪੱਤਰ ਵਿਚ ਮੰਗ ਕੀਤੀ ਹੈ ਕਿ ਦਸਤਾਰ ਲਾਹੁਣ ਦੇ ਇਸ ਕੁਕਰਮ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਵਿਰੁਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਕਰਮਚਾਰੀ ਇਸ ਤਰ੍ਹਾਂ ਦੀ ਹਰਕਤ ਕਰਨ ਦੀ ਜੁਰਅਤ ਨਾ ਕਰੇ।

*To Advertise with us call: 847-359-0746*

## ਮਾਤਾ ਸੁਰਜੀਤ ਕੌਰ ਦੁਸਾਂਝ ਸੁਰਗਵਾਸ

**ਬੇਕਰਜ਼ਫੀਲਡ:** ਇਥੋਂ ਦੇ ਪਤਵੰਤੇ ਸੱਜਣ ਸ. ਪਰਮਜੀਤ ਸਿੰਘ ਦੁਸਾਂਝ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜੀ ਬੀਬੀ ਸੁਰਜੀਤ ਕੌਰ ਦੁਸਾਂਝ ਸੁਪਤਨੀ ਸਵਰਗੀ ਸ. ਗੁਰਦਿਆਲ ਸਿੰਘ ਦੁਸਾਂਝ 11 ਅਪਰੈਲ ਨੂੰ ਅਕਾਲ ਚਲਾਣਾ



ਕਰ ਗਏ। ਉਹ ਕਰੀਬ 81 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਦਾ ਪਿਛਲਾ ਪਿੰਡ ਜ਼ਿਲਾ ਸ਼ਹੀਦ ਭਗਤ ਸਿੰਘ ਦਾ ਪਿੰਡ ਖਟਕੜ ਕਲਾਂ ਸੀ।

ਬੀਬੀ ਸੁਰਜੀਤ ਕੌਰ ਦਾ ਅੰਤਿਮ ਸਸਕਾਰ 16 ਅਪਰੈਲ ਨੂੰ ਗਰੀਨ ਲਾਅਨ ਮਾਰਚਰੀ ਵਿਚ ਸਵੇਰੇ 10 ਵਜੇ ਹੋਵੇਗਾ। ਉਪਰੰਤ ਭੋਗ ਦੁਸਾਂਝ ਪਰਿਵਾਰ ਦੇ ਗ੍ਰਿਹ ਵਿਖੇ ਪਵੇਗਾ। ਪਰਿਵਾਰ ਨਾਲ ਸੰਪਰਕ ਪਰਮਜੀਤ ਸਿੰਘ ਦੁਸਾਂਝ ਫੋਨ 661-333-2005, ਕੁਲਵਿੰਦਰ ਦੁਸਾਂਝ 661-333-6669, ਬਲਜੀਤ ਦੁਸਾਂਝ ਫੋਨ 661-333-4499 ਜਾਂ ਨਰਿੰਦਰ ਦੁਸਾਂਝ ਫੋਨ 661-333-3530 ਰਾਹੀਂ ਕੀਤਾ ਜਾ ਸਕਦਾ ਹੈ।




**Guaranteed Save $5,000!**

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232




**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅੰਨਾ ਹਜ਼ਾਰੇ ਨੇ ਭੁੱਖੇ ਰਹਿ ਕੇ ਦਿੱਲੀ ਹਿਲਾਈ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਗਾਂਧੀਵਾਦੀ ਸਮਾਜ ਸੁਧਾਰਕ ਅੰਨਾ ਹਜ਼ਾਰੇ ਨੇ ਕੋਈ ਹਥਿਆਰ ਚੁੱਕਣ, ਆਵਾਜਾਈ ਠੱਪ ਕਰਨ ਜਾਂ ਧਰਨੇ-ਮੁਜ਼ਾਹਰਿਆਂ ਤੋਂ ਬਿਨਾਂ ਹੀ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਇਸ 73 ਸਾਲਾ ਸਮਾਜ ਸੁਧਾਰਕ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਦੇਸ਼ ਭਰ 'ਚ ਇੰਨਾ ਭਰਵਾਂ ਹੁੰਗਾਰਾ ਮਿਲਿਆ ਕਿ ਲੋਕਾਂ ਨੇ ਆਪ-ਮੁਹਾਰੇ ਥਾਂ-ਥਾਂ ਉਸ ਦੇ ਹੱਕ ਵਿਚ ਭੁਖ ਹੜਤਾਲ ਸ਼ੁਰੂ ਕਰ ਦਿੱਤੀ।

ਸ੍ਰੀ ਹਜ਼ਾਰੇ ਦੀ ਮੁੱਖ ਮੰਗ ਉਸ ਲੋਕਪਾਲ ਬਿੱਲ ਵਿਚ ਸੋਧ ਕਰਵਾਉਣੀ ਹੈ ਜਿਹੜਾ ਅਜੇ ਸੰਸਦ ਵਿਚ ਪੇਸ਼ ਕੀਤਾ ਜਾਣਾ ਹੈ। ਉਸ ਵੱਲੋਂ ਵਿੱਢੀ ਲੜਾਈ ਦੀ ਮਾਰ ਸਭ ਤੋਂ ਪਹਿਲਾਂ ਕੇਂਦਰੀ ਮੰਤਰੀ ਸ਼ਰਦ ਪਵਾਰ ਉਤੇ ਪਈ ਜਿਨ੍ਹਾਂ ਨੂੰ ਭ੍ਰਿਸ਼ਟਾਚਾਰ ਰੋਕਣ ਲਈ ਬਣਾਏ ਮੰਤਰੀ-ਸਮੂਹ ਤੋਂ ਅਸਤੀਫ਼ਾ ਦੇਣਾ ਪਿਆ। ਇਸ ਦੇ ਨਾਲ ਹੀ 98 ਘੰਟਿਆਂ ਦੇ ਮਰਨ ਵਰਤ ਤੋਂ ਬਾਅਦ ਸਰਕਾਰ ਨੇ ਸਾਰੀਆਂ ਮੰਗਾਂ ਮੰਨ ਲਈਆਂ, ਹਾਲਾਂਕਿ ਸਭ ਨੂੰ ਪਤਾ ਹੈ ਕਿ ਇਸ ਜਿੱਤ ਨਾਲ ਭ੍ਰਿਸ਼ਟਾਚਾਰ ਦਾ ਖ਼ਾਤਮਾ ਸੰਭਵ ਨਹੀਂ।

ਦਰਅਸਲ ਜਿਸ ਲੋਕਪਾਲ ਬਿੱਲ ਲਈ ਸ੍ਰੀ ਹਜ਼ਾਰੇ ਵੱਲੋਂ ਲੜਾਈ ਲੜੀ ਜਾ ਰਹੀ ਹੈ, ਉਹ ਇਸ ਨੂੰ ਦੇਸ਼ ਦੇ ਚੋਣ ਕਮਿਸ਼ਨ ਜਾਂ ਸੁਪਰੀਮ ਕੋਰਟ ਦੀ ਤਰ੍ਹਾਂ ਖ਼ੁਦਮੁਖ਼ਤਿਆਰ ਸੰਸਥਾ ਵਜੋਂ ਦੇਖਣਾ ਚਾਹੁੰਦੇ ਹਨ। ਸਿਆਸੀ ਆਗੂ ਇਸ ਬਿੱਲ ਬਾਰੇ ਭਾਵੇਂ ਅਜੇ ਖ਼ਾਮੋਸ਼ ਹਨ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਆਗੂ ਅੰਦਰਖਾਤੇ ਲੋਕਪਾਲ ਬਿੱਲ ਦੇ ਵਿਰੁਧ ਹੀ ਹਨ। ਇਸ ਮਾਮਲੇ 'ਤੇ ਜਿੱਥੇ ਇਕ ਵਾਰ ਸ੍ਰੀ ਹਜ਼ਾਰੇ ਨੇ ਮਨਮੋਹਨ ਸਿੰਘ ਸਰਕਾਰ ਨੂੰ ਇਕ ਕਦਮ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਹੈ, ਉਥੇ ਸਾਰੀਆਂ ਗ਼ੈਰ-ਰਾਜਸੀ ਧਿਰਾਂ ਦੀ ਹਮਾਇਤ ਵੀ ਹਾਸਲ ਕਰ ਲਈ ਹੈ। ਉਨ੍ਹਾਂ ਨੇ ਭ੍ਰਿਸ਼ਟਾਚਾਰ ਲਈ ਸਿਆਸੀ ਪਾਰਟੀਆਂ ਨੂੰ ਦੋਸ਼ੀ ਠਹਿਰਾਇਆ ਹੈ।



*ਅੰਨਾ ਹਜ਼ਾਰੇ ਇਕ ਬੱਚੀ ਤੋਂ ਜੂਸ ਦਾ ਗਿਲਾਸ ਪੀ ਕੇ ਭੁੱਖ ਹੜਤਾਲ ਖਤਮ ਕਰਦੇ ਹੋਏ*

ਸਰਕਾਰ ਵੱਲੋਂ ਪ੍ਰਭਾਵਸ਼ਾਲੀ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਲਈ ਸਮਾਜਿਕ ਕਾਰਕੁਨਾਂ ਅਤੇ ਮੰਤਰੀਆਂ ਦੀ ਸਾਂਝੀ ਕਮੇਟੀ ਕਾਇਮ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਵਿਚ ਸਰਕਾਰ ਵੱਲੋਂ ਪੰਜ ਮੰਤਰੀਆਂ ਵਿੱਤ ਮੰਤਰੀ ਪ੍ਰਣਬ ਮੁਖਰਜੀ (ਚੇਅਰਪਰਸਨ), ਗ੍ਰਹਿ ਮੰਤਰੀ ਪੀ. ਚਿਦੰਬਰਮ, ਕਾਨੂੰਨ ਮੰਤਰੀ ਵੀਰੱਪਾ ਮੋਇਲੀ (ਕਨਵੀਨਰ), ਮਨੁੱਖੀ ਸ੍ਰੋਤ ਵਿਕਾਸ ਮੰਤਰੀ ਕਪਿਲ ਸਿੱਬਲ ਅਤੇ ਜਲ ਸਰੋਤ ਮੰਤਰੀ ਸਲਮਾਨ ਖੁਰਸ਼ੀਦ ਨੂੰ ਸ਼ਾਮਲ ਕੀਤਾ ਗਿਆ ਹੈ। ਸਿਵਲ ਸੁਸਾਇਟੀ ਵੱਲੋਂ ਸ੍ਰੀ ਅੰਨਾ ਹਜ਼ਾਰੇ ਤੋਂ ਇਲਾਵਾ ਸੁਪਰੀਮ ਕੋਰਟ ਦੇ ਸਾਬਕ ਜੱਜ ਐਨ. ਸੰਤੋਸ਼ ਹੇਗੜੇ, ਸਾਬਕਾ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਨ (ਕੋ-ਚੇਅਰਪਰਸਨ), ਵਕੀਲ ਪ੍ਰਸ਼ਾਂਤ ਭੂਸ਼ਨ ਅਤੇ ਸੂਚਨਾ ਅਧਿਕਾਰ ਕਾਰਕੁਨ ਅਰਵਿੰਦ ਕੇਜਰੀਵਾਲ ਸ਼ਾਮਲ ਹੋਣਗੇ। ਇਹ ਕਮੇਟੀ 30 ਜੂਨ ਤੱਕ ਆਪਣਾ ਕੰਮ ਮੁਕੰਮਲ ਕਰ ਲਵੇਗੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਲੋਕਪਾਲ ਬਿੱਲ ਮਾਨਸੂਨ ਇਜਲਾਸ ਦੌਰਾਨ ਸੰਸਦ 'ਚ ਪੇਸ਼ ਕਰ ਦਿੱਤਾ ਜਾਵੇਗਾ। ਇਸੇ ਦੌਰਾਨ ਸ੍ਰੀ ਹਜ਼ਾਰੇ ਦੀ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਭਾਜਪਾ ਨੇ ਐਲਾਨ ਕੀਤਾ ਹੈ ਕਿ ਸੰਸਦ ਦੇ ਮੌਨਸੂਨ ਇਜਲਾਸ ਵਿਚ ਲੋਕਪਾਲ ਬਿੱਲ ਦੀ ਪੂਰੀ ਹਮਾਇਤ ਕੀਤੀ ਜਾਵੇਗੀ।

ਉਧਰ, ਸਿਵਲ ਸੁਸਾਇਟੀ ਵੱਲੋਂ ਕਮੇਟੀ ਲਈ ਪੇਸ਼ ਨਾਂਵਾਂ 'ਤੇ ਬਾਬਾ ਰਾਮਦੇਵ ਦੇ ਇਤਰਾਜ਼ ਨੇ ਮਾਮਲਾ ਕੁਝ ਕੁ ਗੰਭੀਰ ਬਣਾ ਦਿੱਤਾ। ਬਾਬਾ ਰਾਮਦੇਵ ਦਾ ਕਹਿਣਾ ਸੀ ਕਿ ਕਮੇਟੀ ਵਿਚ ਪਿਓ-ਪੁੱਤ (ਸ਼ਾਂਤੀ ਭੂਸ਼ਨ ਅਤੇ ਪ੍ਰਸ਼ਾਂਤ ਭੂਸ਼ਨ) ਨੂੰ ਸ਼ਾਮਲ ਕਰਨ ਨਾਲ ਭਾਈ-ਭਤੀਜਾਵਾਦ ਨੂੰ ਹਵਾ ਮਿਲੇਗੀ। ਇਸ 'ਤੇ ਸ੍ਰੀ ਹਜ਼ਾਰੇ ਨੇ ਕਿਹਾ ਕਿ ਕਮੇਟੀ ਬਣਾਉਣ ਵੇਲੇ ਕਿਸੇ ਖਾਸ ਪਰਿਵਾਰ ਦਾ ਨਹੀਂ ਸਗੋਂ ਮਾਹਿਰਾਂ ਦਾ ਧਿਆਨ ਰੱਖਿਆ ਗਿਆ ਹੈ। ਸ਼ਾਂਤੀ ਭੂਸ਼ਨ ਅਤੇ ਪ੍ਰਸ਼ਾਂਤ ਭੂਸ਼ਨ ਉਘੇ ਵਕੀਲ ਹਨ ਅਤੇ ਦੋਹਾਂ ਦਾ ਆਪੋ-ਆਪਣਾ ਮੁਕਾਮ ਹੈ। ਇਸ ਦਲੀਲ ਪਿੱਛੋਂ ਬਾਬਾ ਰਾਮਦੇਵ ਨੇ ਆਪਣਾ ਇਤਰਾਜ਼ ਵਾਪਸ ਲੈ ਲਿਆ।

ਇਸ ਤੋਂ ਬਾਅਦ ਮਨੁੱਖੀ ਸਰੋਤ ਮਾਮਲਿਆਂ ਦੇ ਮੰਤਰੀ ਕਪਿਲ ਸਿੱਬਲ ਵੱਲੋਂ ਇਹ ਕਹਿਣ ਕਿ ਇਸ ਬਿੱਲ ਨਾਲ ਵੀ ਕੋਈ ਨਤੀਜਾ ਆਉਣ ਦੀ ਉਮੀਦ ਨਹੀਂ, ਨਾਲ ਰਫ਼ੜ ਖੜ੍ਹਾ ਹੋ ਗਿਆ। ਇਸ 'ਤੇ ਸ੍ਰੀ ਹਜ਼ਾਰੇ ਨੇ ਆਪਣਾ ਨਿਸ਼ਾਨਾ ਸ੍ਰੀ ਸਿੱਬਲ 'ਤੇ ਸਾਧ ਲਿਆ। ਉਨ੍ਹਾਂ ਕਹਿ ਦਿੱਤਾ ਕਿ ਜੇ ਉਨ੍ਹਾਂ ਨੂੰ ਅਜਿਹਾ ਜਾਪਦਾ ਹੈ ਤਾਂ ਉਹ ਜੁਆਇੰਟ ਕਮੇਟੀ ਤੋਂ ਅਸਤੀਫ਼ਾ ਦੇਣ। ਉਨ੍ਹਾਂ ਦੇ ਸਹਿਯੋਗੀ ਕਿਰਨ ਬੇਦੀ ਅਤੇ ਅਰਵਿੰਦ ਕੇਜਰੀਵਾਲ ਨੇ ਵੀ ਸ੍ਰੀ ਸਿੱਬਲ ਵੱਲੋਂ ਕੀਤੀ ਟਿੱਪਣੀ 'ਤੇ ਉਨ੍ਹਾਂ ਦੀ ਸਖ਼ਤ ਆਲੋਚਨਾ ਕੀਤੀ। ਦੂਜੇ ਪਾਸੇ ਸ੍ਰੀ ਸਿੱਬਲ ਨੇ ਕਿਸੇ ਵੀ ਅਜਿਹੀ ਟਿੱਪਣੀ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਉਹ ਭ੍ਰਿਸ਼ਟਾਚਾਰ ਵਿਰੁਧ ਸਖ਼ਤ ਕਾਨੂੰਨ ਬਣਾਉਣ ਲਈ ਸ੍ਰੀ ਹਜ਼ਾਰੇ ਦੇ ਨਾਲ ਹਨ।

ਜ਼ਿਕਰਯੋਗ ਹੈ ਕਿ ਸ੍ਰੀ ਸਿੱਬਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਮੈਂ ਇਹ ਸਵਾਲ ਪੁੱਛਦਾ ਹਾਂ ਕਿ ਕਿਸੇ ਗਰੀਬ ਬੱਚੇ, ਜਿਸ ਲਈ ਸਿੱਖਿਆ ਦਾ ਕੋਈ ਮਤਲਬ ਹੀ ਨਹੀਂ, ਦੀ ਮਦਦ ਲੋਕਪਾਲ ਬਿੱਲ ਕਿਵੇਂ ਕਰੇਗਾ? ਜੇ ਗਰੀਬ ਬੰਦੇ ਨੂੰ ਸਿਹਤ ਸੇਵਾਵਾਂ ਦੀ ਲੋੜ ਪੈਂਦੀ ਹੈ ਤਾਂ ਕੀ ਉਹ ਸਿਆਸੀ ਆਗੂ ਤੋਂ ਹੀ ਸਹਾਇਤਾ ਮੰਗ ਸਕੇਗਾ?"

## ਅਗਲਾ ਨਿਸ਼ਾਨਾ 'ਚੋਣ ਸੁਧਾਰ'

**ਨਵੀਂ ਦਿੱਲੀ:** ਦੇਸ਼ ਵਿਚ ਭ੍ਰਿਸ਼ਟਾਚਾਰ ਰੋਕੂ ਬਿੱਲ ਦੇ ਮਾਮਲੇ 'ਤੇ ਮਿਲੀ ਸਫਲਤਾ ਤੋਂ ਬਾਅਦ ਗਾਂਧੀਵਾਦੀ ਅੰਨਾ ਹਜ਼ਾਰੇ ਦੇ ਨਿਸ਼ਾਨੇ 'ਤੇ ਹੁਣ ਚੋਣ ਸੁਧਾਰਾਂ ਦਾ ਮੁੱਦਾ ਹੈ। ਸ੍ਰੀ ਹਜ਼ਾਰੇ ਚਾਹੁੰਦੇ ਹਨ ਕਿ ਚੋਣਾਂ ਵਿਚ ਪੈਸੇ ਦੀ ਤਾਕਤ ਖਤਮ ਹੋਵੇ ਤੇ ਸਿਆਸਤ ਦੇ ਹੋ ਰਹੇ ਅਪਰਾਧੀਕਰਨ ਨੂੰ ਠੱਲ੍ਹ ਪਏ। ਸ੍ਰੀ ਹਜ਼ਾਰੇ ਨਾਲ ਜੁੜੇ ਸੂਤਰਾਂ ਮੁਤਾਬਕ "ਚੋਣਾਂ ਵਿਚ ਪੈਸੇ ਦੀ ਤਾਕਤ, ਬੁਰਛਾਗਰਦੀ ਅਤੇ ਮਾਫੀਆ ਐਨੇ ਭਾਰੂ ਹੋ ਗਏ ਹਨ ਕਿ ਆਮ ਬੰਦੇ ਦੇ ਵਸ ਵਿਚ ਕੁਝ ਨਹੀਂ ਰਿਹਾ ਅਤੇ ਅੰਨਾ ਤੇ ਉਨ੍ਹਾਂ ਦੇ ਸਮਰਥਕ ਹੁਣ ਇਸ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।" ਕਈ ਦਹਾਕਿਆਂ ਤੋਂ ਚੋਣ ਸੁਧਾਰ ਕੌਮੀ ਏਜੰਡੇ 'ਤੇ ਹਨ ਪਰ ਇਸ ਬਾਰੇ ਕੁਝ ਵੀ ਨਹੀਂ ਸੀ ਕੀਤਾ ਜਾ ਰਿਹਾ। ਹੁਣ ਚੋਣ ਕਮਿਸ਼ਨ ਕੁਝ ਕੋਸ਼ਿਸ਼ਾਂ ਕਰ ਰਿਹਾ ਹੈ ਤਾਂ ਜੋ 'ਗੰਦਗੀ' ਨੂੰ ਸਾਫ ਕੀਤਾ ਜਾ ਸਕੇ।

## ਹਜ਼ਾਰੇ ਬਣਿਆ ਇਕ ਕਰੋੜੀ

**ਨਵੀਂ ਦਿੱਲੀ:** ਅੰਨਾ ਹਜ਼ਾਰੇ ਨੂੰ ਸਾਲ 2011 ਦਾ 'ਰਾਬਿੰਦਰਨਾਥ ਟੈਗੋਰ ਕੌਮਾਂਤਰੀ ਸ਼ਾਂਤੀ ਪੁਰਸਕਾਰ' ਦੇਣ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਉਨ੍ਹਾਂ ਨੂੰ ਇਕ ਕਰੋੜ ਰੁਪਏ ਦਿੱਤੇ ਜਾਣਗੇ। ਪਿਛਲੇ ਸਾਲ ਇਹ ਪੁਰਸਕਾਰ ਮਨੀਪੁਰ ਦੀ 'ਲੋਹ ਇਸਤਰੀ' ਵਜੋਂ ਪ੍ਰਸਿੱਧ ਸਮਾਜ ਸੇਵੀ ਇਰੋਮ ਚਾਨੂੰ ਨੂੰ ਦਿੱਤਾ ਗਿਆ ਸੀ। ਇਹ ਪੁਰਸਕਾਰ 'ਇੰਡੀਅਨ ਇੰਸਟੀਚਿਊਟ ਆਫ ਪਲੈਨਿੰਗ ਐਂਡ ਮੈਨੇਜਮੈਂਟ' ਵੱਲੋਂ ਦਿੱਤਾ ਜਾਂਦਾ ਹੈ। ਇਹ ਪੁਰਸਕਾਰ 9 ਮਈ ਨੂੰ ਇੰਸਟੀਚਿਊਟ ਵੱਲੋਂ ਵਿਸ਼ੇਸ਼ ਸਮਾਗਮ ਵਿਚ ਦਿੱਤਾ ਜਾਵੇਗਾ।

## ਆਖ਼ਰ ਕੌਣ ਹੈ ਅੰਨਾ ਹਜ਼ਾਰੇ?

**ਨਵੀਂ ਦਿੱਲੀ:** ਅੰਨਾ ਹਜ਼ਾਰੇ ਪਹਿਲਾਂ ਮਹਾਰਾਸ਼ਟਰ ਦੀਆਂ ਕਈ ਸਰਕਾਰਾਂ ਨੂੰ ਵਖਤ ਪਾ ਚੁੱਕਾ ਹੈ। ਉਨ੍ਹਾਂ ਪਿਛਲੇ ਦੋ ਦਹਾਕਿਆਂ ਤੋਂ ਮਹਾਰਾਸ਼ਟਰ ਦੇ ਜ਼ਿਲ੍ਹਾ ਅਹਿਮਦਨਗਰ ਵਿਚ ਪੈਂਦੇ ਆਪਣੇ ਪਿੰਡ ਹਾਲੇਗਾਓਂ ਸਿੱਧੀ ਤੋਂ ਸ਼ੁਰੂਆਤ ਕਰਕੇ ਰਾਜ ਦੇ ਕਾਮਯਾਬ ਮੁੱਖ ਮੰਤਰੀਆਂ ਨੂੰ ਝੁਕਣ ਲਈ ਮਜਬੂਰ ਕੀਤਾ ਹੈ। ਦੂਜੇ ਪਾਸੇ ਹਜ਼ਾਰੇ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਨਿਰਾਸ਼ ਤੱਤਾਂ ਦਾ ਹਥਿਆਰ ਬਣ ਗਿਆ ਹੈ ਜੋ ਕਿਸੇ ਨਾ ਕਿਸੇ ਕਾਰਨ ਆਪਣੇ ਸਿਆਸੀ ਵਿਰੋਧੀਆਂ ਨਾਲ ਹਿਸਾਬ-ਕਿਤਾਬ ਕਰਨਾ ਚਾਹੁੰਦੇ ਹਨ।

ਆਪਣੇ ਸ਼ਰਧਾਲੂਆਂ ਵਿਚ ਅੰਨਾ ਮਤਲਬ 'ਵੱਡੇ ਭਰਾ' ਵਜੋਂ ਜਾਣੇ ਜਾਂਦੇ ਸ੍ਰੀ ਹਜ਼ਾਰੇ ਆਪਣੇ ਨਿਮਰਤਾ ਵਾਲੇ ਢੰਗ-ਤਰੀਕਿਆਂ ਨਾਲ ਰਾਜ ਦੀ ਅਫ਼ਸਰਸ਼ਾਹੀ, ਇਥੋਂ ਤੱਕ ਮੰਤਰੀਆਂ ਦੇ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪਰ ਕੁਤਰ ਚੁੱਕੇ ਹਨ। ਉਨ੍ਹਾਂ ਨੂੰ ਗਰੀਬੀ ਕਾਰਨ 7ਵੀਂ 'ਚ ਪੜ੍ਹਾਈ ਛੱਡਣੀ ਪਈ ਸੀ। ਉਨ੍ਹਾਂ ਰੋਟੀ-ਰੋਜ਼ੀ ਲਈ ਮੰਦਰ ਦੇ ਬਾਹਰ ਫੁੱਲਾਂ ਦੇ ਹਾਰ ਬਣਾਉਣ ਤੋਂ ਇਲਾਵਾ ਕਈ ਪਾਪੜ ਵੇਲੇ। ਉਹ ਫੌਜ 'ਚ ਭਰਤੀ ਹੋਏ ਅਤੇ ਟਰੱਕ ਚਲਾਇਆ। 1965 'ਚ ਪਾਕਿਸਤਾਨ ਨਾਲ ਜੰਗ 'ਚ ਉਹ ਦੋ ਵਾਰ ਵਾਲ-ਵਾਲ ਬਚੇ। ਉਨ੍ਹਾਂ ਨੇ ਸਵੈ-ਇੱਛੁਕ ਸੇਵਾਮੁਕਤੀ ਲੈ ਕੇ ਆਪਣੇ ਪਿੰਡ ਹਾਲੇਗਾਓਂ ਸਿੱਧੀ ਵੱਲ ਰੁਖ ਕੀਤਾ ਜਿੱਥੇ ਉਨ੍ਹਾਂ ਦਾ ਵਾਹ ਘੋਰ ਗਰੀਬੀ ਅਤੇ ਸ਼ਰਾਬ ਦੀ ਬੁਰਿਆਈ ਨਾਲ ਪਿਆ। ਉਨ੍ਹਾਂ ਨੇ ਆਪਣੇ ਅੰਦੋਲਨ ਨੂੰ ਚਲਾਉਣ ਲਈ ਘਰ ਛੱਡ ਦਿੱਤਾ ਅਤੇ ਦੈਤੀ ਪਿੰਡ ਦੇ ਮੰਦਰ 'ਚ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੇ ਮਿਸ਼ਨ 'ਚ ਕਿਸੇ ਤਰ੍ਹਾਂ ਦੇ ਅੜਿੱਕੇ ਤੋਂ ਬਚੇ ਰਹਿਣ ਲਈ ਵਿਆਹ ਵੀ ਨਹੀਂ ਕਰਵਾਇਆ, ਆਪਣੇ ਪਿੰਡ ਵਾਸੀਆਂ ਨੂੰ ਪ੍ਰੇਰ ਕੇ ਸ਼ਰਾਬ ਤੋਂ ਖਹਿੜਾ ਛੁਡਵਾਇਆ ਅਤੇ ਪਿੰਡ ਨੂੰ ਆਰਥਿਕ ਪੱਖੋਂ ਸਵੈ-ਸਮਰੱਥ ਬਣਾ ਕੇ ਮਿਸਾਲ ਪੈਦਾ ਕੀਤੀ।

### ਅੰਨਾ ਹਜ਼ਾਰੇ ਦੇ ਪਿਛਲੇ ਕਾਰਨਾਮੇ

ਅੰਨਾ ਹਜ਼ਾਰੇ ਆਪਣੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤਹਿਤ ਸੂਚਨਾ ਅਧਿਕਾਰ ਕਾਨੂੰਨ ਦੀ ਵਰਤੋਂ ਕਰਕੇ ਉਹ ਉਚ ਗਲਿਆਰਿਆਂ ਵਿਚ ਵਾਪਰਦੇ ਭ੍ਰਿਸ਼ਟਾਚਾਰ ਦੇ ਪਰਦੇ ਦੀ ਫਾਸ਼ ਕਰ ਚੁੱਕੇ ਹਨ। ਸ਼ਿਵ ਸੈਨਾ ਦੇ ਆਗੂ ਮਨੋਹਰ ਜੋਸ਼ੀ, ਕਾਂਗਰਸੀ ਆਗੂ ਵਿਲਾਸਰਾਓ ਦੇਸ਼ਮੁੱਖ, ਨਰਾਇਣ ਰਾਣੇ, ਸੁਸ਼ੀਲ ਕੁਮਾਰ ਸ਼ਿੰਦੇ, ਅਸ਼ੋਕ ਚਵਾਨ ਗਾਹੇ-ਬਗਾਹੇ ਇਸ ਸ਼ਖ਼ਸ ਤੋਂ ਮੂੰਹ ਦੀ ਖਾ ਚੁੱਕੇ ਹਨ। ਇਸ ਕਰਕੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਵੱਲੋਂ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਬਣਾਈ ਕਮੇਟੀ ਤੋਂ ਉਦੋਂ ਆਪਣੇ-ਆਪ ਨੂੰ ਵੱਖ ਕਰ ਲੈਣ 'ਤੇ ਕੋਈ ਜ਼ਿਆਦਾ ਹੈਰਾਨੀ ਨਹੀਂ ਹੋਈ ਜਦੋਂ ਅੰਨਾ ਹਜ਼ਾਰੇ ਨੇ ਕੌਮੀ ਰਾਜਧਾਨੀ ਵਿਚ ਆਪਣਾ 'ਮਰਨ ਵਰਤ' ਸ਼ੁਰੂ ਕੀਤਾ।

ਅਸਲ ਵਿਚ ਮਹਾਰਾਸ਼ਟਰ ਵਿਚ ਸ਼ਰਦ ਪਵਾਰ ਦੇ ਬਥੇਰੇ ਸਿਆਸੀ ਵਿਰੋਧੀ ਹਨ ਜੋ ਪਵਾਰ ਵੱਲੋਂ ਕੀਤੇ ਵਿਤਕਰਿਆਂ ਦੀਆਂ ਰਿਪੋਰਟਾਂ ਹਜ਼ਾਰੇ ਦੇ ਸਮਰਥਕਾਂ ਨੂੰ ਸੌਂਪਦੇ ਰਹਿੰਦੇ ਹਨ। 2003 ਤੋਂ ਜਲਗਾਓਂ ਦੇ ਬੇਹੱਦ ਤਾਕਤਵਰ ਆਗੂ ਸੁਰੇਸ਼ ਦਾਦਾ ਜੈਨ, ਸ਼ਰਦ ਪਵਾਰ ਦਾ ਨਜ਼ਦੀਕੀ ਰਿਸ਼ਤੇਦਾਰ ਪਦਮਸ਼ਿਨ ਪਾਟਿਲ, ਨਵਾਬ ਮਲਿਕ ਤੇ ਵਿਜੈ ਕੁਮਾਰ ਗਾਵਿਤ ਹਜ਼ਾਰੇ ਦੇ ਹਮਲੇ ਦੀ ਮਾਰ 'ਚ ਆ ਚੁੱਕੇ ਹਨ।

## ਬਾਦਲ ਵੱਲੋਂ ਭ੍ਰਿਸ਼ਟ ਲੋਕਾਂ ਨੂੰ ਮੌਤ ਦੀ ਸਜ਼ਾ ਦੀ ਪੈਰਵੀ

**ਜਲੰਧਰ:** ਸਮਾਜ ਸੁਧਾਰਕ ਅੰਨਾ ਹਜ਼ਾਰੇ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੇ ਸੰਘਰਸ਼ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਦੇਸ਼ 'ਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਭ੍ਰਿਸ਼ਟ ਆਗੂਆਂ, ਅਫ਼ਸਰਾਂ ਅਤੇ ਹੋਰ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਭ੍ਰਿਸ਼ਟਾਚਾਰ ਦੇ ਕੋਹੜ ਨੂੰ ਠੱਲ੍ਹਣ ਲਈ ਭ੍ਰਿਸ਼ਟ ਕਿਰਦਾਰ ਵਾਲੇ ਲੋਕਾਂ ਦੇ ਨਾਂ ਜਨਤਕ ਕਰਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਜਾਂ ਘੱਟ ਤੋਂ ਘੱਟ 20 ਸਾਲ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਸ. ਬਾਦਲ ਨੇ ਕਿਹਾ ਕਿ ਵਿਦੇਸ਼ਾਂ ਵਿਚ ਪਿਆ ਕਾਲਾ ਧਨ ਜੇਕਰ ਸਰਕਾਰ ਵਾਪਸ ਲੈ ਆਵੇ ਤਾਂ ਦੇਸ਼ ਵਿਚੋਂ ਗਰੀਬੀ ਖ਼ਤਮ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਮੰਨਿਆ ਕਿ ਸਾਰੇ ਸਿਆਸੀ ਆਗੂ ਚੋਣਾਂ ਵਿਚ ਕਾਲਾ ਧਨ ਵਰਤਦੇ ਹਨ। ਚੋਣਾਂ ਵਿਚ ਪੈਸੇ ਦਾ ਲੈਣ-ਦੇਣ ਅੰਦਰਖਾਤੇ ਕੀਤਾ ਜਾਂਦਾ ਹੈ ਅਤੇ ਸਿਆਸੀ ਆਗੂ ਚੋਣ ਫੰਡ ਵੀ ਲੈਂਦੇ ਹਨ।

ਬਾਅਦ ਵਿਚ ਪੰਜਾਬ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਇਸ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਬਾਰੇ ਪੁੱਛਣ 'ਤੇ ਉਹ ਖ਼ਾਮੋਸ਼ ਹੋ ਗਏ। ਉਨ੍ਹਾਂ ਕੋਈ ਵੀ ਟਿੱਪਣੀ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਡੀ ਐਮ ਵੀ ਨੇ ਟਰੱਕਾਂ ਦੀਆਂ ਪਲੇਟਾਂ ਦੇਣ ਦੀ ਨੀਤੀ ਬਦਲੀ

**ਸਟਾਕਟਨ (ਬਿਊਰੋ):** ਕੈਲੀਫੋਰਨੀਆ ਦੇ ਟਰੱਕਿੰਗ ਭਾਈਚਾਰੇ ਨੂੰ ਉਦੋਂ ਸੁੱਖ ਦਾ ਸਾਹ ਆਇਆ ਜਦੋਂ ਡੀ.ਐਮ.ਵੀ. ਮਹਿਕਮੇ ਨੇ ਆਪਣੀ ਪਹਿਲੀ ਨੀਤੀ ਵਿਚ ਕੁਝ ਤਬਦੀਲੀ ਕਰਦੇ ਹੋਏ ਕੁਝ ਅਧਿਕਾਰਤ ਏਜੰਸੀਆਂ ਨੂੰ ਲਾਇਸੈਂਸ ਪਲੇਟਾਂ ਆਪਣੇ ਦਫਤਰ ਵਿਚ ਰੱਖਣ ਅਤੇ ਜਾਰੀ ਕਰਨ ਦੇ ਅਧਿਕਾਰ ਦੇ ਦਿੱਤੇ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਡੀ.ਐਮ.ਵੀ. ਨੇ ਇਕ ਫੁਰਮਾਨ ਜਾਰੀ ਕਰਦਿਆਂ ਕੈਲੀਫੋਰਨੀਆ ਤੋਂ ਬਾਹਰ ਟਰੱਕ ਚਲਾਉਣ ਵਾਲੀਆਂ ਟਰੱਕਿੰਗ ਕੰਪਨੀਆਂ ਨੂੰ ਲੋਕਲ ਡੀ.ਐਮ.ਵੀ. ਦਫਤਰਾਂ ਵਿਚੋਂ ਲਾਇਸੈਂਸ ਪਲੇਟਾਂ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ। ਇਸ ਫੈਸਲੇ ਕਰਕੇ ਨਵੇਂ ਟਰੱਕ ਲਈ ਲਾਇਸੈਂਸ ਪਲੇਟਾਂ ਲੈਣ ਵਾਸਤੇ ਮਾਲਕ ਨੂੰ ਹਫਤਿਆਂਬੱਧੀ ਉਡੀਕ ਕਰਨੀ ਪੈਂਦੀ ਸੀ ਕਿਉਂਕਿ ਇਹ ਪਲੇਟਾਂ ਡਾਕ ਵਿਚ ਭੇਜੀਆਂ ਜਾਂਦੀਆਂ ਸਨ। ਟਰੱਕਿੰਗ ਸਨਅਤ ਵਿਚ ਚੱਲ ਰਹੇ ਮੰਦੇ ਦੇ ਦੌਰ ਕਰਕੇ ਟਰੱਕ ਮਾਲਕਾਂ ਨੂੰ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਡੀਜ਼ਲ ਦੇ ਮਹਿੰਗੇ ਭਾਅ ਅਤੇ ਭਾੜੇ ਦੀ ਕਮੀ ਨੇ ਉਨ੍ਹਾਂ ਦਾ ਪਹਿਲਾਂ ਹੀ ਲੱਕ ਤੋੜਿਆ ਹੋਇਆ ਸੀ। ਇਸ ਫੁਰਮਾਨ ਕਰਕੇ ਟਰੱਕ ਮਾਲਕ ਨੂੰ ਨਵਾਂ ਟਰੱਕ ਖਰੀਦਣ ਪਿਛੋਂ ਪਲੇਟ ਨਾ ਹੋਣ ਕਰਕੇ ਭਾਰੀ ਕਿਸ਼ਤਾਂ ਅਤੇ ਇੰਸ਼ੋਰੈਂਸ ਦੇ ਖਰਚੇ ਕਈ ਕਈ ਚਿਰ ਬਿਨਾ ਕਾਰਨ ਸਹਿਣੇ ਪੈਂਦੇ ਸਨ। ਪੰਜਾਬੀ ਭਾਈਚਾਰਾ ਇਸ ਸਨਅਤ ਵਿਚ ਬਹੁਤ ਜ਼ਿਆਦਾ ਹੋਣ ਕਰਕੇ ਉਸ ਉਪਰ ਇਸ ਫੁਰਮਾਨ ਦਾ ਉਲਟਾ ਅਸਰ ਪੈ ਰਿਹਾ ਸੀ।

ਡੀ.ਐਮ.ਵੀ. ਵਲੋਂ ਜਿਹੜੀਆਂ ਕੁਝ ਏਜੰਸੀਆਂ ਨੂੰ ਲਾਇਸੈਂਸ ਪਲੇਟਾਂ ਰੱਖਣ ਅਤੇ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਉਨ੍ਹਾਂ ਵਿਚ ਲੈਥਰੋਪ, ਕੈਲੀਫੋਰਨੀਆ ਦੀ ਜਾਣੀ ਪਛਾਣੀ ਏਜੰਸੀ ਗਲੋਬਲ ਮਲਟੀ ਸਰਵਿਸਜ਼ ਵੀ ਸ਼ਾਮਲ ਹੈ। ਕੋਈ ਵੀ ਟਰੱਕਰ ਵੀਰ ਉਨ੍ਹਾਂ ਦੇ ਲੈਥਰੋਪ ਦਫਤਰ ਤੋਂ ਲਾਇਸੈਂਸ ਪਲੇਟਾਂ ਤੁਰੰਤ ਲੈ ਸਕਦਾ ਹੈ। ਹੋਰ ਜਾਣਕਾਰੀ ਲਈ ਰਾਜਿੰਦਰ ਸਿੰਘ ਜਾਂ ਮਨੀਤਪਾਲ ਸਿੰਘ ਨਾਲ ਫੋਨ 209-982-9996 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

*To Advertise with us*
*Call: 847-359-0746*
*Fax:847-705-9388*
*e-mial:*
*punjabtimes1@sbcglobal.net*

# ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਦੁਰਲੱਭ ਖਜ਼ਾਨਾ ਸੰਭਾਲਣ ਦਾ ਉਪਰਾਲਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਜੋ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਅੱਗ ਲੱਗਣ ਨਾਲ ਸੜ ਗਈ ਸੀ ਤੇ ਉਸ ਦਾ ਬਹੁਮੁੱਲਾ ਖ਼ਜ਼ਾਨਾ ਲਾਪਤਾ ਹੋ ਗਿਆ ਸੀ, ਦੀ ਪੁਰਾਣੀ ਸ਼ਾਨੋ-ਸ਼ੌਕਤ ਬਹਾਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਉਦਮ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾ ਸਿਰਫ ਦੁਰਲੱਭ ਪੁਸਤਕਾਂ ਤੇ ਖਰੜੇ ਇਕੱਠੇ ਕੀਤੇ ਜਾ ਰਹੇ ਹਨ ਸਗੋਂ ਇਨ੍ਹਾਂ ਨੂੰ ਸਦਾ ਵਾਸਤੇ ਸੰਭਾਲਣ ਲਈ ਆਧੁਨਿਕ ਤਕਨੀਕ ਦਾ ਸਹਾਰਾ ਲੈ ਕੇ ਇਸ ਦਾ 'ਡਿਜੀਟਾਈਜੇਸ਼ਨ' ਕੀਤਾ ਜਾ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਆਟਾ ਮੰਡੀ ਵਾਲੇ ਪਾਸੇ ਸਥਾਪਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਇਸ ਵੇਲੇ ਤਕਰੀਬਨ 21 ਹਜ਼ਾਰ ਪੁਸਤਕਾਂ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਖਰੜੇ ਤੇ 800 ਹੋਰ ਪੁਰਾਤਨ ਖਰੜੇ ਸ਼ਾਮਲ ਹਨ। ਇਸ ਬਹੁਮੁੱਲੇ ਖ਼ਜ਼ਾਨੇ ਨੂੰ ਸਦਾ ਵਾਸਤੇ ਸੰਭਾਲਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਮੁਹਾਲੀ ਦੀ ਸੰਸਥਾ 'ਪੰਜਾਬ ਡਿਜੀਟਲ ਲਾਇਬ੍ਰੇਰੀ', ਜਿਸ ਨੂੰ ਨਾਨਕਸ਼ਾਹੀ ਟਰਸੱਟ ਵੱਲੋਂ ਚਲਾਇਆ ਜਾ ਰਿਹਾ ਹੈ, ਦੇ ਸਹਿਯੋਗ ਨਾਲ ਇਥੇ ਖਰੜਿਆਂ ਤੇ ਦੁਰਲੱਭ ਪੁਸਤਕਾਂ ਦਾ ਡਿਜੀਟਾਈਜੇਸ਼ਨ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਬਾਰੇ ਲਾਇਬ੍ਰੇਰੀ ਵਿਚ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤੇ ਦੋ ਅਤਿ ਆਧੁਨਿਕ ਕੈਮਰੇ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਦੀ ਮਦਦ ਨਾਲ ਖਰੜਿਆਂ ਤੇ ਦੁਰਲੱਭ ਪੁਸਤਕਾਂ ਦੇ ਚਿੱਤਰ ਲੈ ਕੇ ਇਨ੍ਹਾਂ ਨੂੰ ਕੰਪਿਊਟਰ ਵਿਚ ਦਰਜ ਕੀਤਾ ਜਾ ਰਿਹਾ ਹੈ।

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
*99% approved same day.* We specialize in high risk businesses.
ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with NO collateral or personal guarantee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com




Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

*Call for free initial consultation*

(408) 736-5203, (408) 940-6065

Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans
*Call: Sohanpreet 'Sam' Chahal*
@916-612-5773
Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਬਾਦਲਾਂ ਦੇ ਵਿਹੜੇ ਇਕ ਹੋਰ ਧਮਾਕੇ ਦੀ ਤਿਆਰੀ

## ਬੀਬੀ ਬਰਨਾਲਾ ਵੱਲੋਂ ਜਥੇਦਾਰ ਤਲਵੰਡੀ ਨਾਲ ਮੀਟਿੰਗ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਵੱਡੀ ਚੁਣੌਤੀ ਖੜ੍ਹੀ ਕਰਨ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਬਗਾਵਤ ਕਰਨ ਦੇ ਰੌਅ 'ਚ ਹਨ। ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬਰਸੀ ਮੌਕੇ ਜਥੇਦਾਰ ਤਲਵੰਡੀ ਨੇ ਸਟੇਜ 'ਤੇ ਆਪਣੀ ਹੀ ਪਾਰਟੀ ਦੀਆਂ ਕਮਜ਼ੋਰੀਆਂ ਜੱਗ ਜਾਹਿਰ ਕਰਦਿਆਂ ਸਭ ਨੂੰ ਸੁੰਨ ਕਰ ਦਿੱਤਾ ਸੀ।



ਬੀਬੀ ਬਰਨਾਲਾ



ਜਥੇਦਾਰ ਤਲਵੰਡੀ



ਮਨਪ੍ਰੀਤ ਬਾਦਲ

ਇਸ ਤੋਂ ਬਾਅਦ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਜਥੇਦਾਰ ਤਲਵੰਡੀ ਨਾਲ ਮੀਟਿੰਗ ਕਰਕੇ ਨਵੀਂ ਚਰਚਾ ਛੇੜ ਦਿੱਤੀ ਹੈ। ਬੀਬੀ ਬਰਨਾਲਾ ਵੱਲੋਂ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਸ਼੍ਰੋਮਣੀ ਕਮੇਟੀ ਚੋਣ ਉਨ੍ਹਾਂ ਨਾਲ ਰਲ ਕੇ ਲੜਨ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੀਬੀ ਬਰਨਾਲਾ ਦਾ ਕਹਿਣਾ ਹੈ ਕਿ ਮਨਪ੍ਰੀਤ ਸਿੰਘ ਬਾਦਲ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਲੜਾਈ ਲੜ ਰਿਹਾ ਹੈ, ਉਹ ਮੁੱਦੇ ਅਕਾਲੀ ਦਲ (ਲੌਂਗੋਵਾਲ) ਦੇ ਮੁੱਦਿਆਂ ਨਾਲ ਮੇਲ ਖਾਂਦੇ ਹੋਣ ਕਾਰਨ ਉਸ ਨਾਲ ਰਾਬਤਾ ਬਣਾਇਆ ਗਿਆ ਹੈ। ਦੂਜੇ ਪਾਸੇ ਮਨਪ੍ਰੀਤ ਬਾਦਲ ਨੇ ਇਸ ਸਿਆਸੀ ਦ੍ਰਿਸ਼ ਨੂੰ ਆਪਣੇ ਅਨਕੂਲ ਬਣਾਉਣ ਲਈ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਉਂਦੇ ਦਿਨਾਂ 'ਚ ਪੰਜਾਬ ਦੀ ਸਿਆਸਤ 'ਚ ਦਿਲਚਸਪ ਜੋੜਤੋੜ ਵੇਖਣ ਨੂੰ ਮਿਲ ਸਕਦੇ ਹਨ।

ਉਧਰ ਇਹ ਵੀ ਪਤਾ ਲੱਗਾ ਹੈ ਕਿ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਮਈ ਤੋਂ ਪੰਜਾਬ ਦੀ ਸਿਆਸਤ ਵਿਚ ਮੁੜ ਸਰਗਰਮ ਹੋ ਜਾਣਗੇ। ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਕੇ ਸਿਆਸਤ ਵਿਚ ਆਉਣ ਦੀ ਪੁਸ਼ਟੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਤੇ ਉਨ੍ਹਾਂ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਦਲ (ਲੌਂਗੋਵਾਲ) ਵੱਲੋਂ ਮਈ ਦੇ ਪਹਿਲੇ ਜਾਂ ਦੂਜੇ ਹਫਤੇ ਬਰਨਾਲਾ ਵਿਚ ਕੀਤੀ ਜਾ ਰਹੀ ਪਲੇਠੀ ਵੱਡੀ ਰੈਲੀ ਵਿਚ ਸੁਰਜੀਤ ਸਿੰਘ ਬਰਨਾਲਾ ਸ਼ਮੂਲੀਅਤ ਕਰਨਗੇ। ਬੀਬੀ ਬਰਨਾਲਾ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਨੂੰ ਗੁਰਦੁਆਰਾ ਚੋਣ ਕਮਿਸ਼ਨ ਕੋਲੋਂ ਸ਼੍ਰੋਮਣੀ ਕਮੇਟੀ ਚੋਣ ਲੜਨ ਲਈ ਰਜਿਸਟਰੇਸ਼ਨ ਮਿਲ ਗਈ ਹੈ ਤੇ ਉਹ ਅਕਾਲੀ ਦਲ (1920) ਤੇ ਅਕਾਲੀ ਦਲ (ਦਿੱਲੀ) ਨਾਲ ਰਲ ਕੇ ਲੜਨਗੇ।

ਬੀਬੀ ਬਰਨਾਲਾ ਵੱਲੋਂ ਜਗਦੇਵ ਸਿੰਘ ਤਲਵੰਡੀ ਦੇ ਘਰ ਜਾ ਕੇ ਤਕਰੀਬਨ 40 ਮਿੰਟ ਲੰਮੀ ਮੀਟਿੰਗ ਕੀਤੀ ਗਈ। ਉਨ੍ਹਾਂ ਨਾਲ ਉਨ੍ਹਾਂ ਦੇ ਪੁੱਤਰ ਜਸਜੀਤ ਸਿੰਘ ਬਰਨਾਲਾ ਤੇ ਪਾਰਟੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਮਾਨ ਵੀ ਸਨ। ਇਸ ਮੀਟਿੰਗ ਬਾਰੇ ਬਾਰੇ ਆਖਿਆ ਜਾ ਰਿਹਾ ਹੈ ਕਿ ਉਹ ਜਥੇਦਾਰ ਤਲਵੰਡੀ ਦਾ ਹਾਲ ਚਾਲ ਪੁੱਛਣ ਗਏ ਸਨ ਤੇ ਉਥੇ ਪੰਥਕ ਵਿਚਾਰਾਂ ਕਰਦਿਆਂ ਏਨਾ ਸਮਾਂ ਲੱਗ ਗਿਆ। ਜਥੇਦਾਰ (ਤਲਵੰਡੀ) ਕੁਝ ਦਿਨ ਪਹਿਲਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬਰਸੀ 'ਤੇ ਅਕਾਲੀ ਦਲ ਲੀਡਰਸ਼ਿਪ ਖਾਸ ਕਰ ਕੇ ਪਾਰਟੀ ਦੇ ਦੋ ਜਨਰਲ ਸਕੱਤਰਾਂ ਤੇ ਰਾਜ ਸਭਾ ਮੈਂਬਰਾਂ ਸੁਖਦੇਵ ਸਿੰਘ ਢੀਂਡਸਾ ਤੇ ਬਲਵਿੰਦਰ ਸਿੰਘ ਭੂੰਦੜ ਖਿਲਾਫ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਜੂਦਗੀ ਵਿਚ ਭੜਾਸ ਕੱਢ ਚੁੱਕੇ ਹਨ। ਉਸ ਤੋਂ ਬਾਅਦ ਬੀਬੀ ਬਰਨਾਲਾ ਦੀ ਉਨ੍ਹਾਂ ਦੇ ਘਰ ਦੀ ਫੇਰੀ ਤੇ ਉਨ੍ਹਾਂ ਨਾਲ ਕੀਤੀ ਮੀਟਿੰਗ, ਗਰਮ ਲੋਹੇ 'ਤੇ ਸੱਟ ਮਾਰਨ ਦੇ ਤੁੱਲ ਹੈ। ਪਤਾ ਲੱਗਾ ਹੈ ਕਿ ਮੀਟਿੰਗ ਦੌਰਾਨ ਬੀਬੀ ਬਰਨਾਲਾ ਨੇ ਜਥੇਦਾਰ ਤਲਵੰਡੀ ਨੂੰ ਪੰਥਕ ਧਿਰਾਂ ਦੀ ਅਗਵਾਈ ਕਰਨ ਦੀ ਪੇਸ਼ਕਸ਼ ਕੀਤੀ ਹੈ। ਮੀਟਿੰਗ ਬਾਰੇ ਬੀਬੀ ਬਰਨਾਲਾ ਤੇ ਜਥੇਦਾਰ ਤਲਵੰਡੀ ਨੇ ਬੇਸ਼ਕ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਪਰ ਲੌਂਗੋਵਾਲ ਦਲ ਦੇ ਸਕੱਤਰ ਜਨਰਲ ਬਲਦੇਵ ਸਿੰਘ ਮਾਨ ਨੇ ਮੀਟਿੰਗ ਦੀ ਪੁਸ਼ਟੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਦੋਹਾਂ ਆਗੂਆਂ ਦੀ ਮੀਟਿੰਗ ਬੜੇ ਖੁਸ਼ਗਵਾਰ ਮਾਹੌਲ ਵਿਚ ਹੋਈ ਹੈ ਜਿਸ ਤੋਂ ਉਹ ਸੰਤੁਸ਼ਟ ਹਨ। ਉਨ੍ਹਾਂ ਪ੍ਰਗਟਾਵਾ ਕੀਤਾ ਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਬੀਬੀ ਬਰਨਾਲਾ ਵੱਲੋਂ ਕੀਤੀ ਪੇਸ਼ਕਸ਼ ਨੂੰ ਰੱਦ ਨਹੀਂ ਕੀਤਾ ਹੈ, ਬਲਕਿ ਇਸ ਬਾਰੇ ਅੰਤਿਮ ਫੈਸਲਾ ਕਰਨ ਲਈ ਕੁਝ ਸਮਾਂ ਮੰਗਿਆ ਹੈ। ਬੀਬੀ ਬਰਨਾਲਾ ਤੇ ਜਥੇਦਾਰ ਤਲਵੰਡੀ ਵਿਚਾਲੇ ਹੋਈ ਇਸ ਮੁਲਾਕਾਤ ਨੂੰ ਲੈ ਕੇ ਪੰਥਕ ਹਲਕਿਆਂ ਵਿਚ ਨਵੀਂ ਚਰਚਾ ਛਿੜ ਪਈ ਹੈ ਕਿਉਂਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ ਵੱਲੋਂ ਪਿੰਡ ਟੌਹੜਾ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬਰਸੀ ਮੌਕੇ ਦਲ ਦੀ ਕੀਤੀ ਆਲੋਚਨਾ ਨੂੰ ਪੰਥਕ ਧਿਰਾਂ ਵਿਚ ਬੜੀ ਗੰਭੀਰਤਾ ਨਾਲ ਲਿਆ ਜਾ ਰਿਹਾ ਸੀ।

ਚਰਚਾ ਹੈ ਕਿ ਤਲਵੰਡੀਆਂ ਦਾ ਜੱਦੀ ਵਿਧਾਨ ਸਭਾ ਹਲਕਾ ਰਾਏਕੋਟ ਹੱਦਬੰਦੀ ਤੋਂ ਬਾਅਦ ਰਾਖਵਾਂ ਹੋ ਜਾਣ ਕਾਰਨ, ਉਨ੍ਹਾਂ ਨੂੰ ਹਾਲੇ ਤੱਕ ਕੋਈ ਨਵਾਂ ਹਲਕਾ ਨਾ ਦਿੱਤੇ ਜਾਣ ਕਾਰਨ ਵੀ ਦੋਵਾਂ ਧਿਰਾਂ ਵਿਚ ਅੰਦਰੋਂ-ਅੰਦਰੀ ਵਖਰੇਵੇਂ ਵਧੇ ਹੋਏ ਹਨ। ਇਸ ਦੌਰਾਨ ਪਤਾ ਲੱਗਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਜੱਦੀ ਹਲਕੇ ਰਾਏਕੋਟ ਵਿਚ 20 ਅਪਰੈਲ ਨੂੰ ਸੰਗਤ ਦਰਸ਼ਨ ਪ੍ਰੋਗਰਾਮ ਰੱਖ ਲਿਆ ਹੈ ਤੇ ਇਸ ਬਾਰੇ ਤਲਵੰਡੀ ਪਰਿਵਾਰ ਨੂੰ ਸੂਚਿਤ ਕਰਕੇ ਉਨ੍ਹਾਂ ਦੀ ਅਗਵਾਈ ਹੇਠ ਹਲਕੇ ਦੇ ਪਿੰਡਾਂ ਵਿਚ ਵਿਕਾਸ ਕਾਰਜਾਂ ਤੇ ਹੋਰ ਗਰਾਂਟਾਂ ਲਈ ਸੂਚੀ ਤਿਆਰ ਕਰਨ ਲਈ ਕਿਹਾ ਹੈ।

## ਖ਼ੁਫ਼ੀਆ ਰਿਪੋਰਟਾਂ ਤੋਂ ਬਾਅਦ ਬਾਦਲਾਂ ਦੁਆਲੇ ਸਖ਼ਤ ਪਹਿਰਾ

**ਚੰਡੀਗੜ੍ਹ:** ਬੱਬਰ ਖਾਲਸਾ ਇੰਟਰਨੈਸ਼ਨਲ ਵੱਲੋਂ ਖ਼ਤਰੇ ਦੀ ਖ਼ੁਫ਼ੀਆ ਰਿਪੋਰਟਾਂ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਬੇਟੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਹੋਰ ਵਧਾ ਦਿੱਤੀ ਹੈ। ਬਾਦਲਾਂ ਦੇ ਘਰ ਦੁਆਲੇ ਵਾਧੂ ਪੁਲਿਸ ਕਰਮੀ ਤਾਇਨਾਤ ਕੀਤੇ ਜਾ ਰਹੇ ਹਨ ਜਦਕਿ ਸੰਗਤ ਦਰਸ਼ਨ ਤੇ ਸਿਆਸੀ ਰੈਲੀਆਂ 'ਚ ਸ਼ਿਰਕਤ ਸਮੇਂ ਇਨ੍ਹਾਂ ਵੀ.ਵੀ.ਵੀ. ਆਈ.ਪੀਜ਼ ਲਈ ਬਹੁਪਰਤੀ ਸੁਰੱਖਿਆ ਪ੍ਰਣਾਲੀ ਅਮਲ ਵਿਚ ਲਿਆਂਦੀ ਜਾਵੇਗੀ। ਸਰਕਾਰੀ ਸੂਤਰਾਂ ਅਨੁਸਾਰ ਸਪੈਸ਼ਲ ਸਕਿਉਰਿਟੀ ਗਰੁੱਪ ਸਣੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਪਿੰਡ ਬਾਦਲ ਦਾ ਦੌਰਾ ਕਰਨਗੇ ਤੇ ਸੁਰੱਖਿਆ ਪ੍ਰਬੰਧਾਂ ਦਾ ਆਪ ਜਾਇਜ਼ਾ ਲੈਣਗੇ।





ਜ਼ਿਕਰਯੋਗ ਹੈ ਕਿ ਬੱਬਰ ਖਾਲਸਾ ਜਥੇਬੰਦੀ ਦੇ ਮੈਂਬਰ ਮਨੁੱਖੀ ਬੰਬ ਦਿਲਾਵਰ ਸਿੰਘ ਨੇ 1995 'ਚ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਵਿਧਾਨ ਸਭਾ ਦੇ ਬਾਹਰ ਬੰਬ ਨਾਲ ਉਡਾ ਦਿੱਤਾ ਸੀ। ਬੱਬਰ ਖਾਲਸਾ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਵਰਜਿਤ ਜਥੇਬੰਦੀਆਂ ਦੀ ਸੂਚੀ 'ਚ ਆਉਂਦੀ ਹੈ। ਏਜੰਸੀ ਨੇ ਆਪਣੀ ਰਿਪੋਰਟ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਭੇਜ ਦਿੱਤੀ ਹੈ ਤੇ ਇਸ ਰਿਪੋਰਟ 'ਚ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਬੱਬਰ ਖਾਲਸਾ ਨੇ ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ 'ਤੇ ਹਮਲੇ ਲਈ ਵੱਖਰੀ ਜੁਗਤ ਬਣਾਈ ਹੈ। ਬੱਬਰ ਖਾਲਸਾ ਨੇ ਪੰਜਾਬੀ ਮੂਲ ਦੇ ਦੋ ਅਮਰੀਕੀ ਨਾਗਰਿਕ ਮੈਂਬਰਾਂ ਨੂੰ ਨੇਪਾਲ ਭੇਜਿਆ ਸੀ ਜਿਸ ਦੀ ਸਥਾਨਕ ਅਧਿਕਾਰੀਆਂ ਨੇ ਪੁਸ਼ਟੀ ਕਰ ਦਿੱਤੀ ਹੈ। ਇਨ੍ਹਾਂ ਵੱਲੋਂ ਜਨਤਕ ਰੈਲੀਆਂ ਦੌਰਾਨ ਮਾਈਕਰੋਫੋਨ ਤੇ ਸਪੀਕਰਾਂ ਰਾਹੀਂ ਬੰਬ ਨਾਲ ਹਮਲਾ ਕਰਨ ਦੀ ਯੋਜਨਾ ਹੈ। ਪਿਛਲੇ ਸਮੇਂ ਦੌਰਾਨ ਇਸ ਜਥੇਬੰਦੀ ਦੇ ਬਹੁਤ ਸਾਰੇ ਮੈਂਬਰ ਧਮਾਕਾਖੇਜ਼ ਸਮਗਰੀ ਸਮੇਤ ਗ੍ਰਿਫ਼ਤਾਰ ਕੀਤੇ ਗਏ ਹਨ। ਇਨ੍ਹਾਂ ਕੋਲੋਂ ਬਰਾਮਦ ਹੋਇਆ ਆਰ.ਡੀ.ਐਕਸ ਪਾਕਿਸਤਾਨ ਤੋਂ ਆਇਆ ਹੈ। ਏਜੰਸੀ ਨੇ ਸਾਰੇ ਰਾਜਾਂ ਦੇ ਪੁਲਿਸ ਮੁਖੀਆਂ ਨੂੰ ਰੈਲੀ ਦੌਰਾਨ ਵਰਤੇ ਜਾਂਦੇ ਸਾਮਾਨ ਦੀ ਚੰਗੀ ਤਰ੍ਹਾਂ ਜਾਂਚ ਕਰਨ ਲਈ ਕਿਹਾ ਹੈ।

ਸੂਤਰਾਂ ਅਨੁਸਾਰ ਸੰਗਤ ਦਰਸ਼ਨ ਸਮਾਗਮਾਂ ਦੌਰਾਨ ਜਦੋਂ ਕਦੇ ਦੋਵੇਂ ਬਾਦਲ ਪਿਓ-ਪੁੱਤਰ ਸ਼ਿਰਕਤ ਕਰਨਗੇ ਤਾਂ ਪੁਲਿਸ ਦੀ ਵਾਧੂ ਨਫਰੀ ਤਾਇਨਾਤ ਕੀਤੀ ਜਾਵੇਗੀ ਤੇ ਬਿਨਾਂ ਤਲਾਸ਼ੀ ਲਏ ਕਿਸੇ ਨੂੰ ਵੀ ਅੰਦਰ ਨਹੀਂ ਜਾਣ ਦਿੱਤਾ ਜਾਵੇਗਾ। ਪੁਲਿਸ ਅਨੁਸਾਰ ਉਨ੍ਹਾਂ ਨੂੰ ਡਰ ਹੈ ਕਿ ਕਿਤੇ ਅਤਿਵਾਦੀ ਵੱਖ-ਵੱਖ ਯੂਨੀਅਨਾਂ ਦੇ ਕਾਰਕੁਨਾਂ ਦੀ ਆੜ ਹੇਠ ਸੰਗਤ ਦਰਸ਼ਨ ਸਮਾਗਮਾਂ ਵਿਚ ਦਾਖਲ ਨਾ ਹੋ ਜਾਣ। ਬੇਰੁਜ਼ਗਾਰਾਂ ਤੇ ਅਧਿਆਪਕਾਂ ਸਣੇ ਵੱਖ-ਵੱਖ ਜਥੇਬੰਦੀਆਂ ਵੱਲੋਂ ਸੰਗਤ ਦਰਸ਼ਨ ਸਮਾਗਮਾਂ ਤੇ ਸੱਤਾਧਾਰੀ ਪਾਰਟੀ ਦੀਆਂ ਰੈਲੀਆਂ ਦੌਰਾਨ ਰੋਸ ਮੁਜ਼ਾਹਰੇ ਕੀਤੇ ਜਾਂਦੇ ਹਨ ਤੇ ਉਨ੍ਹਾਂ ਕਈ ਵਾਰ ਪਿੰਡ ਬਾਦਲ ਵੱਲ ਮਾਰਚ ਕਰਨ ਦੇ ਯਤਨ ਕੀਤੇ ਹਨ।

## ਫਰਜ਼ੀ ਵਿਆਹ ਕਰਵਾਉਣ ਵਾਲਾ ਭਾਰਤੀ ਵਿਚੋਲਾ ਗ੍ਰਿਫ਼ਤਾਰ

**ਨਿਊ ਯਾਰਕ:** ਭਾਰਤੀ ਮੂਲ ਦੇ ਅਮਰੀਕੀ ਜੋੜੇ ਅਤੇ ਉਨ੍ਹਾਂ ਦੀ 30 ਸਾਲਾ ਬੇਟੀ ਨੂੰ ਸ਼ਾਂਤਾ ਆਨਾ (ਕੈਲੀਫੋਰਨੀਆ) ਵਿਚ 20 ਤੋਂ ਵੱਧ ਵਿਦੇਸ਼ੀਆਂ ਲਈ ਫਰਜ਼ੀ ਵਿਆਹਾਂ ਦਾ ਬੰਦੋਬਸਤ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿਦੇਸ਼ੀਆਂ 'ਚੋਂ ਬਹੁਤੇ ਭਾਰਤੀ ਨਾਗਰਿਕ ਸਨ ਜੋ ਅਮਰੀਕਾ ਵਸਣ ਦੇ ਚਾਹਵਾਨ ਸਨ।

ਅਜੀਤ ਭਾਰਗਵ, ਪਤਨੀ ਨਿਸ਼ਾ ਤੇ ਉਨ੍ਹਾਂ ਦੀ ਬੇਟੀ ਰੁਨਝੁਨ ਫਰਜ਼ੀ ਵਿਆਹ ਤੇ ਵਰਕ ਪਰਮਿਟ ਦੇ ਕੇਸਾਂ ਵਿਚ ਲੋਕਾਂ ਤੋਂ ਪੈਸਾ ਬਟੋਰਦੇ ਸਨ। ਉਨ੍ਹਾਂ ਨੇ ਆਪਣੀ ਇਮੀਗਰੇਸ਼ਨ ਕੰਪਨੀ ਖੋਲ੍ਹੀ ਹੋਈ ਸੀ ਜੋ ਬੇਰੁਜ਼ਗਾਰ ਤੇ ਘੱਟ ਆਮਦਨ ਵਾਲੇ ਭਾਰਤੀਆਂ ਨੂੰ ਅਮਰੀਕਾ ਵਿਚ ਵਿਆਹ ਅਤੇ ਨੌਕਰੀ ਦਾ ਝਾਂਸਾ ਦੇ ਕੇ ਠੱਗੀ ਮਾਰਦੇ ਸਨ। ਇਨ੍ਹਾਂ ਦੋਸ਼ਾਂ ਅਧੀਨ ਭਾਰਗਵ ਪਰਿਵਾਰ ਨੂੰ 5 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਫੈਡਰਲ ਅਧਿਕਾਰੀਆਂ ਅਨੁਸਾਰ ਭਾਰਗਵ ਵਰਕ ਵੀਜ਼ੇ ਲਈ 15000 ਤੇ ਫਰਜ਼ੀ ਵਿਆਹ ਲਈ 60,000 ਅਮਰੀਕੀ ਡਾਲਰ ਵਸੂਲਦਾ ਸੀ। ਇਨ੍ਹਾਂ ਤਿੰਨਾਂ ਖ਼ਿਲਾਫ਼ ਅਮਰੀਕਾ ਦੀ ਇਕ ਜ਼ਿਲ੍ਹਾ ਅਦਾਲਤ 'ਚ ਕੇਸ ਦਰਜ ਕੀਤਾ ਗਿਆ ਹੈ।

# ਫੜੇ ਜਾਣ 'ਤੇ ਜਾਸੂਸਾਂ ਦੀ ਬਾਤ ਨਹੀਂ ਪੁੱਛਦੀ ਸਰਕਾਰ

## ਪਾਕਿਸਤਾਨ ਜੇਲ੍ਹ 'ਚੋਂ ਰਿਹਾਅ ਹੋ ਕੇ ਆਏ ਗੋਪਾਲ ਵੱਲੋਂ ਖੁਲਾਸਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਸਰਕਾਰ ਦੂਜੇ ਮੁਲਕਾਂ 'ਚ ਭੇਜੇ ਜਾਸੂਸਾਂ ਦੇ ਫੜੇ ਜਾਣ 'ਤੇ ਉਨ੍ਹਾਂ ਦੀ ਬਾਤ ਹੀ ਨਹੀਂ ਪੁੱਛਦੀ ਤੇ ਉਨ੍ਹਾਂ ਨੂੰ ਆਪਣੀ ਸਾਰੀ ਜ਼ਿੰਦਗੀ ਬਗਾਨੇ ਦੇਸ਼ ਦੀਆਂ ਜੇਲ੍ਹ 'ਚ ਹੀ ਸੜਨਾ ਪੈਂਦਾ ਹੈ। ਇਹ ਜਾਸੂਸ ਆਪਣੀ ਜਾਣ 'ਤੇ ਖੇਡ ਕਿ ਹੋਰ ਦੇਸ਼ਾਂ 'ਚ ਸੂਹ ਲੈਣ ਜਾਂਦੇ ਹਨ ਪਰ ਸਰਕਾਰ ਦਾ ਇਨ੍ਹਾਂ ਨਾਲ ਵਾਸਤਾ ਉਸ ਸਮੇਂ ਤੱਕ ਹੀ ਹੁੰਦਾ ਹੈ ਜਿਨ੍ਹਾਂ ਚਿਰ ਉਹ ਫੜੇ ਨਹੀਂ ਜਾਂਦੇ। ਇਸ ਤਰ੍ਹਾਂ ਦੀ ਹੀ ਦਾਸਤਾਨ ਪਾਕਿਸਤਾਨ 'ਚ 27 ਸਾਲ ਕੈਦ ਕੱਟਣ ਤੋਂ ਪਿਛੋਂ ਸੱਤ ਅਪਰੈਲ ਨੂੰ ਵਤਨ ਪਰਤੇ ਭਾਰਤੀ ਨਾਗਰਿਕ ਗੋਪਾਲ ਦਾਸ ਦੀ ਹੈ।

ਗੋਪਾਲ ਦਾਸ ਨੇ ਭਾਰਤ ਸਰਕਾਰ ਨਾਲ ਗਿਲਾ ਪ੍ਰਗਟਾਉਂਦੇ ਹੋਏ ਦੱਸਿਆ ਹੈ ਕਿ ਉਹ ਪਾਕਿਸਤਾਨ 'ਚ ਜਾਸੂਸੀ ਕਰਦਾ ਫੜਿਆ ਗਿਆ ਸੀ। ਉਸ ਨੂੰ ਇਸ ਗੱਲ ਦਾ ਕੋਈ ਗਮ ਨਹੀਂ ਸਗੋਂ ਦੁੱਖ ਇਸ ਗੱਲ ਦਾ ਹੈ ਕਿ ਜਾਸੂਸੀ ਲਈ ਭੇਜਣ ਪਿਛੋਂ ਕਿਸੇ ਨੇ ਵੀ ਉਸ ਦੀ ਵਾਤ ਨਹੀਂ ਪੁੱਛੀ। ਗੋਪਾਲ ਨੇ ਦੱਸਿਆ ਕਿ ਪਾਕਿਸਤਾਨ ਦੀ ਕੋਟ ਲਖਪਤ ਜੇਲ੍ਹ ਵਿਚ 23 ਭਾਰਤੀ ਕੈਦੀ ਪਾਗਲ ਹੋ ਚੁੱਕੇ ਹਨ ਜਿਹੜੇ ਆਪਣੇ ਪਤੇ-ਟਿਕਾਣੇ ਬਾਰੇ ਵੀ ਨਹੀਂ ਦੱਸ ਸਕਦੇ। ਅਜਿਹੇ ਕੈਦੀਆਂ ਨੂੰ ਭਾਰਤ ਸਰਕਾਰ ਭਾਰਤੀ ਹੋਣ ਤੋਂ ਨਾਂਹ ਕਰ ਚੁੱਕੀ ਹੈ। ਕੋਟ ਲਖਪਤ ਜੇਲ੍ਹ ਵਿਚ ਬੰਦ ਭਾਰਤੀ ਕੈਦੀ ਸੁਰਜੀਤ ਸਿੰਘ ਦੀ ਸਜ਼ਾ ਛੇ ਮਹੀਨੇ ਪਹਿਲਾਂ ਖਤਮ ਹੋ ਚੁੱਕੀ ਹੈ ਜੋ ਰਿਹਾਈ ਦੀ ਉਡੀਕ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਜੇਲ੍ਹਾਂ ਵਿਚ ਬੰਦ ਭਾਰਤੀ ਕੈਦੀਆਂ ਨੂੰ ਧਰਮ ਪਰਿਵਰਤਨ ਕਰਕੇ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਜਾਂਦਾ ਹੈ। ਉਸ ਨੇ ਦੱਸਿਆ ਕਿ ਪਾਕਿ ਜੇਲ੍ਹਾਂ ਵਿਚ ਬੰਦ ਭਾਰਤੀ ਕੈਦੀਆਂ ਨੂੰ ਰਿਹਾਅ ਕਰਵਾਉਣ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਦੀ ਹੈ ਪਰ ਸਰਕਾਰ ਨੂੰ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ।



ਪਾਕਿਸਤਾਨੀ ਜੇਲ੍ਹ ਚੋਂ ਰਿਹਾਅ ਕੀਤਾ ਭਾਰਤੀ ਜਾਸੂਸ ਗੋਪਾਲ

ਉਸ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ ਭਾਰਤੀ ਜਾਸੂਸੀ ਐਕਟ ਅਧੀਨ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਹਨ ਉਨ੍ਹਾਂ ਦੀ ਰਿਹਾਈ ਲਈ ਯਤਨ ਕੀਤੇ ਜਾਣ।

ਗੋਪਾਲ ਦਾਸ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭੈਣੀ ਮੀਆਂ ਖਾਂ ਦਾ ਵਸਨੀਕ ਹੈ ਜੋ 1984 ਵਿਚ ਭਾਰਤ-ਪਾਕਿ ਸਰਹੱਦ ਪਾਰ ਕਰਕੇ ਪਾਕਿਸਤਾਨ ਗਿਆ ਸੀ ਪਰ ਫੜੇ ਜਾਣ 'ਤੇ ਉਸ ਨੂੰ ਜਾਸੂਸੀ ਦੇ ਕੇਸ 'ਚ ਪਾਕਿਸਤਾਨ ਅਦਾਲਤ ਵੱਲੋਂ 25 ਸਾਲ ਦੀ ਕੈਦ ਸੁਣਾਈ ਗਈ ਸੀ। ਗੋਪਾਲ ਦਾਸ ਦੇ ਫੜੇ ਜਾਣ ਪਿਛੋਂ ਉਸ ਨੂੰ ਮੁਲਤਾਨ ਜੇਲ੍ਹ 'ਚ ਬੰਦ ਰੱਖਿਆ ਗਿਆ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਮਾਰਚ ਦੇ ਆਖਰੀ ਹਫ਼ਤੇ ਗੋਪਾਲ ਦਾਸ ਦੀ ਰਿਹਾਈ ਦੇ ਆਦੇਸ਼ ਦਿੱਤੇ ਸਨ। ਗੋਪਾਲ ਦੇ ਪਰਿਵਾਰਕ ਮੈਂਬਰਾਂ ਅਨੁਸਾਰ 1984 ਵਿਚ ਗੋਪਾਲ ਦੀ ਉਮਰ 22 ਸਾਲਾਂ ਦੀ ਸੀ ਜਦੋਂ ਉਹ ਪਾਕਿਸਤਾਨ ਗਿਆ ਸੀ। 1985 ਵਿਚ ਗੋਪਾਲ ਨੇ ਚਿੱਠੀ ਰਾਹੀਂ ਉਨ੍ਹਾਂ ਨੂੰ ਦੱਸਿਆ ਕਿ ਉਹ ਮੁਲਤਾਨ ਦੀ ਜੇਲ੍ਹ ਵਿਚ ਕੈਦ ਹੈ ਤੇ ਅਦਾਲਤ ਵੱਲੋਂ ਉਸ ਨੂੰ 25 ਸਾਲਾਂ ਦੀ ਸਜ਼ਾ ਸੁਣਾਈ ਹੈ।

ਉਨ੍ਹਾਂ ਅਨੁਸਾਰ ਗੋਪਾਲ ਨੇ ਉਨ੍ਹਾਂ ਨੂੰ ਚਿੱਠੀ ਲਿਖੀ ਸੀ ਜਿਸਦੇ ਆਧਾਰ 'ਤੇ ਉਸ ਦੀ ਰਿਹਾਈ ਲਈ 2008 ਵਿਚ ਸੁਪਰੀਮ ਕੋਰਟ 'ਚ ਕੇਸ ਦਾਇਰ ਕੀਤਾ ਜਿਸ 'ਤੇ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਪਾਕਿਸਤਾਨ ਸਰਕਾਰ ਨੂੰ ਗੋਪਾਲ ਦੀ ਬਾਕੀ ਰਹਿੰਦੀ ਸਜ਼ਾ ਮੁਆਫ ਕਰ ਕੇ ਉਸ ਨੂੰ ਰਿਹਾਅ ਕਰਨ ਲਈ ਪੱਤਰ ਲਿਖਿਆ ਸੀ ਜਿਸਦੇ ਆਧਾਰ 'ਤੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਉਸ ਦੀ ਸਜ਼ਾ ਮੁਆਫ ਕੀਤੀ ਸੀ।ਗੋਪਾਲ ਦਾਸ ਦੀ ਵੱਡੀ ਭੈਣ ਕ੍ਰਿਸ਼ਨਾ ਨੇ ਦੱਸਿਆ ਕਿ ਵੀਰ ਨੂੰ ਉਡੀਕਦਿਆਂ ਉਸ ਸਾਰੀ ਉਮਰ ਲੰਘਾ ਦਿੱਤੀ ਹੈ ਪਰ ਵਿਆਹ ਨਹੀਂ ਕਰਵਾਇਆ। ਉਸ ਨੇ ਕਿਹਾ ਕਿ ਗੋਪਾਲ ਉਦੋਂ 10ਵੀਂ ਜਮਾਤ ਵਿਚ ਪੜ੍ਹਦਾ ਸੀ ਜਦੋਂ ਮਾਂ ਮਰ ਗਈ ਸੀ। ਉਹ 27 ਸਾਲਾਂ ਤੋਂ ਹਰ ਸਾਲ ਰੱਖੜੀ ਦੇ ਦਿਨ ਗੋਪਾਲ ਦੀ ਫੋਟੋ ਨੂੰ ਰੱਖੜੀ ਬੰਨ੍ਹ ਕੇ ਮੱਥੇ ਟਿੱਕਾ ਲਾਉਂਦੀ ਸੀ ਤੇ ਵੀਰ ਦੇ ਆਉਣ ਦੀ ਉਡੀਕ ਕਰਦੀ ਸੀ।

FARMERS INSURANCE GROUP
Symbol of Superior Service

# FARMERS

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business *Workers Compensation**

Call for consultation

**Ph: 408-771-2438**

*408-580-6063, 408-687-7566*

Fax: 408-573-3829

ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਇਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਸਟਾਕਟਨ, ਮੋਡਿਸਟੋ ਤੇ ਫਰਿਜ਼ਨੋ 'ਚ ਪੰਜਾਬੀ ਰੇਡੀਓ

ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ
17 ਅਪ੍ਰੈਲ 2011 ਦਿਨ ਐਤਵਾਰ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ, ਸੈਲਮਾ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over

ਛੋਟੇ ਰੇਡੀਓ ਦੀ ਕੀਮਤ $25 ਵੱਡੇ ਰੇਡੀਓ ਦੀ ਕੀਮਤ $35 ਇੰਟਰਨੈਟ ਰੇਡੀਓ (ਦੁਨੀਆਂ 'ਚ ਕਿਤੇ) $99

# PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone ਤੇ Android Application**
ਤੁਸੀਂ ਕਿਸੇ ਸਮੇਂ ਵੀ
**ਮੁਫ਼ਤ ਡਾਊਨਲੋਡ**
ਕਰ ਸਕਦੇ ਹੋ।

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : ਅੰਮ੍ਰਿਤ ਵੇਲਾ ਸਚ ਨਾਉ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ ਖ਼ਬਰਾਂ ਹਰ ਦੋ ਘੰਟੇ ਬਾਅਦ
- ਸਵੇਰੇ 10 ਤੋਂ 11 ਵਜੇ : ਆਤਮਿਕ ਆਨੰਦ ਪ੍ਰੋਗਰਾਮ – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : ਕੁਝ ਗੱਲਾਂ ਕੁਝ ਗੀਤ (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : ਸਰਬ ਸਾਂਝੀ ਗੁਰਬਾਣੀ – ਰਹਿਰਾਸ ਸਾਹਿਬ ਤੇ ਕੀਰਤਨ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : ਕਥਾ ਭਾਈ ਪਿੰਦਰਪਾਲ ਸਿੰਘ (Live Coverage)
- ਰਾਤ 8 ਤੋਂ 9 ਵਜੇ : ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ - ਗੁਰਪ੍ਰੀਤ ਸਿੰਘ ਤੇ ਸਿਮਰਨ, ਲਹਿੰਦੇ ਪੰਜਾਬ ਦੀਆਂ ਬਾਂਗਾਂ - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : ਦੇਸੋ ਪਰਦੇਸ – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : ਸ਼ਾਨ ਪੰਜਾਬ ਦੀ – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : ਝਿਲਮਿਲ ਤਾਰੇ – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : ਇਕ ਖ਼ਾਸ ਮੁਲਾਕਾਤ – ਹਰਵਿੰਦਰ ਸਿੰਘ ਕੰਗ
ਐਤਵਾਰ : ਰਾਤ 9 ਵਜੇ ਤੋਂ 10 ਵਜੇ ਤੱਕ : ਡਾ. ਗੁਰਦੀਪ ਸੰਧੂ

ਹੋਰ ਜਾਣਕਾਰੀ ਲਈ **408.722.7698** Listen LIVE www.punjabiradiousa.com Email: info@punjabiradiousa.com 3750 McKee Road, # B, San Jose CA 95127

# ਕੇਂਦਰ ਨੇ ਬਾਦਲਾਂ ਦੀ ਕਰਜ਼ਾ ਮੁਆਫ਼ੀ ਦੀ ਫਰਿਆਦ ਠੁਕਰਾਈ

**ਨਵੀਂ ਦਿੱਲੀ:** ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਮੁੱਦੇ 'ਤੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ 'ਚੋਂ ਕੱਢਣ ਤੋਂ ਬਾਅਦ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ੁਦ ਕਰਜ਼ਾ ਮੁਆਫ਼ੀ ਦੀ ਫਰਿਆਦ ਲੈ ਕੇ 'ਦਿੱਲੀ ਦਰਬਾਰ' 'ਚ ਪੁੱਜੇ ਪਰ ਕੇਂਦਰ ਨੇ ਦੋਵਾਂ ਪਿਉ-ਪੁੱਤਰਾਂ ਨੂੰ 'ਬੇਰੰਗ' ਮੋੜ ਦਿੱਤਾ ਹੈ। ਪੰਜਾਬ ਸਿਰ ਇਸ ਵੇਲੇ 69,500 ਕਰੋੜ ਰੁਪਏ ਦਾ ਕਰਜ਼ਾ ਹੈ ਤੇ ਸੂਬੇ ਦੀ ਕਮਾਈ ਦਾ ਵੱਡਾ ਹਿੱਸਾ ਇਸ ਦੇ ਵਿਆਜ 'ਤੇ ਹੀ ਚਲਾ ਜਾਂਦਾ ਹੈ। ਹੁਣ ਕੇਂਦਰ ਵੱਲੋਂ ਪੰਜਾਬ ਸਰਕਾਰ ਦੀ ਮੰਗ ਰੱਦ ਕਰਨ ਤੋਂ ਬਾਅਦ ਇਸ ਦਾ ਅਸਰ ਇਹ ਹੋਵੇਗਾ ਕਿ ਚਾਲੂ ਵਿੱਤੀ ਸਾਲ ਦੌਰਾਨ ਪੰਜਾਬ ਨੂੰ 6530 ਕਰੋੜ ਰੁਪਏ ਸਾਲਾਨਾ ਵਿਆਜ ਦੀ ਦੇਣਦਾਰੀ ਲਈ ਬਾਜ਼ਾਰ ਤੋਂ 8923 ਕਰੋੜ ਰੁਪਏ ਉਧਾਰ ਲੈਣੇ ਪੈਣਗੇ।

ਦੋਵਾਂ ਬਾਦਲਾਂ ਨੇ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਡਾ. ਮੌਂਟੇਕ ਸਿੰਘ ਆਹਲੂਵਾਲੀਆ ਨਾਲ ਮੀਟਿੰਗ ਦੌਰਾਨ ਮੰਗ ਕੀਤੀ ਸੀ ਕਿ ਰਾਜ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇ ਕਿਉਂਕਿ ਪੰਜਾਬ ਨੇ ਖਾੜਕੂਵਾਦ ਖ਼ਿਲਾਫ਼ ਲੜਾਈ ਕੌਮੀ ਲੜਾਈ ਵਜੋਂ ਲੜੀ ਸੀ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਸੀ ਕਿ ਸੰਵਿਧਾਨ ਦੀ ਧਾਰਾ 355 ਜਿਸ ਰਾਹੀਂ ਸਰਕਾਰ ਭੰਗ ਕੀਤੀ ਜਾਂਦੀ ਹੈ, ਤਹਿਤ ਕਿਸੇ ਵੀ ਬਾਹਰੀ ਕਾਰਨ ਤੇ ਅੰਦਰੂਨੀ ਬੇਚੈਨੀ ਵਿਰੁਧ ਹਰੇਕ ਰਾਜ ਨੂੰ ਬਚਾਉਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਉਂਜ ਇਹ ਵੀ ਅਸਲੀਅਤ ਹੈ ਕਿ ਖਾੜਕੂਵਾਦ ਵੇਲੇ ਲਏ ਕਰਜ਼ੇ ਦੋ ਵਾਰ ਮੁਆਫ਼ ਕੀਤੇ ਜਾ ਚੁੱਕੇ ਹਨ। ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਨਰਸਿਮਹਾ ਰਾਓ 1990ਵਿਆਂ ਦੌਰਾਨ ਕ੍ਰਮਵਾਰ 3400 ਕਰੋੜ ਤੇ 800 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਚੁੱਕੇ ਹਨ। ਹੁਣ ਪੰਜਾਬ ਸਰਕਾਰ ਚਾਹੁੰਦੀ ਹੈ ਕਿ ਖਾੜਕੂਵਾਦ ਦੌਰਾਨ ਸਰਕਾਰ ਚਲਾਉਣ ਲਈ ਤੇ ਸੁਰੱਖਿਆ ਲੋੜਾਂ ਲਈ ਲਏ ਸਾਰੇ ਕਰਜ਼ੇ ਮੁਆਫ਼ ਕੀਤੇ ਜਾਣ।

ਭਾਰਤ ਸਰਕਾਰ ਦੇ ਸਕੱਤਰ (ਖਰਚੇ) ਸੁਸ਼ਮਾ ਨਾਥ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਕਮੇਟੀ ਜਿਸ ਨੇ ਕਰਜ਼ਾ ਮੁਆਫ਼ ਕਰਨ ਜਾਂ ਨਵੇਂ ਸਿਰਿਓਂ ਵਿਉਂਤਣ ਬਾਰੇ ਸੁਝਾਅ ਦੇਣਾ ਸੀ, ਨੇ ਇਹ ਕਹਿ ਕੇ ਸੂਬੇ ਦੀ ਅਪੀਲ ਰੱਦ ਕਰ ਦਿੱਤੀ ਹੈ ਕਿ ਇਸ ਨਾਲ ਮਾੜੀ ਮਿਸਾਲ ਕਾਇਮ ਹੋਵੇਗੀ। ਪਿਛਲੇ ਸਾਲ 13ਵੇਂ ਵਿੱਤ ਕਮਿਸ਼ਨ ਨੇ ਤਿੰਨ ਰਾਜਾਂ ਪੰਜਾਬ, ਪੱਛਮੀ ਬੰਗਾਲ ਤੇ ਕੇਰਲਾ ਦੇ ਕਰਜ਼ਿਆਂ ਦੇ ਮਾਮਲੇ ਕਮੇਟੀ ਨੂੰ ਭੇਜੇ ਸਨ। ਕਮੇਟੀ ਵੱਲੋਂ ਤਿੰਨੇ ਮੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ। ਉਂਜ ਪੰਜਾਬ ਨੂੰ ਆਸ ਸੀ ਕਿ ਖਾੜਕੂਵਾਦ ਦੌਰਾਨ ਚੜ੍ਹੇ ਬਕਾਇਆ 10,000 ਕਰੋੜ ਰੁਪਏ ਦੇ ਕਰਜ਼ੇ ਦਾ ਭਾਰ (ਸਮੇਤ ਮੂਲ ਤੇ ਵਿਆਜ) ਕੇਂਦਰ ਵੰਡਾਏਗਾ। ਪੰਜਾਬ ਨੇ ਖਾੜਕੂਵਾਦ ਦੇ ਦਹਾਕੇ (1983-84 ਤੋਂ 1993-94) ਦੌਰਾਨ ਆਪਣੀਆਂ ਸਾਲਾਨਾ ਯੋਜਨਾਵਾਂ ਤੇ ਬਜਟ ਲਈ ਕਰਜ਼ਾ ਲਿਆ ਸੀ। ਹੁਣ ਇਹ ਰਕਮ ਵਿਆਜ ਸਣੇ 36000 ਕਰੋੜ ਰੁਪਏ ਬਣਦੀ ਹੈ। ਪੰਜਾਬ ਤੋਂ ਕਾਂਗਰਸ ਦੇ ਯੋਜਨਾ ਰਾਜ ਮੰਤਰੀ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਰਾਜ ਨੂੰ ਭਰੋਸਾ ਦਿੱਤਾ ਹੈ ਕਿ ਖਾੜਕੂਵਾਦ ਵੇਲੇ ਦਾ ਬਕਾਇਆ ਕਰਜ਼ਾ ਦੇਸ਼ ਦੇ ਸਾਂਝੇ ਬੋਝ ਵਜੋਂ ਵੰਡਾਇਆ ਜਾਵੇਗਾ।

ਕੇਂਦਰ ਵੱਲੋਂ ਪੰਜਾਬ ਸਰਕਾਰ ਦੀ ਮੰਗ ਠੁਕਰਾਉਣ ਪਿੱਛੇ ਸੂਬੇ 'ਚ ਕਰਜ਼ੇ ਨੂੰ ਲੈ ਕੇ ਕੀਤੀ ਜਾ ਰਹੀ ਸਿਆਸਤ ਵੀ ਹੈ। ਪਿਛਲੇ ਸਾਲ ਜਦੋਂ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਨਾਲ ਪੰਜਾਬ ਦਾ ਘੱਟੋ-ਘੱਟ ਅੱਧਾ ਕਰਜ਼ਾ ਮੁਆਫ਼ ਕਰਨ ਦਾ ਜ਼ਿਕਰ ਕੀਤਾ ਸੀ ਤਾਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ 'ਚੋਂ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ ਸੀ। ਪਿਛਲੇ ਸਾਲ ਨਵੰਬਰ 'ਚ ਅਕਾਲੀ ਸੰਸਦ ਮੈਂਬਰਾਂ ਹਰਸਿਮਰਤ ਕੌਰ ਬਾਦਲ, ਸ਼ੇਰ ਸਿੰਘ ਘੁਬਾਇਆ ਕੇ ਕਾਂਗਰਸੀ ਮੈਂਬਰ ਮਨੀਸ਼ ਤਿਵਾੜੀ ਨੇ ਲੋਕ ਸਭਾ 'ਚ ਪੰਜਾਬ ਦੇ ਕਰਜ਼ੇ 'ਤੇ ਸਵਾਲ ਉਠਾਇਆ ਸੀ। ਉਸ ਵੇਲੇ ਕੇਂਦਰੀ ਵਿੱਤ ਰਾਜ ਮੰਤਰੀ ਨਮੋ ਨਰਾਇਣ ਮੀਨਾ ਨੇ ਕਿਹਾ ਸੀ ਕਿ ਪੰਜਾਬ ਸਮੇਤ ਤਿੰਨ ਰਾਜਾਂ ਨੂੰ ਮਾਲੀ ਘਾਟੇ ਵਾਲੇ ਮੰਨਿਆ ਗਿਆ ਹੈ ਪਰ ਤਿੰਨਾਂ 'ਚੋਂ ਕਿਸੇ ਨੇ ਵੀ ਕਰਜ਼ਾ ਘਟਾਉਣ ਜਾਂ ਖਤਮ ਕਰਨ 'ਤੇ ਢਾਂਚਾਗਤ ਘਾਟਾ ਖਤਮ ਕਰਨ ਲਈ ਕੋਈ ਖਾਕਾ ਨਹੀਂ ਪੇਸ਼ ਕੀਤਾ।

ਉਧਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ਼ ਨਾ ਕਰਕੇ ਪੰਜਾਬ ਨਾਲ ਮਤਰੇਏ ਸਲੂਕ ਵਿਚ ਹੋਰ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਮਸਲੇ ਨੂੰ ਲੈ ਕੇ ਪੰਜਾਬ ਤੇ ਦੇਸ਼ ਦੇ ਹਾਲਾਤ ਖ਼ਰਾਬ ਹੁੰਦੇ ਹਨ ਤਾਂ ਇਸ ਦੀ ਜ਼ਿੰਮੇਵਾਰ ਕੇਂਦਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਕਰਜ਼ੇ ਮੁਆਫ਼ੀ ਬਾਰੇ ਫੈਲਾਈਆਂ ਅਫਵਾਹਾਂ ਦਾ ਭੋਗ ਪੈ ਗਿਆ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਨੂੰ ਆਪਣੀ ਨਵੀਂ ਪਾਰਟੀ ਝੂਠ ਦੀ ਬੁਨਿਆਦ 'ਤੇ ਕਾਇਮ ਕਰਨ ਦੇ ਧੋਖੇ ਲਈ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

### ਕਰਜ਼ਾ ਮੁਆਫ਼ੀ ਦਾ ਸੁਨਹਿਰੀ ਮੌਕਾ ਗਵਾਇਆ: ਮਨਪ੍ਰੀਤ

ਉਧਰ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਦੀ ਕਰਜ਼ਾ ਮੁਆਫ਼ੀ ਯੋਜਨਾ ਨੂੰ ਗੰਭੀਰਤਾ ਨਾਲ ਨਾ ਲੈਂਦਿਆਂ ਇਕ ਸੁਨਹਿਰੀ ਮੌਕਾ ਹੱਥੋਂ ਗਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਦੀ ਕਰਜ਼ਾ ਮੁਆਫ਼ੀ ਲਈ ਇਕ ਕਮੇਟੀ ਦਾ ਗਠਨ ਕੀਤਾ ਸੀ ਤੇ ਪੰਜਾਬ ਸਿਰ ਚੜ੍ਹੇ 70,000 ਕਰੋੜ ਦੇ ਕਰਜ਼ੇ ਵਿਚੋਂ 50 ਫੀਸਦੀ ਕਰਜ਼ਾ ਮੁਆਫ਼ ਕੀਤੇ ਜਾਣ ਦੀ ਯੋਜਨਾ ਬਣਾਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਚ ਹੀ ਕੁਝ ਅਜਿਹੇ ਲੋਕ ਮੌਜੂਦ ਹਨ ਜਿਨ੍ਹਾਂ ਨੇ ਇਹ ਯੋਜਨਾ ਸਿਰੇ ਨਹੀਂ ਚੜ੍ਹਨ ਦਿੱਤੀ।

ਸ. ਮਨਪ੍ਰੀਤ ਨੇ ਕਿਹਾ ਕਿ ਉਨ੍ਹਾਂ ਕੇਂਦਰੀ ਵਿੱਤ ਮੰਤਰੀ ਨਾਲ ਪੰਜਾਬ ਦੀ ਕਰਜ਼ਾ ਮੁਆਫ਼ੀ ਬਾਰੇ ਤਿੰਨ ਵਾਰ ਮੀਟਿੰਗ ਕੀਤੀ। ਪੰਜਾਬ ਵਾਸਤੇ ਇਹ ਦੁੱਖ ਵਾਲੀ ਗੱਲ ਹੈ ਕਿ ਕਰਜ਼ਾ ਮੁਆਫ਼ੀ ਵਰਗੇ ਸੁਨਹਿਰੀ ਮੌਕੇ ਦੀ ਸਹੀ ਕੀਮਤ ਨਹੀਂ ਪਾਈ ਗਈ।

# ਹੁਣ ਮਨਪ੍ਰੀਤ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਆਹਮੋ-ਸਾਹਮਣੇ

## ਤਾਏ ਨੂੰ ਸਲਾਹ:ਕੇਂਦਰ 'ਤੇ ਦੋਸ਼ਾਂ ਦੀ ਬਜਾਏ ਆਪਣੀਆਂ ਨਾਲਾਇਕੀਆਂ ਵੇਖੋ

**ਬਠਿੰਡਾ:** ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਤਾਏ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਪਹਿਲੀ ਵਾਰ ਸਿੱਧੇ ਹਮਲੇ ਕਰਦਿਆਂ ਕਿਹਾ ਹੈ ਕਿ ਉਹ ਹਰ ਗੱਲ 'ਤੇ ਕੇਂਦਰ ਦੀ ਨੁਕਤਾਚੀਨੀ ਕਰਨ ਦੀ ਬਜਾਏ ਆਪਣੀ ਮੰਜੀ ਹੇਠਾਂ ਸੋਟਾ ਫੇਰਨ ਤੇ ਆਪਣੀਆਂ ਨਾਲਾਇਕੀਆਂ ਤੋਂ ਕੁਝ ਸਬਕ ਸਿੱਖਣ। ਮਨਪ੍ਰੀਤ ਨੇ ਇਹ ਵੀ ਕਿਹਾ ਹੈ ਕਿ ਕੇਂਦਰ ਨੂੰ ਆਪਣੀਆਂ ਯੋਜਨਾਵਾਂ ਬਣਾ ਕੇ ਸੂਬਿਆਂ 'ਤੇ ਲਾਗੂ ਕਰਨ ਦੀ ਬਜਾਏ, ਉਸ ਨੂੰ ਪੈਸਾ ਦੇਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਦ ਉਹ ਵਿੱਤ ਮੰਤਰੀ ਸਨ ਤਾਂ ਦੂਜੇ ਰਾਜਾਂ ਨਾਲ ਮਿਲ ਕੇ ਕੇਂਦਰ ਵੱਲੋਂ ਟੈਕਸਾਂ ਵਿਚ 70:30 ਦੇ ਅਨੁਪਾਤ ਨੂੰ ਵਧਾ ਕੇ 50:50 ਫ਼ੀਸਦੀ ਕਰਨ ਦੀ ਮੰਗ ਕੀਤੀ ਸੀ।



*ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਮਨਪ੍ਰੀਤ ਸਿੰਘ ਬਾਦਲ।*

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੰਗਤ ਦਰਸ਼ਨ ਵੀ ਕਰਜ਼ਾ ਲੈ ਕੇ ਕਰ ਰਹੀ ਹੈ ਤੇ ਫਿਰ ਉਸ ਕੋਲੋਂ ਸੁਨਹਿਰੇ ਪੰਜਾਬ ਦੇ ਭਵਿੱਖ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ 'ਚ ਫੋਟੋਆਂ ਚਮਕਾਉਣ ਜਾਂ ਖ਼ੁਦ ਪ੍ਰਧਾਨ ਬਣੇ ਰਹਿਣ ਦੀ ਨੀਤੀ ਨਹੀਂ ਹੋਵੇਗੀ। ਪਾਰਟੀ ਵੱਲੋਂ ਮਿਹਨਤੀ, ਇਮਾਨਦਾਰ ਵਿਅਕਤੀਆਂ ਨੂੰ ਆਪਣਾ ਉਮੀਦਵਾਰ ਬਣਾਉਣਗੇ ਤੇ ਕਿਸੇ ਨੂੰ ਪੈਸੇ ਜਾਂ ਸਿਫਾਰਸ਼ ਨਾਲ ਟਿਕਟ ਨਹੀਂ ਦਿੱਤੀ ਜਾਵੇਗੀ। ਮਨਪ੍ਰੀਤ ਨੇ ਕਿਹਾ ਹੈ ਪੰਜਾਬ 'ਚ 75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀਆਂ ਵੱਲੋਂ ਪਹਿਲਾਂ ਸਾਰੇ ਹਰਬੇ ਵਰਤਣ ਤੋਂ ਬਾਅਦ ਹੁਣ ਆਖ਼ਰੀ ਹਥਿਆਰ ਦੇ ਤੌਰ 'ਤੇ ਮੁੱਖ ਮੰਤਰੀ ਨੂੰ ਉਨ੍ਹਾਂ ਵਿਰੁੱਧ ਬਿਆਨਬਾਜ਼ੀ ਕਰਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਦੀ ਟੀਮ ਨੇ ਸਾਰੇ ਖਿਡਾਰੀ ਆਊਟ ਹੋਣ ਤੋਂ ਬਾਅਦ ਹੁਣ ਵੱਡੇ ਬਾਦਲ ਨੂੰ ਸਚਿਨ ਤੇਂਦੂਲਕਰ ਦੇ ਰੂਪ ਵਿਚ ਬੱਲੇਬਾਜ਼ ਬਣਾ ਕੇ ਭੇਜਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਇਹ ਖਿਡਾਰੀ ਵੀ ਆਊਟ ਹੋ ਗਿਆ ਤਾਂ ਟੀਮ ਦਾ ਕੀ ਬਣੇਗਾ।

ਉਨ੍ਹਾਂ ਕਿਹਾ ਕਿ ਖਟਕੜ ਕਲਾਂ ਵਿਚ ਪੀਪਲਜ਼ ਪਾਰਟੀ ਦੇ ਵੱਡੇ ਇਕੱਠ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਬੌਖਲਾਅ ਗਏ ਹਨ, ਇਸ ਲਈ ਉਨ੍ਹਾਂ ਵਿਰੁੱਧ ਸੁਖਬੀਰ ਸਿੰਘ ਨਾਲ ਈਰਖਾ ਕਰਨ ਵਰਗੇ ਹਲਕੇ ਦੋਸ਼ ਲਗਾਏ ਜਾ ਰਹੇ ਹਨ। ਮਨਪ੍ਰੀਤ ਨੇ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤੇ ਬਿਆਨ ਕਿ ਨਵੀਂ ਬਹੂ ਦਾ ਚਾਅ ਚਾਰ ਦਿਨਾਂ 'ਚ ਲੱਥ ਜਾਂਦਾ ਹੈ, ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਤਾਇਆ ਜੀ ਬਹੂ ਤਾਂ ਚਾਰ ਮਹੀਨੇ ਤੋਂ ਵੀ ਪੁਰਾਣੀ ਹੋ ਚੁੱਕੀ ਹੈ ਪਰ ਲੋਕਾਂ ਦਾ ਚਾਅ ਵਧਦਾ ਹੀ ਜਾ ਰਿਹਾ ਹੈ। ਮਨਪ੍ਰੀਤ ਨੇ ਕਿਹਾ ਕਿ ਉਸ ਦੀ ਪਾਰਟੀ ਨੂੰ ਮਿਲ ਰਹੀ ਸਫ਼ਲਤਾ ਤੋਂ ਬੌਖਲਾਹਟ ਵਿਚ ਆ ਕੇ ਅਕਾਲੀ ਦਲ ਦੇ ਮੀਡੀਆ ਪ੍ਰਬੰਧਕ ਉਨ੍ਹਾਂ ਦੀ ਲੜਾਈ ਨੂੰ ਨਿੱਜੀ ਲੜਾਈ ਦਾ ਰੂਪ ਦੇਣਾ ਚਾਹੁੰਦੇ ਹਨ।

ਸਰਕਾਰ ਵੱਲੋਂ ਅਪਣੇ ਸਾਥੀ ਚਰਨਜੀਤ ਸਿੰਘ ਬਰਾੜ ਦੇ ਪਿਤਾ ਤੇ ਹੋਰਾਂ ਵਿਰੁਧ ਕੇਸ ਦਰਜ ਕਰਨ ਦੇ ਮਾਮਲੇ ਨੂੰ ਅੰਨ੍ਹੀ ਸਿਆਸੀ ਵਿਰੋਧਤਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਹੁਣ ਸਰਕਾਰ ਵਿਰੁੱਧ ਸ਼ੁਰੂ ਹੋਈ ਲਹਿਰ ਨਹੀਂ ਰੁਕ ਸਕਦੀ। ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਨਹੀਂ ਲੜੀਆਂ ਜਾਣਗੀਆਂ ਪਰ ਗੁਰਦਵਾਰਾ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਹਿਤ ਸਾਫ਼-ਸੁਥਰੇ ਅਕਸ ਵਾਲੇ ਉਮੀਦਵਾਰਾਂ ਦੀ ਮਦਦ ਕੀਤੀ ਜਾਵੇਗੀ।

### ਕਾਬਲੀਅਤ ਕਰਕੇ ਵਿੱਤ ਮੰਤਰੀ ਬਣਿਆ ਸੀ: ਮਨਪ੍ਰੀਤ

ਮਨਪ੍ਰੀਤ ਨੇ ਕਿਹਾ ਹੈ ਕਿ ਉਸ ਨੂੰ ਗਿੱਦੜਬਾਹਾ ਉਪ ਚੋਣ ਵਿਚ ਸ਼ੌਕ ਵਜੋਂ ਨਹੀਂ ਬਲਕਿ ਬੇਅੰਤ ਸਿੰਘ ਸਰਕਾਰ ਸਾਹਮਣੇ ਕੋਈ ਉਮੀਦਵਾਰ ਨਾ ਹੋਣ ਕਾਰਨ ਮਜਬੂਰੀ ਵਿਚ ਉਤਾਰਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਧਾਨ ਸਭਾ ਵਿਚ ਲਗਾਤਾਰ ਚੌਥੀ ਵਾਰ ਪਹੁੰਚਣ ਕਰਕੇ ਸੂਬੇ ਦੇ ਖ਼ਜ਼ਾਨਾ ਮੰਤਰੀ ਬਣੇ ਸਨ ਤੇ ਨਾ ਕਿ ਉਨ੍ਹਾਂ ਨੇ ਇਹ ਮਹਿਕਮਾ ਮੰਗ ਕੇ ਲਿਆ ਸੀ। ਸ. ਮਨਪ੍ਰੀਤ ਨੇ ਕਿਹਾ ਕਿ ਉਹ ਉਂਝ ਵੀ ਪੜ੍ਹਾਈ ਪੱਖੋਂ ਦੂਸਰਿਆਂ ਨਿਸਬਤ ਮੋਹਰੀ ਹੋਣ ਕਾਰਨ ਇਸ ਅਹੁਦੇ ਲਈ ਮੁੱਖ ਦਾਅਵੇਦਾਰ ਉਸ ਵੇਲੇ ਦੇ ਵਿਧਾਇਕਾਂ ਵੱਲੋਂ ਮੰਨੇ ਗਏ ਸਨ। ਮਨਪ੍ਰੀਤ ਨੇ ਕਿਹਾ ਕਿ ਉਹ ਪਾਰਟੀ ਨਾਲ ਮੁੱਦਿਆਂ ਦੇ ਮਾਮਲੇ 'ਤੇ ਆਪਣੀ ਅਲੱਗ ਸੋਚ ਰੱਖਦੇ ਸਨ ਪਰ ਉਨ੍ਹਾਂ ਨੇ ਖ਼ੁਦ ਪਾਰਟੀ ਨਹੀਂ ਛੱਡੀ, ਸਗੋਂ ਪਾਰਟੀ 'ਚੋਂ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ।

ਮਨਪ੍ਰੀਤ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਈਰਖਾਵਾਦੀ ਦੱਸਿਆ ਗਿਆ ਹੈ ਜਦੋਂਕਿ ਉਨ੍ਹਾਂ ਨੇ ਕਦੇ ਸਰਕਾਰ ਜਾਂ ਬਾਦਲ ਦਲ ਦੀਆਂ ਪ੍ਰਾਪਤੀਆਂ, ਜਾਇਦਾਦਾਂ ਪ੍ਰਤੀ ਕੋਈ ਈਰਖਾ ਨਹੀਂ ਰੱਖੀ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹੁੰਦਿਆਂ ਉਨ੍ਹਾਂ ਨੂੰ ਇਹ ਈਰਖਾ ਜ਼ਰੂਰ ਸੀ ਕਿ ਬਾਕੀ ਸੂਬੇ ਪੰਜਾਬ ਤੋਂ ਅੱਗੇ ਕਿਉਂ ਨਿਕਲ ਰਹੇ ਹਨ ਜਿਸ ਕਰਕੇ ਉਨ੍ਹਾਂ ਨੇ ਆਪਣੀ ਗੱਲ ਕਾਇਮ ਰੱਖੀ ਤੇ ਕੁਰਸੀ ਨੂੰ ਵੀ ਤਿਆਗ ਦਿੱਤਾ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



SYAN VIDEO PRODUCTION, INC.

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

SV PRODUCTION

## ਡਾ. ਵਜ਼ੀਰ ਸਿੰਘ ਵੱਲੋਂ ਨਿੱਜੀ ਲਾਇਬ੍ਰੇਰੀ ਵਿਭਾਗ ਨੂੰ ਭੇਟ

**ਪਟਿਆਲਾ:** ਡਾ. ਵਜ਼ੀਰ ਸਿੰਘ ਨੇ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਡੇਢ ਸੌ ਕਿਤਾਬਾਂ ਦਾਨ ਕਰ ਦਿੱਤੀਆਂ ਹਨ ਜਿਨ੍ਹਾਂ ਦੀ ਅਜੋਕੀ ਕੀਮਤ ਪੰਜਾਹ ਹਜ਼ਾਰ ਰੁਪਏ ਬਣਦੀ ਹੈ। ਇਹ ਜਾਣਕਾਰੀ ਦਿੰਦਿਆਂ ਵਿਭਾਗ ਦੇ ਮੁਖੀ ਡਾ. ਹਰਪਾਲ ਸਿੰਘ ਪੰਨੂ ਨੇ ਦੱਸਿਆ ਕਿ ਡਾ. ਵਜ਼ੀਰ ਸਿੰਘ ਪਹਿਲੋਂ ਫਿਲਾਸਫੀ ਵਿਭਾਗ ਵਿਚ ਪੜ੍ਹਾਉਂਦੇ ਰਹੇ, ਫਿਰ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਧਰਮ ਅਧਿਐਨ ਵਿਭਾਗ ਦਾ ਮੁਖੀ ਥਾਪ ਦਿੱਤਾ। ਉਹ ਸਿੰਡੀਕੇਟ ਦੇ ਮੈਂਬਰ, ਫੈਕਲਟੀ ਦੇ ਡੀਨ ਆਦਿਕ ਅਨੇਕ ਰੁਤਬਿਆਂ ਉਪਰ ਕਾਰਜਸ਼ੀਲ ਰਹੇ।


ਡਾ. ਵਜ਼ੀਰ ਸਿੰਘ

ਕਰੀਬ 85 ਸਾਲ ਦੇ ਡਾ. ਵਜ਼ੀਰ ਸਿੰਘ ਵਧੀਆ ਲੇਖਕ, ਫਿਲਾਸਫਰ ਅਤੇ ਅਧਿਆਪਕ ਹਨ ਅਤੇ ਹੁਣ ਦਿੱਲੀ ਵਸਦੇ ਹਨ। ਉਨ੍ਹਾਂ ਦੇ ਪੜ੍ਹਾਏ ਹੋਏ ਵਿਦਿਆਰਥੀ ਡਾ. ਦਰਸ਼ਨ ਸਿੰਘ, ਡਾ. ਹਰਪਾਲ ਸਿੰਘ ਪੰਨੂ ਅਤੇ ਡਾ. ਰਾਜਿੰਦਰ ਕੌਰ ਰੋਹੀ ਇਸ ਵਿਭਾਗ ਦੇ ਮੁਖੀ ਤੱਕ ਦੀ ਪੁਜ਼ੀਸ਼ਨ ਉਤੇ ਪੁੱਜੇ। ਉਨ੍ਹਾਂ ਨੇ ਅੰਗਰੇਜ਼ੀ ਦਾ ਜਰਨਲ ਆਫ ਰਿਲੀਜੀਅਸ ਸਟੱਡੀਜ਼ ਵੀ ਕਾਮਯਾਬੀ ਨਾਲ ਚਲਾਇਆ।

# ਫਰਿਜਨੋ ਕਬੱਡੀ ਕੱਪ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੇ ਜਿੱਤਿਆ

**ਗੁਰਦਰਸ਼ਨ ਸਿੰਘ ਬਾਹੀਆ**

**ਫਰਿਜਨੋ:** ਇਥੇ ਐਤਵਾਰ ਹੋਇਆ ਫਰਿਜਨੋ ਕਬੱਡੀ ਕੱਪ-2011 ਇਥੋਂ ਦੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੇ ਇਕ ਬਹੁਤ ਹੀ ਫਸਵੇਂ ਫਾਈਨਲ ਮੁਕਾਬਲੇ ਵਿਚ ਬੇ ਏਰੀਆ ਸਪੋਰਟਸ ਕਲੱਬ ਦੀ ਟੀਮ ਨੂੰ ਸਿਰਫ ਅੱਧੇ ਅੰਕ ਦੇ ਫਰਕ ਨਾਲ ਹਰਾ ਕੇ ਜਿੱਤ ਲਿਆ।

ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਅਤੇ ਸੁਪਰ ਸਪੋਰਟਸ ਕਲੱਬ, ਸੈਲਮਾ ਵਲੋਂ ਸਾਂਝੇ ਤੌਰ 'ਤੇ ਇਥੇ ਸਨੀਸਾਈਡ ਹਾਈ ਸਕੂਲ਼ ਦੀ ਗਰਾਊਂਡ ਵਿਚ ਕਰਵਾਏ ਗਏ ਇਸ ਕਬੱਡੀ ਮੇਲੇ ਦੇ ਫਾਈਬਲ ਮੈਚ ਵਿਚ ਕਾਂਟੇ ਦੀ ਟੱਕਰ ਰਹੀ। ਜੇ ਬੇਅ ਏਰੀਆ ਸਪੋਰਟਸ ਕਲੱਬ ਦੇ ਤੇਜ਼ ਤਰਾਰ ਧਾਵੀ ਜੌਨੀ. ਅੰਕਿਤ ਅਤੇ ਗੁਰਪ੍ਰੀਤ ਆਪਣੀ ਟੀਮ ਲਈ ਲਗਾਤਾਰ ਅੰਕ ਲਿਆ ਰਹੇ ਸਨ ਤਾਂ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਹੰਢੇ ਵਰਤੇ ਧਾਵੀ ਜੋਗੀ ਅਤੇ ਅਰਸ਼ੀ ਪ੍ਰੀਤਮ ਵੀ ਆਪਣੀ ਟੀਮ ਨੂੰ ਪਿੱਛੇ ਨਹੀਂ ਸੀ ਰਹਿਣ ਦੇ ਰਹੇ। ਅੱਧੇ ਸਮੇਂ ਤੋਂ ਥੋੜਾ ਪਹਿਲਾਂ ਬੇ ਏਰੀਏ ਦੇ ਜਾਫੀ ਮੀਕ ਵਲੋਂ ਲਾਏ ਜੱਫਿਆਂ ਨਾਲ ਉਨ੍ਹਾਂ ਦੀ ਟੀਮ ਅੱਧੇ ਸਮੇਂ ਤੱਕ 17 ਅੰਕ ਹਾਸਲ ਕਰਕੇ ਫਰਿਜ਼ਨੋ ਵਾਲਿਆਂ ਤੋਂ 5 ਅੰਕਾਂ ਨਾਲ ਅੱਗੇ ਹੋ ਗਈ ਸੀ।

ਮੈਚ ਦੇ ਦੂਜੇ ਅੱਧ ਵਿਚ 'ਕਰੋ ਜਾਂ ਮਰੋ' ਦੀ ਭਾਵਨਾ ਨਾਲ ਮੈਦਾਨ ਵਿਚ ਉਤਰੇ ਦੋਵਾਂ ਹੀ ਟੀਮਾਂ ਦੇ ਖਿਡਾਰੀਆਂ ਵਿਚ ਇੱਕ ਇੱਕ ਨੰਬਰ ਲਈ ਗਹਿਗੱਚ ਲੜਾਈ ਹੋਈ। ਖਿਡਾਰੀਆਂ ਦੇ ਨਾਲ ਨਾਲ ਟੀਮ ਦੇ ਮੈਨੇਜਰਾਂ ਅਤੇ ਹਮਾਇਤੀਆਂ ਦਾ ਜੋਸ਼ ਵੀ ਬੇਕਾਬੂ ਹੋ ਰਿਹਾ ਸੀ। ਇਕੱਲੇ ਇਕੱਲੇ ਨੰਬਰ ਉਤੇ ਰੌਲਾ ਪੈਣਾ ਸ਼ੁਰੂ ਹੋ ਗਿਆ। ਨੰਬਰਾਂ ਨੂੰ ਲੈ ਕੇ ਦੋ ਵਾਰੀ ਪਏ ਰੌਲੇ ਨੂੰ ਅੰਕਾਂ ਨੂੰ ਕਿਸੇ ਇੱਕ ਪਾਸੇ ਗਿਣਨ ਦੀ ਥਾਂ ਹੋਲਡ ਰੱਖਣ ਦਾ ਫੈਸਲਾ ਕਰਕੇ ਮੈਚ ਦੁਬਾਰਾ ਸ਼ੁਰੂ ਕਰਾਇਆ ਗਿਆ। ਦਰਸ਼ਕਾਂ ਵਲੋਂ ਇਕੱਲੇ ਇਕੱਲੇ ਨੰਬਰ ਉਤੇ ਸੌ ਸੌ ਡਾਲਰ ਦੇ ਇਨਾਮ ਦਾ ਐਲਾਨ ਕਰਨ ਨਾਲ ਮੈਚ ਵਿਚ ਹੋਰ ਗਰਮੀ ਆ ਗਈ। ਮੈਚ ਖਤਮ ਹੋਣ ਵਿਚ ਅਜੇ ਪੰਜ ਮਿੰਟਾਂ ਦਾ ਸਮਾਂ ਬਚਦਾ ਸੀ ਜਦੋਂ ਕਬੱਡੀ ਪਾਉਣ ਗਿਆ ਬੇਅ ਏਰੀਏ ਦਾ ਧਾਵੀ, ਜਾਫੀ ਨੂੰ ਖਿਚਦਾ ਖਿਚਾਉਂਦਾ ਪਾਲੇ ਤੱਕ ਤਾਂ ਪਹੁੰਚ ਗਿਆ, ਪਰ ਹੱਥ ਲਾਉਣ ਤੱਕ ਮਿਥਿਆ ਗਿਆ 30 ਸੈਕਿੰਡ ਦਾ ਸਮਾਂ ਸਮਾਪਤ ਹੋ ਗਿਆ। ਰੈਫਰੀ ਵਲੋਂ ਉਸ ਵਿਰੁੱਧ ਦਿੱਤੇ ਗਏ ਨੰਬਰ ਤੋਂ ਫਿਰ ਰੌਲਾ ਪੈ ਗਿਆ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਜਦੋਂ ਬੇ ਏਰੀਏ ਦੀ ਟੀਮ ਦੁਬਾਰਾ ਖੇਡਣ ਲਈ ਤਿਆਰ ਨਾ ਹੋਈ ਦਾ ਪ੍ਰਬੰਧਕਾਂ ਨੇ ਜਿੱਤ ਹਾਰ ਦਾ ਨਿਰਣਾ ਕਰਨ ਲਈ ਉਸ ਵੇਲੇ ਤੱਕ ਦੇ ਅੰਕਾਂ ਦੇ ਅਧਾਰ ਉਤੇ ਸ਼ਹੀਦ ਭਗਤ ਸਿੰਘ ਕਲੱਬ ਨੂੰ ਜੇਤੂ ਕਰਾਰ ਦੇ ਦਿਤਾ।

ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਸਾਢੇ 21 ਅੰਕਾਂ ਦੇ ਮੁਕਾਬਲੇ 22 ਅੰਕ ਹਾਸਲ ਕਰਕੇ ਇਹ ਕਬੱਡੀ ਕੱਪ ਇੱਕ ਤਰ੍ਹਾਂ ਨਾਲ ਬੇ ਏਰੀਏ ਤੋਂ ਖੋਹ ਕੇ ਹੀ ਲੈ ਗਈ। ਪਰ ਜੇਤੂ ਟੀਮ ਨੂੰ ਇਹ ਕੱਪ ਆਪੇ ਹੀ ਚੁੱਕ ਕੇ ਲਿਜਾਣਾ ਪਿਆ ਕਿਉਂਕਿ ਜਿੱਤ ਹਾਰ ਦਾ ਫੈਸਲਾ ਹੋਣ ਵਿਚ ਐਨੀ ਦੇਰ ਹੋ ਗਈ ਕਿ ਹਨੇਰਾ ਹੋਣ ਕਾਰਨ ਇਨਾਮ ਵੰਡ ਸਮਾਰੋਹ ਕਰਿਆ ਹੀ ਨਾ ਜਾ ਸਕਿਆ।

ਫਰਿਜਨੋ ਦੇ ਇਸ ਖੇਡ ਮੇਲੇ ਵਿਚ 21 ਸਾਲਾਂ ਤੋਂ ਘੱਟ ਉਮਰ ਦੇ ਖਿਡਾਰੀਆਂ ਦੇ ਮੁਕਾਬਲੇ ਵੀ ਕਾਫੀ ਦਿਲਚਸਪ ਰਹੇ। ਇਨ੍ਹਾਂ ਵਿਚ ਬੇ ਏਰੀਏ ਦੀ ਟੀਮ 32 ਅੰਕ ਹਾਸਲ ਕਰਕੇ ਪਹਿਲੇ ਅਤੇ ਯੂਨਾਈਟਡ ਸਪੋਰਟਸ ਕਲੱਬ ਦੀ ਟੀਮ 19 ਅੰਕ ਹਾਸਲ ਕਰਕੇ ਦੂਜੇ ਸਥਾਨ ਉਤੇ ਰਹੀ।

ਕਿੰਦੂ, ਤਾਊ, ਸੰਦੀਪ ਗੁਰਦਾਸਪੁਰੀਆ, ਡੈਂਟਾ, ਲਹਿਰੀ, ਮੀਕਾ, ਤੀਰਥ ਗਾਖਲ, ਬੱਲੀ, ਗੀਪ, ਸਨੀ ਅਤੇ ਭਿੰਦਰ ਵਰਗੇ ਸੁਪਰ ਸਟਾਰ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਇਹ ਖੇਡ ਮੇਲਾ ਅੰਤਰਰਾਸ਼ਟਰੀ ਪੱਧਰ ਦਾ ਬਣ ਗਿਆ।

ਖੇਡ ਮੇਲੇ ਵਿਚ ਮੈਚਾਂ ਦੀ ਕੁਮੈਂਟਰੀ ਮੱਖਣ ਸਿੰਘ ਹਕੀਮਪੁਰੀ ਅਤੇ ਰਾਜਵਿੰਦਰ ਰੰਡਿਆਲਾ ਨੇ ਕੀਤੀ ਜਦੋਂ ਕਿ ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਕੀਤਾ। ਕਬੱਡੀ ਮੈਚਾਂ ਦੇ ਰੈਫਰੀ ਹਰਪ੍ਰੀਤ ਬਾਬਾ, ਦਲਬੀਰ ਚੌਧਰੀ, ਬੀਰੂ ਅਤੇ ਮੰਦਰ ਸਨ।

ਇਸ ਖੇਡ ਮੇਲੇ ਨੂੰ ਹਰ ਪੱਖੋਂ ਕਾਮਯਾਬ ਕਰਨ ਦਾ ਸਿਹਰਾ ਹਰਨੇਕ ਸੰਘੇੜਾ, ਪਾਲ ਸਹੋਤਾ, ਨਾਜ਼ਰ ਸਹੋਤਾ, ਹੈਰੀ ਗਿੱਲ, ਸੁਰਜੀਤ ਟੁੱਟ, ਸੁਰਿੰਦਰ ਨਿੱਜਰ, ਟਹਿਲ ਥਾਂਦੀ ਅਤੇ ਦੀਪੇ ਬੁਲਡੌਗ ਹੋਰਾਂ ਨੂੰ ਜਾਂਦਾ ਹੈ। ਕਬੱਡੀ ਦੇ ਅਰਸ਼ ਉਤੇ ਇੱਕ ਦਹਾਕੇ ਤੱਕ ਧਰੂ ਤਾਰੇ ਵਾਂਗ ਚਮਕਣ ਵਾਲੇ ਹਰਪ੍ਰੀਤ ਬਾਬੇ ਨੂੰ ਖੇਡ ਮੇਲੇ ਦੇ ਪ੍ਰਬੰਧਕਾਂ ਵਲੋਂ ਵਿਸ਼ੇਸ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ।

ਮਨਪ੍ਰੀਤ ਬਾਦਲ ਦੀ ਅਗਵਾਈ ਥੱਲੇ ਪੰਜਾਬ ਵਿਚ ਹੁਣੇ ਜਿਹੇ ਹੋਂਦ ਵਿਚ ਆਈ ਰਾਜਨੀਤਕ ਪਾਰਟੀ ਦੇ ਹਮਾਇਤੀਆਂ ਵਲੋਂ ਖੇਡ ਮੈਦਾਨ ਅੰਦਰ ਲਾਇਆ ਗਿਆ ਸਟਾਲ ਵੀ ਕਾਫੀ ਚਰਚਾ ਵਿਚ ਰਿਹਾ। ਪੰਜਾਬ ਸਰਕਾਰ ਦੇ ਮੁੱਖ ਸੰਸਦੀ ਸਕੱਤਰ ਸਰਵਣ ਸਿੰਘ ਫਿਲੌਰ ਨੇ ਜੇਤੂ ਟੀਮਾਂ ਨੂੰ ਇਨਾਮ ਵੀ ਤਕਸੀਮ ਕੀਤੇ ਅਤੇ ਸਰਕਾਰ ਵਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਵੀ ਕੀਤਾ।

ਖੇਡ ਮੇਲੇ ਵਿਚ ਕਬੱਡੀ ਤੋਂ ਬਿਨਾਂ ਫੁੱਟਬਾਲ ਦੇ ਕਰਵਾਏ ਗਏ ਮੁਕਾਬਲਿਆਂ ਵਿਚ ਪਹਿਲੇ ਸਥਾਨ ਉਤੇ ਯੂਬਾ ਸਿਟੀ ਦਾ ਗੁਰੂ ਨਾਨਕ ਕਲੱਬ ਅਤੇ ਦੂਜੇ ਸਥਾਨ ਉਤੇ ਇਸੇ ਹੀ ਸ਼ਹਿਰ ਦੀ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਰਹੀ। ਵਾਲੀਬਾਲ ਦੇ ਮੁਕਾਬਲਿਆਂ ਵਿਚ ਫਰਿਜ਼ਨੋ ਦੀ ਮਾਲਵਾ ਸਪੋਰਟਸ ਕਲੱਬ ਪਹਿਲੇ ਸਥਾਨ ਉਤੇ ਰਹੀ।

## Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5'7", living In bay area California, never married, looking for a life-partner. Divorcee also be considered, caste no bar. Contact:408-712-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

### ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5'6" ਸਟੂਡੈਂਟ ਵੀਜ਼ੇ 'ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250





Business Opportunity
International Company looking for serious people to work from home-part time or full time. Great earning potential, full training and support provided. To attend training in your area and For more info. call:
Surjit Singh or Satwant K. Takk Cell:
(416) 889-9886
Sukhpreet Kaur Indiana
Ph:317-884-3557
www.safeandeasyweightloss.com
e-mail:sstakk@hotmail.com



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੇਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪਹਿਲਕਦਮੀ:ਗੁਰਦੁਆਰਾ ਬਾਬਾ ਅਟਲ ਦਾ ਜਲੌਅ ਬਹਾਲ ਕਰਨ ਲਈ ਕੰਮ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਇਤਿਹਾਸਕ ਗੁਰਦੁਆਰਾ ਬਾਬਾ ਅਟਲ ਰਾਇ ਸਾਹਿਬ ਦੀ ਪੁਰਾਣੀ ਆਭਾ ਨੂੰ ਸੁਰਜੀਤ ਕਰਨ ਲਈ ਇਸ ਵਾਰ ਸ਼੍ਰੋਮਣੀ ਕਮੇਟੀ ਵਲੋਂ ਪੁਰਾਤਨ ਇਮਾਰਤਾਂ ਦੇ ਸਾਂਭ-ਸੰਭਾਲ ਦੇ ਮਾਹਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ ਜਿਨ੍ਹਾਂ ਵਲੋਂ ਇਥੇ ਜੰਗੀ ਪੱਧਰ 'ਤੇ ਕੰਮ ਜਾਰੀ ਹੈ। ਇਹ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੁੱਤਰ ਬਾਬਾ ਅਟਲ ਰਾਏ ਨਾਲ ਸਬੰਧਤ ਹੈ ਜਿਸ ਨੂੰ 18ਵੀਂ ਸਦੀ ਵਿਚ ਤਿਆਰ ਕੀਤਾ ਗਿਆ ਸੀ। 40 ਮੀਟਰ ਉੱਚੇ ਗੁਰਦੁਆਰੇ ਦੀਆਂ ਨੌਂ ਮੰਜ਼ਲਾਂ ਹਨ ਜੋ ਬਾਬਾ ਅਟਲ ਰਾਏ ਦੇ ਨੌਂ ਸਾਲਾਂ ਦੇ ਜੀਵਨ ਨੂੰ ਸਮਰਪਿਤ ਹਨ। ਆਪਣੇ ਸਮੇਂ ਵਿਚ ਗੁਰਦੁਆਰੇ ਦੀ ਇਹ ਇਮਾਰਤ ਸ਼ਹਿਰ ਦੀ ਸਭ ਤੋਂ ਉੱਚੀ ਇਮਾਰਤ ਸੀ।

ਇਸ ਤੋਂ ਪਹਿਲਾਂ ਕਾਰ ਸੇਵਾ ਵਾਲੇ ਬਾਬਿਆਂ ਵਲੋਂ ਇਥੇ ਸੇਵਾ ਕਰਵਾਈ ਗਈ ਸੀ ਜਿਸ ਤਹਿਤ ਕੰਧਾਂ 'ਤੇ ਟਾਇਲਾਂ ਲਾ ਦਿੱਤੀ ਗਈਆਂ। ਟਾਈਲਾਂ ਲਾਉਣ ਕਾਰਨ ਕੰਧਾਂ 'ਤੇ ਹੋਈ ਬਹੁਮੁੱਲੀ ਚਿੱਤਰਕਾਰੀ ਨਸ਼ਟ ਹੋ ਗਈ। ਪਾਣੀ ਦੀ ਨਿਕਾਸੀ ਦਾ ਯੋਗ ਪ੍ਰਬੰਧ ਨਾ ਹੋਣ ਕਾਰਨ ਕੰਧਾਂ ਵਿਚ ਆਈ ਸਲਾਭ ਨੇ ਛੱਤਾਂ 'ਤੇ ਹੋਈ ਗਚਕਾਰੀ ਤੇ ਸੋਨੇ ਦੇ ਕੰਮ ਨੂੰ ਪ੍ਰਭਾਵਿਤ ਕੀਤਾ। ਗੁਰਦੁਆਰੇ ਦੀ ਇਮਾਰਤ ਦੇ ਬਾਹਰਲੇ ਪਾਸੇ ਸੰਗਮਰਮਰ ਦਾ ਪੱਥਰ ਲਾ ਦਿੱਤਾ ਗਿਆ ਜਿਸ ਨੇ ਇਸ ਦੀ ਪੁਰਾਤਨ ਦਿੱਖ ਨੂੰ ਹੀ ਖ਼ਤਮ ਕਰ ਦਿੱਤਾ ਸੀ।

ਹੁਣ ਇਥੇ ਸ਼੍ਰੋਮਣੀ ਕਮੇਟੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਨੋਇਡਾ ਦੀ ਕੰਪਨੀ ਹੈਰੀਟੇਜ ਕੰਜ਼ਰਵੇਸ਼ਨ ਮੈਨੇਜਮੈਂਟ ਸਰਵਿਸਿਜ਼ ਵਲੋਂ ਮਾਹਰਾਂ ਦੀ ਨਿਗਰਾਨੀ ਹੇਠ ਕੰਮ ਕਰਵਾਇਆ ਜਾ ਰਿਹਾ। ਪੁਰਾਤਨ ਇਮਾਰਤਾਂ ਦੀ ਸਾਂਭ-ਸੰਭਾਲ ਦੀ ਮਾਹਰ ਇਸ ਕੰਪਨੀ ਵੱਲੋਂ ਗੁਰਦੁਆਰੇ ਦੇ ਅੰਦਰਲੇ ਹਿੱਸੇ ਵਿਚ ਸੋਨੇ ਦਾ ਕੰਮ ਮੁਕੰਮਲ ਕਰ ਲਿਆ ਹੈ ਜਿਸ ਨੂੰ ਜਲਦੀ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਜਾਵੇਗਾ ਤੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਰੰਭ ਹੋ ਜਾਵੇਗਾ। ਇਥੇ ਛੱਤ 'ਤੇ ਗਚਕਾਰੀ ਦਾ ਕੰਮ ਤੇ ਸ਼ੀਸ਼ਾ ਲਾਉਣ ਦਾ ਕੰਮ ਜਾਰੀ ਹੈ। ਇਸ ਕੰਮ ਵਾਸਤੇ ਮਾਹਰ ਕਾਰੀਗਰ ਕੇਰਲ, ਮੱਧ ਪ੍ਰਦੇਸ਼, ਉੜੀਸਾ ਸਮੇਤ ਹੋਰ ਥਾਵਾਂ ਤੋਂ ਸੱਦੇ ਗਏ ਹਨ ਜੋ ਇਥੇ ਗੁਰਦੁਆਰੇ ਦੀਆਂ ਕੰਧਾਂ ਤੇ ਪਹਿਲੀ ਮੰਜ਼ਿਲ 'ਤੇ ਬਣੀ ਬਹੁਮੁੱਲੀ ਚਿੱਤਰਕਾਰੀ ਨੂੰ ਸੰਭਾਲਣ ਦਾ ਯਤਨ ਕਰਨਗੇ। ਇਸ ਦੀ ਪਹਿਲੀ ਮੰਜ਼ਲ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਵੱਖ-ਵੱਖ ਚਿੱਤਰ ਬਣਾਏ ਹੋਏ ਹਨ। ਇਨ੍ਹਾਂ ਵਿਚੋਂ ਬਹੁਤ ਚਿੱਤਰਾਂ ਦੇ ਉਪਰ ਮੁੜ ਰੰਗ ਕੀਤਾ ਗਿਆ ਹੈ ਤੇ ਇਸ ਵਾਸਤੇ ਤੇਲ ਵਾਲੇ ਰੰਗਾਂ (ਆਇਲ ਕਲਰ) ਦੀ ਵਰਤੋਂ ਕੀਤੀ ਗਈ ਹੈ।


ਗੁਰਦੁਆਰਾ ਬਾਬਾ ਅਟਲ ਸਾਹਿਬ ਦੀ ਪੁਰਾਣੀ ਆਭਾ ਸੁਰਜੀਤ ਕਰਨ 'ਚ ਲੱਗੇ ਮਾਹਰ।

ਇਨ੍ਹਾਂ ਉਪਰ ਮੁੜ ਰੰਗ ਕਰਨ ਤੋਂ ਪਹਿਲਾਂ ਇਹ ਜਾਨਣ ਦਾ ਯਤਨ ਨਹੀਂ ਕੀਤਾ ਗਿਆ ਕਿ ਪਹਿਲਾਂ ਹੋਈ ਚਿੱਤਰਕਾਰੀ ਲਈ ਇਸ ਤਰ੍ਹਾਂ ਦੇ ਰੰਗਾਂ ਦੀ ਵਰਤੋਂ ਕੀਤੀ ਗਈ ਸੀ ਜਿਸ ਕਾਰਨ ਇਨ੍ਹਾਂ ਚਿੱਤਰਾਂ ਵਿਚੋਂ ਬਹੁਤੇ ਚਿੱਤਰਾਂ ਦੀ ਪੁਰਾਤਨਤਾ ਖ਼ਤਮ ਹੋ ਚੁੱਕੀ ਹੈ। ਇਸੇ ਤਰ੍ਹਾਂ ਦੇ ਚਿੱਤਰ ਗੁਰਦੁਆਰੇ ਦੀਆਂ ਬਾਹਰਲੀਆਂ ਕੰਧਾਂ 'ਤੇ ਵੀ ਬਣੇ ਹੋਏ ਸਨ ਪਰ ਇਥੇ ਸੰਗਮਰਮਰ ਦਾ ਪੱਥਰ ਲਾਉਣ ਸਮੇਂ ਇਸ ਬਹੁਮੁੱਲੀ ਚਿੱਤਰਕਾਰੀ ਨੂੰ ਅਣਦੇਖਿਆਂ ਕਰ ਦਿੱਤਾ ਗਿਆ। ਕੰਧਾਂ ਵਿਚ ਸਲਾਭ ਆਉਣ ਕਾਰਨ ਹੁਣ ਜਦੋਂ ਇਹ ਪੱਥਰ ਉਤਾਰੇ ਗਏ ਤਾਂ ਇਹ ਚਿੱਤਰਕਾਰੀ ਦਾ ਵੱਡਾ ਹਿੱਸਾ ਨਸ਼ਟ ਹੋ ਚੁੱਕਾ ਸੀ। ਹੁਣ ਇਸੇ ਹਿੱਸੇ ਨੂੰ ਮੁੜ ਪਹਿਲਾਂ ਵਾਂਗ ਬਣਾਉਣ ਦੇ ਯਤਨ ਜਾਰੀ ਹਨ।

ਹੈਰੀਟੇਜ ਕੰਜ਼ਰਵੇਸ਼ਨ ਮੈਨੇਜਮੈਂਟ ਸਰਵਿਸਿਜ਼ ਦੇ ਅਧਿਕਾਰੀ ਰਾਕੇਸ਼ ਕੁਮਾਰ ਨੇ ਦਸਿਆ ਕਿ ਗੁਰਦੁਆਰੇ ਦੀਆਂ ਬਾਹਰਲੀਆਂ ਕੰਧਾਂ ਦੀ ਪੁਰਾਤਨਤਾ ਨੂੰ ਬਹਾਲ ਕਰਨ ਲਈ ਮੁੜ ਕਲੀ-ਚੂਨੇ ਦਾ ਪਲਸਤਰ ਕੀਤਾ ਗਿਆ ਪਰ ਇਥੇ ਹੋਈ ਚਿੱਤਰਕਾਰੀ ਨੂੰ ਜਿਵੇਂ ਦਾ ਤਿਵੇਂ ਰਹਿਣ ਦਿੱਤਾ ਜਾਵੇਗਾ। ਇਸ ਦੇ ਪੁਰਾਣੇ ਫਰਸ਼ ਦੇ ਕੁਝ ਹਿੱਸੇ ਨੂੰ ਵੀ ਸੰਗਤਾਂ ਦੇ ਦੇਖਣ ਲਈ ਬਾਹਰ ਕੱਢਿਆ ਗਿਆ। ਇਮਾਰਤ ਦੇ ਅੰਦਰਲੇ ਹਿੱਸੇ ਵਿਚ ਕੰਧਾਂ 'ਤੇ ਹੋਈ ਚਿੱਤਰਕਾਰੀ ਵਿਚੋਂ 90 ਫੀਸਦੀ ਹਿੱਸਾ ਖ਼ਰਾਬ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਮਾਹਰਾਂ ਦੀ ਮਦਦ ਨਾਲ ਇਸ ਨੂੰ ਪਹਿਲਾਂ ਵਾਲੇ ਰੂਪ ਵਿਚ ਲਿਆਉਣ ਦਾ ਯਤਨ ਕਰਨਗੇ। ਹੁਣ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਮੌਸਮ ਵਿਚ ਹੁੰਦੀ ਤਬਦੀਲੀ ਨਾਲ ਇਸ ਚਿੱਤਰਕਾਰੀ 'ਤੇ ਕੋਈ ਮਾੜਾ ਪ੍ਰਭਾਵ ਨਾ ਪਵੇ। ਇਮਾਰਤ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਪਾਣੀ ਦੀ ਨਿਕਾਸੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਹੇਠਲੇ ਹਿੱਸੇ ਵਿਚ ਬਾਹਰੀ ਕੰਧਾਂ ਨੂੰ ਵੀ ਪਾਣੀ ਤੋਂ ਬਚਾਉਣ ਲਈ ਯੋਜਨਾ ਬਣਾਈ ਗਈ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਅਜਿਹੀਆਂ ਪੁਰਾਤਨ ਇਮਾਰਤਾਂ ਦੀ ਸਾਂਭ-ਸੰਭਾਲ ਤੇ ਇਨ੍ਹਾਂ ਦੀ ਪੁਰਾਤਨ ਦਿੱਖ ਨੂੰ ਕਾਇਮ ਰੱਖਣ ਲਈ ਸ਼੍ਰੋਮਣੀ ਕਮੇਟੀ ਨੂੰ ਪੱਕੇ ਤੌਰ 'ਤੇ ਮਾਹਰਾਂ ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ।

ਡਿਪਟੀ ਕਮਿਸ਼ਨਰ ਕੇ.ਐਸ. ਪੰਨੂ ਨੇ ਦੱਸਿਆ ਕਿ ਇਸ ਇਤਿਹਾਸਕ ਵਿਰਾਸਤ ਦੀ ਪੁਰਾਤਨ ਸ਼ਾਨੋ-ਸ਼ੌਕਤ ਨੂੰ ਬਹਾਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਸਬੰਧੀ ਪੁਰਾਤਤਵ ਵਿਭਾਗ ਨਾਲ ਸਬੰਧਤ ਮਾਹਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ ਜੋ ਇਥੇ ਹੋਈ ਬਹੁਮੁੱਲੀ ਚਿੱਤਰਕਾਰੀ, ਗਚਕਾਰੀ ਤੇ ਸੋਨੇ ਦੇ ਕੰਮ ਨੂੰ ਮੁੜ ਪਹਿਲਾਂ ਵਾਂਗ ਬਣਾਉਣ ਲਈ ਯਤਨਸ਼ੀਲ ਹਨ।

# ਬਾਦਲ ਪੱਗ ਦੀ ਬੇਅਦਬੀ ਲਈ ਮੁਆਫ਼ੀ ਮੰਗੇ:ਪਰਮਜੀਤ ਸਿੰਘ ਸਰਨਾ

**ਨਵੀਂ ਦਿੱਲੀ:** ਦਿੱਲੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਪੰਜਾਬ ਪੁਲਿਸ ਵੱਲੋਂ ਮੁਹਾਲੀ 'ਚ ਪੱਗ ਲਾਹ ਕੇ ਸਿੱਖ ਨੌਜਵਾਨ ਨੂੰ ਜ਼ਲੀਲ ਕਰਨ ਦੀ ਘਟਨਾ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਮੰਤਰੀ ਮੰਡਲ ਸਣੇ ਅਕਾਲ ਤਖ਼ਤ 'ਤੇ ਆਪਣੀ ਭੁੱਲ ਬਖ਼ਸ਼ਾਉਣ।



ਸ. ਬਾਦਲ ਅਤੇ ਸ. ਸਰਨਾ

ਉਨ੍ਹਾਂ ਕਿਹਾ ਕਿ ਜੇਕਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਸਮੂਹ ਪੰਥਕ ਜਥੇਬੰਦੀਆਂ ਨੂੰ ਨਾਲ ਲੈ ਕੇ ਬਾਦਲਾਂ ਵਿਰੁੱਧ ਸੰਘਰਸ਼ ਵਿੱਢਣ ਤੋਂ ਵੀ ਪਿੱਛੇ ਨਹੀਂ ਹਟਿਆ ਜਾਵੇਗਾ। ਸ. ਸਰਨਾ ਨੇ ਕਿਹਾ ਕਿ ਪੰਜਾਬ ਸਰਕਾਰ ਸੱਚਮੁੱਚ 'ਸੈਕੂਲਰ ਸਰਕਾਰ' ਕਹਾਉਂਦੀ ਹੈ ਤਾਂ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨ ਦੀ ਪੱਗ ਉਛਾਲਣ ਦੀ ਘਟਨਾ ਨਾਲ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਵੱਜੀ ਸੱਟ ਲਈ ਉਹ ਤੁਰੰਤ ਅਕਾਲ ਤਖ਼ਤ 'ਤੇ ਪਹੁੰਚ ਕੇ ਆਪਣੀ ਗ਼ਲਤੀ ਮੰਨਣ।

ਉਨ੍ਹਾਂ ਕਿਹਾ ਕਿ ਇਹ ਇਕੱਲੇ ਸਿੱਖ ਨੌਜਵਾਨ ਦੀ ਪੱਗ ਦਾ ਨਹੀਂ ਬਲਕਿ ਸਮੁੱਚੀ ਸਿੱਖ ਕੌਮ ਦੀ ਪੱਗ ਦਾ ਮਸਲਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਪੱਗ ਦੇ ਮਸਲੇ 'ਚ ਪੰਜਾਬ ਸਰਕਾਰ ਨੂੰ ਝਾੜ ਲਾ ਕੇ ਦਲੇਰਾਨਾ ਕਦਮ ਪੁੱਟਿਆ ਹੈ।

ਉਨ੍ਹਾਂ ਕਿਹਾ ਕਿ ਇਕ ਪਾਸੇ ਯੂਰਪੀਨ ਮੁਲਕਾਂ ਦੇ ਸਿੱਖ ਹਵਾਈ ਅੱਡਿਆਂ 'ਤੇ ਸੁਰੱਖਿਆ ਦੇ ਨਾਂ 'ਤੇ ਦਸਤਾਰ ਨੂੰ ਪੈਰਾਂ ਹੇਠ ਰੋਲਣ ਦੀ ਕਾਰਵਾਈਆਂ ਵਿਰੁੱਧ ਡਟੇ ਹੋਏ ਹਨ ਪਰ ਸਿੱਖੀ ਦੇ ਘਰ ਪੰਜਾਬ 'ਚ ਇਕ ਸਿੱਖ ਮੁੱਖ ਮੰਤਰੀ ਦੀ ਮੌਜੂਦਗੀ 'ਚ ਪੱਗ ਦੀ ਬੇਅਦਬੀ ਹੋਣਾ ਅਤਿ ਸ਼ਰਮਨਾਕ ਕਾਰਾ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਖ਼ਾਲਸਾ ਕਾਲਜ ਨੂੰ ਯੂਨੀਵਰਸਿਟੀ 'ਚ ਤਬਦੀਲ ਕਰਨ ਦੇ ਫ਼ੈਸਲੇ ਨੂੰ ਉਨ੍ਹਾਂ ਬਾਦਲ ਸਰਕਾਰ ਵੱਲੋਂ ਪੰਥਕ ਵਿਰਾਸਤ ਨੂੰ ਖ਼ਤਮ ਕਰਨ ਦੀ ਡੂੰਘੀ ਸਾਜ਼ਿਸ਼ ਦੱਸਿਆ ਤੇ ਕਿਹਾ ਕਿ ਖ਼ਾਲਸਾ ਕਾਲਜ ਨੂੰ ਯੂਨੀਵਰਸਿਟੀ 'ਚ ਬਦਲ ਕੇ ਬਾਦਲ ਪਰਿਵਾਰ ਇਸ ਨੂੰ ਪੰਥਕ ਦੀ ਥਾਂ ਨਿੱਜੀ ਵਿਰਾਸਤ ਬਣਾਉਣ ਲਈ ਯਤਨਸ਼ੀਲ ਹਨ ਪਰ ਅਸੀਂ ਅਜਿਹਾ ਕਦੇ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਜੇ ਯੂਨੀਵਰਸਿਟੀ ਬਨਾਉਣੀ ਹੀ ਹੈ ਤਾਂ ਕਿਥੇ ਹੋਰ ਬਣਾਉ ਅਸੀ ਵੀ ਸਹਿਯੋਗ ਕਰਨ ਲਈ ਤਿਆਰ ਹਾਂ।

# ਖਡੂਰ ਸਾਹਿਬ ਵਿਚ 'ਨਿਸ਼ਾਨ-ਏ-ਸਿੱਖੀ' ਕਾਇਮ

**ਖਡੂਰ ਸਾਹਿਬ:** ਖਡੂਰ ਸਾਹਿਬ ਵਿਖੇ ਉਸਾਰਿਆ ਜਾ ਰਿਹਾ 'ਨਿਸ਼ਾਨ-ਏ-ਸਿੱਖੀ' ਟਾਵਰ ਬਣ ਕੇ ਤਿਆਰ ਹੋ ਚੁੱਕਾ ਹੈ ਜਿਹੜਾ 18 ਅਪਰੈਲ ਨੂੰ ਕੌਮ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਪ੍ਰਸਿੱਧ ਵਿਦਵਾਨ ਤੇ 'ਨਿਸ਼ਾਨ-ਏ-ਸਿੱਖੀ' ਦੇ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਡਾ. ਰਘਬੀਰ ਸਿੰਘ ਬੈਂਸ ਨੇ ਦੱਸਿਆ ਕਿ 'ਨਿਸ਼ਾਨ-ਏ-ਸਿੱਖੀ' ਦਾ ਨੀਂਹ ਪੱਥਰ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਮੌਕੇ 18 ਅਪਰੈਲ 2004 ਨੂੰ ਰੱਖਿਆ ਗਿਆ ਸੀ ਜਦੋਂਕਿ ਇਸ ਦਾ ਨਿਰਮਾਣ ਕਾਰਜ 5 ਜਨਵਰੀ 2006 ਨੂੰ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਆਰੰਭਿਆ ਗਿਆ ਸੀ। ਡਾ. ਬੈਂਸ ਨੇ ਦੱਸਿਆ ਕਿ 'ਨਿਸ਼ਾਨ-ਏ-ਸਿੱਖੀ' ਦਾ ਉਦਘਾਟਨ ਸਿੰਗਾਪੁਰ ਨਿਵਾਸੀ ਕਰਤਾਰ ਸਿੰਘ ਠੁਕਰਾਲ ਵੱਲੋਂ ਕੀਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ 'ਨਿਸ਼ਾਨ-ਏ-ਸਿੱਖੀ' ਪੰਜਾਬ ਦੇ ਵਿਦਿਆਰਥੀਆਂ ਤੇ ਖਾਸ ਤੌਰ 'ਤੇ ਸਿੱਖਾਂ ਲਈ ਇਕ ਅਹਿਮ ਕੇਂਦਰ ਹੋਵੇਗਾ ਜਿਸ ਵਿਚ ਗੁਰਮਤਿ ਅਨੁਸਾਰ ਅਧਿਆਤਮਕ, ਵਿਦਿਅਕ, ਸੱਭਿਆਚਾਰਕ ਤੇ ਵਾਤਾਵਰਣ ਸੰਭਾਲ ਗਤੀਵਿਧੀਆਂ ਨੂੰ ਸਮਾਜ ਵਿਚ ਪ੍ਰਚੰਡ ਕਰਨ ਲਈ ਸਿਖਲਾਈ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਇਮਾਰਤ ਦੀ ਉਸਾਰੀ ਪਿੱਛੇ ਸਭ ਤੋਂ ਜ਼ਿਆਦਾ ਅਹਿਮ ਯੋਗਦਾਨ ਵਾਤਾਵਰਣ ਪ੍ਰੇਮੀ ਤੇ ਸਮਾਜ ਸੁਧਾਰਕ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਦਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਪਹਿਲੀ ਮੰਜ਼ਲ ਉੱਤੇ ਪ੍ਰਸ਼ਾਸਨਿਕ ਕੇਂਦਰ ਤੋਂ ਇਲਾਵਾ ਇਕ ਡਿਜੀਟਲ ਲਾਇਬਰੇਰੀ ਵੀ ਕਾਇਮ ਕੀਤੀ ਗਈ ਹੈ ਜਦੋਂਕਿ ਦੂਸਰੀਆਂ ਮੰਜ਼ਲਾਂ ਵਿਚ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਕੁਦਰਤੀ ਵਾਤਾਵਰਣ ਦੀ ਸੰਭਾਲ ਸਬੰਧੀ ਕੇਂਦਰ ਤੇ ਗੁਰੂ ਅੰਗਦ ਦੇਵ ਜੀ ਦੇ ਨਾਂ ਉੱਪਰ ਮੁਕਾਬਲੇ ਦੀ ਪ੍ਰੀਖਿਆ ਤੇ ਕੈਰੀਅਰ ਕੋਰਸ ਤੇ ਗਾਈਡੈਂਸ ਸੈਂਟਰ ਵੀ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਹਿਯੋਗ ਨਾਲ ਐਮ.ਏ. ਗੁਰਮਤਿ ਵੀ ਸ਼ੁਰੂ ਕੀਤੀ ਜਾਵੇਗੀ।

## ਖਾਲਸਾ ਵਿਰਾਸਤੀ ਕੰਪਲੈਕਸ ਹੋਵੇਗਾ ਸਤੰਬਰ 'ਚ ਮੁਕੰਮਲ

**ਚੰਡੀਗੜ੍ਹ:** ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਠਵੇਂ ਅਜੂਬੇ ਵਜੋਂ ਸਥਾਪਤ ਕੀਤੇ ਜਾ ਰਹੇ ਖਾਲਸਾ ਵਿਰਾਸਤੀ ਕੰਪਲੈਕਸ ਨੂੰ ਪਹਿਲੀ ਸਤੰਬਰ ਤੱਕ ਤਿਆਰ ਕਰਕੇ ਸੰਗਤ ਲਈ ਖੋਲ੍ਹ ਦਿੱਤਾ ਜਾਵੇਗਾ। ਇਹ ਫੈਸਲਾ 8 ਅਪਰੈਲ ਨੂੰ ਆਨੰਦਪੁਰ ਸਾਹਿਬ ਫਾਉਂਡੇਸ਼ਨ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ 'ਚ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਫਾਊਂਡੇਸ਼ਨ ਦੀ ਕਾਰਜਕਾਰੀ ਕਮੇਟੀ ਦੇ ਚੇਅਰਪਰਸਨ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਖਾਲਸਾ ਵਿਰਾਸਤ ਕੰਪਲੈਕਸ ਵਿਖੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ।

ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਇਸ ਕੰਪਲੈਕਸ ਨੂੰ ਦੋ ਪੜਾਵਾਂ ਵਿਚ ਵੰਡ ਕੇ ਕੰਮ ਸੰਪੂਰਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਲਾਰਸਨ ਐਂਡ ਟੂਬਰੋ ਕੰਪਨੀ ਵੱਲੋਂ ਕੰਪਲੈਕਸ ਦੇ ਸਿਵਲ ਨਿਰਮਾਣ ਦਾ ਕਾਰਜ ਤਕਰੀਬਨ ਪੂਰਾ ਹੋ ਚੁੱਕਾ ਹੈ ਜਦਕਿ ਸਿੱਖ ਇਤਿਹਾਸ ਤੇ ਵਿਰਸੇ ਨਾਲ ਸਬੰਧਿਤ ਵੱਖ-ਵੱਖ ਗੈਲਰੀਆਂ ਵਿਚ ਤਸਵੀਰਾਂ ਤੇ ਕਲਾ-ਕਿਰਤਾਂ ਨੂੰ ਲਾਉਣ ਦਾ ਕਾਰਜ ਚੱਲ ਰਿਹਾ ਹੈ। ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਲਾਇਬਰੇਰੀ ਸਮੇਤ ਪੰਜ ਗੈਲਰੀਆਂ ਦਾ ਕਾਰਜ ਪਹਿਲੀ ਸਤੰਬਰ ਤੱਕ ਮੁਕੰਮਲ ਕਰਕੇ ਸੰਗਤ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਜਾਵੇ ਤੇ ਬਾਕੀ ਰਹਿੰਦਾ ਕੰਮ 30 ਨਵੰਬਰ ਤੱਕ ਮੁਕੰਮਲ ਕੀਤਾ ਜਾਵੇ।

ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਵਿਰਾਸਤੀ ਕੰਪਲੈਕਸ ਵਿਚ ਸਥਾਪਤ ਹੋਣ ਵਾਲੀ ਖਾਲਸਾ ਹੈਰੀਟੇਜ ਲਾਇਬਰੇਰੀ 'ਚ ਧਰਮ, ਸੰਗੀਤ, ਗੁਰਬਾਣੀ, ਇਤਿਹਾਸਕ ਤੇ ਵਿਰਸੇ ਨਾਲ ਸਬੰਧਿਤ ਪੁਸਤਕਾਂ ਅਤੇ ਹੋਰ ਮਹੱਤਵਪੂਰਣ ਹਵਾਲਾ ਸਮੱਗਰੀ ਨੂੰ ਕੰਪਿਊਟਰੀਕ੍ਰਿਤ ਕਰਕੇ ਸਾਫਟਵੇਅਰ ਰਾਹੀਂ ਉਥੇ ਪਹੁੰਚਣ ਵਾਲੀ ਸੰਗਤ ਲਈ ਮੁਫ਼ਤ ਮੁਹੱਈਆ ਕਰਵਾਇਆ ਜਾਵੇ। ਜ਼ਿਕਰਯੋਗ ਹੈ ਕਿ ਖਾਲਸੇ ਦੀ ਜਨਮ ਭੂਮੀ 'ਤੇ ਲੰਮੇ ਸਮੇਂ ਤੋਂ ਇਹ ਪ੍ਰਾਜੈਕਟ ਅਧੂਰੇ ਪਏ ਹਨ ਜਿਸ ਕਰਕੇ ਸਰਕਾਰ ਦੀ ਕਾਫੀ ਅਲੋਚਨਾ ਹੋਈ ਹੈ। ਹੁਣ ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਸਰਕਾਰ ਨੇ ਇਸ ਅਧੂਰੇ ਕੰਮ ਨੂੰ ਜਲਦ ਪੂਰਾ ਕਰਨ ਦਾ ਫ਼ੈਸਲਾ ਲਿਆ ਹੈ।

# ਬਾਦਲ ਲਾਣੇ ਨੇ ਪੰਜਾਬ ਨੂੰ ਲੁੱਟ ਕੇ ਵਿਦੇਸ਼ਾਂ 'ਚ ਜਾਇਦਾਦ ਬਣਾਈ:ਕੈਪਟਨ

**ਅੰਮ੍ਰਿਤਸਰ:** "ਬਾਦਲਾਂ ਦੇ ਲਾਣੇ ਨੇ ਪੰਜਾਬ ਨੂੰ ਲੁੱਟ ਕੇ ਵਿਦੇਸ਼ਾਂ 'ਚ ਜਾਇਦਾਦ ਖ਼ਰੀਦਣ ਤੋਂ ਸਿਵਾ ਕੁਝ ਨਹੀਂ ਕੀਤਾ ਜਿਸ ਦੀ ਤਾਜ਼ਾ ਮਿਸਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਨਿਜੀ ਹੱਥਾਂ ਵਿਚ ਦੇਣ ਤੋਂ ਮਿਲਦੀ ਹੈ।'' ਇਹ ਦੋਸ਼ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ 8 ਅਪਰੈਲ ਨੂੰ ਹਲਕਾ ਪੱਟੀ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਲਾਏ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਵਿਦੇਸ਼ਾਂ ਵਿਚ ਜਾਇਦਾਦਾਂ ਬਣਾ ਕੇ ਪੰਜਾਬ ਕੰਗਾਲ ਕਰ ਦਿੱਤਾ ਹੈ ਤੇ ਖ਼ਾਲਸਾ ਕਾਲਜ ਦਾ ਕਬਜ਼ਾ ਆਪਣੇ ਨਜ਼ਦੀਕੀ ਰਿਸ਼ਤੇਦਾਰ ਮਜੀਠੀਆ ਨੂੰ ਦੇਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਸਭ ਤੋਂ ਪਹਿਲਾ ਕੰਮ ਯੂਨੀਵਰਸਿਟੀ ਨੂੰ ਖ਼ਤਮ ਕਰਨ ਦਾ ਕੀਤਾ ਜਾਵੇਗਾ।

ਇਸ ਮੌਕੇ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਖ਼ਬਾਰਾਂ ਵਿਚ ਬਿਆਨ ਦੇ ਹੇ ਹਨ ਕਿ ਭ੍ਰਿਸ਼ਟਾਚਾਰ ਮਾੜਾ ਹੈ ਪਰ ਅਸਲੀਅਤ ਇਹ ਹੈ ਕਿ ਜੇ ਬਾਦਲ ਪਰਿਵਾਰ ਭ੍ਰਿਸ਼ਟ ਨਹੀਂ ਤਾਂ ਕੋਈ ਵੀ ਭ੍ਰਿਸ਼ਟ ਨਹੀਂ। ਉਨ੍ਹਾਂ ਕਿਹਾ ਕਿ ਇਹ ਪਰਿਵਾਰ ਤੇ ਇਸ ਦੇ ਸਾਰੇ ਰਿਸ਼ਤੇਦਾਰ ਆਨੇ-ਬਹਾਨੇ ਪੰਜਾਬ ਨੂੰ ਲੁੱਟ ਰਹੇ ਹਨ ਜਦਕਿ ਲੋਕ ਸਿਹਤ ਤੇ ਸਿੱਖਿਆ ਸਹੂਲਤਾਂ ਨੂੰ ਤਰਸ ਰਹੇ ਹਨ। ਮੁੱਖ ਮੰਤਰੀ 'ਤੇ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਪਿਛਲੇ 10 ਸਾਲ ਤੋਂ ਪ੍ਰਕਾਸ਼ ਸਿੰਘ ਬਾਦਲ ਦੀ ਉਮਰ 80 ਸਾਲ ਸੁਣਦੇ ਆ ਰਹੇ ਹਨ ਤੇ ਹੁਣ ਉਨ੍ਹਾਂ ਵਿਚ ਇੰਨੀ ਸੂਝਬੂਝ ਨਹੀਂ ਰਹੀ ਕਿ ਪੰਜਾਬ ਦਾ ਭਲਾ ਕਰ ਸਕਣ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵੱਲੋਂ ਨਰੇਗਾ ਸਕੀਮ ਤਹਿਤ 600 ਕਰੋੜ ਰੁਪਏ ਭੇਜੇ ਗਏ ਪਰ ਇਸ 'ਚੋਂ ਸਿਰਫ਼ 121 ਕਰੋੜ ਰੁਪਏ ਵਰਤੇ ਗਏ। ਉਨ੍ਹਾਂ ਕਿਹਾ ਕਿ ਅਕਾਲੀ ਸਰਪੰਚ ਅਪਣੀ ਮਨਮਰਜ਼ੀ ਨਾਲ ਨਰੇਗਾ ਕਾਰਡ ਬਣਾ ਰਹੇ ਹਨ ਤੇ ਕਾਂਗਰਸ ਸਮਰਥਕਾਂ ਦੇ ਕਾਰਡ ਨਹੀਂ ਬਣਾਏ ਜਾ ਰਹੇ।



ਪੱਟੀ ਵਿਖੇ ਕਾਂਗਰਸ ਰੈਲੀ ਦੌਰਾਨ ਮੰਚ 'ਤੇ ਕੈਪਟਨ ਅਮਰਿੰਦਰ ਸਿੰਘ, ਲਾਲ ਸਿੰਘ ਤੇ ਹੋਰ ਆਗੂ।

# ਭਾਰਤ 'ਚ ਪੰਜਾਬੀ ਮਾਂ-ਬੋਲੀ ਦੇ 'ਪੁੱਤਰਾਂ' ਵਿਚ ਵਾਧਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀਆਂ ਲਈ ਇਹ ਖੁਸ਼ੀ ਦੀ ਗੱਲ ਹੈ ਕਿ 1971 ਤੋਂ ਬਾਅਦ ਪੰਜਾਬੀ ਨੂੰ ਮਾਂ-ਬੋਲੀ ਮੰਨਣ ਵਾਲਿਆਂ ਦੀ ਗਿਣਤੀ 'ਚ ਲਗਾਤਾਰ ਇਜ਼ਾਫ਼ਾ ਹੋ ਰਿਹਾ ਹੈ। ਦੇਸ਼ ਦੀਆਂ ਪਿਛਲੀਆਂ ਚਾਰ ਮਰਦਮਸ਼ੁਮਾਰੀਆਂ ਦੇ ਅੰਕੜੇ ਖੇਤਰੀ ਭਾਸ਼ਾਵਾਂ ਨੂੰ ਦਰਪੇਸ਼ ਚੁਣੌਤੀਆਂ ਦੀ ਗਵਾਹੀ ਭਰਦੇ ਹਨ ਕਿਉਂਕਿ ਦੇਸ਼ ਦੀਆਂ ਪ੍ਰਮੁੱਖ ਖੇਤਰੀ ਭਾਸ਼ਾਵਾਂ ਨੂੰ ਆਪਣੀ ਮਾਂ-ਬੋਲੀ ਵਜੋਂ ਦਰਜ ਕਰਾਉਣ ਵਾਲਿਆਂ ਦਾ ਅਨੁਪਾਤ ਦੇਸ਼ ਦੀ ਕੁੱਲ ਆਬਾਦੀ ਵਿਚ ਲਗਾਤਾਰ ਘਟ ਰਹੀ ਹੈ।

ਇਸ ਘਟ ਰਹੀ ਗਿਣਤੀ ਵਿਚ ਬੰਗਾਲੀ, ਤੇਲਗੂ, ਤਾਮਿਲ, ਮਲਿਆਲਮ, ਮਰਾਠੀ, ਕੰਨੜ, ਉੜੀਆ, ਉਰਦੂ, ਗੁਜਰਾਤੀ ਤੇ ਆਸਾਮੀ ਭਾਸ਼ਾਵਾਂ ਦੇ ਲੋਕ ਸ਼ਾਮਲ ਹਨ ਜਦਕਿ ਰਾਸ਼ਟਰ ਭਾਸ਼ਾ ਵਜੋਂ ਮਾਨਤਾ ਪ੍ਰਾਪਤ 'ਹਿੰਦੀ' ਨੂੰ ਮਾਂ-ਬੋਲੀ ਵਜੋਂ ਅਪਣਾਉਣ ਵਾਲਿਆਂ ਵਿਚ 1971 ਤੋਂ 2001 ਤੱਕ ਦੇ 30 ਸਾਲਾਂ ਵਿਚ ਚਾਰ ਫੀਸਦੀ ਦਾ ਵਾਧਾ ਹੋਇਆ ਹੈ। ਪੰਜਾਬੀ ਭਾਸ਼ਾ ਨੂੰ 1971 ਵਿਚ 1 ਕਰੋੜ 41 ਲੱਖ 8 ਹਜ਼ਾਰ 443 ਲੋਕਾਂ ਨੇ ਆਪਣੀ ਮਾਂ-ਬੋਲੀ ਵਜੋਂ ਦਰਜ ਕਰਵਾਇਆ ਜੋ ਕਿ ਕੁੱਲ ਆਬਾਦੀ ਦਾ 2.57 ਫੀਸਦੀ ਸੀ। 1981 ਵਿਚ ਇਹ ਗਿਣਤੀ ਵਧ ਕੇ 2.95 ਫੀਸਦੀ, 1991 ਵਿਚ 2.79 ਫੀਸਦੀ ਜਦਕਿ 2001 ਵਿਚ 2.83 ਫੀਸਦੀ ਹੋ ਗਈ ਜੋ ਕਿ ਲਗਾਤਾਰ ਵਾਧਾ ਦਰਸਾਉਂਦੀ ਹੈ।

1971 ਦੀ ਮਰਦਮਸ਼ੁਮਾਰੀ ਵੇਲੇ ਦੇਸ਼ ਦੀ ਕੁੱਲ ਆਬਾਦੀ 54 ਕਰੋੜ 81 ਲੱਖ 59 ਹਜ਼ਾਰ 625 'ਚੋਂ 20 ਕਰੋੜ 27 ਲੱਖ 67 ਹਜ਼ਾਰ 971 ਲੋਕਾਂ ਨੇ ਆਪਣੀ ਮਾਤ ਭਾਸ਼ਾ ਹਿੰਦੀ ਦਰਜ ਕਰਵਾਈ ਸੀ ਜੋ ਕੁੱਲ ਆਬਾਦੀ ਦਾ 36.99 ਫੀਸਦੀ ਹਿੱਸਾ ਸਨ। 1981 ਵਿਚ ਇਨ੍ਹਾਂ ਦਾ ਹਿੱਸਾ 38.74 ਫੀਸਦੀ, 1991 ਦੌਰਾਨ 39.29 ਫੀਸਦੀ ਜਦਕਿ 2001 ਦੀ ਪਿਛਲੀ ਮਰਦਮਸ਼ੁਮਾਰੀ ਵੇਲੇ ਇਹ ਅਨੁਪਾਤ ਕੁੱਲ ਆਬਾਦੀ ਦਾ 41.03 ਫੀਸਦੀ ਰਹੀ। ਹਿੰਦੀ ਭਾਸ਼ਾਈ ਲੋਕਾਂ ਦੀ ਗਿਣਤੀ ਵਿਚ ਹਰ ਦਹਾਕੇ ਦੌਰਾਨ ਲਗਾਤਰ ਵਾਧਾ ਹੁੰਦਾ ਰਿਹਾ ਹੈ।



ਬੰਗਾਲੀ ਦਾ ਦੇਸ਼ ਦੀ ਕੁੱਲ ਆਬਾਦੀ ਵਿਚ ਹਿੱਸਾ 1971 ਦੇ 8.17 ਦੇ ਮੁਕਾਬਲੇ 2001 ਤੱਕ ਪੁੱਜਦਿਆਂ 8.11 ਰਹਿ ਗਿਆ ਹੈ। ਤੀਜੀ ਵੱਡੀ ਖੇਤਰੀ ਭਾਸ਼ਾ ਤੇਲਗੂ ਵੀ 1971 ਦੇ 8.16 ਫੀਸਦੀ ਦੇ ਮੁਕਾਬਲੇ 2001 ਤੱਕ ਘਟ ਕੇ 7.19 ਫੀਸਦੀ 'ਤੇ ਪੁੱਜ ਗਈ ਹੈ। ਚੌਥੇ ਨੰਬਰ ਵਾਲੇ ਮਰਾਠਿਆਂ ਦਾ ਹਿੱਸਾ ਵੀ ਅੱਧਾ ਫੀਸਦੀ ਤੋਂ ਵਧੇਰੇ ਘਟ ਕੇ 1971 ਦੇ 7.69 ਦੇ ਮੁਕਾਬਲੇ 2001 ਵਿਚ 6.99 ਫੀਸਦੀ ਹੀ ਰਹਿ ਗਿਆ ਸੀ। ਇਹੀ ਹਾਲ ਤਾਮਿਲਾਂ ਦਾ ਹੈ ਜਿਨ੍ਹਾਂ ਦਾ 1971 ਦੀ ਮਰਦਮਸ਼ੁਮਾਰੀ ਦੌਰਾਨ ਦੇਸ਼ ਦੀ ਕੁੱਲ ਆਬਾਦੀ ਵਿਚ 6.88 ਫੀਸਦੀ ਹਿਸਾ ਸੀ ਪਰ 30 ਵਰ੍ਹਿਆਂ ਬਾਅਦ 2001 ਵਿਚ ਇਹ ਘਟ ਕੇ 5.91 ਫੀਸਦੀ 'ਤੇ ਪੁੱਜ ਗਿਆ। ਇਸ ਤਰ੍ਹਾਂ ਤਾਮਿਲਾਂ ਦਾ ਦੇਸ਼ ਦੀ ਕੁੱਲ ਆਬਾਦੀ ਵਿਚ ਹਿੱਸਾ ਤਕਰੀਬਨ ਇਕ ਫੀਸਦੀ ਘਟ ਗਿਆ।

ਉਰਦੂ ਭਾਸ਼ਾ ਨੂੰ ਮਾਂ-ਬੋਲੀ ਦੱਸਣ ਵਾਲਿਆਂ ਦੀ ਗਿਣਤੀ 1971 ਵਿਚ 2 ਕਰੋੜ 86 ਲੱਖ 21 ਹਜ਼ਾਰ ਦੇ ਕਰੀਬ ਸੀ ਜੋ ਕੁੱਲ ਆਬਾਦੀ ਦਾ 5.22 ਹਿੱਸਾ ਸੀ ਪਰ ਇਹ 2001 ਵਿਚ ਘਟ ਕੇ ਇਹ ਹਿੱਸਾ 5.1 ਫੀਸਦੀ ਰਹਿ ਗਿਆ ਸੀ। ਗੁਜਰਾਤੀ ਭਾਸ਼ਾ ਦਾ ਹਿੱਸਾ 1971 ਦੇ 4.72 ਫੀਸਦੀ ਤੋਂ ਘਟ ਕੇ 2001 ਤੱਕ 4.48 ਫੀਸਦੀ ਜਦਕਿ ਕੰਨੜ ਭਾਸ਼ਾ ਦਾ 1971 ਦੇ 3.96 ਫੀਸਦੀ ਤੋਂ ਘਟ ਕੇ 3.69 ਫੀਸਦੀ ਹੋ ਗਿਆ। ਇਸੇ ਤਰ੍ਹਾਂ ਮਲਿਆਲਮ ਭਾਸ਼ਾ ਦਾ ਹਿੱਸਾ 1971 ਦੇ 4 ਫੀਸਦੀ ਤੋਂ ਘਟ ਕੇ 2001 ਵਿਚ 3.21 ਫੀਸਦੀ 'ਤੇ ਪੁੱਜ ਗਿਆ ਸੀ।

ਹੈਰਾਨੀਜਨਕ ਤੱਥ ਇਹ ਹੈ ਕਿ ਬਹੁਗਿਣਤੀ ਹਿੰਦੀ ਭਾਸ਼ਾਈ ਲੋਕਾਂ ਵੱਲੋਂ ਆਪਣੇ ਧਾਰਮਿਕ ਰੀਤੀ ਰਿਵਾਜ਼ ਨਿਭਾਉਣ ਮੌਕੇ ਪੁਜਾਰੀਆਂ ਵੱਲੋਂ ਵਰਤੀ ਜਾਂਦੀ ਤੇ ਦੇਸ਼ ਦੀ ਸਭ ਤੋਂ ਪੁਰਾਣੀ ਭਾਸ਼ਾ ਆਖੀ ਜਾਂਦੀ 'ਸੰਸਕ੍ਰਿਤ' ਭਾਸ਼ਾ ਨੂੰ ਮਾਂ-ਬੋਲੀ ਦੱਸਣ ਵਾਲਿਆਂ ਦੀ ਗਿਣਤੀ 2001 ਦੀ ਮਰਦਮਸ਼ੁਮਾਰੀ ਮੌਕੇ ਪੂਰੇ ਦੇਸ਼ ਵਿਚ ਸਿਰਫ 14135 ਸੀ। ਜ਼ਿਕਰਯੋਗ ਹੈ ਕਿ ਇਨ੍ਹਾਂ ਭਾਸ਼ਾਵਾਂ ਦੇ ਲੋਕਾਂ ਦੀ ਆਬਾਦੀ ਵਿਚ ਭਾਵੇਂ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਹਿੰਦੀ ਭਾਸ਼ਾਈਆਂ ਦੇ ਮੁਕਾਬਲੇ ਘੱਟ ਵਾਧੇ ਕਾਰਨ ਦੇਸ਼ ਦੀ ਕੁੱਲ ਆਬਾਦੀ ਵਿਚ ਉਨ੍ਹਾਂ ਦਾ ਹਿੱਸਾ ਲਗਾਤਾਰ ਘਟਦਾ ਜਾ ਰਿਹਾ ਹੈ ਜੋ ਕਿ ਭਾਸ਼ਾ ਵਿਗਿਆਨੀਆਂ ਤੇ ਖੇਤਰੀ ਭਾਸ਼ਾਵਾਂ ਦੇ ਸਾਹਿਤਕਾਰਾਂ ਲਈ ਚਿੰਤਾ ਦਾ ਵਿਸ਼ਾ ਹੈ।

# ਹਰਿਆਣਾ 'ਚ ਪੰਜਾਬੀ ਦਾ ਸਤਿਕਾਰ ਵਧਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ 'ਚ ਦੂਜੀ ਭਾਸ਼ਾ ਦਾ ਦਰਜਾ ਮਿਲਣ ਤੋਂ ਬਾਅਦ ਹੁਣ ਸੂਬੇ 'ਚ ਪੰਜਾਬੀ ਭਾਸ਼ਾ ਦੇ ਦੀਵਾਨਿਆਂ ਦੀ ਗਿਣਤੀ ਵੀ ਵਧਣ ਲੱਗੀ ਹੈ ਤੇ ਖ਼ਾਸ ਕਰ ਸਕੂਲੀ ਬੱਚੇ ਪੰਜਾਬੀ 'ਚ ਵਿਸ਼ੇਸ਼ ਰੁਚੀ ਵਿਖਾ ਰਹੇ ਹਨ। ਹਰਿਆਣਾ ਦੇ ਚਾਰ ਜ਼ਿਲ੍ਹਿਆਂ ਦੇ ਸਕੂਲਾਂ ਨੂੰ ਪੰਜਾਬੀ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਵੱਲੋਂ ਸਭ ਤੋਂ ਵੱਧ ਹੁੰਗਾਰਾ ਮਿਲਿਆ ਹੈ। ਇਸ ਕਰਕੇ ਹਰਿਆਣਾ ਸਰਕਾਰ ਵੱਲੋਂ ਪੰਜਾਬੀ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਨਵੀਂ ਭਰਤੀ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ। ਹਰਿਆਣਾ ਦੀ ਸਿੱਖਿਆ ਮੰਤਰੀ ਗੀਤਾ ਭੁੱਕਲ ਅਨੁਸਾਰ ਸਰਕਾਰੀ ਸਕੂਲਾਂ ਵਿਚ 20 ਵਿਦਿਆਰਥੀਆਂ ਪਿੱਛੇ ਇਕ ਪੰਜਾਬੀ ਮਾਧਿਅਮ ਦਾ ਵੱਖਰਾ ਸੈਕਸ਼ਨ ਬਨਾਉਣ ਦਾ ਫੈਸਲਾ ਲਿਆ ਗਿਆ ਹੈ।

**ਚਾਰ ਜ਼ਿਲ੍ਹਿਆਂ 'ਚ ਵੱਡੀ ਗਿਣਤੀ ਬੱਚਿਆਂ ਨੇ ਪੰਜਾਬੀ ਪੜ੍ਹਨ ਦੀ ਇੱਛਾ ਪ੍ਰਗਟਾਈ**

ਪਹਿਲੀ ਅਪਰੈਲ ਤੋਂ ਸਰਕਾਰੀ ਸਕੂਲਾਂ ਵਿਚ ਸ਼ੁਰੂ ਹੋਏ ਦਾਖਲੇ ਦੇ ਹੁਣ ਤੱਕ ਪ੍ਰਾਪਤ ਹੋਏ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਦੇ ਜ਼ਿਲ੍ਹਾ ਕੁਰਕਸ਼ੇਤਰ, ਸਿਰਸਾ, ਕੈਥਲ ਤੇ ਯਮੁਨਾ ਨਗਰ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਨ ਦੇ ਚਾਹਵਾਨ ਬੱਚੇ ਵੱਡੀ ਗਿਣਤੀ ਵਿਚ ਦਾਖਲਾ ਲੈਣ ਲੱਗੇ ਹਨ। ਸਰਕਾਰ ਵੱਲੋਂ ਸਕੂਲਾਂ 'ਚ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਨੂੰ ਦੇਖਦਿਆਂ ਪੰਜਾਬੀ ਅਧਿਆਪਕਾਂ ਦੀ ਭਰਤੀ ਕਰਨ ਦਾ ਫੈਸਲਾ ਲਿਆ ਗਿਆ ਹੈ। ਹਰਿਆਣਾ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕ ਤੇ ਵਿਦਿਆਰਥੀ ਅਨੁਪਾਤ 1/ 30 ਤੈਅ ਕੀਤਾ ਗਿਆ ਹੈ। ਇਸ ਤਰ੍ਹਾਂ 12 ਹਜ਼ਾਰ ਦੇ ਕਰੀਬ ਨਵੇਂ ਅਧਿਆਪਕ ਭਰਤੀ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਵਿਚ ਪੰਜਾਬੀ ਦੇ ਅਧਿਆਪਕ ਵੀ ਸ਼ਾਮਲ ਹਨ। ਸਰਕਾਰ ਨੇ ਰਾਜ ਦੇ ਸਾਰੇ ਸਰਕਾਰੀ ਸਕੂਲਾਂ 'ਚੋਂ ਪੰਜਾਬੀ ਦੀ ਪੜ੍ਹਾਈ ਕਰਨ ਵਾਲੇ ਬੱਚਿਆਂ ਦੀ ਸਹੀ ਗਿਣਤੀ ਮੰਗੀ ਹੈ।

ਉਧਰ ਹਰਿਆਣਾ ਦੇ ਕਾਲਜਾਂ ਵਿਚ ਵੀ ਪੰਜਾਬੀ ਦੇ ਲੈਕਚਰਾਰਾਂ ਦੀਆਂ ਆਸਾਮੀਆਂ ਭਰਨ ਦੀ ਮੰਗ ਆਈ ਹੈ ਤੇ ਕਾਲਜਾਂ ਵਿਚ ਵੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਨਿਯਮਾਂ ਮੁਤਾਬਕ ਭਰਤੀ ਦੇ ਨਿਯਮ ਬਣਾਏ ਜਾ ਰਹੇ ਹਨ। ਹਰਿਆਣਾ ਦੀ ਸਿੱਖਿਆ ਮੰਤਰੀ ਨੇ ਦਾਅਵਾ ਕੀਤਾ ਕਿ ਰਾਜ ਸਰਕਾਰ ਵੱਲੋਂ ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਪਿੱਛੋਂ ਪੰਜਾਬੀ ਬੋਲੀ ਦਾ ਮਾਣ ਵਧਿਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰਾਜ ਸਰਕਾਰ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ ਤੇ ਸਰਕਾਰ ਵੱਲੋਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵਾਸਤੇ ਦਿਲ ਖੋਲ੍ਹ ਕੇ ਫੰਡ ਦਿੱਤੇ ਜਾ ਰਹੇ ਹਨ। ਉਨ੍ਹਾਂ ਨੇ ਹਰਿਆਣਾ ਦੀ ਸਕੂਲੀ ਸਿੱਖਿਆ ਵਿਚ ਕੀਤੇ ਜਾ ਰਹੇ ਸੁਧਾਰਾਂ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵਧਾਉਣ ਲਈ ਅੱਠਵੀਂ ਤੱਕ ਪੜ੍ਹਾਈ ਮੁਫਤ ਕਰ ਦਿੱਤੀ ਗਈ ਹੈ । ਇਸ ਫੈਸਲੇ ਨਾਲ ਰਾਜ ਸਰਕਾਰ 'ਤੇ ਪ੍ਰਤੀ ਸਾਲ 16 ਕਰੋੜ ਦਾ ਬੋਝ ਵਧਿਆ ਹੈ।

# ਮਾਲਵਾ ਸਾਖ਼ਰਤਾ ਤੇ ਲਿੰਗ ਅਨੁਪਾਤ ਪੱਖੋਂ ਫਾਡੀ


**ਚੰਡੀਗੜ੍ਹ:** ਮਾਲਵਾ ਸਾਖਰਤਾ ਤੇ ਲਿੰਗ ਅਨੁਪਾਤ ਪੱਖੋਂ ਅਜੇ ਵੀ ਫਾਡੀ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਬਠਿੰਡਾ, ਮਾਨਸਾ, ਮੁਕਤਸਰ, ਬਰਨਾਲਾ, ਫਰੀਦਕੋਟ, ਫਿਰੋਜ਼ਪੁਰ, ਮੋਗਾ ਤੇ ਸਰਹੱਦੀ ਜ਼ਿਲ੍ਹਾ ਤਰਨਤਾਰਨ ਦੀ ਆਬਾਦੀ ਪੜ੍ਹਾਈ ਪੱਖੋਂ ਰਾਜ ਦੇ ਹੋਰਾਂ ਇਲਾਕਿਆਂ ਦੇ ਮੁਕਾਬਲੇ ਪਛੜੀ ਹੋਈ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਔਰਤਾਂ ਦੀ ਸਾਖਰਤਾ ਦਰ ਤਾਂ ਮਰਦਾਂ ਦੇ ਮੁਕਾਬਲੇ ਹੋਰ ਵੀ ਘੱਟ ਹੈ। ਮਾਲਵੇ ਦੇ ਜ਼ਿਲ੍ਹਿਆਂ ਵਿਚ ਮਰਦ ਔਰਤ ਦੇ ਅਨੁਪਾਤ ਵਿਚ ਵੀ ਦੁਆਬੇ ਦੇ ਜ਼ਿਲ੍ਹਿਆਂ ਦੇ ਮੁਕਾਬਲਤਨ ਫਾਡੀ ਰਹਿ ਗਏ ਹਨ। ਸਾਖਰਤਾ ਪੱਖ ਤੋਂ ਮਾਨਸਾ ਪੂਰੇ ਪੰਜਾਬ ਵਿਚ ਪਹਿਲਾਂ ਵਾਂਗ ਹੀ ਪਛੜ ਗਿਆ ਹੈ। ਇਸ ਜ਼ਿਲ੍ਹੇ ਵਿਚ ਸਾਖਰਤਾ ਦਰ 62.8 ਫੀਸਦੀ ਹੈ ਤੇ ਔਰਤਾਂ ਦੀ ਦਰ ਤਾਂ ਮਹਿਜ਼ 56.4 ਫੀਸਦੀ ਹੀ ਹੈ। ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਦੀ ਕੁੱਲ ਆਬਾਦੀ 2 ਕਰੋੜ 77 ਲੱਖ 4 ਹਜ਼ਾਰ 236 ਹੈ। ਇਸ ਵਿਚ ਮਰਦਾਂ ਦੀ ਗਿਣਤੀ 1 ਕਰੋੜ 46 ਲੱਖ 34 ਹਜ਼ਾਰ 819 ਤੇ ਔਰਤਾਂ ਦੀ ਗਿਣਤੀ 1 ਕਰੋੜ 30 ਲੱਖ 69 ਹਜ਼ਾਰ 417 ਹੈ।

ਪੰਜਾਬ ਵਿਚ ਪਿਛਲੇ ਕਈ ਦਹਾਕਿਆਂ ਤੋਂ ਲਿੰਗ ਅਨੁਪਾਤ ਵਿਚ ਵਧ ਰਿਹਾ ਪਾੜਾ ਚਰਚਾ ਦਾ ਵਿਸ਼ਾ ਰਿਹਾ ਹੈ। ਤਾਜ਼ਾ ਅੰਕੜਿਆਂ ਮੁਤਾਬਕ ਬੱਚੀਆਂ ਦੀ ਗਿਣਤੀ ਤਾਂ ਸੂਬੇ ਵਿਚ ਵਧੀ ਹੈ ਪਰ ਔਰਤਾਂ ਦੀ ਗਿਣਤੀ ਕਈ ਥਾਈਂ ਨਿਰਾਸ਼ਾਜਨਕ ਹੈ। ਇਸ ਮਾਮਲੇ ਵਿਚ ਦੱਖਣੀ ਪੰਜਾਬ ਦਾ ਜ਼ਿਲ੍ਹਾ ਬਠਿੰਡਾ ਜੋ ਕਿ ਕਈ ਮਾਮਲਿਆਂ ਵਿਚ ਮੋਹਰੀ ਹੈ, ਵਿਚ 6 ਸਾਲ ਤੱਕ ਦੀ ਉਮਰ ਦੀਆਂ ਬਾਲੜੀਆਂ ਦੀ ਗਿਣਤੀ ਸਾਲ 2001 ਦੀ ਮਰਦਮਸ਼ੁਮਾਰੀ ਦੇ ਮੁਕਾਬਲਤਨ ਪ੍ਰਤੀ ਹਜ਼ਾਰ 785 ਤੋਂ ਵਧ ਕੇ 854 ਹੋ ਗਈ ਹੈ ਤਾਂ ਔਰਤਾਂ ਦੀ ਗਿਣਤੀ ਪਿਛਲੇ ਦਹਾਕੇ ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਪ੍ਰਤੀ ਹਜ਼ਾਰ 870 ਤੋਂ ਘਟ ਕੇ 865 ਰਹਿ ਗਈ ਹੈ। ਬਾਲੜੀਆਂ ਦੀ ਗਿਣਤੀ ਵਿਚ ਨਵਾਂ ਸ਼ਹਿਰ ਮੋਹਰੀ ਆ ਗਿਆ ਹੈ ਜਿੱਥੇ ਹਜ਼ਾਰ ਲੜਕੇ ਪਿੱਛੇ ਲੜਕੀਆਂ ਦੀ ਗਿਣਤੀ 879 ਹੈ ਤੇ ਸਾਲ 2001 ਦੀ ਜਨਗਣਨਾ ਦੌਰਾਨ ਇਹ ਗਿਣਤੀ 808 ਸੀ। ਹੁਸ਼ਿਆਪੁਰ ਜ਼ਿਲ੍ਹਾ ਔਰਤਾਂ ਦੀ ਗਿਣਤੀ ਵਿਚ ਰਾਜ ਭਰ 'ਚੋਂ ਮੋਹਰੀ ਹੈ ਤੇ ਇੱਥੇ ਹਜ਼ਾਰ ਮਰਦ ਦੇ ਮੁਕਾਬਲੇ 962 ਔਰਤਾਂ ਹਨ। ਬਾਲੜੀਆ ਦੀ ਘੱਟ ਗਿਣਤੀ ਵਾਲਾ ਜ਼ਿਲ੍ਹਾ ਤਰਨਤਾਰਨ ਹੈ ਜਿੱਥੇ ਹਜ਼ਾਰ ਲੜਕੇ ਮਗਰ 819 ਕੁੜੀਆਂ ਹਨ। ਇਸ ਜ਼ਿਲ੍ਹੇ ਵਿੱਚ ਔਰਤਾਂ ਦਾ ਅਨੁਪਾਤ 898 ਹੈ।

### ਹੁਸ਼ਿਆਰਪੁਰ ਸਭ ਤੋਂ ਜ਼ਿਆਦਾ ਪੜ੍ਹਿਆ-ਲਿਖਿਆ

ਮਰਦ ਔਰਤ ਅਨੁਪਾਤ ਵਿਚ ਦੋਆਬੇ ਦੇ ਜ਼ਿਲ੍ਹਿਆਂ ਦੇ ਤੱਥ ਸੰਤੁਸ਼ਟੀਜਨਕ ਮੰਨੇ ਜਾ ਰਹੇ ਹਨ। ਇਸ ਖਿੱਤੇ ਦੇ ਚਾਰੇ ਜ਼ਿਲ੍ਹਿਆਂ ਕਪੂਰਥਲਾ ਜਲੰਧਰ, ਹੁਸ਼ਿਆਰਪੁਰ ਤੇ ਨਵਾਂਸ਼ਹਿਰ ਵਿਚ ਇਕ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਕ੍ਰਮਵਾਰ 912, 913, 962 ਤੇ 954 ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਔਰਤਾਂ ਦੀ ਗਿਣਤੀ ਇਸ ਕਰਕੇ ਜ਼ਿਆਦਾ ਮੰਨੀ ਜਾ ਰਹੀ ਹੈ ਕਿਉਂਕਿ ਦੁਆਬੇ ਦੇ ਜ਼ਿਆਦਾਤਰ ਮਰਦ ਵਿਦੇਸ਼ਾਂ ਵਿਚ ਗਏ ਹੋਏ ਹਨ। ਪੁਆਧ ਦੇ ਜ਼ਿਲ੍ਹੇ ਵਜੋਂ ਮੰਨਿਆ ਜਾਂਦਾ ਰੋਪੜ ਵੀ ਇਸ ਦਿਸ਼ਾ ਵਿਚ ਚੰਗੀ ਕਾਰਗੁਜ਼ਾਰੀ ਵਾਲਾ ਹੈ।

ਇਸ ਜ਼ਿਲ੍ਹੇ ਵਿਚ ਮਰਦ ਔਰਤ ਅਨੁਪਾਤ 1000: 913 ਹੈ। ਬਠਿੰਡਾ, ਲੁਧਿਆਣਾ, ਬਰਨਾਲਾ ਵਾਂਗ ਹੀ ਫਤਿਹਗੜ੍ਹ ਸਾਹਿਬ ਜ਼ਿਲ੍ਹਾ ਔਰਤਾਂ ਦੇ ਅਨੁਪਾਤ ਵਿਚ ਫਾਡੀ ਹੈ ਤੇ ਇੱਥੇ ਔਰਤਾਂ ਦਾ ਅਨੁਪਾਤ 871 ਹੈ, ਬਰਨਾਲਾ ਵਿਚ ਇਹ ਅਨੁਪਾਤ 876 ਤੇ ਲੁਧਿਆਣਾ ਵਿਚ 869 ਹੈ। ਪੰਜਾਬ ਵਿਚ ਘੱਟ ਪੜ੍ਹੇ ਲਿਖਿਆਂ ਵਾਲੇ ਜ਼ਿਲ੍ਹਿਆਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜੱਦੀ ਜ਼ਿਲ੍ਹਾ ਮੁਕਤਸਰ ਤੇ ਮਾਨਸਾ ਸ਼ਾਮਲ ਹਨ। ਮੁਕਤਸਰ ਵਿਚ ਸਾਖਰਤਾ ਦਰ 66.8 ਫੀਸਦੀ ਹੈ ਤੇ ਮਾਨਸਾ ਵਿਚ ਇਹ ਦਰ 62.8 ਫੀਸਦੀ ਹੈ। ਪੰਜਾਬ ਦਾ ਸਰਹੱਦੀ ਜ਼ਿਲ੍ਹਾ ਤਰਨਤਾਰਨ ਵੀ ਇਸ ਮਾਮਲੇ ਵਿਚ ਪਛੜਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਸਾਖਰਤਾ ਦਰ 69.4 ਫੀਸਦੀ ਸੀ। ਪੰਜਾਬ ਵਿਚ ਸਭ ਤੋਂ ਵੱਧ ਪੜ੍ਹੇ ਲਿਖਿਆਂ ਵਾਲਾ ਜ਼ਿਲ੍ਹਾ ਹੁਸ਼ਿਆਰਪੁਰ ਹੈ ਜਿੱਥੋਂ ਦੀ ਸਾਖਰਤਾ ਦਰ 85.4 ਫੀਸਦੀ ਹੈ। ਮੁਹਾਲੀ ਦੀ ਸਾਖਰਤਾ ਦਰ 84.9 ਫੀਸਦੀ, ਰੂਪਨਗਰ 83.3, ਗੁਰਦਾਸਪੁਰ 81.1, ਕਪੂਰਥਲਾ 80.2, ਜਲੰਧਰ 82.4, ਨਵਾਂਸ਼ਹਿਰ 80.3, ਫਤਿਹਗੜ੍ਹ ਸਾਹਿਬ 80.3 ਤੇ ਲੁਧਿਆਣਾ 82.5 ਫੀਸਦੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਵੀ ਮਰਦਾਂ ਦੇ ਮੁਕਾਬਲੇ ਪੜ੍ਹੀਆਂ ਲਿਖੀਆਂ ਔਰਤਾਂ



ਦੀ ਗਿਣਤੀ ਘੱਟ ਹੈ। ਸੰਗਰੂਰ ਵਿਚ ਸਾਖਰਤਾ ਦਰ 68.09 ਫਸੀਦੀ, ਅੰਮ੍ਰਿਤਸਰ 77.2, ਪਟਿਆਲਾ 76.3, ਬਠਿੰਡਾ 69.6, ਫਿਰੋਜ਼ਪੁਰ 69.8, ਗੁਰਦਾਸਪੁਰ 76.7 ਅਤੇ ਮੋਗਾ ਵਿੱਚ ਸਾਖਰਤਾ ਦਰ 71.6 ਫੀਸਦੀ ਹੈ।

# ਪੰਜਾਬ ਪੜ੍ਹਾਈ-ਲਿਖਾਈ ਪੱਖੋਂ ਵੀ ਪਛੜਿਆ

## ਦੇਸ਼ 'ਚੋਂ 21ਵੇਂ ਸਥਾਨ 'ਤੇ ਖਿਸਕਿਆ

**ਚੰਡੀਗੜ੍ਹ:** ਭਾਰਤ 'ਚ 2011 ਦੀ ਮਰਦਮਸ਼ੁਮਾਰੀ ਨੇ ਪੰਜਾਬ ਨੂੰ ਨੰਬਰ ਵੰਨ ਸੂਬਾ ਬਣਾਉਣ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਇਸ ਮਰਦਮਸ਼ੁਮਾਰੀ 'ਚ ਜਿੱਥੇ ਪੰਜਾਬ 'ਚ ਲਿੰਗ ਅਨੁਪਾਤ 'ਚ ਵੱਡਾ ਪਾੜਾ ਪਾਇਆ ਗਿਆ ਹੈ ਉੱਥੇ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਹਾਲੇ ਵੀ ਪੰਜਾਬ ਦੀਆਂ ਔਰਤਾਂ ਤੇ ਪੁਰਸ਼ ਪੜ੍ਹਨ-ਲਿਖਣ ਵਿਚ ਫਾਡੀ ਹਨ ਜਦਕਿ ਦੇਸ਼ ਦੇ 15 ਰਾਜਾਂ ਦੀਆਂ ਔਰਤਾਂ ਤੇ 20 ਰਾਜਾਂ ਦੇ ਪੁਰਸ਼ ਪੜ੍ਹਾਈ ਲਿਖਾਈ ਪੱਖੋਂ ਪੰਜਾਬ ਤੋਂ ਕਿਤੇ ਅੱਗੇ ਹਨ।

ਸਰਕਾਰ ਵੱਲੋਂ ਦੇਸ਼ ਭਰ 'ਚੋਂ ਇਕੱਤਰ ਕਰਵਾਏ ਗਏ ਇਨ੍ਹਾਂ ਅੰਕੜਿਆਂ ਅਨੁਸਾਰ ਪੰਜਾਬ ਵਿਚ 87 ਲੱਖ 15 ਹਜ਼ਾਰ ਵਿਅਕਤੀ ਹਾਲੇ ਵੀ ਅਨਪੜ੍ਹ ਹਨ। ਮਰਦਮਸ਼ੁਮਾਰੀ ਵਿਚ ਉਸ ਵਿਅਕਤੀ ਨੂੰ ਅਨਪੜ੍ਹ ਮੰਨਿਆ ਗਿਆ ਹੈ ਜੋ ਨਾ ਤਾਂ ਪੜ੍ਹ ਸਕਦਾ ਹੈ ਤੇ ਨਾ ਹੀ ਲਿਖ ਸਕਦਾ ਹੈ। ਪਹਿਲਾਂ ਪੁਰਸ਼ਾਂ ਦੀ ਗੱਲ ਕਰੀਏ ਤਾਂ ਮਰਦਮਸ਼ੁਮਾਰੀ ਵਿਚ ਪੰਜਾਬ ਦੇ ਪੁਰਸ਼ ਪੜ੍ਹਨ-ਲਿਖਣ ਪੱਖੋਂ ਦੇਸ਼ ਦੇ 20 ਰਾਜਾਂ ਤੋਂ ਪਿੱਛੇ ਹਨ, ਭਾਵ ਪੜ੍ਹੇ-ਲਿਖੇ ਪੁਰਸ਼ਾਂ ਪੱਖੋਂ ਪੰਜਾਬ ਦਾ ਦੇਸ਼ ਵਿਚ 21ਵਾਂ ਨੰਬਰ ਹੈ। ਕੇਰਲਾ 'ਚ 96.02 ਫੀਸਦੀ, ਗੋਆ ਵਿਚ 92.81 ਫੀਸਦੀ, ਹਿਮਾਚਲ ਪ੍ਰਦੇਸ਼ 'ਚ 90.83 ਫੀਸਦੀ, ਚੰਡੀਗੜ੍ਹ ਵਿਚ 90.54 ਫੀਸਦੀ, ਗੁਜਰਾਤ ਵਿਚ 87.23 ਫੀਸਦੀ, ਪੱਛਮੀ ਬੰਗਾਲ ਵਿਚ 82.67 ਫੀਸਦੀ, ਉਤਰਾਖੰਡ ਵਿਚ 88.33 ਫੀਸਦੀ ਤੇ ਮਨੀਪੁਰ ਵਿਚ 86.49 ਫੀਸਦੀ ਪੁਰਸ਼ ਪੜ੍ਹੇ-ਲਿਖੇ ਦੱਸੇ ਗਏ ਹਨ ਜਦਕਿ ਪੰਜਾਬ ਵਿਚ ਪੜ੍ਹੇ-ਲਿਖੇ ਪੁਰਸ਼ 81.48 ਫੀਸਦੀ ਹਨ।

ਹੈਰਾਨੀਜਨਕ ਗੱਲ ਇਹ ਹੈ ਕਿ ਪੜ੍ਹੇ ਲਿਖੇ ਪੁਰਸ਼ਾਂ ਪੱਖੋਂ ਹਰਿਆਣਾ, ਪੰਜਾਬ ਤੋਂ ਅੱਗੇ ਲੰਘ ਗਿਆ ਹੈ। ਹਰਿਆਣਾ ਵਿਚ ਪੜ੍ਹੇ ਲਿਖੇ ਪੁਰਸ਼ 85.38 ਫੀਸਦੀ ਹਨ। ਔਰਤਾਂ ਦੀ ਗੱਲ ਕਰੀਏ ਤਾਂ ਪੜ੍ਹੀਆਂ-ਲਿਖੀਆਂ ਔਰਤਾਂ ਪੱਖੋਂ ਪੰਜਾਬ ਦਾ ਦੇਸ਼ 'ਚ 16ਵਾਂ ਸਥਾਨ ਹੈ। ਹਿਮਾਚਲ ਪ੍ਰਦੇਸ਼, ਕੇਰਲਾ, ਮਹਾਂਰਾਸ਼ਟਰ, ਚੰਡੀਗੜ੍ਹ, ਮਿਜ਼ੋਰਮ, ਮੇਘਾਲਿਆ, ਨਾਗਾਲੈਂਡ, ਸਿੱਕਮ ਤੇ ਹੋਰ ਕਈ ਰਾਜਾਂ ਤੇ ਯੂ.ਟੀਜ਼ ਦੀਆਂ ਔਰਤਾਂ ਪੰਜਾਬ ਦੀਆਂ ਔਰਤਾਂ ਤੋਂ ਅੱਗੇ ਹਨ।

ਅੰਕੜਿਆਂ ਅਨੁਸਾਰ ਪੰਜਾਬ ਦੀ ਕੋਈ 2 ਕਰੋੜ 77 ਲੱਖ ਾਬਾਦੀ 'ਚੋਂ 1 ਕਰੋੜ 89 ਲੱਖ 88 ਹਜ਼ਾਰ ਲੋਕ ਪੜ੍ਹੇ-ਲਿਖੇ ਹਨ, ਰਾਜ ਦੇ ਇਨ੍ਹਾਂ ਪੜ੍ਹੇ-ਲਿਖੇ ਲੋਕਾਂ 'ਚੋਂ ਇਕ ਕਰੋੜ 6 ਲੱਖ 26 ਹਜ਼ਾਰ ਦੇ ਨੇੜੇ ਪੁਰਸ਼ ਹਨ ਜਦਕਿ 83 ਲੱਖ 61 ਹਜ਼ਾਰ ਔਰਤਾਂ ਪੜ੍ਹ-ਲਿਖ ਸਕਦੀਆਂ ਹਨ। ਮਰਦਮਸ਼ੁਮਾਰੀ 2011 ਤੇ ਮਰਦਮਸ਼ੁਮਾਰੀ 2001 'ਤੇ ਝਾਤ ਮਾਰਿਆਂ ਸਾਹਮਣੇ ਆਉਂਦਾ ਹੈ ਕਿ ਪੰਜਾਬ ਵਿਚ ਪਿਛਲੇ 10 ਸਾਲਾਂ ਵਿਚ ਪੜ੍ਹੀਆਂ-ਲਿਖੀਆਂ ਔਰਤਾਂ ਦੀ ਗਿਣਤੀ ਵਿਚ ਰਾਜ ਦੇ ਪੁਰਸ਼ਾਂ ਮੁਕਾਬਲੇ ਵਾਧਾ ਹੋਇਆ ਹੈ। ਰਾਜ ਵਿਚ ਪਹਿਲਾਂ ਪੁਰਸ਼ਾਂ ਦੇ ਮੁਕਾਬਲੇ 63.36 ਫੀਸਦੀ ਔਰਤਾਂ ਪੜ੍ਹੀਆਂ ਲਿਖੀਆਂ ਸਨ ਪਰ ਹੁਣ ਇਸ ਵਿਚ 7.98 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ।

# ਪੰਜਾਬ ਟਾਈਮਜ਼

*ਸਨਿਚਰਵਾਰ, 16 ਅਪਰੈਲ 2011*


## ਕਸ਼ਮੀਰੀ ਸਿਆਸਤ ਦਾ ਕਤਲ

ਕਸ਼ਮੀਰ ਵਿਚ ਧਾਰਮਿਕ ਆਗੂ ਅਤੇ ਜਮਾਇਤ-ਏ-ਅਹਿਲੇ ਹਦੀਸ ਦੇ ਮੁਖੀ ਮੌਲਵੀ ਸ਼ੌਕਤ ਅਹਿਮਦ ਸ਼ਾਹ ਦੇ ਕਤਲ ਨੇ ਹਿੰਸਾ ਅਤੇ ਸਿਆਸਤ ਵਿਚਕਾਰ ਸੰਵਾਦੀ ਅਤੇ ਸੁੱਚੇ ਰਿਸ਼ਤੇ ਬਾਰੇ ਚਰਚਾ ਇਕ ਵਾਰ ਫਿਰ ਛੇੜ ਦਿੱਤੀ ਹੈ। ਇਹ ਕਤਲ ਸਾਧਾਰਨ ਨਹੀਂ ਅਤੇ ਇਸ ਦਾ ਸਮਾਂ ਤਾਂ ਹੋਰ ਵੀ ਅਸਾਧਾਰਨ ਹੈ। ਕਸ਼ਮੀਰ ਦੇ ਮੁੱਦੇ 'ਤੇ ਸਦਾ ਆਹਮੋ-ਸਾਹਮਣੇ ਰਹੇ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕ੍ਰਿਕਟ ਦੇ ਬਹਾਨੇ ਪੰਜਾਬ ਦੇ ਮੁਹਾਲੀ ਸ਼ਹਿਰ ਮਿਲੇ। ਅਜਿਹੀ ਮਿਲਣੀ ਦੇ ਸਿੱਟੇ ਜਾਂ ਨਤੀਜੇ ਭਾਵੇਂ ਕੋਈ ਖਾਸ ਨਹੀਂ ਹੁੰਦੇ, ਸਗੋਂ ਆਮ ਕਰਕੇ ਨਤੀਜੇ ਤਕਰੀਬਨ ਪਹਿਲਾਂ ਹੀ ਤੈਅ ਹੁੰਦੇ ਹਨ ਪਰ ਅਜਿਹੀਆਂ ਮਿਲਣੀਆਂ ਸਦਭਾਵਨਾ ਲਈ ਰਾਹ ਤਲਾਸ਼ਣ ਦਾ ਜ਼ਰੀਆ ਜ਼ਰੂਰ ਬਣਦੀਆਂ ਹਨ। ਇਸ ਤੋਂ ਵੀ ਵੱਡੀ ਅਤੇ ਅਹਿਮ ਗੱਲ ਮੌਲਵੀ ਸ਼ੌਕਤ ਅਹਿਮਦ ਸ਼ਾਹ ਦਾ ਕਸ਼ਮੀਰ ਦੀ ਜੱਦੋ-ਜਹਿਦ ਵਿਚ ਉਸ ਤਰ੍ਹਾਂ ਦਾ ਦਖ਼ਲ ਸੀ ਜਿਸ ਨਾਲ ਹਾਲਾਤ ਨੂੰ ਸਮਝਣ-ਸਮਝਾਉਣ ਅਤੇ ਕੋਈ ਰਸਤਾ ਨਿਕਲਣ ਦੀ ਗੁੰਜਾਇਸ਼ ਸੀ। ਇਹ ਗੱਲ ਵੀ ਗੌਲਣ ਵਾਲੀ ਹੈ ਕਿ ਉਸ ਦੀ ਨੇੜਤਾ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ (ਜੇ.ਕੇ.ਐਲ.ਐਫ਼.) ਦੇ ਮੁਖੀ ਯਾਸੀਨ ਮਲਿਕ ਨਾਲ ਸੀ ਜਿਹੜਾ ਵੱਖਵਾਦੀ ਕੈਂਪ ਵਿਚ ਹੋਣ ਦੇ ਬਾਵਜੂਦ ਕਸ਼ਮੀਰੀਆਂ ਦੀ ਲੜਾਈ ਨੂੰ ਵੱਖਰੇ ਕੋਣ ਤੋਂ ਦੇਖਦਾ ਹੈ। ਪਿੱਛੇ ਜਿਹੇ ਵਿਖਾਵਾਕਾਰੀਆਂ ਵੱਲੋਂ ਕੀਤੀ ਪੱਥਰਬਾਜ਼ੀ ਨੂੰ ਮੌਲਵੀ ਸ਼ੌਕਤ ਅਹਿਮਦ ਸ਼ਾਹ ਨੇ ਗੈਰ-ਇਸਲਾਮਿਕ ਆਖਿਆ ਸੀ। ਸ਼ਾਇਦ ਇਸੇ ਕਰਕੇ ਤੱਤੀ ਕਸ਼ਮੀਰੀ ਲੀਡਰਸ਼ਿਪ ਨੇ ਉਸ ਦੀ ਨੁਕਤਾਚੀਨੀ ਵੀ ਕੀਤੀ ਸੀ ਪਰ ਉਹ ਆਪਣੇ ਪੈਂਤੜੇ 'ਤੇ ਅਡੋਲ ਰਿਹਾ ਸੀ। ਦਰਅਸਲ ਉਹ ਲੋਕਾਂ ਦੇ ਰੋਹ ਨੂੰ ਸਿੱਧਾ ਸਿਆਸਤ ਨਾਲ ਜੋੜ ਕੇ ਦੇਖਦਾ ਸੀ। ਤੇ ਇਹ ਹਕੀਕਤ ਵੀ ਹੈ ਕਿ ਜੇ ਲੀਡਰਸ਼ਿਪ ਤਿੱਖੇ ਲੋਕ ਰੋਹ (ਹਿੰਸਾ) ਨੂੰ ਸਿਆਸਤ ਵਿਚ ਵਟਾਉਣ ਵਿਚ ਅਸਫ਼ਲ ਰਹਿੰਦੀ ਹੈ ਤਾਂ ਫਿਰ ਕੋਈ ਵੀ ਅੰਦੋਲਨ ਬੰਦ ਗਲੀ ਵਿਚ ਜਾ ਵੜਦਾ ਹੈ ਜਿੱਥੋਂ ਨਿਕਲਣ ਦਾ ਫਿਰ ਕੋਈ ਸਬੱਬ ਨਹੀਂ ਬਣਦਾ। ਕਈ ਵਾਰ ਤਾਂ ਲੀਡਰਸ਼ਿਪ ਕੋਲ ਹੋਰ ਕੋਈ ਚਾਰਾ ਵੀ ਨਹੀਂ ਬਚਦਾ ਹੁੰਦਾ। ਤਿੰਨ ਦਹਾਕੇ ਪਹਿਲਾਂ ਪੰਜਾਬ ਵਿਚ ਅਜਿਹਾ ਹੀ ਵਾਪਰਿਆ ਸੀ ਅਤੇ ਲੋਕਾਂ ਨੂੰ ਇਸ ਦਾ ਬਹੁਤ ਵੱਡਾ ਮੁੱਲ ਤਾਰਨਾ ਪਿਆ ਸੀ। 'ਹਿੰਸਾ ਦੇ ਕੈਦੀ' ਹੋਣ ਨਾਲੋਂ ਵੱਡਾ ਸੰਤਾਪ ਹੋਰ ਕੋਈ ਨਹੀਂ ਕਿਉਂਕਿ ਇਸ ਨਾਲ ਸਿਆਸਤ ਦੇ ਰਾਸਤੇ ਤਾਂ ਬੰਦ ਹੁੰਦੇ ਹੀ ਹਨ, ਸਮਾਂ ਪਿਛਲਖੁਰੀ ਵੀ ਹੋ ਤੁਰਦਾ ਹੈ। ਫਿਰ ਜਦੋਂ ਹਿੰਸਾ ਦਾ ਦੈਂਤ ਆਪਣਾ ਕੰਮ ਨਿਬੇੜ ਕੇ ਨਿੱਸਲ ਹੋਇਆ ਤੁਹਾਡੇ ਸਾਹਮਣੇ ਚੌਫ਼ਾਲ ਡਿੱਗਿਆ ਹੁੰਦਾ ਹੈ ਤਾਂ ਤੁਹਾਡੇ ਪੱਲੇ ਪਛਤਾਵੇ ਤੋਂ ਸਿਵਾ ਕੁਝ ਵੀ ਨਹੀਂ ਹੁੰਦਾ। ਹਿੰਸਾ ਦੇ ਹਥਿਆਰ ਨੂੰ ਸੋਝੀ ਨਾਲ ਵਰਤਣ ਅਤੇ ਇਸ ਉਤੇ ਕਾਠੀ ਪਾ ਕੇ ਰੱਖਣ ਦੀ ਇਕ ਉਮਦਾ ਮਿਸਾਲ ਪੰਜਾਬੀ ਨੌਜਵਾਨ ਭਗਤ ਸਿੰਘ ਨੇ ਅੱਜ ਤੋਂ ਅੱਠ ਦਹਾਕੇ ਪਹਿਲਾਂ ਕਾਇਮ ਕੀਤੀ ਸੀ। ਬਦਲੇ ਦੀ ਭਾਵਨਾ ਤਹਿਤ ਉਸ ਅਤੇ ਉਸ ਦੇ ਸਾਥੀਆਂ ਨੇ ਕਤਲ ਵਰਗੇ ਐਕਸ਼ਨ ਜ਼ਰੂਰ ਕੀਤੇ, ਲੋਕ ਮਾਨਸਿਕਤਾ ਨੂੰ ਹਲੂਣਨ ਲਈ ਅਜਿਹੇ ਐਕਸ਼ਨ ਕਈ ਵਾਰ ਜ਼ਰੂਰੀ ਵੀ ਹੋ ਸਕਦੇ ਹਨ ਪਰ ਜੇ ਸਿਰਫ਼ ਅਜਿਹੇ ਐਕਸ਼ਨ ਹੀ ਸਿਆਸਤ ਦੀ ਥਾਂ ਲੈ ਲੈਣ ਜਾਂ ਸਿਆਸਤ ਉਤੇ ਭਾਰੂ ਹੋ ਜਾਣ ਤਾਂ ਫਿਰ ਤੁਹਾਡੀ ਸਿਆਸਤ ਦੀ ਹਾਰ ਦੀ ਹੋਣੀ ਲਿਖੀ ਜਾ ਚੁੱਕੀ ਹੁੰਦੀ ਹੈ। ਮੌਲਵੀ ਸ਼ੌਕਤ ਅਹਿਮਦ ਸ਼ਾਹ ਵੀ ਉਨ੍ਹਾਂ ਲੋਕਾਂ ਵਿਚੋਂ ਸੀ ਜਿਹੜੇ ਲੋਕ ਰੋਹ ਨੂੰ ਸਿਆਸਤ ਵਿਚ ਬਦਲ ਕੇ ਅਗਾਂਹ ਵਧਣ ਦੇ ਕਾਇਲ ਸਨ।

ਮੌਲਵੀ ਸ਼ੌਕਤ ਅਹਿਮਦ ਸ਼ਾਹ ਉਤੇ ਇਹ ਕੋਈ ਪਹਿਲਾ ਹਮਲਾ ਨਹੀਂ ਸੀ। ਪਹਿਲਾਂ 2006 ਅਤੇ ਫਿਰ 2008 ਵਿਚ ਵੀ ਉਸ ਉਤੇ ਹਮਲੇ ਹੋਏ ਸਨ। ਇਸ ਤੋਂ ਪਹਿਲਾਂ ਕਸ਼ਮੀਰ ਰਿਆਸਤ ਵਿਚ ਭਰਾ-ਮਾਰੂ ਜੰਗ ਵਿਚ ਮੀਰਵਾਇਜ਼ ਮੌਲਵੀ ਫ਼ਾਰੂਕ ਨੂੰ 1991 ਅਤੇ ਕਾਜ਼ੀ ਨਾਸਿਰ ਨੂੰ 1994 ਵਿਚ ਕਤਲ ਕਰ ਦਿੱਤਾ ਗਿਆ ਸੀ। ਮੀਰਵਾਇਜ਼ ਮੌਲਵੀ ਫ਼ਾਰੂਕ ਦੇ ਪੁੱਤਰ ਅਤੇ ਹੁਣ 'ਆਲ ਪਾਰਟੀਜ਼ ਹੁਰੀਅਤ ਕਾਨਫ਼ਰੰਸ' ਦੇ ਮੁਖੀ ਮੀਰਵਾਇਜ਼ ਉਮਰ ਫ਼ਾਰੂਕ ਨੇ ਸਪਸ਼ਟ ਕਿਹਾ ਸੀ ਕਿ ਉਸ ਦੇ ਅੱਬਾ ਨੂੰ ਉਸ ਦੇ 'ਆਪਣੇ ਬੰਦਿਆਂ' ਨੇ ਹੀ ਮਾਰਿਆ ਹੈ। ਤੇ ਆਪਣੇ ਬੰਦੇ ਮਾਰ ਕੇ ਸਿਆਸਤ ਵਿਚ ਕੋਈ ਵੱਢ ਮਾਰਨ ਦਾ ਦਾਅਵਾ ਤੱਤੇ-ਤੱਤੇ ਘਾਹ ਤਾਂ ਭਾਵੇਂ ਕੀਤਾ ਜਾ ਸਕਦਾ ਹੈ, ਪਰ ਜੇ ਸਿਆਸਤ ਨੂੰ ਤੋੜ ਤੱਕ ਲੈ ਜਾਣ ਦੀ ਗੱਲ ਹੋਵੇ ਤਾਂ ਅਜਿਹੀਆਂ ਕਾਰਵਾਈਆਂ ਸਿਆਸਤ ਨੂੰ ਅਗਾਂਹ ਲੈ ਜਾਣ ਵਿਚ ਅਸਫ਼ਲ ਰਹਿੰਦੀਆਂ ਹਨ। ਹੁਣ ਵੀ ਭਾਰਤ ਵਿਚ ਵੱਖ-ਵੱਖ ਧਿਰਾਂ ਵੱਲੋਂ ਲੜੀਆਂ ਜਾ ਰਹੀਆਂ ਲੜਾਈਆਂ ਵਿਚ ਇਹ ਮਸਲਾ ਬੇਹੱਦ ਅਹਿਮੀਅਤ ਵਾਲਾ ਹੈ। ਮਾਓਵਾਦੀਆਂ ਨੂੰ ਛੱਡ ਕੇ ਕਿਸੇ ਨੇ ਵੀ ਹਿੰਸਾ ਨੂੰ ਸਿਆਸਤ ਵਿਚ ਪਲਟਾਉਣ ਦਾ ਕਦੀ ਕੋਈ ਨਿੱਗਰ ਯਤਨ ਨਹੀਂ ਕੀਤਾ। ਮਾਓਵਾਦੀਆਂ ਨੇ ਹਿੰਸਾ ਦੇ ਪ੍ਰਵਚਨ/ਹਥਿਆਰ ਨੂੰ ਰਣਨੀਤੀ, ਦਾਅਪੇਚ ਅਤੇ ਫਿਰ ਸਿਆਸਤ ਵਜੋਂ ਵਰਤਣ ਦੀਆਂ ਮਿਸਾਲਾਂ ਕਈ ਵਾਰ ਪੇਸ਼ ਕੀਤੀਆਂ ਹਨ। ਸਭ ਤੋਂ ਵੱਡੀ ਅਤੇ ਅਹਿਮ ਗੱਲ ਇਹ ਕਿ ਇਸ ਲੜਾਈ ਵਿਚ ਉਨ੍ਹਾਂ ਕੋਲੋਂ ਜਿੱਥੇ ਕਿਤੇ ਕੋਈ ਗਲਤੀ ਹੋਈ ਹੈ, ਉਨ੍ਹਾਂ ਨੇ ਤੁਰੰਤ ਮੁਆਫ਼ੀ ਵੀ ਮੰਗੀ ਹੈ। ਅਜਿਹਾ ਤਾਂ ਹੀ ਸੰਭਵ ਹੁੰਦਾ ਹੈ ਜਦੋਂ ਕੋਈ ਸਿਆਸਤ ਤੁਹਾਡੇ ਏਜੰਡੇ ਉਤੇ ਹੁੰਦੀ ਹੈ ਅਤੇ ਨਿਸ਼ਾਨਾ ਐਨ ਸਪਸ਼ਟ ਹੁੰਦਾ ਹੈ।

ਕਸ਼ਮੀਰ ਫ਼ਿਲਹਾਲ ਅਸਥਿਰਤਾ ਦੀ ਭੱਠੀ ਵਿਚ ਤਪ ਰਿਹਾ ਹੈ। ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਮਿਲਣੀ ਅਤੇ ਭਾਰਤ ਸਰਕਾਰ ਵੱਲੋਂ ਨਾਮਜ਼ਦ ਤਿੰਨ ਵਾਰਤਾਕਾਰਾਂ ਦੀਆਂ ਕਾਰਵਾਈਆਂ ਵੀ ਉਥੇ ਠੰਢ ਨਹੀਂ ਵਰਤਾਅ ਸਕੀਆਂ। ਇਸ ਦਾ ਮੁੱਖ ਕਾਰਨ ਇਨ੍ਹਾਂ ਦੀਆਂ ਸੀਮਾਵਾਂ ਵਿਚ ਪਏ ਹਨ। ਸਰਕਾਰ ਦਾ ਪੈਂਤੜਾ ਵੀ ਫ਼ਿਲਹਾਲ ਫ਼ੌਜ ਅਤੇ ਨੀਮ-ਫ਼ੌਜੀ ਦਸਤਿਆਂ ਰਾਹੀਂ ਡੰਡੇ ਦੇ ਜ਼ੋਰ ਚੱਲਣ ਦਾ ਹੀ ਹੈ। ਲੰਮੇ ਸਮੇਂ ਲਈ ਇਹ ਪੈਂਤੜਾ ਘਾਤਕ ਨਤੀਜਿਆਂ ਦਾ ਕਾਰਨ ਬਣ ਸਕਦਾ ਹੈ। ਸਰਕਾਰ ਤਕਰੀਬਨ ਆਪਣੀ ਹਰ ਕਾਰਵਾਈ ਵਿਚੋਂ ਸਿਆਸਤ ਖਾਰਜ ਕਰਕੇ ਚੱਲਦੀ ਹੈ। ਜਦੋਂ ਤੱਕ ਕਸ਼ਮੀਰ ਦੇ ਮੁੱਦੇ ਨੂੰ ਸਿਆਸੀ ਪੱਧਰ 'ਤੇ ਨਜਿੱਠਣ ਲਈ ਅਗਾਂਹ ਨਹੀਂ ਵਧਿਆ ਜਾਂਦਾ, ਉਦੋਂ ਤੱਕ ਉਥੋਂ ਦਾ ਮਾਤਮੀ ਮਾਹੌਲ ਸਾਡਾ ਪਿੱਛਾ ਕਰਦਾ ਰਹੇਗਾ। ਜਿਸ ਦਿਨ ਦੋਹਾਂ ਧਿਰਾਂ ਨੇ ਗੱਲ ਸਿਆਸਤ ਦੇ ਪਿੜ ਵਿਚ ਲੈ ਆਂਦੀ ਅਤੇ ਉਥੇ ਪਿੜ ਬੱਝ ਗਿਆ, ਉਸ ਦਿਨ ਹੀ ਕਸ਼ਮੀਰੀਆਂ ਲਈ ਰਾਹ ਮੋਕਲੇ ਹੋਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਨਤਾ ਦੇ ਦੋ ਕੰਮ?*

ਪੇਟੀ ਦਾਰੂ ਦੀ ਚੇਤਾ ਨਹੀਂ ਰਹਿਣ ਦਿੰਦੀ, ਪਈਆਂ ਤੰਗੀਆਂ-ਤੁਰਸ਼ੀਆਂ ਘਾਟਿਆਂ ਦਾ।
ਪੀ ਕੇ ਮੁਫ਼ਤ ਦੀ ਕਰਦੇ ਨੇ ਝੱਸ ਪੂਰਾ, ਵਿਚ ਰੈਲੀਆਂ ਸੈਰ-ਸਪਾਟਿਆਂ ਦਾ।
ਨਾਹਰੇ ਮਾਰਦੇ ਜੋਸ਼ ਵਿਚ, ਭੁੱਲ ਜਾਂਦੇ ਆਪਣੀ ਕਿਸਮਤ ਦੇ ਵਰਕਿਆਂ ਪਾਟਿਆਂ ਦਾ।
ਵੇਲੇ ਵੋਟਾਂ ਦੇ ਲੀਡਰਾਂ ਮਗਰ ਲਗਦੇ, ਚੜ੍ਹਦਾ ਚਾਅ ਫਿਰ ਦਾਲ ਤੇ ਆਟਿਆਂ ਦਾ।
'ਕੱਠਾਂ ਵਿਚ ਜਾ ਦਿੰਦੇ ਨੇ ਮੰਗ ਪੱਤਰ, ਡੌਰੂ ਵੱਜਦਾ 'ਸੰਗਤ' ਦੇ ਦਰਸ਼ਨਾਂ ਦਾ।
ਬੱਸ, ਕੰਮ ਹੁਣ ਪਰਜਾ ਦੇ ਦੋ ਰਹਿ ਗਏ, ਵੋਟਾਂ ਪਾਉਣਾ ਤੇ ਸ਼ਕਤੀ ਪ੍ਰਦਰਸ਼ਨਾਂ ਦਾ!

# ਸੰਘੀ ਢਾਂਚੇ ਦੀ ਬਲੀ ਮਨੁੱਖੀ ਹੱਕਾਂ ਦਾ ਘਾਣ

**ਜਸਪਾਲ ਸਿੰਘ ਸਿੱਧੂ**

ਨਾ ਤਾਂ ਦੇਸ਼ ਪੱਧਰ ਉਤੇ ਅਤੇ ਨਾ ਹੀ ਪੰਜਾਬ ਵਿਚ ਮਨੁੱਖੀ ਅਧਿਕਾਰ ਸਿਆਸੀ ਅਮਲ ਦਾ ਹਿੱਸਾ ਬਣ ਸਕੇ ਹਨ। ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸੰਕਲਪ ਦੇ ਨਾਂ 'ਤੇ ਚਲਦੇ ਸਾਡੇ ਸਿਆਸੀ ਰਾਜ ਪ੍ਰਬੰਧ ਵਿਚ ਆਜ਼ਾਦੀ ਤੋਂ ਬਾਅਦ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਘਾਣ ਆਮ ਜਿਹਾ ਵਰਤਾਰਾ ਬਣ ਗਿਆ ਹੈ, ਸਗੋਂ ਨਵੰਬਰ 1984 ਦਾ ਸਿੱਖ ਕਤਲੇਆਮ ਅਤੇ ਗੁਜਰਾਤ ਵਿਚਲੀ 2002 ਦੀ ਇਕ ਘੱਟ-ਗਿਣਤੀ ਵਿਰੋਧੀ ਵਿਆਪਕ ਹਿੰਸਾ ਸਿਆਸਤ ਤੋਂ ਪ੍ਰੇਰਿਤ ਕਾਰਨਾਮੇ ਹੋਣ ਦੇ ਬਾਵਜੂਦ ਸਿਆਸੀ ਵਰਗ ਨੇ ਭਾਰਤ ਨੂੰ ਸ਼ਾਂਤੀ-ਪੁਜਾਰੀ ਅਤੇ ਦੁਨੀਆਂ ਦੇ ਵੱਡੇ ਲੋਕਤੰਤਰ ਵਜੋਂ ਪੇਸ਼ ਕੀਤਾ ਹੈ। ਦੇਸ਼ ਦੇ ਬੁੱਧੀਜੀਵੀ ਵਰਗ ਵੱਲੋਂ ਵੀ ਇਸ ਦਾਅਵੇ ਨੂੰ ਕਦੇ ਬਹੁਤੀ ਚੁਣੌਤੀ ਨਹੀਂ ਦਿੱਤੀ ਗਈ। ਹਰ ਪੱਧਰ ਦੇ 'ਲੋਕਤੰਤਰੀ' ਅਮਲ ਵਿਚੋਂ ਮਨੁੱਖੀ ਹੱਕਾਂ ਦੀ ਥਾਂ ਲਗਾਤਾਰ ਖ਼ਤਮ ਹੁੰਦੀ ਜਾ ਰਹੀ ਹੈ ਅਤੇ ਕੱਟੜ ਕੌਮੀ ਭਾਵਨਾ, ਕੇਂਦਰੀਕਰਨ ਅਤੇ ਪੂੰਜੀਵਾਦੀ ਵਿਕਾਸ ਨੇ ਦੇਸ਼ ਵਿਚ ਸ੍ਰੇਸ਼ਠ ਵਰਗ ਖੜ੍ਹਾ ਕਰ ਦਿੱਤਾ ਹੈ ਅਤੇ ਨਾਲ ਹੀ ਲੋਕ ਵਿਰੋਧੀ ਦਮਨਕਾਰੀ ਤੰਤਰ ਦਾ ਵੀ ਨਿਰਮਾਣ ਹੋ ਗਿਆ ਹੈ।

ਇਸ ਸਾਰੇ ਅਮਲ ਦੀਆਂ ਜੜ੍ਹਾਂ ਨੂੰ ਤਲਾਸ਼ਦਿਆਂ ਅਤੇ ਮਹੀਨ ਤੇ ਖੋਜ-ਭਰਪੂਰ ਦਸਤਾਵੇਜ਼ੀ ਪ੍ਰਗਟਾਵਾ ਹਾਲ ਹੀ ਛਪੀ ਕਿਤਾਬ 'ਇਕਾਨੋਮੀ, ਕਲਚਰ ਐਂਡ ਹਿਊਮਨ ਰਾਇਟਸ-ਟਰਬੁਲੈਂਸ ਇਨ ਪੰਜਾਬ, ਇੰਡੀਆ ਐਂਡ ਬਿਆਂਡ' ਵਿਚ ਹੋਇਆ ਹੈ। 200 ਸਫ਼ਿਆਂ ਦੀ ਇਸ ਕਿਤਾਬ ਦਾ ਲੇਖਕ ਆਕਸਫੋਰਡ ਯੂਨੀਵਰਸਿਟੀ ਦਾ ਪ੍ਰੋਫੈਸਰ ਪ੍ਰੀਤਮ ਸਿੰਘ ਖ਼ੁਦ ਪੰਜਾਬ ਦਾ ਜੰਮਪਲ ਹੋਣ ਕਰਕੇ ਪਿੰਡ ਦੇ ਸੱਭਿਆਚਾਰ ਨੂੰ ਉਲੀਕਦਾ ਅਤੇ ਸਿਆਸੀ-ਸਮਾਜਕ ਸੰਵਾਦ ਆਪਣੇ ਵੱਲੋਂ ਖ਼ੁਦ ਹੰਢਾਏ ਸੰਤਾਪ ਤੋਂ ਸ਼ੁਰੂ ਕਰਦਾ ਹੈ ਅਤੇ ਸਮੁੱਚੇ ਭਾਰਤ ਅਤੇ ਪੰਜਾਬ ਦੇ ਵਿਕਾਸ ਨੂੰ ਲੜੀਵਾਰ ਪਰੋਂਦਾ ਹੈ।

1970 ਦੇ ਦੌਰ ਵਿਚ ਪੰਜਾਬ ਵਿਚ ਨਕਸਲਵਾੜੀ ਲਹਿਰ ਸਮੇਂ ਪ੍ਰੀਤਮ ਸਿੰਘ ਨੂੰ ਉਸ ਦੇ ਮਾਰਕਸਵਾਦੀ-ਲੈਨਿਨਵਾਦੀ ਵਿਚਾਰਾਂ ਦੇ ਧਾਰਨੀ ਵਿਦਿਆਰਥੀ ਹੋਣ ਕਰਕੇ ਪੁਲਿਸ, ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਦੇ ਹੋਸਟਲ ਵਿਚੋਂ ਚੁੱਕ ਕੇ ਲੈ ਗਈ ਸੀ। ਯੂਨੀਵਰਸਿਟੀ ਅਧਿਕਾਰੀਆਂ ਨੂੰ ਦੱਸੇ ਗਏ ਕਾਰਨਾਂ ਬਾਰੇ ਉਸ ਤੋਂ ਪੁਲਿਸ ਨੇ ਕੋਈ ਪੁੱਛਗਿੱਛ ਨਹੀਂ ਕੀਤੀ ਸੀ ਸਗੋਂ ਪੁਲਿਸ ਰਿਮਾਂਡ ਦੌਰਾਨ ਕਈ ਕਿਸਮ ਦੇ ਸਰੀਰਕ ਅਤੇ ਮਾਨਸਿਕ ਤਸੀਹੇ ਦੇਣ ਤੋਂ ਬਾਅਦ ਪੁਲਿਸ ਨੇ ਉਸ ਉਤੇ ਮੋਟਰ ਸਾਈਕਲ ਚੋਰੀ ਕਰਨ ਦਾ ਕੇਸ ਬਣਾ ਦਿੱਤਾ। ਉਹ ਉਨ੍ਹਾਂ ਦਿਨਾਂ ਵਿਚ ਕੋਈ ਬਾਈਕ ਜਾਂ ਕਾਰ ਚਲਾਉਣਾ ਨਹੀਂ ਸੀ ਜਾਣਦਾ। ਆਪਣੀ ਇਸ ਜ਼ਾਤੀ ਘਟਨਾ ਨੂੰ ਲੋਕਤੰਤਰ ਅਤੇ ਮਨੁੱਖੀ ਹੱਕਾਂ ਦੇ ਪ੍ਰਸੰਗ ਵਿਚ ਖੜ੍ਹਾ ਕਰਦਾ ਉਹ ਆਜ਼ਾਦੀ ਤੋਂ ਪਹਿਲਾਂ ਦੇਸ਼ ਵਿਚ ਸੰਵਿਧਾਨਕ ਵਿਕਾਸ ਦੇ ਅਮਲ ਨੂੰ ਵਿਚਾਰਦਾ ਹੈ।

ਅੰਗਰੇਜ਼ਾਂ ਨੇ ਮੁਲਕ ਛੱਡਣ ਸਮੇਂ ਸੂਬਿਆਂ ਨੂੰ ਚੋਖੇ ਅਧਿਕਾਰ ਦੇ ਦਿੱਤੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਆਜ਼ਾਦੀ ਅੰਦੋਲਨ ਭਾਵੇਂ ਬ੍ਰਿਟਿਸ਼ ਸ਼ਾਸਕਾਂ ਨੂੰ ਵਿਕੇਂਦਰੀਕਰਨ ਵੱਲ ਵੀ ਧੱਕਦਾ ਸੀ ਪਰ ਕਈ ਵੱਡੇ ਕਾਂਗਰਸੀ ਲੀਡਰਾਂ ਦੀ ਮਜ਼ਬੂਤ ਕੇਂਦਰ ਖੜ੍ਹਾ ਕਰਨ ਦੀ ਵਿਚਾਰਧਾਰਾ ਕਰਕੇ, ਮੁਸਲਿਮ ਲੀਗ ਵੱਲੋਂ ਵੱਖਰੇ ਪਾਕਿਸਤਾਨ ਦੀ ਮੰਗ ਨੂੰ ਬਲ ਮਿਲਿਆ। ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਲਿਖਿਆ, 'ਸਰਦਾਰ ਪਟੇਲ ਦੇਸ਼ ਦੀ ਵੰਡ ਲਈ ਇਸ ਕਰਕੇ ਤਿਆਰ ਹੋ ਗਿਆ ਸੀ ਕਿ ਇਸ ਨਾਲ ਮਜ਼ਬੂਤ ਕੇਂਦਰ ਖੜ੍ਹਾ ਕਰਨ ਦੀ ਸਹੂਲਤ ਹੋ ਜਾਵੇਗੀ...ਅਤੇ ਕੈਬਨਿਟ ਮਿਸ਼ਨ ਨੂੰ ਮੰਨਣ ਨਾਲ ਕਮਜ਼ੋਰ ਕੇਂਦਰ ਰਹੇਗਾ...।' ਇਨ੍ਹਾਂ ਵੱਡੇ ਕਾਂਗਰਸੀ ਨੇਤਾਵਾਂ ਦੀ ਸੋਚ ਕਰਕੇ ਮੁਸਲਿਮ ਲੀਗ ਦੀ ਫੈਡਰਲ ਢਾਂਚੇ ਦੀ ਮੰਗ ਨਾ ਮੰਨੀ ਗਈ ਅਤੇ ਮੁਹੰਮਦ ਅਲੀ ਜਿਨਾਹ ਨੂੰ ਵੱਖਰਾ ਪਾਕਿਸਤਾਨ ਬਣਾਉਣ ਦੇ ਰਾਹ ਤੋਰਿਆ ਗਿਆ।

ਦੇਸ਼ ਦੀ ਵੰਡ ਪਿੱਛੋਂ, ਕਾਂਗਰਸ ਬਿਲਕੁਲ ਸੁਰਖ਼ਰੂ ਹੋ ਕੇ ਕੇਂਦਰ ਮਜ਼ਬੂਤ ਕਰਨ ਦੇ ਅਮਲ ਵਿਚ ਬੇਰੋਕ ਰੁੱਝ ਗਈ ਅਤੇ ਸੰਵਿਧਾਨ ਘੜਨ ਵਾਲੀ ਅਸੈਂਬਲੀ ਦਾ ਪੁਨਰ-ਗਠਨ ਦੇਸ਼ ਦੀ ਵੰਡ ਤੋਂ ਬਾਅਦ ਵੀ ਨਾ ਕੀਤਾ। ਉਸ ਵਿਚ ਫ਼ਿਰਕੂ ਏਜੰਡਾ ਭਾਰੂ ਰਿਹਾ। ਇਥੋਂ ਤੱਕ ਕਿ ਡਾ. ਅੰਬੇਦਕਰ ਵੀ ਆਪਣੇ ਕਈ ਹੋਰ ਕਾਰਨਾਂ ਕਰਕੇ ਮਜ਼ਬੂਤ ਕੇਂਦਰ ਦੇ ਹੱਕ ਵਿਚ ਭੁਗਤੇ। ਪ੍ਰੀਤਮ ਸਿੰਘ ਅਨੁਸਾਰ ਇਸ 'ਫੈਡਰਲ ਢਾਂਚੇ ਵਿਰੋਧੀ ਘੜੇ ਗਏ ਸੰਵਿਧਾਨ' ਉਤੇ ਇਸ ਕਰਕੇ ਹੀ ਸਿੱਖ ਨੁਮਾਇੰਦਿਆਂ-ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਨੇ ਆਪਣੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਬਾਅਦ ਵਿਚ ਭਾਰਤੀ ਰਾਸ਼ਟਰਵਾਦ, ਕੇਂਦਰਵਾਦੀ ਭਾਰਤੀ ਰਾਜਤੰਤਰ ਦੀ ਵਿਚਾਰਧਾਰਾ ਬਣ ਗਿਆ ਜਿਸ ਨੂੰ ਸਮੇਂ-ਸਮੇਂ ਫ਼ਿਰਕਾਪ੍ਰਸਤੀ ਦੀ ਪੁੱਠ ਚੜ੍ਹਦੀ ਰਹੀ। ਨਹਿਰੂ ਵੱਲੋਂ ਸੰਵਿਧਾਨ ਦੇ ਘੇਰੇ ਤੋਂ ਬਾਹਰ ਅਤੇ ਬਾਅਦ ਵਿਚ ਯੋਜਨਾ ਕਮਿਸ਼ਨ ਖੜ੍ਹਾ ਕਰਕੇ ਸਾਰੇ ਦੇਸ਼ ਅਤੇ ਸੂਬਿਆਂ ਦੀ ਅਰਥ-ਵਿਵਸਥਾ ਨੂੰ ਕੇਂਦਰੀ ਸਰਕਾਰ ਦੇ ਕੰਟਰੋਲ ਥੱਲੇ ਲੈ ਆਂਦਾ ਗਿਆ। ਇਸ ਕੇਂਦਰੀ ਤੰਤਰ ਅਤੇ ਵਿਚਾਰਧਾਰਾ ਨੂੰ ਪੂੰਜੀਪਤੀਆਂ ਦਾ ਭਰਪੂਰ ਸਮਰਥਨ ਪ੍ਰਾਪਤ ਰਿਹਾ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 1992 ਦੇ ਆਰਥਿਕ ਸੁਧਾਰ ਅਤੇ ਵਿਸ਼ਵੀਕਰਨ ਵੀ ਇਸ ਜਕੜ ਨੂੰ ਤੋੜ ਨਹੀਂ ਸਕੇ। ਇਸੇ ਕਰਕੇ ਦੇਸ਼ ਵਿਚ ਇਕ ਆਰਥਿਕ ਪੱਖੋਂ ਮਜ਼ਬੂਤ ਸ੍ਰੇਸ਼ਠ ਵਰਗ ਪੈਦਾ ਹੋ ਗਿਆ। ਦੁਨੀਆਂ ਵਿਚ ਇਹ ਸਰਬ-ਪ੍ਰਵਾਨਿਤ ਤੱਥ ਹੈ ਕਿ 'ਆਰਥਿਕ ਤਾਕਤ ਦੇ ਕੇਂਦਰੀਕਰਨ ਵਿਚੋਂ ਹੀ ਸੱਤਾ ਦਾ ਏਕੀਕਰਨ ਨਿਕਲਦਾ ਹੈ ਜਿਸ ਨਾਲ ਗ਼ੈਰ-ਲੋਕਤੰਤਰੀ ਰੁਝਾਨ ਪੈਦਾ ਹੁੰਦੇ ਹਨ ਅਤੇ ਮਨੁੱਖੀ ਹੱਕਾਂ ਲਈ ਕੋਈ ਥਾਂ ਨਹੀਂ ਬਚਦੀ।'

ਪੰਜਾਬ ਦੀ ਸਿਆਸੀ-ਆਰਥਿਕ ਤਵਾਰੀਖ਼ ਦੀ ਨਿਸ਼ਾਨਦੇਹੀ ਕਰਦਿਆਂ ਪ੍ਰੀਤਮ ਸਿੰਘ ਨੇ ਇਸ ਪੱਖ ਦਾ ਦਸਤਾਵੇਜ਼ੀ ਸਬੂਤ ਦਿੱਤਾ ਹੈ ਕਿ ਕੇਂਦਰੀ ਸਰਕਾਰ ਉਤੇ ਕਾਂਗਰਸ ਦੇ ਲੰਮੇ ਸ਼ਾਸਨ ਨੇ ਪੰਜਾਬ ਵਿਚ ਟਕਰਾਅ ਅਤੇ ਹਿੰਸਾ ਦੀ ਰਾਜਨੀਤੀ ਨੂੰ ਜਨਮ ਦਿੱਤਾ। ਪੰਜਾਬ ਵਿਚ ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾਂ ਰਾਸ਼ਟਰਪਤੀ ਰਾਜ ਕਾਂਗਰਸ ਨੇ ਆਪਣੀਆਂ ਸਿਆਸੀ ਜ਼ਰੂਰਤਾਂ ਕਰਕੇ 1951 ਵਿਚ ਲਾਗੂ ਕੀਤਾ।

ਦਰਅਸਲ ਆਜ਼ਾਦੀ ਤੋਂ ਬਾਅਦ ਪੰਜਾਬ ਨੇ ਤਿੰਨ ਵੱਡੇ ਹਿੰਸਕ ਵਰਤਾਰੇ ਹੰਢਾਏ ਹਨ। ਪਹਿਲਾ, ਲਾਲ ਕਮਿਊਨਿਸਟ ਪਾਰਟੀ ਦੇ ਮੋਰਚੇ ਉਤੇ ਫ਼ੌਜੀ ਐਕਸ਼ਨ। ਦੂਜਾ, 1970ਵੇਂ ਦੀ ਨਕਸਲਵਾਦੀ ਲਹਿਰ ਦਾ ਪੁਲਿਸ ਨੂੰ ਖੁੱਲ੍ਹ ਦੇ ਕੇ ਸਫਾਇਆ ਕਰਨਾ ਤੇ ਤੀਜਾ, 1980ਵੇਂ ਵਿਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਉਤੇ ਫ਼ੌਜੀ ਹਮਲਾ ਅਤੇ ਦਹਾਕੇ ਲੰਮੇ ਸਿੱਖ ਖਾੜਕੂਵਾਦ ਦੌਰਾਨ ਖ਼ੂਨ-ਖਰਾਬਾ।

ਮਾਨਸਾ ਦੇ ਨੇੜੇ ਕਿਸ਼ਨਗੜ੍ਹ ਪਿੰਡ ਵਿਚ ਲਾਲ ਪਾਰਟੀ ਵੱਲੋਂ ਜਗੀਰਦਾਰਾਂ ਵਿਰੁਧ ਜ਼ਮੀਨੀ ਹੱਕ ਲੈਣ ਲਈ ਲਾਏ ਮੋਰਚੇ ਵਿਚ ਪੁਲਿਸ ਸਬ-ਇੰਸਪੈਕਟਰ ਦੀ ਮੌਤ ਤੋਂ ਬਾਅਦ 18 ਮਾਰਚ 1949 ਨੂੰ 500 ਫ਼ੌਜੀ ਜਵਾਨਾਂ ਨੇ 11 ਟੈਂਕਾਂ, 5 ਬਖ਼ਤਰਬੰਦ ਗੱਡੀਆਂ ਨਾਲ ਪਿੰਡ ਨੂੰ ਘੇਰਾ ਪਾ ਕੇ ਮੋਰਚਾ ਤੋੜ ਦਿੱਤਾ ਸੀ। ਇਸ ਕਾਰਵਾਈ ਵਿਚ 5 ਲੋਕ ਮਾਰੇ ਗਏ, ਦਰਜਨ ਜ਼ਖ਼ਮੀ ਹੋਏ ਅਤੇ ਲਾਲ ਪਾਰਟੀ ਦੇ 26 ਕਾਰਕੁਨ ਫੜ ਲਏ ਗਏ ਸਨ। ਪੰਜਾਬ ਵਿਚ ਦੂਜੀ ਹਿੰਸਕ ਘਟਨਾ 1969-70 ਦੀ ਅਕਾਲੀ ਦਲ-ਜਨਸੰਘ ਗਠਜੋੜ ਸਰਕਾਰ ਵੇਲੇ ਵਾਪਰੀ। ਪੁਲਿਸ ਵੱਲੋਂ ਖੁੱਲ੍ਹੀ ਤਾਕਤ ਦੀ ਵਰਤੋਂ ਦੌਰਾਨ 82 ਨਕਸਲਵਾੜੀ ਜਵਾਨ, ਜਿਨ੍ਹਾਂ ਵਿਚ ਗ਼ਦਰੀ ਬਾਬਾ ਬੂਝਾ ਸਿੰਘ ਵੀ ਸ਼ਾਮਿਲ ਸੀ, ਮਾਰੇ ਗਏ। ਉਸ ਸਮੇਂ ਜਸਟਿਸ ਵੀ.ਐਮ. ਤਾਰਕੁੰਡੇ ਕਮੇਟੀ ਦੀ ਰਿਪੋਰਟ ਮੁਤਾਬਿਕ 39 ਫ਼ਰਜ਼ੀ ਪੁਲਿਸ ਮੁਕਾਬਲੇ ਹੋਏ। 28 ਹੋਰ ਨਕਸਲੀ ਕਈ ਦੂਜੇ ਤਰੀਕਿਆਂ ਨਾਲ ਮਾਰੇ ਗਏ। ਸਿਰਫ ਤਿੰਨ ਸਿੱਧੇ ਪੁਲਿਸ ਮੁਕਾਬਲੇ ਸਨ। ਅਕਾਲੀ ਪਾਰਟੀ ਉਸ ਸਮੇਂ ਜਾਗੀਰਦਾਰਾਂ ਅਤੇ ਧਨਾਢਾਂ ਦੇ ਹੱਕ ਵਿਚ ਖੜ੍ਹੀ ਹੋਈ ਅਤੇ ਵਿਰੋਧੀ ਕਾਂਗਰਸ ਪਾਰਟੀ ਦੇ ਕੇਂਦਰ ਵਿਚਲੇ ਰਾਜ ਦੇ ਦਬਾਅ ਹੇਠ ਅਕਾਲੀ ਪਾਰਟੀ ਨੇ 'ਅਮਨ-ਕਾਨੂੰਨ ਬਣਾ ਕੇ ਰੱਖਣ' ਦੇ ਨਾਂ ਥੱਲੇ ਨਕਸਲਵਾੜੀਆਂ ਵਿਰੁਧ ਮੁਹਿੰਮ ਵਿੱਢੀ।

ਇੰਨਾ ਹੀ ਨਹੀਂ, 1970 ਵਿਚ ਪੰਜਾਬ ਦੀ ਖੇਤੀ ਵਿਚ ਪੂੰਜੀਵਾਦੀ ਵਿਕਾਸ, 'ਹਰੇ ਇਨਕਲਾਬ' ਦੇ ਨਾਂ ਹੇਠ ਸ਼ੁਰੂ ਹੋਇਆ ਜਿਸ ਨੇ ਖੇਤੀ ਉਤਪਾਦਨ ਨੂੰ ਇਕਦਮ ਹੁਲਾਰਾ ਹੀ ਨਹੀਂ ਦਿੱਤਾ, ਬਲਕਿ ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਤੋੜ ਕੇ ਪੁਰਾਣੀਆਂ ਸਦਾਚਾਰਕ ਕਦਰਾਂ-ਕੀਮਤਾਂ ਨੂੰ ਵੀ ਉਖਾੜ ਦਿੱਤਾ। ਇਸ ਸਮਾਜਿਕ ਗਿਰਾਵਟ ਵਿਚੋਂ ਸਿੱਖੀ ਅਤੇ ਹੋਰ ਧਰਮਾਂ ਦੀ ਪੁਨਰ-ਜਾਗ੍ਰਿਤੀ ਹੋਈ।' ਪਹਿਲਾਂ ਤਾਂ ਦਮਦਮੀ ਟਕਸਾਲ ਸਿੱਖ ਧਰਮ ਦੀਆਂ ਸੁਧਾਰਕ ਸਰਗਰਮੀਆਂ ਵਜੋਂ ਉਭਰੀ। ਫਿਰ ਬਾਅਦ ਵਿਚ 1978 ਦੇ ਸਿੱਖ-ਨਿਰੰਕਾਰੀ ਟਕਰਾਅ ਤੋਂ ਵਧਦੀ ਲੜੀ 1984 ਵਿਚ ਭਾਰਤੀ ਫ਼ੌਜ ਵੱਲੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਉਤੇ ਹਮਲੇ ਤੱਕ ਪਹੁੰਚ ਗਈ ਜਿਸ ਵਿਚ ਖ਼ੁਸ਼ਵੰਤ ਸਿੰਘ ਅਨੁਸਾਰ 5000 ਲੋਕ ਮਾਰੇ ਗਏ ਜਿਨ੍ਹਾਂ ਵਿਚ ਬਹੁਤੇ ਬੇਗੁਨਾਹ ਸਨ। ਬਾਅਦ ਦੇ ਇਕ ਦਹਾਕੇ ਵਿਚ ਮਨੁੱਖੀ ਹੱਕਾਂ ਦਾ ਘਾਣ ਇਸ ਕਦਰ ਜ਼ਿਆਦਾ ਹੋਇਆ ਕਿ ਇਸ ਸਮੇਂ ਤੱਕ ਸਰਕਾਰੀ ਦਮਨ ਤੰਤਰ ਬਹੁਤ ਮਜ਼ਬੂਤ ਅਤੇ ਗ਼ੈਰ-ਸੰਵੇਦਨਸ਼ੀਲ ਹੋ ਗਿਆ ਸੀ।

# ਕਾਂਗਰਸੀ ਰਸਾਲੇ 'ਚ ਸ਼ਹੀਦਾਂ ਬਾਰੇ ਗਲਤ ਟਿੱਪਣੀਆਂ

**ਚੰਡੀਗੜ੍ਹ:** ਧਰਮ ਨਿਰਪੱਖ ਹੋਣ ਦਾ ਦਾਅਵਾ ਕਰਨ ਵਾਲੀ ਕਾਂਗਰਸ ਨੇ ਆਪਣੇ ਰਸਾਲੇ 'ਚ ਸ਼ਹੀਦਾਂ ਬਾਰੇ ਗਲਤ ਟਿੱਪਣੀਆਂ ਕਰਕੇ ਨਵੀਂ ਮੁਸੀਬਤ ਸਹੇੜ ਲਈ ਹੈ। ਪਾਰਟੀ ਵੱਲੋਂ ਛਾਪੇ ਜਾਂਦੇ ਰਸਾਲੇ 'ਕਾਂਗਰਸ ਸੰਦੇਸ਼' ਦੇ ਹਾਲੀਆ ਅੰਕ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ 81ਵੇਂ ਸ਼ਹੀਦੀ ਦਿਹਾੜੇ ਬਾਰੇ ਛਾਪੇ ਗਏ ਮਜ਼ਮੂਨ ਵਿਚ ਤਿੰਨਾਂ ਕ੍ਰਾਂਤੀਕਾਰੀ ਦੇਸ਼ ਭਗਤਾਂ ਦੀ ਜਾਤ ਬਾਰੇ ਲਿਖਣ ਤੇ ਇਤਿਹਾਸ ਦੇ ਗਲਤ ਹਵਾਲੇ ਦੇਣ 'ਤੇ ਜਿੱਥੇ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਵਿਚ ਰੋਸ ਪਾਇਆ ਜਾ ਰਿਹਾ ਹੈ ਉਥੇ ਭਾਜਪਾ ਨੇ ਵੀ ਤਿੱਖੇ ਹਮਲੇ ਕੀਤੇ ਹਨ। ਭਾਜਪਾ ਨੇ ਇਸ ਨੂੰ ਕੌਮੀ ਨਾਇਕਾਂ ਤੇ ਆਜ਼ਾਦੀ ਘੁਲਾਟੀਆਂ ਦਾ ਅਪਮਾਨ ਕਰਾਰ ਦਿੱਤਾ ਤੇ ਇਸ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ।

ਰਸਾਲੇ 'ਚ ਸ਼ਹੀਦ ਭਗਤ ਸਿੰਘ ਬਾਰੇ ਲਿਖਿਆ ਗਿਆ ਹੈ ਕਿ ਉਹ ਜੱਟ ਸਿੱਖ ਪਰਿਵਾਰ ਵਿਚ ਜਨਮਿਆ ਜਿਸ ਨੂੰ ਅਕਸਰ ਸ਼ਹੀਦ ਭਗਤ ਸਿੰਘ ਵਜੋਂ ਯਾਦ ਕੀਤਾ ਜਾਂਦਾ ਹੈ। ਸ਼ਿਵਰਾਮ ਹਰੀ ਰਾਜਗੁਰੂ ਬਾਰੇ ਇਹ ਵਿਗਿਆਪਨ ਆਖਦਾ ਹੈ ਕਿ ਮਹਾਰਾਸ਼ਟਰ ਦਾ ਇਹ ਭਾਰਤੀ ਕ੍ਰਾਂਤੀਕਾਰੀ ਦੇਸ਼ਸਥਾ ਬ੍ਰਾਹਮਣ ਭਾਈਚਾਰੇ ਨਾਲ ਸਬੰਧਤ ਸੀ। ਲੁਧਿਆਣਾ ਦੇ ਸ਼ਹੀਦ ਸੁਖਦੇਵ ਥਾਪਰ ਬਾਰੇ ਰਸਾਲਾ ਲਿਖਦਾ ਹੈ ਕਿ ਸੁਖਦੇਵ ਥਾਪਰ, ਭਗਤ ਸਿੰਘ ਤੇ ਰਾਜਗੁਰੂ ਨਾਲ 1928 ਵਿਚ ਜੇ.ਪੀ. ਸਾਂਡਰਸ ਦੇ ਕਤਲ ਦੀ ਘਟਨਾ ਵਿਚ ਸ਼ਾਮਲ ਸੀ।

ਸ਼ਹੀਦਾਂ ਬਾਰੇ ਅਜਿਹੀਆਂ ਟਿੱਪਣੀਆਂ ਤੋਂ ਖ਼ਫ਼ਾ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਦਾ ਕਹਿਣਾ ਹੈ ਕਿ ਆਜ਼ਾਦੀ ਦੀ ਪੂਰੀ ਲਹਿਰ ਪ੍ਰਾਂਤਵਾਦ, ਜਾਤਪਾਤ ਤੇ ਧਰਮਾਂ ਦੀਆਂ ਵਲਗਣਾਂ ਤੋਂ ਉਪਰ ਸੀ। ਉਨ੍ਹਾਂ ਕਿਹਾ ਕਿ ਅੰਗਰੇਜ਼ ਸਾਮਰਾਜ ਦੀ ਸਮਾਜ ਤੇ ਲੋਕਾਂ ਨੂੰ ਪ੍ਰਾਂਤਕ, ਜਾਤੀ ਤੇ ਧਾਰਮਿਕ ਵੰਡੀਆਂ ਵਿਚ ਵੰਡਣ ਦੀ ਨੀਤੀ ਤਾਂ ਸੀ ਪਰ ਕਾਂਗਰਸ ਵੱਲੋਂ ਵੀ ਉਸੇ ਨੂੰ ਅਪਨਾਇਆ ਜਾਵੇਗਾ, ਇਹ ਬੜੀ ਅਫ਼ਸੋਸ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ 'ਕਾਂਗਰਸ ਸੰਦੇਸ਼' ਵਿਚ ਛਪੀਆਂ ਇਹ ਸਤਰਾਂ ਅੱਜ ਤੋਂ ਕੁਝ ਸਮਾਂ ਪਹਿਲਾਂ ਹਿੰਦੂ ਜਾਗ੍ਰਿਤੀ ਮੰਚ ਨੇ ਵੀ ਵਰਤੀਆਂ ਸਨ ਜਿਸ ਦਾ ਮਕਸਦ ਦੇਸ਼ ਨੂੰ ਹਿੰਦੂਵਾਦੀ ਸ਼ਕਤੀਆਂ ਰਾਹੀਂ ਬਰਬਾਦ ਕਰਨਾ ਹੈ। ਉਨ੍ਹਾਂ ਸੁਖਦੇਵ ਦੀ ਸਾਂਡਰਸ ਦੇ ਕਤਲ ਵਿਚ ਮੌਜੂਦਗੀ ਨੂੰ ਇਤਿਹਾਸਕ ਤੱਥਾਂ ਦੀ ਤੋੜ-ਮਰੋੜ ਆਖਦਿਆਂ ਕਿਹਾ ਕਿ ਸੁਖਦੇਵ, ਸਾਂਡਰਸ ਦੇ ਕਤਲ ਵਿਚ ਸ਼ਾਮਲ ਨਹੀਂ ਸੀ। ਇਸ ਦਾ ਖ਼ੁਲਾਸਾ ਸ਼ਹੀਦ ਭਗਤ ਸਿੰਘ ਨੇ ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਗਵਰਨਰ ਨੂੰ ਲਿਖੇ ਖ਼ਤ ਵਿਚ ਵੀ ਕੀਤਾ ਸੀ। ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਚਿਤਾ ਵੀ ਇਕ ਬਣੀ ਸੀ ਤੇ ਉਸ ਥਾਂ ਤੋਂ ਸ਼ਹੀਦ ਭਗਤ ਸਿੰਘ ਦੀ ਮਾਂ ਤੇ ਲਾਲਾ ਜੀ ਦੀ ਬੇਟੀ ਵੱਲੋਂ ਚੁੱਕੇ ਅਸਥ ਇਸ ਗੱਲ ਦੇ ਗਵਾਹ ਹਨ ਪਰ ਕਾਂਗਰਸ ਵੱਲੋਂ ਤਿੰਨਾਂ ਨੂੰ ਜਾਤਾਂ, ਧਰਮ ਤੇ ਪ੍ਰਾਂਤਾਂ ਵਿਚ ਨਿਖੇੜਨਾ ਸਿੱਧ ਕਰਦਾ ਹੈ ਕਿ ਅੰਗਰੇਜ਼ ਤਾਂ ਚਲੇ ਗਏ ਪਰ ਲੋਕਾਂ ਨੂੰ ਮਜ਼ਬ੍ਹਾਂ, ਜਾਤਾਂ ਵਿਚ ਵੰਡਣ ਤੇ ਪਾੜਨ ਦੀ ਰਣਨੀਤੀ ਕਾਂਗਰਸ ਨੂੰ ਵਿਰਸੇ ਵਿਚ ਦੇ ਗਏ। ਪ੍ਰੋ. ਜਗਮੋਹਨ ਸਿੰਘ ਅਨੁਸਾਰ ਦੁੱਖ ਇਸ ਗੱਲ ਦਾ ਵੀ ਹੈ ਕਿ ਇਸ ਰਸਾਲੇ ਦਾ ਸੰਪਾਦਕ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਪੁੱਤਰ ਹੈ। ਉਂਜ ਕਾਂਗਰਸ ਨੇ ਇਸ ਮੁੱਦੇ ਨੂੰ ਬਹੁਤੀ ਤੂਲ ਨਾ ਦਿੰਦਿਆਂ ਆਖਿਆ ਕਿ ਇਹ ਮਹਿਜ਼ ਸ਼ਹੀਦਾਂ ਦੀਆਂ ਜੀਵਨੀਆਂ ਦੇ ਹਵਾਲੇ ਹਨ। ਕਾਂਗਰਸ ਸੰਦੇਸ਼ ਦੇ ਸੰਪਾਦਕ ਅਨਿਲ ਸ਼ਾਸਤਰੀ ਨੇ ਕਿਹਾ ਕਿ ਇਹ ਜਾਣਕਾਰੀ ਲੇਖ ਦੀ ਮੰਗ ਮੁਤਾਬਕ ਦਿੱਤੀ ਗਈ ਸੀ ਤੇ ਇਸ ਵਿਚ ਕੁਝ ਵੀ ਇਤਰਾਜ਼ਯੋਗ ਨਹੀਂ ਹੈ।

# ਚੋਣਾਂ:ਐਤਕੀਂ ਖੱਬੇ ਪੱਖੀ ਤਾਕਤਾਂ ਦੇ ਟੁੱਟ ਜਾਣਗੇ ਗੜ੍ਹ?

***ਪੱਛਮੀ ਬੰਗਾਲ 'ਚ ਖੱਬਾ ਮੋਰਚਾ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਹੈ, ਪਰ ਪਿਛਲੇ ਤਿੰਨ ਸਾਲਾਂ ਦੌਰਾਨ ਸੰਗੂਰ, ਨੰਦੀਗ੍ਰਾਮ ਅਤੇ ਹੋਰ ਥਾਂਈਂ ਕਾਰਪੋਰੇਟ ਸੈਕਟਰ ਦੀ ਸ਼ਰ੍ਹੇਆਮ ਹਮਾਇਤ ਕਰਨ ਕਰਕੇ ਇਸ ਦੇ ਅਕਸ ਨੂੰ ਡਾਢੀ ਢਾਹ ਲੱਗੀ ਹੈ। ਸੀ.ਪੀ.ਆਈ.(ਮਾਓਵਾਦੀ) ਦੀ ਅਗਵਾਈ ਹੇਠ ਤੱਤੇ ਕਮਿਊਨਿਸਟਾਂ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਇਸ ਮੌਕੇ ਦਾ ਵਾਹਵਾ ਫਾਇਦਾ ਉਠਾਇਆ ਅਤੇ ਹੁਣ ਵਿਧਾਨ ਸਭਾ ਚੋਣਾਂ ਵਿਚ ਖੱਬਾ ਮੋਰਚਾ ਆਪਣੀ ਭਲ ਬਚਾਉਣ ਲਈ ਹੱਥ-ਪੈਰ ਮਾਰਦਾ ਨਜ਼ਰ ਆ ਰਿਹਾ ਹੈ। ਇਸ ਲੇਖ 'ਚ ਪੱਛਮੀ ਬੰਗਾਲ ਤੋਂ ਇਲਾਵਾ ਕੇਰਲ, ਤਾਮਿਲਨਾਡੂ ਅਤੇ ਆਸਾਮ 'ਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਪਿੜ ਬਾਰੇ ਚਰਚਾ ਕੀਤਾ ਗਈ ਹੈ। -ਸੰਪਾਦਕ***

**ਪ੍ਰਫੁੱਲ ਬਿਦਵਈ**

ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ ਅਤੇ ਆਸਾਮ ਵਿਚ ਚੋਣ ਅਮਲ ਸ਼ੁਰੂ ਹੋ ਗਿਆ ਹੈ। ਭਾਰਤੀ ਸਿਆਸਤ ਨਵੇਂ ਦੌਰ 'ਚ ਦਾਖ਼ਲ ਹੋ ਰਹੀ ਜਾਪਦੀ ਹੈ ਜੋ ਪੂਰੀ ਤਰ੍ਹਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਸਾਹਮਣੇ ਆਏਗਾ। ਜਦੋਂ 13 ਮਈ ਨੂੰ ਇਨ੍ਹਾਂ ਵਿਧਾਨ ਸਭਾ ਚੋਣਾਂ ਦਾ ਨਤੀਜਾ ਆਏਗਾ ਤਾਂ ਇਹ ਕਈ ਪਾਰਟੀਆਂ, ਖਾਸ ਕਰਕੇ ਕਾਂਗਰਸ, ਡੀ. ਐਮ. ਕੇ., ਏ. ਆਈ. ਏ. ਡੀ. ਐਮ. ਕੇ., ਆਸਾਮ ਗਣ ਪ੍ਰੀਸ਼ਦ ਅਤੇ ਸਭ ਤੋਂ ਉੱਤੇ ਖੱਬੇ ਮੋਰਚੇ ਲਈ ਇਹ ਸਮਾਂ ਨਵਾਂ ਮੋੜ ਸਿੱਧ ਹੋ ਸਕਦਾ ਹੈ। ਭਾਜਪਾ ਦਾ ਭਾਵੇਂ ਇਨ੍ਹਾਂ ਚਾਰ ਸੂਬਿਆਂ 'ਚ ਕੋਈ ਬਹੁਤਾ ਆਧਾਰ ਨਾ ਹੋਣ ਕਰਕੇ ਇਸ 'ਤੇ ਬਹੁਤਾ ਪ੍ਰਭਾਵ ਨਹੀਂ ਪੈਣ ਵਾਲਾ ਪਰ ਇਸ ਦਾ ਗਠਜੋੜ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਇਨ੍ਹਾਂ ਨਤੀਜਿਆਂ ਤੋਂ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਵੇਗਾ। ਤਾਮਿਲਨਾਡੂ ਵਿਚ ਡੀ. ਐਮ. ਕੇ. ਕਾਂਗਰਸ ਨੂੰ ਸਭ ਤੋਂ ਵੱਡੀ ਚੁਣੌਤੀ ਏ. ਆਈ. ਏ. ਡੀ. ਐਮ. ਕੇ. ਦੀ ਅਗਵਾਈ ਵਾਲੇ ਉਸ ਮੋਰਚੇ ਤੋਂ ਹੈ ਜਿਸ ਵਿਚ ਫ਼ਿਲਮ ਸਿਤਾਰੇ ਵਿਜੈ ਕਾਂਤ ਦੀ ਪਾਰਟੀ ਡੀ. ਐਮ. ਡੀ. ਕੇ. ਅਤੇ ਖੱਬੀਆਂ ਪਾਰਟੀਆਂ ਵੀ ਸ਼ਾਮਿਲ ਹਨ। ਡੀ. ਐਮ. ਕੇ. ਦੇ ਵੋਟ ਫ਼ੀਸਦੀ (ਜੋ 2006 ਵਿਚ 26.5 ਫ਼ੀਸਦੀ ਸੀ) ਵਿਚ ਥੋੜ੍ਹੀ ਜਿਹੀ ਕਮੀ ਆਉਣ ਨਾਲ ਸੰਤੁਲਨ ਵਿਰੋਧੀਆਂ ਦੇ ਹੱਕ ਵਿਚ ਹੋ ਸਕਦਾ ਹੈ। ਜੇਕਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਘਿਰਿਆ ਹੋਣ ਦੇ ਬਾਵਜੂਦ ਡੀ. ਐਮ. ਕੇ. ਦੀ ਅਗਵਾਈ ਵਾਲਾ ਮੋਰਚਾ ਜਿੱਤਦਾ ਹੈ ਤਾਂ ਕਾਂਗਰਸ ਕੋਲ ਉਥੇ ਸਰਕਾਰ ਵਿਚ ਰਹਿਣ ਦਾ ਚੰਗਾ ਮੌਕਾ ਹੋਵੇਗਾ।

ਡੀ. ਐਮ. ਕੇ. ਨੇ ਭਾਵੇਂ ਸੱਤਾ ਦੀ ਵਰਤੋਂ ਕਰਦਿਆਂ ਕਈ ਖੇਤਰਾਂ ਅਤੇ ਸੰਸਥਾਵਾਂ 'ਤੇ ਆਪਣਾ ਦਬਦਬਾ ਕਾਇਮ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਚੋਣਾਂ ਆਤਮ-ਵਿਸ਼ਵਾਸ ਨਾਲ ਨਹੀਂ ਲੜ ਰਹੀ। 2006 ਵਿਚ ਰਾਜ ਦੇ ਮੁੱਖ ਮੰਤਰੀ ਐਮ. ਕਰੁਣਾਨਿਧੀ ਵੋਟਾਂ ਲਈ ਅਪੀਲ ਕਰਦਿਆਂ ਇਹ ਆਖ ਰਹੇ ਸਨ ਕਿ ਇਹ ਉਨ੍ਹਾਂ ਦੀਆਂ ਆਖਰੀ ਚੋਣਾਂ ਹੋਣਗੀਆਂ। ਉਨ੍ਹਾਂ ਦੀ ਉਮਰ 87 ਸਾਲ ਹੋ ਗਈ ਹੈ ਪਰ ਉਨ੍ਹਾਂ ਨੂੰ ਆਪਣਾ ਵਾਰਸ ਲੱਭਣ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ। ਡੀ. ਐਮ. ਕੇ. ਵੋਟਰਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਰਹੀ ਹੈ। ਇਸ ਸੀ ਸ਼ਰੀਕ ਏ. ਆਈ. ਏ. ਡੀ. ਐਮ. ਕੇ. ਵੀ ਇਹੋ ਕੁਝ ਕਰ ਰਹੀ ਹੈ। ਇਸ ਤਰ੍ਹਾਂ ਦੀ ਮੁਕਾਬਲੇਬਾਜ਼ੀ ਤਾਮਿਲਨਾਡੂ ਤੱਕ ਹੀ ਸੀਮਤ ਨਹੀਂ ਹੈ। ਆਸਾਮ ਵਿਚ ਵੀ ਮੁੱਖ ਮੰਤਰੀ ਤਰੁਨ ਗੋਗੋਈ ਦੀ ਅਗਵਾਈ ਵਿਚ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਕੀਤੇ ਹਨ ਅਤੇ ਲਾਲਚ ਦਿੱਤੇ ਗਏ ਹਨ। ਆਸਾਮ ਦੇ ਪਹਿਲੇ ਮੁੱਖ ਮੰਤਰੀ ਬੀ. ਪੀ. ਚਾਲੀਹਾ (1957-1970) ਤੋਂ ਬਾਅਦ ਗੋਗੋਈ ਇਕ ਦਹਾਕੇ ਜਾਂ ਇਸ ਤੋਂ ਵੀ ਵੱਧ ਸਮੇਂ ਤੱਕ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿ ਸਕਣਗੇ ਜਾਂ ਨਹੀਂ, ਇਹ ਕੁਝ ਪੱਖਾਂ ਤੋਂ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਆਸਾਮ ਦੇ ਮੁਸਲਿਮ ਵੋਟਰ ਜਿਨ੍ਹਾਂ ਦੀ ਆਬਾਦੀ 30 ਫ਼ੀਸਦੀ ਹੈ, ਕਾਂਗਰਸ ਦਾ ਸਮਰਥਨ ਕਰਦੇ ਹਨ ਜਾਂ 'ਪਰਫਿਊਮ ਮੁਗਲ' ਬਦਰੁੱਦੀਨ ਅਜ਼ਮਲ ਦੇ 'ਆਲ ਇੰਡੀਆ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ' (ਏ. ਆਈ. ਯੂ. ਡੀ. ਐਫ.) ਦਾ।

ਉਂਜ ਤਾਂ ਏ. ਆਈ. ਯੂ. ਡੀ. ਐਫ. ਆਸਾਮ ਗਣ ਪ੍ਰੀਸ਼ਦ ਨੂੰ ਅੱਗੇ ਲਿਆਉਣਾ ਪਸੰਦ ਕਰਦੀ ਹੈ ਪਰ ਆਸਾਮ ਗਣ ਪ੍ਰੀਸ਼ਦ ਨੇ ਚੋਰੀ-ਛਿਪੇ ਭਾਜਪਾ ਨਾਲ ਸਮਝੌਤਾ ਕਰ ਲਿਆ ਹੈ। ਦੋਵੇਂ ਪਾਰਟੀਆਂ ਇਕ-ਦੂਜੀ ਦੇ ਖਿਲਾਫ਼ ਮਜ਼ਬੂਤ ਉਮੀਦਵਾਰ ਨਹੀਂ ਉਤਾਰ ਰਹੀਆਂ। ਕਾਂਗਰਸ ਦੇ ਚੰਗੇ ਭਾਗੀਂ ਚੋਣਾਂ ਦਾ ਬਾਈਕਾਟ ਕਰਨ ਵਾਲੇ 'ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਆਸਾਮ' (ਉਲਫ਼ਾ) ਅਤੇ ਬੋਡੋ ਵੱਖਵਾਦੀ ਗਰੁੱਪ ਬਹੁਤ ਕਮਜ਼ੋਰ ਪੈ ਗਏ ਹਨ।

ਸਭ ਤੋਂ ਹੈਰਾਨੀਜਨਕ ਤਬਦੀਲੀਆਂ ਪੱਛਮੀ ਬੰਗਾਲ ਅਤੇ ਕਿਸੇ ਹੱਦ ਤੱਕ ਕੇਰਲ 'ਚ ਹੋ ਸਕਦੀਆਂ ਹਨ। ਪੱਛਮੀ ਬੰਗਾਲ ਵਿਚ ਖੱਬਾ ਮੋਰਚਾ ਜਿਸ ਨੇ 34 ਸਾਲ ਸਰਕਾਰ ਚਲਾਉਣ ਦਾ ਰਿਕਾਰਡ ਬਣਾਇਆ ਹੈ, ਪਤਨ ਵੱਲ ਵਧ ਰਿਹਾ ਹੈ। ਖੱਬੇ ਮੋਰਚੇ ਦੇ ਰਾਜ ਵਿਚ ਜ਼ਮੀਨ ਸੁਧਾਰਾਂ ਅਤੇ ਹੋਰ ਪ੍ਰਗਤੀਸ਼ੀਲ ਅਮਲਾਂ ਦੀ ਰਫ਼ਤਾਰ ਢਿੱਲੀ ਪੈ ਗਈ ਹੈ ਅਤੇ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਤੇ ਹੋਰ ਉਪਜੀਵਕਾ ਨਾਲ ਸਬੰਧਿਤ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਕੇ ਬਿਨਾਂ ਸੋਚੇ-ਸਮਝੇ ਕਾਰਪੋਰੇਟ ਪੱਖੀ ਨੀਤੀਆਂ 'ਤੇ ਚੱਲਣਾ ਸ਼ੁਰੂ ਹੋ ਗਈ ਸੀ। ਖੱਬੇ-ਪੱਖੀਆਂ ਦਾ ਵਿਚਾਰਧਾਰਕ ਅਕਸ ਇਨਕਲਾਬੀ ਤਬਦੀਲੀਆਂ ਅਤੇ ਸਮਾਜਿਕ ਸੁਧਾਰ ਕਰਨ ਵਾਲੀ ਤਾਕਤ ਵਜੋਂ ਬਣਿਆ ਸੀ ਪਰ ਹੁਣ ਇਸ ਵੱਲ ਬੰਗਾਲੀ ਨੌਜਵਾਨਾਂ ਵਿਚ ਕੋਈ ਖਿੱਚ ਨਹੀਂ ਰਹੀ। ਬੰਗਾਲ 'ਚ ਖੱਬੇ ਮੋਰਚੇ ਦੀ ਬਦਨਾਮੀ ਉਦੋਂ ਵਧੇਰੇ ਹੋਈ ਜਦੋਂ ਇਸ ਦੀ ਸਰਕਾਰ ਨੇ ਸਿੰਗੂਰ ਤੇ ਨੰਦੀਗਰਾਮ ਵਿਚ ਜ਼ਮੀਨਾਂ ਐਕਵਾਇਰ ਕਰਨ ਦੇ ਵਿਰੋਧ 'ਚ ਉਠੇ ਲੋਕ-ਰੋਹ ਨੂੰ ਬੇਰਹਿਮੀ ਨਾਲ ਕੁਚਲਿਆ ਸੀ। ਇਸ ਬਦਨਾਮੀ ਤੋਂ ਖੱਬੇ ਪੱਖੀਆਂ ਨੇ ਕੋਈ ਸਬਕ



ਨਹੀਂ ਸਿੱਖਿਆ। ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਖੱਬੇ ਮੋਰਚੇ ਦੀ ਅਸਫਲਤਾ ਦਾ ਸੁਧਰੇ ਹੋਏ ਢੰਗ ਨਾਲ ਫਾਇਦਾ ਉਠਾਇਆ। ਕੁਝ ਕੱਟੜ ਖੱਬੇ ਵਰਗਾਂ ਅਤੇ ਖੱਬੇ ਮੋਰਚੇ ਦੀ ਭਰਮ ਤੋਂ ਮੁਕਤ ਹੋਏ ਮੱਧ ਵਰਗੀ ਬੁੱਧੀਜੀਵੀਆਂ ਦੇ ਇਕ ਵੱਡੇ ਹਿੱਸੇ ਨੇ ਉਨ੍ਹਾਂ ਦਾ ਸਮਰਥਨ ਕੀਤਾ ਹੈ। ਸ਼ਹਿਰਾਂ ਤੇ ਕਸਬਿਆਂ ਵਿਚ ਮਮਤਾ ਦੀ ਹਰਮਨ ਪਿਆਰਤਾ ਵਧੀ ਲਗਦੀ ਹੈ। ਉਸ ਨੇ ਕਾਂਗਰਸ ਨੂੰ ਧੌਂਸ ਨਾਲ ਸਿਰਫ 65 ਸੀਟਾਂ 'ਤੇ ਸੰਤੁਸ਼ਟ ਹੋਣ ਲਈ ਰਾਜ਼ੀ ਕਰ ਲਿਆ ਹੈ। ਇਸ ਦਾ ਅਰਥ ਇਹ ਨਹੀਂ ਕਿ ਖੱਬਾ ਮੋਰਚਾ ਮੁਕਾਬਲਾ ਨਹੀਂ ਕਰੇਗਾ। ਇਹ ਵੀ ਆਪਣੇ ਪੂਰੇ ਲਾਮ ਲਸ਼ਕਰ ਤੇ ਹਥਿਆਰਾਂ ਨਾਲ ਮੈਦਾਨ 'ਚ ਉਤਰ ਰਿਹਾ ਹੈ ਪਰ ਇਸ ਲਈ ਭਾਰੀ ਮਾਤਰਾ 'ਚ ਪਸੀਨਾ ਵਹਾਉਣਾ ਪੈ ਰਿਹਾ ਹੈ। ਜੇਕਰ ਖੱਬਾ ਮੋਰਚਾ ਪੱਛਮੀ ਬੰਗਾਲ ਵਿਚ ਹਾਰ ਜਾਂਦਾ ਹੈ ਤਾਂ ਇਸ ਦੀ ਸਿਰਫ ਹਾਰ ਕਾਰਨ ਹੀ ਬਦਨਾਮੀ ਨਹੀਂ ਹੋਵੇਗੀ ਸਗੋਂ ਇਸ ਨੂੰ ਤ੍ਰਿਣਮੂਲ ਕਾਂਗਰਸ ਦੇ ਦਮਨ ਨੂੰ ਵੀ ਝੱਲਣਾ ਪਵੇਗਾ ਜੋ ਗੁੰਡਾ ਅਨਸਰਾਂ ਨਾਲ ਭਰੀ ਪਈ ਹੈ ਅਤੇ ਇਨ੍ਹਾਂ ਨੂੰ ਆਪਣੇ ਵਿਰੋਧੀਆਂ ਵਿਰੁੱਧ ਵਰਤਿਆ ਜਾਂਦਾ ਹੈ।

ਜੇ ਖੱਬਾ ਮੋਰਚਾ ਜਿਵੇਂ-ਕਿਵੇਂ ਸੱਤਾ 'ਚ ਆ ਹੀ ਜਾਂਦਾ ਹੈ ਤਾਂ ਇਹ ਕਮਜ਼ੋਰ ਤਾਕਤ ਹੋਵੇਗਾ ਜਿਸ ਕੋਲ ਅਜਿਹਾ ਕੁਝ ਨਵਾਂ ਕਰਨ ਦੀ ਆਜ਼ਾਦੀ ਨਹੀਂ ਹੋਵੇਗੀ ਜਿਸ ਦੀ ਮਦਦ ਨਾਲ ਉਹ ਆਪਣਾ ਗੁਆਚਿਆ ਆਧਾਰ ਮੁੜ ਹਾਸਲ ਕਰ ਸਕੇ।

ਕੇਰਲ ਵਿਚ ਵੀ ਖੱਬਾ ਜਮਹੂਰੀ ਮੋਰਚਾ ਜਿੱਤ ਹਾਸਲ ਕਰਨ ਦੀ ਚੰਗੀ ਹਾਲਤ 'ਚ ਨਹੀਂ ਹੈ। ਇਸ ਦਾ ਕਾਰਨ ਸਿਰਫ ਇਹੀ ਨਹੀਂ ਹੈ ਕਿ ਖੱਬੇ ਮੋਰਚੇ ਤੇ ਕਾਂਗਰਸ ਦੀ ਅਗਵਾਈ ਵਾਲਾ ਸਾਂਝਾ ਪ੍ਰਗਤੀਸ਼ੀਲ ਮੋਰਚਾ ਵਾਰੀ-ਵਾਰੀ ਜਿੱਤਦਾ ਆ ਰਿਹਾ ਹੈ। ਇਥੇ ਖੱਬੇ ਮੋਰਚੇ ਨੂੰ ਲੋਕ ਸੇਵਾਵਾਂ ਨੂੰ ਠੀਕ ਢੰਗ ਨਾਲ ਅਮਲ'ਚ ਨਾ ਲਿਆਉਣ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਚਲਦਿਆਂ ਹਾਰ ਦਾ ਖ਼ਤਰਾ ਮੰਡਰਾ ਰਿਹਾ ਹੈ। ਭ੍ਰਿਸ਼ਟਾਚਾਰ ਦੇ ਇਹ ਦੋਸ਼ ਹੋਰ ਕਿਸੇ 'ਤੇ ਨਹੀਂ, ਸਗੋਂ ਸੀ. ਪੀ. ਐਮ. ਦੇ ਸੂਬਾ ਸਕੱਤਰ ਪਿਨਾਰਾਈ ਵਿਜੇਨ 'ਤੇ ਲੱਗੇ ਹਨ। ਕੇਰਲ ਵਿਚ ਸੀ. ਪੀ. ਐਮ. ਭਿਆਨਕ ਤਸਵੀਰ ਪੇਸ਼ ਕਰਦੀ ਹੈ। ਵਿਜੇਨ ਨੇ ਰਾਜ ਦੇ ਮੁੱਖ ਮੰਤਰੀ ਵੀ. ਐਸ. ਅਛੂਤਾਨੰਦਨ ਜੋ ਸਨਮਾਨਿਤ ਹਰਮਨ-ਪਿਆਰੇ ਸਿਆਸਤਦਾਨ ਹਨ, ਤੇ ਸਾਦੀ ਜੀਵਨਸ਼ੈਲੀ ਤੇ ਇਮਾਨਦਾਰ ਅਮਲਾਂ ਦੇ ਧਾਰਨੀ ਹਨ, ਨੂੰ ਪ੍ਰੇਸ਼ਾਨੀ 'ਚ ਪਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਇਹੀ ਨਹੀਂ, ਉਸ ਨੇ ਮੁੱਖ ਮੰਤਰੀ ਦੇ ਅਗਾਂਹਵਧੂ ਕਦਮਾਂ ਨੂੰ ਵੀ ਘਸੇ-ਪਿਟੇ ਕਹਿ ਕੇ ਇਨ੍ਹਾਂ ਨੂੰ ਅਸਫਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਵਿਜੇਨ ਦੇ ਦਬਾਅ ਹੇਠ ਅਛੂਤਾਨੰਦਨ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਨਾ ਐਲਾਨ ਕੇ ਸੀ. ਪੀ. ਐਮ. ਨੇ ਇਕ ਹੋਰ ਭਾਰੀ ਭੁੱਲ ਕੀਤੀ ਹੈ।

ਪੱਛਮੀ ਬੰਗਾਲ ਅਤੇ ਕੇਰਲ ਵਿਚ ਹਾਰ ਦੇ ਨਾਲ ਖੱਬੀਆਂ ਪਾਰਟੀਆਂ ਦੀ ਰਾਸ਼ਟਰੀ ਹੈਸੀਅਤ ਅਤੇ ਸੰਸਦੀ ਤਾਕਤ ਵਿਚ ਹੋਰ ਕਮੀ ਆਏਗੀ। ਉਨ੍ਹਾਂ ਨੂੰ 2004 ਵਿਚ ਲੋਕ ਸਭਾ ਦੀਆਂ 61 ਸੀਟਾਂ ਹਾਸਲ ਹੋਈਆਂ ਸਨ ਜਦੋਂ ਕਿ 2009 ਵਿਚ ਸਿਰਫ਼ 24 ਰਹਿ ਗਈਆਂ। ਜੇ ਇਸ ਦੀ ਕਾਰਗੁਜ਼ਾਰੀ ਹੋਰ ਨਿੱਘਰਦੀ ਹੈ ਤਾਂ ਇਹ ਸੰਸਦ ਵਿਚ ਹਾਸ਼ੀਏ 'ਤੇ ਧੱਕੀ ਤਾਕਤ ਬਣ ਜਾਵੇਗੀ ਪਰ ਖੱਬੇ ਮੋਰਚੇ ਨੂੰ ਇਕ ਸਮਾਜਿਕ ਲਹਿਰ ਦੇ ਤੌਰ 'ਤੇ ਲੈਂਦਿਆਂ ਉਸ ਦੀਆਂ ਕਿਸਾਨ ਸਭਾਵਾਂ, ਮਜ਼ਦੂਰ ਜਥੇਬੰਦੀਆਂ, ਔਰਤ ਸੰਗਠਨਾਂ ਤੇ ਵਿਦਿਆਰਥੀ ਜਥੇਬੰਦੀਆਂ ਦੀ ਤਾਕਤ ਨੂੰ ਖਾਰਜ ਕਰਨਾ ਸਹੀ ਨਹੀਂ ਹੋਵੇਗਾ ਪਰ ਜਦੋਂ ਤੱਕ ਖੱਬੀਆਂ ਪਾਰਟੀਆਂ ਆਪਣੀ ਰਾਜਨੀਤੀ, ਲਾਮਬੰਦੀ ਦੀ ਆਪਣੀ ਰਣਨੀਤੀ ਅਤੇ ਆਪਣੇ ਜਥੇਬੰਦਕ ਢਾਂਚੇ ਵਿਚ ਬੁਨਿਆਦੀ ਤਬਦੀਲੀਆਂ ਨਹੀਂ ਕਰਦੀਆਂ, ਉਦੋਂ ਤੱਕ ਉਨ੍ਹਾਂ ਲਈ ਆਪਣੀ ਗਿਰਾਵਟ ਨੂੰ ਰੋਕ ਸਕਣਾ ਔਖਾ ਹੋਵੇਗਾ।

ਖੱਬੇ ਮੋਰਚੇ ਦਾ ਪਤਨ ਭਾਰਤੀ ਸਿਆਸਤ ਦੇ ਖਾਸੇ 'ਤੇ ਅਣਸੁਖਾਵੇਂ ਪ੍ਰਭਾਵ ਪਾਏਗਾ ਤੇ ਇਸ ਦੇ ਧੁਰੇ ਨੂੰ ਸੱਜੇ-ਪੱਖੀ ਰੰਗ ਚਾੜ੍ਹ ਦੇਵੇਗਾ। ਇਹ ਮਹਾਂ ਦੁਖਾਂਤ ਹੋਵੇਗਾ। ਆਪਣੇ ਅਣਦੇਖੀ ਦੇ ਸ਼ਿਕਾਰ ਸਮਾਜਿਕ ਏਜੰਡਿਆਂ ਅਤੇ ਲੋਕਾਂ ਦੀ ਗਰੀਬੀ ਤੇ ਸਹੂਲਤਾਂ ਦੀ ਕਮੀ ਦੇ ਹੁੰਦਿਆਂ ਭਾਰਤੀ ਸਿਆਸਤ ਨੂੰ ਵਿਆਪਕ ਕੇਂਦਰ ਦੀ ਖੱਬੇ ਪੱਖੀ ਸਿਆਸਤ ਦਾ ਪੱਲਾ ਫੜਨਾ ਚਾਹੀਦਾ ਹੈ ਜੋ ਗਰੀਬਾਂ ਨੂੰ ਸਮਰੱਥ ਬਣਾਉਣ ਤੇ ਲੋਕਾਂ ਨੂੰ ਆਜ਼ਾਦੀ ਪ੍ਰਦਾਨ ਕਰਨ ਵਾਲੀਆਂ ਨੀਤੀਆਂ ਨੂੰ ਕੇਂਦਰ 'ਚ ਰੱਖਦੀ ਹੈ।

ਇਸ ਦਾ ਅਰਥ ਇਹ ਨਹੀਂ ਕਿ ਭਾਰਤ ਇਕ ਧਰੁਵੀ ਸਿਆਸਤ ਜਾਂ ਕਾਂਗਰਸ ਤੇ ਭਾਜਪਾ ਦੇ ਦਬਦਬੇ ਵਾਲੀ ਦੋ-ਧਰੁਵੀ ਸਿਆਸੀ ਵਿਵਸਥਾ ਵੱਲ ਧੱਕਿਆ ਜਾਵੇਗਾ। ਭਾਰਤ ਅੰਦਰਲੇ ਅਨੇਕਾਂ ਸਮਾਜਿਕ ਰੁਝਾਨ ਅਤੇ ਸਿਆਸੀ ਧਾਰਾਵਾਂ ਇਸ ਦੀ ਇਜਾਜ਼ਤ ਨਹੀਂ ਦਿੰਦੀਆਂ।

ਦਲਿਤਾਂ ਤੇ ਹੋਰ ਪਛੜੇ ਵਰਗਾਂ ਦੇ ਉਭਾਰ, ਖੇਤਰੀ ਪਾਰਟੀਆਂ ਦੀ ਮਜ਼ਬੂਤੀ ਅਤੇ ਸਮਾਜਿਕ ਲਹਿਰਾਂ ਜੋ ਨਵ-ਉਦਾਰਵਾਦੀ ਤੇ ਸੰਸਾਰੀਕਰਨ ਦੇ ਵਿਰੋਧ 'ਚ ਖੜ੍ਹੀਆਂ ਹੁੰਦੀਆਂ ਹਨ, ਦੇ ਜਨਮ ਨਾਲ ਭਾਰਤੀ ਰਾਜਸੀ ਵਿਵਸਥਾ ਮਜ਼ਬੂਤੀ ਨਾਲ ਬਹੁ-ਕੇਂਦਰੀ ਬਣ ਗਈ ਹੈ।

# ਬਾਲੜੀਆਂ ਦੀ ਘਟ ਰਹੀ ਗਿਣਤੀ ਫਿਕਰ ਵਾਲੀ ਗੱਲ

**ਗੋਬਿੰਦ ਠੁਕਰਾਲ**

ਆਬਾਦੀ ਦੇ ਵਾਧੇ ਬਾਰੇ ਪੇਚੀਦਾ ਸਮੱਸਿਆਵਾਂ ਅਤੇ ਹੋਰ ਮਸਲਿਆਂ ਜੋ ਭਾਰਤ ਦੇ ਬਹੁ-ਕੌਮੀ, ਬਹੁ-ਸੱਭਿਆਚਾਰਕ ਅਤੇ ਬਹੁ-ਭਾਸ਼ਾਈ ਸਮਾਜ ਨੂੰ ਦਰਪੇਸ਼ ਹਨ, ਨੂੰ ਸਮਝਣ 'ਚ ਮਰਦਮਸ਼ੁਮਾਰੀ ਸਾਡੀ ਮਦਦ ਕਰਦੀ ਹੈ। ਇਨ੍ਹਾਂ ਪੇਚੀਦਗੀਆਂ ਦੀ ਸਮਝ ਨਾ ਸਿਰਫ ਨੀਤੀ ਘਾੜਿਆਂ ਅਤੇ ਹੋਰ ਮਾਹਿਰਾਂ ਦੀ ਸਹਾਇਤਾ ਕਰਦੀ ਹੈ ਸਗੋਂ ਆਮ ਆਦਮੀ ਲਈ ਵੀ ਸਮਾਜ ਦੀਆਂ ਉਲਝਣਾਂ ਸਮਝਣ ਵਿਚ ਸਹਾਈ ਹੁੰਦੀ ਹੈ। ਮਰਦਮਸ਼ੁਮਾਰੀ-2011 ਲਈ ਜਾਰੀ ਹੋਈ ਅੰਤਰਿਮ ਰਿਪੋਰਟ ਵਿਚ ਵੱਖ-ਵੱਖ ਤਰ੍ਹਾਂ ਦੇ ਤੱਥ ਸਾਹਮਣੇ ਆਉਂਦੇ ਹਨ। ਇਸ ਵਿਚ ਚੰਗੀ ਖ਼ਬਰ ਗੁੰਝਲਦਾਰ ਰੂਪ 'ਚ ਮਾੜੀ ਖ਼ਬਰ ਨਾਲ ਜੁੜੀ ਹੋਈ ਹੈ। ਅੰਤਰਿਮ ਜਾਣਕਾਰੀ ਇਹ ਦੱਸਦੀ ਹੈ ਕਿ ਭਾਰਤ ਦੀ ਆਬਾਦੀ, ਇਸ ਦੀ ਵਾਧਾ ਦਰ ਨੂੰ ਘਟਾ ਕੇ ਸਥਿਰ ਕੀਤੀ ਜਾ ਸਕਦੀ ਹੈ। 2001 ਦੀ ਮਰਦਮਸ਼ੁਮਾਰੀ ਵਿਚ ਵਾਧਾ ਦਰ 21.54 ਫ਼ੀਸਦੀ ਸੀ ਜੋ 2011 'ਚ ਘਟ ਕੇ 17.64 ਫ਼ੀਸਦੀ ਦਰਜ ਕੀਤੀ ਗਈ। ਸਹੀ ਅਰਥਾਂ ਵਿਚ 2001-2011 ਅਜਿਹਾ ਪਹਿਲਾ ਦਹਾਕਾ ਹੈ (1911-1921 ਨੂੰ ਛੱਡ ਕੇ) ਜਿਸ ਵਿਚ ਪਿਛਲੇ ਦਹਾਕਿਆਂ ਨਾਲੋਂ ਵਸੋਂ ਵਾਧਾ ਦਰ ਕੁਝ ਘਟੀ ਹੈ।

ਇਸ ਵਿਚ ਕੋਈ ਹੈਰਾਨੀ ਨਹੀਂ ਹੈ ਕਿ ਕੁੱਲ ਲਿੰਗ ਅਨੁਪਾਤ ਜੋ ਪ੍ਰਤੀ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਹੁੰਦੀ ਹੈ, ਵਿਚ ਵੀ ਸੁਧਾਰ ਦਿਸਿਆ ਹੈ। ਇਹ ਔਰਤਾਂ ਦੀ ਮੁਕਾਬਲਤਨ ਲੰਮੀ ਉਮਰ ਅਤੇ ਸਿਹਤ ਸੇਵਾਵਾਂ ਵਿਚ ਸੁਧਾਰ ਕਾਰਨ ਸੰਭਵ ਹੋਇਆ ਹੈ। ਇਸ ਦੇ ਬਾਵਜੂਦ ਕਈ ਬੇਹੱਦ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਵੀ ਸਾਡੇ ਸਾਹਮਣੇ ਆਏ ਹਨ। ਬਾਲ ਲਿੰਗ ਅਨੁਪਾਤ ਤੇਜ਼ੀ ਨਾਲ ਡਿੱਗਿਆ ਹੈ। ਇਹ ਅਨੁਪਾਤ 6 ਸਾਲ ਤੱਕ ਉਮਰ ਵਰਗ ਦੇ ਬੱਚਿਆਂ ਦਾ ਮਾਪਿਆ ਜਾਂਦਾ ਹੈ ਅਤੇ ਇਸ ਤਹਿਤ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ ਕੀਤੀ ਜਾਂਦੀ ਹੈ। 6 ਸਾਲ ਤੱਕ ਉਮਰ ਵਰਗ ਦਾ ਲਿੰਗ ਅਨੁਪਾਤ 1961 ਤੋਂ ਲੈ ਕੇ ਲਗਾਤਾਰ ਡਿੱਗਦਾ ਆ ਰਿਹਾ ਹੈ ਪਰ ਜੋ ਨਿਘਾਰ 2001 ਤੋਂ 2011 ਤੱਕ ਆਇਆ ਹੈ, ਉਹ ਆਜ਼ਾਦੀ ਤੋਂ ਬਾਅਦ ਸਭ ਤੋਂ ਵੱਧ ਚਿੰਤਾਜਨਕ ਹੈ। ਮਰਦਮਸ਼ੁਮਾਰੀ 2001 ਵਿਚ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ 927.31 ਸੀ, ਜੋ 2011 ਵਿਚ 914.23 ਹੀ ਰਹਿ ਗਈ। ਇਹ ਅਜਿਹੇ ਦੇਸ਼ ਲਈ ਸਦਮੇ ਵਾਲੀ ਗੱਲ ਹੈ ਜੋ ਉੱਭਰਦੀ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ। ਇਹ ਪੁੱਤਰ ਨੂੰ ਵਧੇਰੇ ਚੰਗਾ ਸਮਝਣ ਦੀ ਵਧਦੇ ਰੁਝਾਨ ਦਾ ਹੀ ਸਿੱਟਾ ਹੈ। ਆਧੁਨਿਕ ਤਕਨਾਲੋਜੀਆਂ ਰਾਹੀਂ ਲਿੰਗ ਦੀ ਚੋਣ ਕਰਨਾ ਇਸ ਵਿਚ ਵੱਡਾ ਕਾਰਕ ਹੈ। ਸ਼ਹਿਰਾਂ ਤੇ ਪੇਂਡੂ ਖੇਤਰਾਂ ਦੇ ਅਮੀਰ ਪਰਿਵਾਰਾਂ ਵਿਚ ਕੁੜੀਮਾਰ ਅਮਲਾਂ ਤੇ ਭਰੂਣ ਹੱਤਿਆਵਾਂ ਦਾ ਵਰਤਾਰਾ ਕਿੰਨਾ ਜ਼ਾਲਮਾਨਾ ਹੈ। ਪਰੀ-ਨੈਟਲ ਡਾਇਗਨਾਸਟਿਕ ਟੈਕਨੀਕਸ (ਰੈਗੂਲੇਸ਼ਨ ਐਂਡ ਪ੍ਰੀਵੈਂਸ਼ਨ ਆਫ ਮਿਸਯੂਜ਼) ਕਾਨੂੰਨ ਤਹਿਤ ਲਿੰਗ ਨਿਰਧਾਰਨ ਟੈਸਟ 'ਤੇ ਪਾਬੰਦੀ ਰਾਹੀਂ ਭਰੂਣ ਹੱਤਿਆ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵੱਡੇ ਪੱਧਰ 'ਤੇ ਅਸਫ਼ਲ ਸਾਬਤ ਹੋਈਆਂ ਹਨ।

ਭਾਰਤ ਦਾ ਉੱਤਰ-ਪੂਰਬੀ ਹਿੱਸਾ ਬਾਕੀ ਭਾਰਤ ਨਾਲੋਂ ਬਾਲੜੀਆਂ ਪ੍ਰਤੀ ਸਿਹਤਮੰਦ ਵਤੀਰਾ ਧਾਰਨ ਕਰਦਾ ਜਾਪਦਾ ਹੈ। ਸਾਰੇ ਰਾਜਾਂ ਵਿਚੋਂ ਇਸ ਖਿੱਤੇ ਦੇ ਮਿਜ਼ੋਰਮ, ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ਼ ਵਿਚ ਸਭ ਤੋਂ ਉੱਚਾ ਬਾਲ ਲਿੰਗ ਅਨੁਪਾਤ ਹੈ ਤੇ ਛੱਤੀਸਗੜ੍ਹ ਅਤੇ ਕੇਰਲ ਇਸ ਤੋਂ ਥੋੜ੍ਹਾ ਪਿੱਛੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਕੇਰਲ ਤੇ ਪੁਡੂਚੇਰੀ ਜਿਸ ਨੇ 2001 ਵਿਚ ਆਪਣਾ ਬਾਲ ਲਿੰਗ ਅਨੁਪਾਤ ਸੁਧਾਰਿਆ ਸੀ, ਵਿਚ ਵੀ ਬਾਕੀ ਦੇਸ਼ ਵਾਂਗ ਇਸ ਪੱਖੋਂ ਨਿਘਾਰ ਆਇਆ ਹੈ। ਇਹ ਜ਼ਿਆਦਾ ਫ਼ਿਕਰ ਵਾਲੀ ਗੱਲ ਹੈ। ਮਰਦਮਸ਼ੁਮਾਰੀ 2001 ਨੇ ਦੇਸ਼ ਦੇ ਦੋ ਸਿਖਰਲੇ ਖੇਤੀ ਪ੍ਰਧਾਨ ਸੂਬੇ ਪੰਜਾਬ ਤੇ ਹਰਿਆਣਾ ਨੂੰ ਉਨ੍ਹਾਂ ਦੇ ਚਿੰਤਾਜਨਕ ਲਿੰਗ ਅਨੁਪਾਤ ਦੇ ਅੰਕੜੇ ਨਸ਼ਰ ਕਰਕੇ ਹਿਲਾ ਕੇ ਰੱਖ ਦਿੱਤਾ ਸੀ। 10 ਸਾਲਾਂ ਬਾਅਦ 2011 ਦੀ ਮਰਦਮਸ਼ੁਮਾਰੀ ਨੇ ਵਧੇਰੇ ਅਣਸੁਖਾਵੇਂ ਅੰਕੜੇ ਜਾਰੀ ਕੀਤੇ ਹਨ। ਪੰਜਾਬ ਵਿਚ ਜੇਕਰ ਸਮੁੱਚਾ ਲਿੰਗ ਅਨੁਪਾਤ 876 (2001 ਵਿਚ) ਤੋਂ ਵਧ ਕੇ 893 (2011 ਵਿਚ) ਹੋਇਆ ਹੈ ਤਾਂ 0-6 ਉਮਰ ਵਰਗ ਦਾ ਲਿੰਗ ਅਨੁਪਾਤ 846 ਹੈ। ਗੁਆਂਢੀ ਰਾਜ ਹਰਿਆਣਾ ਵਿਚ ਇਸੇ ਉਮਰ ਵਰਗ ਦਾ ਲਿੰਗ ਅਨੁਪਾਤ 830 ਹੈ, ਜਦੋਂ ਕਿ ਸਮੁੱਚਾ ਲਿੰਗ ਅਨੁਪਾਤ 877 ਹੈ।

**ਪਿਛਲੇ 30 ਸਾਲ ਭਾਰਤ ਦੀਆਂ ਕੁੜੀਆਂ ਲਈ ਜ਼ਾਲਮ ਰਹੇ ਹਨ। 1981 ਦੇ ਮੁਕਾਬਲੇ ਹੁਣ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ 48 ਕੁੜੀਆਂ ਘੱਟ ਹਨ। ਵਧਦਾ ਬਾਲ ਲਿੰਗ ਪਾੜਾ ਜੋ ਤਾਜ਼ਾ ਮਰਦਮਸ਼ੁਮਾਰੀ ਦੇ ਅੰਕੜਿਆਂ ਵਿਚ ਸਦਮੇ ਭਰਪੂਰ ਹੈ, ਵਿਚ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ 914 ਕੁੜੀਆਂ ਹਨ ਅਤੇ ਇਹ 1947 ਤੋਂ ਲੈ ਕੇ ਇਹ ਹੁਣ ਤੱਕ ਦਾ ਸਭ ਤੋਂ ਨੀਵਾਂ ਅੰਕੜਾ ਹੈ।**

ਮਰਦਮਸ਼ੁਮਾਰੀ ਦਫ਼ਤਰ ਵੱਲੋਂ ਜਾਰੀ ਅੰਤਰਿਮ ਜਾਣਕਾਰੀ ਦੱਸਦੀ ਹੈ ਕਿ ਬਾਲ ਲਿੰਗ ਅਨੁਪਾਤ ਤਹਿਤ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ 914 ਕੁੜੀਆਂ ਹਨ, ਜਦੋਂ ਕਿ 2001 'ਚ ਕੁੜੀਆਂ ਦੀ ਇਹ ਗਿਣਤੀ 927 ਸੀ। ਜੰਮੂ-ਕਸ਼ਮੀਰ ਦੇ ਬਾਲ ਲਿੰਗ ਅਨੁਪਾਤ ਨੂੰ ਦੇਖਦਿਆਂ ਉੱਤਰ ਤੇ ਦੱਖਣ ਵਿਚਕਾਰ ਪਾੜਾ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। ਜੰਮੂ-ਕਸ਼ਮੀਰ 'ਚ ਇਹ ਅਨੁਪਾਤ 859 ਤੱਕ ਡਿਗ ਗਿਆ ਹੈ। ਇਸ ਪੱਖੋਂ ਇਹ ਪੰਜਾਬ ਤੇ ਹਰਿਆਣਾ ਤੋਂ ਬਾਅਦ ਸਭ ਤੋਂ ਚਿੰਤਾਜਨਕ ਸਥਿਤੀ ਵਾਲਾ ਸੂਬਾ ਹੈ।

ਹਰਿਆਣਾ (830) ਅਤੇ ਪੰਜਾਬ (840) ਇਸ ਪੱਖੋਂ ਭਾਵੇਂ ਥੱਲੇ ਹਨ ਪਰ ਉਨ੍ਹਾਂ ਨੇ 2001-2011 ਵਿਚ ਸੁਧਾਰ ਕੀਤਾ ਹੈ। ਪੰਜਾਬ ਨੇ ਇਸ ਪੱਖੋਂ ਸਭ ਤੋਂ ਵੱਧ ਸੁਧਾਰ ਕੀਤਾ ਹੈ ਤੇ ਇਸ ਵਿਚ ਬਾਲ ਲਿੰਗ ਅਨੁਪਾਤ 'ਚ 2001 ਨਾਲੋਂ 48 ਅੰਕਾਂ ਦਾ ਸੁਧਾਰ ਹੋਇਆ ਹੈ, ਜਦੋਂ ਕਿ ਹਰਿਆਣਾ 'ਚ ਸਿਰਫ਼ 11 ਅੰਕਾਂ ਦਾ ਹੀ ਸੁਧਾਰ ਹੋਇਆ ਹੈ।

ਕੁੱਲ ਮਿਲਾ ਕੇ ਪਿਛਲੇ 30 ਸਾਲ ਭਾਰਤ ਦੀਆਂ ਕੁੜੀਆਂ ਲਈ ਜ਼ਾਲਮ ਰਹੇ ਹਨ। 1981 ਦੇ ਮੁਕਾਬਲੇ ਹੁਣ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ 48 ਕੁੜੀਆਂ ਘੱਟ ਹਨ। ਵਧਦਾ ਬਾਲ ਲਿੰਗ ਪਾੜਾ ਜੋ ਤਾਜ਼ਾ ਮਰਦਮਸ਼ੁਮਾਰੀ ਦੇ ਅੰਕੜਿਆਂ ਵਿਚ ਸਦਮੇ ਭਰਪੂਰ ਹੈ, ਵਿਚ ਪ੍ਰਤੀ ਹਜ਼ਾਰ ਮੁੰਡਿਆਂ ਪਿੱਛੇ 914 ਕੁੜੀਆਂ ਹਨ ਅਤੇ ਇਹ 1947 ਤੋਂ ਲੈ ਕੇ ਇਹ ਹੁਣ ਤੱਕ ਦਾ ਸਭ ਤੋਂ ਨੀਵਾਂ ਅੰਕੜਾ ਹੈ। 2001 ਵਿਚ ਇਹ ਗਿਣਤੀ 927 ਸੀ। ਪਿਛਲੇ 40 ਸਾਲਾਂ ਵਿਚ ਇਸ ਸਬੰਧੀ ਜੋ ਵੀ ਕਦਮ ਚੁੱਕੇ ਗਏ ਹਨ, ਉਨ੍ਹਾਂ ਦਾ ਬਾਲ ਲਿੰਗ ਅਨੁਪਾਤ 'ਤੇ ਕੋਈ ਪ੍ਰਭਾਵ ਨਹੀਂ ਪਿਆ। ਭਾਰਤ ਦੇ ਰਜਿਸਟਰਾਰ ਜਨਰਲ ਅਤੇ ਮਰਦਮਸ਼ੁਮਾਰੀ ਕਮਿਸ਼ਨਰ ਸ੍ਰੀ ਸੀ. ਚੰਦਰਮੌਲੀ ਨੇ ਕਿਹਾ ਹੈ ਕਿ ਬਾਲ ਲਿੰਗ ਅਨੁਪਾਤ ਦਾ ਇਸ ਕਦਰ ਡਿੱਗਣਾ 'ਗੰਭੀਰ ਚਿੰਤਾ ਦਾ ਵਿਸ਼ਾ ਹੈ।'

# ਭ੍ਰਿਸ਼ਟਾਚਾਰ ਦੇ ਕੋਹੜ ਵਿਰੁਧ ਅੰਨਾ ਹਜ਼ਾਰੇ ਦੀ ਲੋਕ ਲਹਿਰ

**ਸਿਆਸਤ ਦਾ ਪਿੜ**


**ਜਤਿੰਦਰ ਪਨੂੰ**

***ਅੰਨਾ ਹਜ਼ਾਰੇ ਸਾਬਕਾ ਫੌਜੀ ਹੈ। ਕਦੇ ਉਹ ਭਾਰਤੀ ਫੌਜ ਦਾ ਜਵਾਨ ਹੁੰਦਾ ਸੀ ਪਰ ਦੋ ਜੰਗਾਂ ਮੌਕੇ ਦੇਸ਼ ਦੀ ਸੇਵਾ ਕਰਨ ਪਿੱਛੋਂ ਨੌਕਰੀ ਛੱਡ ਆਇਆ ਤੇ ਆਪਣੀ ਪੈਨਸ਼ਨ ਹੀ ਨਹੀਂ, ਆਪਣੀ ਜਾਇਦਾਦ ਵੀ ਲੋਕ ਭਲੇ ਦੇ ਕਾਰਜਾਂ ਲਈ ਦਾਨ ਕਰ ਕੇ ਸਮਾਜ ਸੇਵਾ ਵਿਚ ਰੁੱਝ ਗਿਆ ਸੀ। ਜਿੱਥੇ ਕਿਤੇ ਉਸ ਨੂੰ ਭ੍ਰਿਸ਼ਟਾਚਾਰ ਹੁੰਦਾ ਨਜ਼ਰ ਪਿਆ, ਉਸ ਨੇ ਉਸ ਵਿਰੁਧ ਮੱਥਾ ਲਾਇਆ ਅਤੇ ਆਪਣੇ ਸ਼ਾਂਤਮਈ ਸੱਤਿਆਗ੍ਰਹਿ ਨਾਲ ਹੁਣ ਤੱਕ ਵੱਖ-ਵੱਖ ਸਰਕਾਰਾਂ ਦੇ ਛੇ ਵਜ਼ੀਰਾਂ ਅਤੇ ਚਾਰ ਸੌ ਅਫਸਰਾਂ ਨੂੰ ਅਸਤੀਫੇ ਦੇਣ ਲਈ ਮਜਬੂਰ ਕਰ ਚੁੱਕਾ ਹੈ।***

ਹੁਣੇ ਲੰਘੀ ਪੰਜ ਅਪਰੈਲ ਦੇ ਦਿਨ ਭਾਰਤੀ ਰਾਜਨੀਤੀ ਅਤੇ ਭਾਰਤੀ ਸਮਾਜ ਨੇ ਇੱਕ ਨਵੀਂ ਉਠਾਣ ਵੇਖੀ ਹੈ, ਜਿਸ ਨੂੰ ਕੁਝ ਲੋਕਾਂ ਨੇ ਮਿਸਰ ਦੇ 'ਤਹਿਰੀਰ ਚੌਕ' ਦੀ ਘਟਨਾ ਨਾਲ ਜੋੜ ਕੇ ਪੇਸ਼ ਕੀਤਾ ਹੈ। ਦਿੱਲੀ ਦੇ ਜੰਤਰ-ਮੰਤਰ ਵਾਲੇ ਜਿਸ ਟਿਕਾਣੇ ਉਤੇ ਆਮ ਕਰ ਕੇ ਸਰਕਾਰ ਵਿਰੋਧੀ ਰੋਸ ਪ੍ਰਗਟਾਵੇ ਹੁੰਦੇ ਹਨ, ਓਸੇ ਥਾਂ ਭੁੱਖ ਹੜਤਾਲ ਰੱਖੀ ਬੈਠੇ ਪ੍ਰਸਿਧ ਸਮਾਜ ਸੇਵੀ ਬਜ਼ੁਰਗ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਲੋਕਾਂ ਨੇ ਇੱਕ ਪੱਕਾ ਧਰਨਾ ਲਾਇਆ ਸੀ ਪਰ ਇਹ ਤਹਿਰੀਰ ਚੌਕ ਨਾਲ ਮੇਲ ਕੇ ਨਹੀਂ ਵੇਖਿਆ ਜਾ ਸਕਦਾ। ਤਹਿਰੀਰ ਚੌਕ ਵਿਚ ਪਿਛਲੇ ਤੀਹ ਸਾਲਾਂ ਤੋਂ ਮਿਸਰ ਦੇ ਰਾਜ ਦੀ ਕਮਾਨ ਧੱਕੇ ਨਾਲ ਸਾਂਭੀ ਬੈਠੇ ਡਿਕਟੇਟਰ ਨੂੰ ਭਜਾਉਣ ਲਈ ਇਕੱਠ ਹੋਇਆ ਸੀ, ਜਦ ਕਿ ਦਿੱਲੀ ਦਾ ਇਕੱਠ ਭ੍ਰਿਸ਼ਟਾਚਾਰ ਵਿਰੁਧ ਕਦਮ ਚੁੱਕਣ ਲਈ ਸਰਕਾਰ ਨੂੰ ਮਜਬੂਰ ਕਰਨ ਵਾਸਤੇ ਹੋਇਆ ਸੀ, ਸਰਕਾਰ ਨੂੰ ਭਜਾ ਦੇਣ ਜਾਂ ਨਿਜ਼ਾਮ ਨੂੰ ਬਦਲ ਦੇਣ ਦਾ ਕਿਸੇ ਨੇ ਕੋਈ ਐਲਾਨ ਨਹੀਂ ਸੀ ਕੀਤਾ।

ਅੰਨਾ ਹਜ਼ਾਰੇ ਸਾਬਕਾ ਫੌਜੀ ਹੈ। ਕਦੇ ਉਹ ਭਾਰਤੀ ਫੌਜ ਦਾ ਜਵਾਨ ਹੁੰਦਾ ਸੀ ਪਰ ਦੋ ਜੰਗਾਂ ਮੌਕੇ ਦੇਸ਼ ਦੀ ਸੇਵਾ ਕਰਨ ਪਿੱਛੋਂ ਨੌਕਰੀ ਛੱਡ ਆਇਆ ਤੇ ਆਪਣੀ ਪੈਨਸ਼ਨ ਹੀ ਨਹੀਂ, ਆਪਣੀ ਜਾਇਦਾਦ ਵੀ ਲੋਕ ਭਲੇ ਦੇ ਕਾਰਜਾਂ ਲਈ ਦਾਨ ਕਰ ਕੇ ਸਮਾਜ ਸੇਵਾ ਵਿਚ ਰੁੱਝ ਗਿਆ ਸੀ। ਜਿੱਥੇ ਕਿਤੇ ਉਸ ਨੂੰ ਭ੍ਰਿਸ਼ਟਾਚਾਰ ਹੁੰਦਾ ਨਜ਼ਰ ਪਿਆ, ਉਸ ਨੇ ਉਸ ਵਿਰੁਧ ਮੱਥਾ ਲਾਇਆ ਅਤੇ ਆਪਣੇ ਸ਼ਾਂਤਮਈ ਸੱਤਿਆਗ੍ਰਹਿ ਨਾਲ ਹੁਣ ਤੱਕ ਵੱਖ-ਵੱਖ ਸਰਕਾਰਾਂ ਦੇ ਛੇ ਵਜ਼ੀਰਾਂ ਅਤੇ ਚਾਰ ਸੌ ਅਫਸਰਾਂ ਨੂੰ ਅਸਤੀਫੇ ਦੇਣ ਲਈ ਮਜਬੂਰ ਕਰ ਚੁੱਕਾ ਹੈ। ਪਿਛਲੇ ਦਿਨੀਂ ਉਸ ਨੇ ਜਦੋਂ ਇਹ ਮੰਗ ਚੁੱਕੀ ਕਿ ਭਾਰਤ ਸਰਕਾਰ ਨੂੰ ਇੱਕ ਲੋਕ-ਪਾਲ ਬਣਾਉਣਾ ਚਾਹੀਦਾ ਹੈ, ਜਿਸ ਕੋਲ ਪ੍ਰਧਾਨ ਮੰਤਰੀ ਅਤੇ ਸੁਪਰੀਮ ਕੋਰਟ ਦੇ ਜੱਜਾਂ ਤੱਕ ਦੀ ਜਾਂਚ ਕਰਨ ਦਾ ਅਧਿਕਾਰ ਹੋਵੇ ਤਾਂ ਜਨਤਾ ਦਾ ਸਮਰਥਨ ਉਸ ਨੂੰ ਮਿਲ ਗਿਆ ਪਰ ਸਰਕਾਰ ਸਿਰਫ ਵਿਚਾਰ ਕਰਦੀ ਰਹੀ ਸੀ। ਮੰਗ ਵੀ ਮੰਨੀ ਜਾਣ ਲੱਗੀ ਤਾਂ ਇਹ ਸਵਾਲ ਖੜਾ ਹੋ ਗਿਆ ਕਿ ਇਹੋ ਜਿਹਾ ਲੋਕ-ਪਾਲ ਬਣਾਉਣ ਸਮੇਂ ਸਰਕਾਰ ਆਪਣੀ ਪਸੰਦ ਦਾ ਬੰਦਾ ਹੀ ਲਾਵੇਗੀ, ਜੋ ਈਮਾਨਦਾਰ ਸ਼ਾਇਦ ਨਾ ਹੋਵੇ, ਜਿਵੇਂ ਚੀਫ ਵਿਜੀਲੈਂਸ ਕਮਿਸ਼ਨਰ ਪੀ ਜੇ ਥਾਮਸ ਦੇ ਸੰਬੰਧ ਵਿਚ ਹੋ ਚੁੱਕਾ ਹੈ, ਜਿਸ ਨੂੰ ਸੁਪਰੀਮ ਕੋਰਟ ਦੇ ਹੁਕਮ ਨਾਲ ਹਟਾਉਣਾ ਪਿਆ ਹੈ। ਇਸ ਖੇਡ ਨੂੰ ਰੋਕਣ ਲਈ ਅੰਨਾ ਹਜ਼ਾਰੇ ਨੇ ਇਹ ਮੰਗ ਰੱਖ ਦਿੱਤੀ ਕਿ ਲੋਕ-ਪਾਲ ਵਾਸਤੇ ਬੰਦੇ ਦੀ ਚੋਣ ਕਰਨ ਵਾਲੀ ਕਮੇਟੀ ਵਿਚ ਸਰਕਾਰ ਦੇ ਨਾਲ-ਨਾਲ ਸਮਾਜ ਸੇਵਾ ਦੇ ਖੇਤਰ ਵਿਚੋਂ ਵੀ ਬਰਾਬਰ ਦੇ ਲੋਕ ਪਾਏ ਜਾਣ। ਸਰਕਾਰ ਦੀ ਇਸ ਬਾਰੇ ਸਹਿਮਤੀ ਨਾ ਹੋਣ ਕਰ ਕੇ ਉਸ ਨੇ ਲੰਮੀ ਭੁੱਖ ਹੜਤਾਲ ਰੱਖ ਕੇ ਮੋਰਚਾ ਲਾ ਦਿੱਤਾ। ਬੜੀ ਲਾਮਿਸਾਲ ਹਮਾਇਤ ਮਿਲੀ ਉਸ ਨੂੰ ਸਾਰੇ ਦੇਸ਼ ਦੇ ਲੋਕਾਂ ਵਿਚੋਂ।

ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ। ਇਸ ਮੌਕੇ ਅੰਨਾ ਹਜ਼ਾਰੇ ਨੂੰ ਜਿਹੜੀ ਹਮਾਇਤ ਮਿਲੀ, ਉਹ ਸਾਰੀ ਵੀ ਨੇਕ ਲੋਕਾਂ ਦੀ ਨਹੀਂ ਸੀ। ਅੰਨਾ ਹਜ਼ਾਰੇ ਦਾ ਮਕਸਦ ਬੜਾ ਨੇਕ ਸੀ ਪਰ ਉਸ ਦੀ ਹਮਾਇਤ ਵਿਚ ਅੰਨ ਛੱਡਣ ਦਾ ਐਲਾਨ ਜਿਸ ਬੰਦੇ ਨੇ ਸਭ ਤੋਂ ਪਹਿਲਾਂ ਕੀਤਾ, ਉਹ ਬਿਹਾਰ ਦੀ ਇੱਕ ਜੇਲ੍ਹ ਵਿਚ ਬੈਠਾ ਪਾਰਲੀਮੈਂਟ ਦਾ ਸਾਬਕਾ ਮੈਂਬਰ ਅਤੇ ਮੰਨਿਆ ਹੋਇਆ ਅਪਰਾਧੀ ਰਾਜੀਵ ਰੰਜਨ ਉਰਫ ਪੱਪੂ ਯਾਦਵ ਸੀ, ਜਿਸ ਦੇ ਖਿਲਾਫ ਹਰ ਕਿਸਮ ਦੇ ਦੋਸ਼ ਲੱਗ ਰਹੇ ਹਨ। ਏਦਾਂ ਦੇ ਕਈ ਹੋਰ ਲੋਕਾਂ ਅਤੇ ਸੰਸਥਾਵਾਂ ਨੇ ਵੀ ਅੰਨਾ ਹਜ਼ਾਰੇ ਦੀ ਹਮਾਇਤ ਦਾ ਐਲਾਨ ਜਾ ਕੀਤਾ। ਕੁਝ ਇਹੋ ਜਿਹੇ ਪਬਲਿਕ ਸਕੂਲਾਂ ਵਾਲੇ ਵੀ ਆਪਣੇ ਵਿਦਿਆਰਥੀ ਲੈ ਕੇ ਓਥੇ ਹਮਾਇਤ ਕਰਨ ਜਾ ਪਹੁੰਚੇ, ਜਿਨ੍ਹਾਂ ਨੇ ਬੇਹਿਸਾਬੀਆਂ ਫੀਸਾਂ ਨਾਲ ਲੋਕਾਂ ਦੀ ਹਮੇਸ਼ਾਂ ਜੇਬ ਕੱਟੀ ਹੈ ਅਤੇ ਜਿੱਥੇ ਸਕੂਲ ਬਣਾਏ ਹਨ, ਉਹ ਜ਼ਮੀਨ ਸਰਕਾਰ ਤੋਂ ਸਸਤੇ ਭਾਅ ਲੈਣ ਵੇਲੇ ਲਿਖ ਕੇ ਦਿੱਤਾ ਸੀ ਕਿ 25% ਗਰੀਬ ਬੱਚੇ ਮੁਫਤ ਪੜ੍ਹਾਏ ਜਾਣਗੇ ਪਰ ਪਿੱਛੋਂ ਇੱਕ ਵੀ ਗਰੀਬ ਬੱਚੇ ਨੂੰ ਮੁਫਤ ਦਾਖਲਾ ਦੇਣ ਤੋਂ ਮੁਕਰ ਗਏ। ਜਦੋਂ ਇਸ ਤਰ੍ਹਾਂ ਦੇ ਭ੍ਰਿਸ਼ਟ ਲੋਕ ਵੀ ਓਥੇ ਆਏ ਹੋਏ ਸਨ ਤਾਂ ਵੱਖੋ-ਵੱਖ ਬੋਲੀਆਂ ਬੋਲਣ ਵਾਲੇ ਕਈ ਲੋਕ ਵੀ ਓਥੇ ਤੁਰੇ ਫਿਰਦੇ ਸਨ। ਮਿਸਾਲ ਵਜੋਂ ਬਾਬਾ ਰਾਮਦੇਵ ਆਪਣੇ ਭਾਸ਼ਣ ਵਿਚ ਇਹ ਗੱਲ ਕਹੀ ਜਾਂਦਾ ਸੀ ਕਿ ਭ੍ਰਿਸ਼ਟਾਚਾਰ ਇਸ ਕਰ ਕੇ ਹੈ ਕਿ ਅਸੀਂ ਆਪਣੇ ਸਭਿਆਚਾਰ ਅਤੇ ਆਪਣੇ ਭਾਰਤੀ ਪਹਿਰਾਵੇ ਨੂੰ ਛੱਡ ਕੇ ਪੱਛਮੀ ਪਹਿਰਾਵੇ ਦੇ ਪਿੱਛੇ ਤੁਰ ਪਏ ਹਾਂ ਤੇ ਉਸ ਦੇ ਨਾਲ ਖੜੇ ਪੱਛਮੀ ਤਰਜ਼ ਦੀ ਜੀਨ ਪਾਉਣ ਵਾਲੇ ਮੁੰਡੇ-ਕੁੜੀਆਂ ਇਹ ਆਖ ਰਹੇ ਸਨ ਕਿ 'ਆਬਵੀਅਸਲੀ, ਅਵਰ ਡਰੈਸ ਹੈਜ਼ ਨਾਊ ਬਿਕਮ ਏ ਪਾਰਟ ਆਫ ਦ ਇੰਡੀਅਨ ਕਲਚਰ' (ਆਹ ਸਾਡਾ ਪਹਿਰਾਵਾ ਵੀ ਹੁਣ ਭਾਰਤੀ ਸਭਿਆਚਾਰ ਦਾ ਹਿੱਸਾ ਬਣ ਚੁੱਕਾ ਹੈ)। ਜਦੋਂ ਉਹ ਨੌਜਵਾਨ ਟੀ ਵੀ ਚੈਨਲ ਉਤੇ ਇਹ ਕਹਿੰਦੇ ਸੁਣ ਰਹੇ ਸਨ ਕਿ 'ਬਾਬਾ ਇਜ਼ ਨਾਟ ਕਾਮੈਂਟਿੰਗ ਆਨ ਅਵਰ ਡਰੈਸਿਜ਼', ਓਦੋਂ ਬਾਬਾ ਰਾਮਦੇਵ ਦੀ ਅਗਲੀ ਗੱਲ ਵੀ ਨਾਲ ਸੁਣਾਈ ਦੇ ਰਹੀ ਸੀ ਕਿ 'ਹਮਾਰੇ ਲੋਗ ਤੋ ਅਪਨੀ ਰਾਸ਼ਟਰ ਭਾਸ਼ਾ ਬੋਲਨਾ ਭੀ ਛੋੜਤੇ ਜਾ ਰਹੇ ਹੈਂ, ਹਰ ਬਾਤ ਮੇਂ ਅੰਗਰੇਜ਼ੋਂ ਕੀ ਨਕਲ ਕਰ ਕੇ ਖੁਸ਼ ਹੋਤੇ ਹੈਂ। ਇਸ ਸੇ ਹਮਾਰੇ



ਭਾਰਤ ਦੇਸ਼ ਕੀ ਆਜ਼ਾਦੀ ਭੀ ਖਤਰੇ ਮੇਂ ਪੜਤੀ ਜਾ ਰਹੀ ਹੈ।' ਇੱਕ ਭਾਸ਼ਣ ਓਥੇ ਇਹ ਹੋ ਰਿਹਾ ਸੀ ਕਿ 'ਲੋਕ ਧਰਮ ਛੱਡਦੇ ਜਾਂਦੇ ਹਨ, ਇਸ ਲਈ ਭ੍ਰਿਸ਼ਟਾਚਾਰ ਵਧ ਰਿਹਾ ਹੈ', ਪਰ ਇੱਕ ਹੋਰ ਸੱਜਣ ਓਥੇ ਟੀ ਵੀ ਕੈਮਰੇ ਮੂਹਰੇ ਇਹ ਗਾਈ ਜਾਂਦਾ ਸੀ ਕਿ 'ਝਗੜਾ ਕਰਵਾਤੇ ਮੰਦਿਰ ਮਸਜਿਦ, ਮੇਲ ਕਰਾਤੀ ਮਧੂ-ਸ਼ਾਲਾ'। ਕਿਸੇ ਵੀ ਇੱਕ ਜਣੇ ਦੀ ਦੂਜੇ ਨਾਲ ਸੁਰ ਨਹੀਂ ਸੀ ਮਿਲਦੀ ਪਰ ਇਸ ਗੱਲ ਲਈ ਸਾਰੇ ਇੱਕ ਰਾਏ ਸਨ ਕਿ ਦੇਸ਼ ਵਿਚੋਂ ਭ੍ਰਿਸ਼ਟਾਚਾਰ ਦਾ ਕੋਹੜ ਖਤਮ ਕਰਨਾ ਚਾਹੀਦਾ ਹੈ।

ਸਰਕਾਰ ਨੂੰ ਆਖਰ ਝੁਕਣਾ ਪੈ ਗਿਆ ਤੇ ਮੰਗ ਮੰਨੀ ਗਈ ਕਿ ਕੌਮੀ ਪੱਧਰ ਦਾ ਇੱਕ 'ਲੋਕ-ਪਾਲ' ਹੋਇਆ ਕਰੇਗਾ, ਜੋ ਪ੍ਰਧਾਨ ਮੰਤਰੀ ਤੱਕ ਦੀ ਜਾਂਚ ਕਰ ਸਕੇਗਾ। ਇਹ ਕਾਮਯਾਬੀ ਦਾ ਇੱਕ ਅਲੋਕਾਰ ਨਮੂਨਾ ਹੈ। ਫਿਰ ਵੀ ਇਹ ਕੋਈ ਅੰਤਮ ਜਿੱਤ ਨਹੀਂ ਕਹੀ ਜਾ ਸਕਦੀ। ਲੋਕਾਂ ਨੂੰ ਪਿਛਲੇ ਕੁਝ ਮੌਕੇ ਵੀ ਯਾਦ ਰੱਖਣੇ ਪੈਣਗੇ ਤੇ ਉਨ੍ਹਾਂ ਦੇ ਆਧਾਰ ਉਤੇ ਹੀ ਕੋਈ ਅਗਲੀ ਆਸ ਰੱਖਣੀ ਚਾਹੀਦੀ ਹੈ, ਜਿਸ ਦਾ ਹਾਲੇ ਭਰੋਸਾ ਨਹੀਂ ਬੱਝ ਰਿਹਾ।

ਸਾਡੇ ਕੋਲ ਇੱਕ ਮਿਸਾਲ ਹੈ ਵਿਨੋਬਾ ਭਾਵੇ ਦੀ। ਉਹ ਆਜ਼ਾਦੀ ਘੁਲਾਟੀਏ ਸਨ। ਆਜ਼ਾਦੀ ਮਿਲਣ ਮਗਰੋਂ ਇਹ ਮੁਹਿੰਮ ਦੇਸ਼ ਦੇ ਕਈ ਹਿੱਸਿਆਂ ਵਿਚ ਚੱਲ ਪਈ ਕਿ ਜਗੀਰਦਾਰ ਗੁਲਾਮੀ ਦੇ ਦਿਨਾਂ ਵਿਚ ਬਰਤਾਨਵੀ ਹਾਕਮਾਂ ਦੇ ਟੋਡੀ ਬਣ ਕੇ ਆਪਣੇ ਲੋਕਾਂ ਉਤੇ ਤਸ਼ੱਦਦ ਕਰਦੇ ਰਹੇ ਸਨ, ਇਸ ਕਰ ਕੇ ਜਗੀਰਾਂ ਤੋੜ ਕੇ ਜ਼ਮੀਨਾਂ ਕਿਸਾਨਾਂ ਨੂੰ ਦੇ ਦੇਣੀਆਂ ਚਾਹੀਦੀਆਂ ਹਨ। ਪੰਜਾਬ ਦੇ ਮਾਲਵੇ ਇਲਾਕੇ ਵਿਚ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਹੇਠ ਵੀ ਕਈ ਥਾਂ ਇਹ ਲਹਿਰ ਚੱਲੀ ਸੀ। ਕਈ ਪੁਰਾਣੇ ਬਾਬੇ ਉਸ ਇਲਾਕੇ ਵਿਚ ਮਿਲ ਜਾਣਗੇ, ਜਿਹੜੇ ਦੱਸਦੇ ਹਨ ਕਿ ਇੱਕ ਚਾਨਣੀ ਰਾਤ ਨੂੰ ਬਿੱਲੀਆਂ ਜਿਹੀਆਂ ਅੱਖਾਂ ਵਾਲਾ ਸਰਦਾਰ ਪਿੰਡ ਦੇ ਨੇੜੇ ਥੇਹ ਉਤੇ ਬੈਠ ਕੇ ਸਾਨੂੰ ਜ਼ਮੀਨ ਦੀ ਮਾਲਕੀ ਦੇ ਕਾਗਜ਼ ਦੇ ਗਿਆ ਸੀ ਤੇ ਜਗੀਰਦਾਰ ਵੇਖਦੇ ਰਹਿ ਗਏ ਸਨ। ਜਦੋਂ ਇਹ ਲਹਿਰ ਸਾਰੇ ਦੇਸ਼ ਵਿਚ ਚੱਲ ਪਈ ਤੇ ਕਈ ਥਾਂ ਝੜਪਾਂ ਵੀ ਹੋਈਆਂ, ਓਦੋਂ ਆਜ਼ਾਦੀ ਘੁਲਾਟੀਆ ਵਿਨੋਬਾ ਭਾਵੇ ਇੱਕ ਸ਼ਾਂਤਮਈ ਲਹਿਰ ਦੇ ਆਗੂ ਵਜੋਂ ਜਗੀਰਦਾਰਾਂ ਦਾ ਹਿਰਦੇ ਪਰਿਵਰਤਨ ਕਰਨ ਤੇ ਇਹ ਕਹਿਣ ਤੁਰ ਪਿਆ ਕਿ ਉਹ ਆਪ ਹੀ ਕੁਝ ਜ਼ਮੀਨਾਂ ਛੱਡ ਦੇਣ, ਜੋ ਕਿਸਾਨਾਂ ਨੂੰ ਵੰਡੀਆਂ ਜਾ ਸਕਣ। ਦੂਜੇ ਸ਼ਬਦਾਂ ਵਿਚ ਥੋੜ੍ਹੀ ਜਿਹੀ ਜ਼ਮੀਨ ਛੱਡ ਕੇ ਬਾਕੀ ਦੀ ਖੁੱਸ ਜਾਣ ਤੋਂ ਜਗੀਰਦਾਰਾਂ ਦਾ ਬਚਾਅ ਹੋ ਜਾਵੇ। ਜਿੰਨਿਆਂ ਕੁ ਜ਼ਮੀਨਾਂ ਮਿਲੀਆਂ, ਵੰਡ ਦਿੱਤੀਆਂ ਪਰ ਉਸ ਨਾਲ ਜਗੀਰਦਾਰੀ ਦਾ ਖਾਤਮਾ ਨਹੀਂ ਸੀ ਹੋ ਗਿਆ ਸਗੋਂ ਅੱਜ ਦੇ ਯੁੱਗ ਵਿਚ ਵੀ ਬਾਦਲਾਂ, ਚੌਟਾਲਿਆਂ ਤੋਂ ਇਲਾਵਾ ਜਸਟਿਸ ਦਿਨਾਕਰਨ ਵਰਗੇ ਕਈ ਭ੍ਰਿਸ਼ਟਾਚਾਰੀਆਂ ਨੇ ਹੇਰਾਫੇਰੀ ਨਾਲ ਬੇਗਾਨੀਆਂ ਜ਼ਮੀਨਾਂ ਹੜਪ ਕੇ ਹਜ਼ਾਰਾਂ ਏਕੜਾਂ ਵਾਲੇ ਫਾਰਮ ਬਣਾ ਲਏ ਹਨ। ਬਹੁਤ ਸਾਰੇ ਕਾਰਖਾਨੇਦਾਰ ਵੀ ਜਗੀਰਦਾਰੀ ਕਰੀ ਜਾਂਦੇ ਹਨ, ਕਈ ਫੌਜੀ ਤੇ ਪੁਲਿਸ ਅਫਸਰ ਵੀ ਜਿੱਥੇ ਕਿਤੇ ਦਾਅ ਲੱਗਾ, ਅੱਡਾ ਜਮਾ ਕੇ ਪੁਰਾਣੇ ਨਵਾਬਾਂ ਦੀ ਯਾਦ ਤਾਜ਼ਾ ਕਰਾਈ ਜਾ ਰਹੇ ਹਨ।

ਫਿਰ ਸਾਡੇ ਕੋਲ ਜੈ ਪ੍ਰਕਾਸ਼ ਨਾਰਾਇਣ ਦੀ 'ਸੰਪੂਰਨ ਕ੍ਰਾਂਤੀ' ਦਾ ਤਜਰਬਾ ਵੀ ਮੌਜੂਦ ਹੈ। ਉਸ ਦੀ ਕ੍ਰਾਂਤੀ ਨਾਲ ਕੇਂਦਰ ਵਿਚ ਸਿਰਫ ਕਾਂਗਰਸ ਦੀਆਂ ਸਰਕਾਰਾਂ ਬਣਨ ਦੀ ਪਰੰਪਰਾ ਤਾਂ ਟੁੱਟ ਗਈ ਪਰ ਦੇਸ਼ ਕੋਈ ਚੰਗਾ ਮੋੜਾ ਨਾ ਕੱਟ ਕੇ ਜਿਨ੍ਹਾਂ ਨੀਵਾਣਾਂ ਦੇ ਰਾਹੇ ਪਿਆ ਹੋਇਆ ਸੀ, ਓਧਰ ਹੀ ਰਿੜ੍ਹਦਾ ਗਿਆ ਸੀ। ਸਮਗਲਿੰਗ ਲਈ ਸੰਸਾਰ ਭਰ ਵਿਚ ਬਦਨਾਮ ਹੋ ਚੁੱਕੇ ਹਾਜੀ ਮਸਤਾਨ ਵਰਗੇ ਕੁਝ ਲੋਕਾਂ ਨੇ ਮਾੜੇ ਧੰਦੇ ਤੋਂ ਤੌਬਾ ਕਰਨ ਲਈ ਜੈ ਪ੍ਰਕਾਸ਼ ਦੇ ਪੈਰਾਂ ਉਤੇ ਸਿਰ ਰੱਖ ਕੇ ਆਪਣੇ ਹਿਰਦੇ ਪਰਿਵਰਤਨ ਦਾ ਪ੍ਰਣ ਕੀਤਾ ਸੀ ਪਰ ਤਜਰਬਾ ਉਹ ਵੀ ਕਾਮਯਾਬ ਨਹੀਂ ਸੀ ਰਿਹਾ। ਮੌਕੇ ਦੀ ਮੁਰਾਰਜੀ ਡਿਸਾਈ ਸਰਕਾਰ ਵੇਲੇ ਹਾਜੀ ਮਸਤਾਨ ਦੀ ਅਗਵਾਈ ਹੇਠ ਸਮਗਲਿੰਗ ਵਿਰੋਧੀ ਟੀਮਾਂ ਵੀ ਖੜੀਆਂ ਕਰ ਦਿੱਤੀਆਂ ਗਈਆਂ ਪਰ ਸਬਕ ਫਿਰ ਇਹੋ ਨਿਕਲਿਆ ਕਿ ਬਿੱਲੀ ਨੂੰ ਦੁੱਧ ਦੀ ਰਾਖੀ ਬਿਠਾਉਣ ਦਾ ਨਾ ਕਦੇ ਫਾਇਦਾ ਹੋਇਆ ਹੈ ਤੇ ਨਾ ਹੋ ਸਕਦਾ ਹੈ। ਜਿਨ੍ਹਾਂ ਨੇ ਤੌਬਾ ਕੀਤੀ ਸੀ, ਜੇ ਉਹ ਅੱਗੇ ਤੋਂ ਪੁਰਾਣੇ ਧੰਦੇ ਵਿਚ ਕਦੇ ਵੀ ਪੈਰ ਨਾ ਪਾਉਂਦੇ ਤਾਂ ਇਹ ਵੀ ਅਧੂਰੀ ਕਾਮਯਾਬੀ ਹੋਣੀ ਸੀ। ਮਕਸਦ ਪੂਰਾ ਹੋਇਆ ਤਦੇ ਮੰਨ ਸਕਦੇ ਸਾਂ, ਜੇ ਅੱਗੇ ਤੋਂ ਕੋਈ ਹੋਰ ਹਾਜੀ ਮਸਤਾਨ ਪੈਦਾ ਨਾ ਹੁੰਦਾ ਪਰ ਸਾਡੇ ਕੋਲ ਤਾਂ ਦਾਊਦ ਇਬਰਾਹੀਮ, ਛੋਟਾ ਰਾਜਨ ਅਤੇ ਕਈ ਹੋਰ ਵੀ ਉਸ ਪਿੱਛੋਂ ਉਠਦੇ ਰਹੇ ਹਨ, ਜਿਹੜੇ ਹਾਜੀ ਮਸਤਾਨ ਦੇ ਕੁਝ ਨਾ ਲੱਗਦੇ ਹੋਣ ਦੇ ਬਾਵਜੂਦ ਉਸ ਦੀ ਅਗਲੀ ਪੀੜ੍ਹੀ ਮੰਨੇ ਜਾ ਸਕਦੇ ਹਨ। ਢੰਗ ਭਾਵੇਂ ਵੱਖਰਾ ਹੈ ਪਰ ਹਸਨ ਅਲੀ ਵਰਗੇ ਬੰਦੇ ਵੀ ਅੰਗਲੀ-ਸੰਗਲੀ ਦਾ ਕੁੰਡਾ ਫੋਲਿਆਂ ਉਨ੍ਹਾਂ ਦੇ ਕੋੜਮੇ ਨਾਲ ਹੀ ਜੋੜ ਕੇ ਗਿਣਨੇ ਪੈਂਦੇ ਹਨ।

ਹੁਣ ਬਣਨ ਲੱਗਾ ਹੈ ਇੱਕ ਲੋਕ-ਪਾਲ, ਜਿਸ ਕੋਲ ਪ੍ਰਧਾਨ ਮੰਤਰੀ ਅਤੇ ਸੁਪਰੀਮ ਕੋਰਟ ਦੇ ਜੱਜਾਂ ਦੀ ਵੀ ਜਾਂਚ ਕਰਨ ਦਾ ਅਧਿਕਾਰ ਹੋਵੇਗਾ। ਜਦੋਂ ਬਣ ਜਾਵੇਗਾ ਤਾਂ ਇਸ ਦੀ ਕਾਮਯਾਬੀ ਦਾ ਪੱਧਰ ਪਤਾ ਲੱਗੇਗਾ ਪਰ ਹਾਲੇ ਤੱਕ ਦਾ ਰਿਕਾਰਡ ਸਾਡੇ ਕੋਲ ਬਹੁਤਾ ਚੰਗਾ ਨਹੀਂ। ਸਾਡੇ ਪੰਜਾਬ ਵਿਚ ਇੱਕ ਲੋਕ-ਪਾਲ ਨੇ ਇੱਕ ਵਾਰੀ ਬੇਅੰਤ ਸਿੰਘ ਵਾਲੀ ਸਰਕਾਰ ਦੇ ਪੰਜ ਮੰਤਰੀਆਂ ਦੇ ਖਿਲਾਫ ਫੈਸਲੇ ਦਿੱਤੇ ਸਨ ਪਰ ਉਹ ਸਾਰੇ ਹੀ ਇੱਕ ਜਾਂ ਦੂਜੀ ਦਲੀਲ ਹੇਠ ਬਚਣ ਦਾ ਰਾਹ ਲੱਭ ਕੇ ਨਿਕਲਣ ਵਿਚ ਕਾਮਯਾਬ ਰਹੇ ਸਨ। ਫਿਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਪਿਛਲੀ ਸਰਕਾਰ ਨੇ ਇੱਕ ਲੋਕ-ਪਾਲ ਲਾਇਆ ਤਾਂ ਇਹ ਗੱਲ ਸਾਹਮਣੇ ਆ ਗਈ ਕਿ ਲਿਹਾਜ਼ਦਾਰੀ ਵਾਲੇ ਉਸ ਬੰਦੇ ਨੂੰ ਉਹ ਕੁਰਸੀ ਇਸ ਲਈ ਦਿੱਤੀ ਗਈ ਹੈ ਕਿ ਜੇ ਸਰਕਾਰ ਬਦਲ ਜਾਵੇ ਤਾਂ ਸਾਡੇ ਬੰਦਿਆਂ ਦਾ ਬਚਾਅ ਵੀ ਹੋ ਸਕੇਗਾ ਪਰ ਚਾਲ ਸਿਰੇ ਨਹੀਂ ਸੀ ਚੜ੍ਹੀ ਤੇ ਉਸ ਦੀ ਛੁੱਟੀ ਹੋਣ ਪਿੱਛੋਂ ਕਈ ਸਾਲ ਉਹ ਕੁਰਸੀ ਖਾਲੀ ਰਹੀ ਸੀ। ਕਰਨਾਟਕ ਵਿਚ ਭਾਜਪਾ ਦੀ ਹੁਣ ਵਾਲੀ ਸਰਕਾਰ ਨੇ ਇੱਕ ਮੰਨੇ ਹੋਏ ਇਮਾਨਦਾਰ ਬੰਦੇ ਸੰਤੋਸ਼ ਹੈਗੜੇ ਨੂੰ ਰਾਜ ਦਾ ਲੋਕ-ਪਾਲ ਬਣਾ ਕੇ ਭੱਲ ਖੱਟ ਲਈ ਪਰ ਓਸੇ ਸਰਕਾਰ ਨੂੰ ਜਦੋਂ ਓਸੇ ਲੋਕ-ਪਾਲ ਦੇ ਫੈਸਲੇ ਦਾ ਸਾਹਮਣਾ ਕਰਨਾ ਪਿਆ ਤਾਂ ਭੱਜ ਗਈ। ਹੈਗੜੇ ਨੇ ਅਸਤੀਫਾ ਦੇਣ ਦਾ ਮਨ ਬਣਾ ਲਿਆ ਤਾਂ ਕੇਂਦਰ ਤੋਂ ਭਾਜਪਾ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਆਪ ਉਸ ਨੂੰ ਮਨਾਉਣ ਦੀ ਪਹਿਲ ਕੀਤੀ, ਜਿਸ ਪਿੱਛੋਂ ਉਹ ਮੰਨ ਗਿਆ ਪਰ ਕਾਰਵਾਈ ਕਰਨ ਦਾ ਜਿਹੜਾ ਵਿਸ਼ਵਾਸ ਅਡਵਾਨੀ ਸਾਹਿਬ ਨੇ ਦਿੱਤਾ ਸੀ, ਉਸ ਨੂੰ ਭਾਜਪਾ ਦੇ ਮੁੱਖ ਮੰਤਰੀ ਯੇਦੂਰੱਪਾ ਨੇ ਤੋੜ ਦਿੱਤਾ ਤੇ ਪਾਰਟੀ ਕੁਝ ਵੀ ਨਾ ਕਰ ਸਕੀ। ਲੋਕ-ਪਾਲ ਕੋਲ ਕਿਸੇ ਦੇ ਗਲ ਰੱਸਾ ਪਾਉਣ ਜਾਂ ਉਸ ਨੂੰ ਜੇਲ੍ਹ ਭੇਜਣ ਦੀ ਤਾਕਤ ਨਹੀਂ ਹੁੰਦੀ, ਉਹ ਸਿਰਫ ਕਿਸੇ ਦੇ ਖਿਲਾਫ ਕਾਰਵਾਈ ਦੀ ਸਿਫਾਰਸ਼ ਹੀ ਕਰ ਸਕਦਾ ਹੈ, ਅਗਲਾ ਹੱਕ ਮੁੱਖ ਮੰਤਰੀ ਕੋਲ ਹੁੰਦਾ ਹੈ ਤੇ ਉਹ ਆਪਣੇ ਬੰਦਿਆਂ ਵਿਰੁਧ ਕਦੇ ਕੁਝ ਕਰਦਾ ਹੀ ਨਹੀਂ। ਜੋ ਕੁਝ ਰਾਜਾਂ ਵਿਚ ਹੁੰਦਾ ਹੈ, ਰਾਜਾਂ ਵਿਚੋਂ ਕੇਂਦਰ ਦੀਆਂ ਕੁਰਸੀਆਂ ਤੱਕ ਗਏ ਆਗੂ ਓਥੇ ਜਾ ਕੇ ਵੀ ਓਹੋ ਕੁਝ ਕਰਦੇ ਹਨ, ਜਿਸ ਦੀ ਮਿਸਾਲ ਸਾਬਕਾ ਮੰਤਰੀ ਏ. ਰਾਜਾ ਦਾ ਕੇਸ ਹੈ। ਉਸ ਦੇ ਵਿਰੁਧ ਕਾਰਵਾਈ ਦਾ ਰਾਹ ਤਾਮਿਲਨਾਡੂ ਦੇ ਮੁੱਖ ਮੰਤਰੀ ਕਰੁਣਾਨਿਧੀ ਨੇ ਓਦੋਂ ਤੱਕ ਰੋਕਣਾ ਜਾਰੀ ਰੱਖਿਆ ਜਦੋਂ ਤੱਕ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਚੁਫੇਰਿਓਂ ਘੇਰ ਨਹੀਂ ਸੀ ਲਿਆ।

ਫਿਰ ਇੱਕ ਗੱਲ ਹੋਰ ਵੀ ਯਾਦ ਰੱਖਣ ਵਾਲੀ ਹੈ ਤੇ ਉਹ ਇਹ ਕਿ ਸਮੱਸਿਆਵਾਂ ਦੇ ਹੱਲ ਦੇ ਯਤਨ ਸਿਰਫ ਸ਼ਾਂਤੀ ਦੇ ਮੁਥਾਜ ਨਹੀਂ ਹੁੰਦੇ। ਮਹਾਤਮਾ ਗਾਂਧੀ ਦੀ ਲਹਿਰ ਸ਼ਾਂਤਮਈ ਸੀ ਤੇ ਜਦੋਂ ਉਸ ਦੇ ਸ਼ਾਂਤਮਈ ਅੰਦੋਲਨ ਵਿਚ ਕੁਝ ਲੋਕ ਹਿੰਸਾ ਦੇ ਰਾਹੇ ਪਏ, ਉਸ ਨੇ ਅੰਦੋਲਨ ਵਾਪਸ ਲੈ ਲਿਆ ਸੀ ਪਰ ਇਸ ਨਾਲ ਵੀ ਨਾ ਅੰਦੋਲਨ ਖਤਮ ਹੋਇਆ ਤੇ ਨਾ ਸਿਰਫ ਸ਼ਾਂਤਮਈ ਤੱਕ ਸੀਮਤ ਹੋ ਸਕਿਆ ਸੀ। ਇੱਕ ਪਾਸੇ ਗਾਂਧੀ ਜੀ ਦੇ ਮਰਨ-ਵਰਤ ਦਾ ਚੱਕਰ ਚੱਲੀ ਜਾਂਦਾ ਸੀ, ਦੂਜੇ ਪਾਸੇ ਭਗਤ ਸਿੰਘ ਹੁਰੀਂ ਦੇਸ਼ ਦੀ ਅਸੈਂਬਲੀ ਵਿਚ ਬੰਬ ਸੁੱਟਣ ਤੱਕ ਜਾ ਪਹੁੰਚੇ ਸਨ, ਭਾਵੇਂ ਉਹ ਬੰਬ ਮਾਰੂ ਨਾ ਹੋ ਕੇ ਸਿਰਫ ਪਟਾਕੇ ਵਾਲਾ ਸੀ। ਜਿਸ ਦਿਨ ਕਾਂਗਰਸ ਪਾਰਟੀ ਨੇ ਗਰਮ ਸੁਭਾਅ ਵਾਲੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਪ੍ਰਧਾਨ ਚੁਣਿਆ ਅਤੇ ਸ਼ਾਂਤੀ ਦੇ ਪੁਜਾਰੀ ਗਾਂਧੀ ਨੇ ਉਸ ਨਾਲ ਮਿਲ ਕੇ ਚੱਲਣ ਤੋਂ ਨਾਂਹ ਕੀਤੀ ਸੀ, ਸੁਭਾਸ਼ ਕਾਂਗਰਸ ਦੀ ਪ੍ਰਧਾਨਗੀ ਤਾਂ ਛੱਡ ਗਿਆ, ਲੜਾਈ ਲੜਨ ਦਾ ਆਪਣਾ ਢੰਗ ਉਸ ਨੇ ਨਹੀਂ ਸੀ ਛੱਡਿਆ ਅਤੇ ਵਿਦੇਸ਼ੀ ਧਰਤੀ ਤੋਂ ਜਾ ਕੇ 'ਆਜ਼ਾਦ ਹਿੰਦ ਫੌਜ' ਖੜੀ ਕਰ ਕੇ ਜੰਗ ਛੇੜ ਦਿੱਤੀ ਸੀ। ਗਾਂਧੀ ਜੀ ਦਾ ਦੇਸ਼ ਆਜ਼ਾਦ ਕਰਾਉਣ ਵਿਚ ਬਹੁਤ ਵੱਡਾ ਯੋਗਦਾਨ ਸੀ ਪਰ ਸਿਰਫ ਓਸੇ ਨਾਲ ਦੇਸ਼ ਆਜ਼ਾਦ ਨਹੀਂ ਸੀ ਹੋ ਗਿਆ। ਗਦਰ ਪਾਰਟੀ, ਭਗਤ ਸਿੰਘ, ਨੇਤਾ ਜੀ ਸੁਭਾਸ਼ ਆਦਿ ਸਾਰਿਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਅਮਿਣਵਾਂ ਯੋਗਦਾਨ ਪਾਇਆ ਸੀ। ਉਹ ਹਿੰਸਾ ਦੇ ਰਾਹੇ ਜ਼ਰੂਰ ਪਏ ਸਨ ਪਰ ਇਹ ਉਨ੍ਹਾਂ ਦਾ ਸ਼ੌਕ ਨਹੀਂ ਸੀ। ਭਗਤ ਸਿੰਘ ਬਾਰੇ ਗੁਰਸ਼ਰਨ ਸਿੰਘ ਦੇ ਨਾਟਕ ਵਿਚ ਗਾਂਧੀ ਜੀ 'ਸ਼ਾਂਤੀ-ਸ਼ਾਂਤੀ' ਕੂਕਦੇ ਹਨ ਤਾਂ ਭਗਤ ਸਿੰਘ ਵੀ ਅੱਗੋਂ ਲੋਕਾਂ ਦੀ ਰਾਏ ਕਹਿੰਦਾ ਹੈ ਕਿ 'ਸ਼ਾਂਤੀ ਸੇ ਸਰਕਾਰ ਨਹੀਂ ਮਾਨਤੀ।' ਜੇ ਸਰਕਾਰਾਂ ਸ਼ਾਂਤੀ ਨਾਲ ਹੀ ਹਰ ਗੱਲ ਮੰਨ ਲੈਂਦੀਆਂ ਤਾਂ ਕਿਸੇ ਅੰਨਾ ਹਜ਼ਾਰੇ ਨੂੰ ਅੰਨ ਛੱਡ ਕੇ ਆਪ ਦਿੱਲੀ ਜਾ ਕੇ ਬਹਿਣ ਤੋਂ ਇਲਾਵਾ ਸਾਰੇ ਮੁਲਕ ਦੇ ਲੋਕਾਂ ਨੂੰ ਇਹ ਕਹਿਣ ਦੀ ਲੋੜ ਨਹੀਂ ਸੀ ਪੈਣੀ ਕਿ ਹੁਣ ਸੜਕਾਂ ਉਤੇ ਨਿਕਲਣ ਦਾ ਵਕਤ ਆ ਗਿਆ ਹੈ।

ਇਸ ਇੱਕੋ ਲੋਕ-ਹੱਲੇ ਨਾਲ ਕਾਫੀ ਵੱਡੀ ਕਾਮਯਾਬੀ ਮਿਲੀ ਹੈ ਤੇ ਦੇਸ਼ ਦੀ ਸਰਕਾਰ ਲੋਕਾਂ ਮੂਹਰੇ ਝੁਕਣ ਲਈ ਮਜਬੂਰ ਹੋਈ ਹੈ ਪਰ ਇਸ ਨਾਲ ਸਾਰੇ ਮਸਲੇ ਹੱਲ ਨਹੀਂ ਹੋ ਜਾਣੇ। ਜਿਵੇਂ ਫੂਲਨ ਦੇਵੀ ਨੇ ਡਾਕੂ ਬਣਨ ਬਾਰੇ ਕਦੇ ਨਹੀਂ ਸੀ ਸੋਚਿਆ ਪਰ ਹਾਲਾਤ ਨੇ ਉਸ ਨੂੰ ਬਣਾ ਦਿੱਤਾ ਸੀ, ਉਵੇਂ ਹੀ ਅੱਜ ਕਿੰਨੇ ਲੋਕ ਹੋਰ ਹਨ, ਜਿਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੋ ਰਹੀ ਤੇ ਉਹ ਸਹਿਕ-ਸਹਿਕ ਕੇ ਮਰ ਜਾਣ ਜਾਂ ਖੁਦ ਮਰਨ ਤੋਂ ਪਹਿਲਾਂ ਕੁਝ ਨਾ ਕੁਝ ਕਰ ਜਾਣ ਦੀਆਂ ਸੋਚਾਂ ਸੋਚ ਰਹੇ ਹਨ। ਇਹੋ ਜਿਹੇ ਸਾਰੇ ਲੋਕਾਂ ਦੀ ਬਾਂਹ ਫੜਨ ਨੂੰ ਅੰਨਾ ਹਜ਼ਾਰੇ ਨੇ ਨਹੀਂ ਪਹੁੰਚ ਸਕਣਾ। ਪਿੱਛੇ ਜਿਹੇ ਇੱਕ ਜੈਨ ਮੁਨੀ ਨੂੰ ਪੁੱਛਿਆ ਗਿਆ ਸੀ ਕਿ ਪੁਰਾਣੇ ਵਕਤ ਦੇ ਮੁਨੀ ਜੰਗਲਾਂ ਵਿਚ ਜਾ ਕੇ ਤਪ ਕਰਿਆ ਕਰਦੇ ਸਨ, ਅੱਜ ਦੇ ਮੁਨੀ ਸ਼ਹਿਰਾਂ ਵਿਚ ਹੀ ਕਿਉਂ ਰਹਿੰਦੇ ਹਨ? ਉਸ ਨੇ ਕਿਹਾ ਸੀ ਕਿ ਪੁਰਾਣੇ ਸਮੇਂ ਵਿਚ ਜੰਗਲ ਵਿਚ ਜਿਹੜੇ ਖੂੰਖਾਰ ਜਾਨਵਰਾਂ ਵਿਚਾਲੇ ਵੀ ਅਡੋਲ ਰਹਿ ਕੇ ਮੁਨੀ ਲੋਕ ਸਮਾਧੀ ਲਾਉਂਦੇ ਸਨ, ਉਹ ਜਾਨਵਰ ਹੁਣ ਓਥੇ ਨਹੀਂ ਲੱਭਦੇ, ਮਨੁੱਖੀ ਜਾਮੇ ਵਿਚ ਸ਼ਹਿਰਾਂ ਵਿਚ ਆ ਗਏ ਹਨ, ਇਸ ਕਰ ਕੇ ਅਸੀਂ ਵੀ ਉਨ੍ਹਾਂ ਦੇ ਪਿੱਛੇ ਸ਼ਹਿਰ ਵਿਚ ਆ ਗਏ ਹਾਂ। ਇਹ ਗੱਲ ਉਸ ਨੇ ਸ਼ਹਿਰਾਂ ਵਿਚ ਸੌਖਾ ਜੀਵਨ ਬਤੀਤ ਕਰਦਿਆਂ ਸਾਧ ਬਣੇ ਰਹਿਣ ਦਾ ਆਪਣਾ ਪਾਖੰਡ ਜਾਇਜ਼ ਠਹਿਰਾਉਣ ਲਈ ਕਹੀ ਹੋਵੇਗੀ ਪਰ ਇਸ ਦਾ ਪਹਿਲਾ ਹਿੱਸਾ ਠੀਕ ਹੈ ਕਿ ਜੰਗਲਾਂ ਵਾਲੇ ਖੂੰਖਾਰ ਜਾਨਵਰਾਂ ਤੋਂ ਵੱਧ ਖਤਰਨਾਕ ਕੁਝ ਬੰਦੇ ਅੱਜ ਸਾਡੇ ਸਭਿਅਕ ਸਮਾਜ ਦੇ ਸ਼ਹਿਰਾਂ ਵਿਚ ਤੁਰੇ ਫਿਰਦੇ ਹਨ। ਭ੍ਰਿਸ਼ਟਾਚਾਰ ਤੇ ਭੁੱਖ ਦਾ ਆਪੋ ਵਿਚ ਬੜਾ ਨੇੜੇ ਦਾ ਸੰਬੰਧ ਹੁੰਦਾ ਹੈ, ਤੇ ਜਦੋਂ ਤੱਕ ਭ੍ਰਿਸ਼ਟਾਚਾਰ ਕਰਨ ਵਾਲੇ ਇਨ੍ਹਾਂ ਬਘਿਆੜਾਂ ਦੀ ਧਾੜ ਵਿਚਾਲੇ ਇੱਕ ਵੀ ਬੰਦਾ ਰਾਤ ਨੂੰ ਭੁੱਖਾ ਸੌਂਵੇਗਾ, ਦੇਸ਼ ਵਿਚ ਸੁੱਖ-ਸਾਂਦ ਦੀ ਗਾਰੰਟੀ ਨਾ ਕੋਈ ਸਰਕਾਰ ਦੇ ਸਕਦੀ ਹੈ ਤੇ ਨਾ ਕੋਈ ਸੰਸਥਾ ਹੀ, ਭਾਵੇਂ ਉਹ ਕਿੰਨੇ ਵੀ ਨਾਮਣੇ ਵਾਲੀ ਕਿਉਂ ਨਾ ਹੋਵੇ।

**ਜਾਇਦਾਦ ਦੀ ਖਰੀਦ-ਵੇਚ**

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਸਭਨਾਂ ਨੂੰ ਵਿਸਾਖੀ ਮੁਬਾਰਕ

## ਸਮੂਹ ਪੰਜਾਬੀ ਭਾਈਚਾਰੇ, ਟਰੱਕਰ ਭਰਾਵਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ

# Global Multi Services

### ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

*ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ*

*ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ*

**Financing Available For Buying Trucks**





Rajinder Singh



Manitpal Singh

**High Five Plaza #207**
**16925 S. Harlan Rd.**
**Lathrop CA 95330**
Exactly on I-5 and Louise Exit
Opposite Dennys Restaurant

DMV Lic No. 62822

Insurance Lic No. 0G73739

**ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996, ਫੈਕਸ:209-982-9997**

## ਪੰਜਾਬੀ ਸਾਹਿਤ ਜਗਤ ਦੇ ਅਨਮੋਲ ਹੀਰੇ

# ਸ. ਤ੍ਰਿਪਤ ਸਿੰਘ ਭੱਟੀ

ਅਤੇ

# ਸਰਦਾਰਨੀ ਬਲਬੀਰ ਕੌਰ

## ਨੂੰ ਵਿਆਹ ਦੀ 50ਵੀਂ ਵਰ੍ਹੇਗੰਢ ਮੌਕੇ

# ਬਹੁਤ ਬਹੁਤ ਵਧਾਈ



ਸ. ਤ੍ਰਿਪਤ ਸਿੰਘ ਭੱਟੀ ਤੇ ਬੀਬੀ ਬਲਬੀਰ ਕੌਰ ਆਪਣੇ ਜਵਾਈ, ਧੀ, ਦੋਹਤੇ ਅਤੇ ਦੋਹਤੀ ਨਾਲ

'ਮਿੰਨੀ ਕਹਾਣੀ' (ਤਿਮਾਹੀ) ਦੇ ਮੁੱਖ ਸੰਪਾਦਕ ਸ. ਤ੍ਰਿਪਤ ਸਿੰਘ ਭੱਟੀ, ਜਿਨ੍ਹਾਂ ਨੇ ਪੰਜਾਬੀ ਸਾਹਿਤ ਜਗਤ ਨੂੰ ਅਨੇਕਾਂ ਕਹਾਣੀਆਂ, ਅਨੁਵਾਦਤ ਪੁਸਤਕਾਂ ਅਤੇ ਕਈ ਮੌਲਿਕ ਰਚਨਾਵਾਂ ਨਾਲ ਭਰਪੂਰ ਕੀਤਾ ਹੈ ਅਤੇ ਬੀਬੀ ਬਲਬੀਰ ਕੌਰ ਦੇ ਵਿਆਹ ਦੀ 50ਵੀਂ ਵਰ੍ਹੇਗੰਢ ਮੌਕੇ ਬਹੁਤ ਬਹੁਤ ਵਧਾਈ।

ਵਲੋਂ: ਪਰਿਵਾਰ, ਰਿਸ਼ਤੇਦਾਰ ਅਤੇ ਦੋਸਤ-ਮਿੱਤਰਾਂ
ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੇ ਸਮੂਹ ਮੈਂਬਰ ਅਤੇ ਅਹੁਦੇਦਾਰ

## ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸੈਨ ਜੋਕੁਇਨ ਵਿਖੇ ਨਾਭ ਕੰਵਲ ਰਾਜਾ ਸਾਹਿਬ ਦੇ ਮਨਾਏ ਜਨਮ ਦਿਹਾੜਾ ਦੀਆਂ ਕੁਝ ਤਸਵੀਰਾਂ












Sponsored Page

Since 1990 Non Profit

# Punjabi Cultural Society Sacramento (U.S.A.)

ਵਲੋਂ ਪੇਸ਼ ਹੈ 22ਵਾਂ

# ਵਿਸਾਖੀ ਮੇਲਾ

# Visakhi Mela

Host by : Jaswant S Shad

Celebration On Saturday,

## 16th APRIL 2011

## At 4.00 P. M.

AT

## S.E.S. Hall

10427 E. STOCKTON BLVD.
ELK GROVE, CA 95624



**Featuring : Songs, Gidha & Bhangra, Dances, Skits and Much More**

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ।
ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ।

*For More Information Please Contact :*
Rashpal Pharwala (916) 682-7321 Tirath Sahota (916) 271-8382
Amrik Singh (916) 502-0064 Jaswant S. Shad (209) 992-7185

Spcl. Appearance
**Bhangra & Gidda**
TEAMS FROM : UNIVERSITY

## SPONSORS

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organization, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Piara Singh Parhar, Malkit Boparai, Jassi (Power Mart), Aklesh Singh, A V Sweets, Sukhchain Singh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Bakhshish Gill, Amarjit Dulai, Gurmukh Gosal (Sheration) Wells Fargo Bank, Sky West Real Estate, Money Gram(Fast Trip Florin Rd) P. Mann Trucking, Manjit Singh, Nirmal Singh, Gurdeep Dhillon, Sukhchan Singh, Jaswinder Boparai, Jasvir Thandi (Century21 Real Estate) & Alex Singh (Quality Vending).

## ORGANIZING COMMITTEE

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Debi Gill, Sukhraj Singh, Bhupinder Rehal, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Jascharan Gill, Balbir Johal, Avtar Dodd, Harjinder Pandher, Satvinder Sarhadi, Pal Singh, Manhor Lal Ratti & Kamal Singh.

**ADMISSION FREE** Please No Alcohol, No Food or Drinks Inside the Hall
No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com Printer : Barapind Printing Press (E-mail: barapindpress@gmail.com)

ੴ

# ਗੁਰਦੁਆਰਾ ਗੁਰੂ ਅੰਗਦ ਦਰਬਾਰ ਸਾਹਿਬ, ਬੇਕਰਸਫੀਲਡ

8100 STINE RD.,
BAKERSFIELD CA 93313 USA

ਵਿਖੇ

## 17 ਅਪ੍ਰੈਲ 2011 ਦਿਨ ਐਤਵਾਰ ਨੂੰ
## ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆਂ ਜਾ ਰਿਹਾ ਹੈ

ਗੁਰੂ ਪਿਆਰੀ ਸਾਧ ਸੰਗਤ ਜੀ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੁਖੀਆਂ ਮਜ਼ਲੂਮਾ ਦੀ ਰਾਖੀ ਅਤੇ ਜ਼ੁਲਮ ਨੂੰ ਠੱਲ ਪਾਉਣ ਵਾਸਤੇ 1699 ਦੀ ਵਿਸਾਖੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਜਾਤ ਪਾਤ ਨੂੰ ਖਤਮ ਕਰਨ ਵਾਸਤੇ ਅੰਮ੍ਰਿਤ ਛਕਾ ਕੇ ਇਕ ਨਿਵੇਕਲੇ ਪੰਥ ਦੀ ਸਾਜਨਾ ਕੀਤੀ।

ਇਸ ਸਮਾਗਮ ਨੂੰ ਮਨਾਉਦਿਆਂ ਗੁਰਦੁਆਰਾ ਗੁਰੂ ਅੰਗਦ ਦਰਬਾਰ ਬੇਕਰਸਫੀਲਡ ਵਲੋਂ ਤਿਨ ਦਿਨ ਦਾ ਮਹਾਨ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ ਅਤੇ ਕਥਾ ਵਾਚਕ ਭਾਈ ਗੁਰਸਾਹਿਬ ਸਿੰਘ ਅਤੇ ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਪਹੁੰਚ ਰਿਹਾ ਹੈ ਜੋ ਗੁਰਬਾਣੀ ਅਤੇ ਗੁਰ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਤਨ, ਮਨ ਅਤੇ ਧਨ ਦੇ ਨਾਲ ਇਸ ਸਮਾਗਮ ਵਿੱਚ ਹਿੱਸਾ ਪਾ ਕੇ ਖੁਸ਼ੀਆਂ ਪ੍ਰਾਪਤ ਕਰੋ ਜੀ।


ਕਥਾ ਵਾਚਕ
ਭਾਈ ਗੁਰਸਾਹਿਬ ਸਿੰਘ ਜੀ

15 ਅਪ੍ਰੈਲ ਦਿਨ ਸ਼ੁਕਰਵਾਰ
ਆਰੰਭ ਸ੍ਰੀ ਆਖੰਡ ਪਾਠ ਸਾਹਿਬ .......... 11:00
ਸ਼ੁਕਰਵਾਰ ਅਤੇ ਸ਼ਨੀਵਾਰ ਰਾਤ ਦੇ ਦੀਵਾਨ .... 5:30 ਤੋਂ 9:00 ਵਜੇ ਤੱਕ
ਭੋਗ ਸ੍ਰੀ ਆਖੰਡ ਪਾਠ ਸਾਹਿਬ 17 ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ
ਉਪਰੰਤ 11 ਤੋਂ 2 ਵਜੇ ਤੱਕ ਦੀਵਾਨ ਸਜਣਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ।


ਹਜ਼ੂਰੀ ਰਾਗੀ ਜਥਾ ਭਾਈ ਗੁਰਮੁਖ ਸਿੰਘ ਅਤੇ ਸਾਥੀ

ਗੁਰੂਘਰ ਵਲੋਂ ਗੁਰਸਿਖ ਬੱਚਿਆਂ ਨੂੰ ਅਤੇ ਗੁਰਬਾਣੀ ਕੰਠ ਕਰਨ ਵਾਲੇ ਗੁਰਸਿੱਖੀ ਪਹਿਰਾਵੇ ਵਿੱਚ ਰਹਿਣ ਵਾਲੇ ਕੇਸਾਧਾਰੀ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਅਜੀਤ ਸਿੰਘ ਬਸਰਾ-661-301-4163, ਸੁਖਵੀਰ ਸਿੰਘ ਸੰਧੂ-661-204-0096, ਅਮਰੀਕ ਸਿੰਘ - 661-979-0428, ਬਾਬਾ ਗੁਰਸਾਹਿਬ ਸਿੰਘ - 661-444-8213, ਗੁਰਮੁਖ ਸਿੰਘ -661-932-8353



ਕਾਬਲ ਸਿੰਘ ਚੇੜਾ (ਬੰਗਾ) ਤੇ ਗੁਰਦੇਵ ਸਿੰਘ ਦੇਬੀ ਗੁੱਜਰਪੁਰ ਖੁਰਦ (ਬੰਗਾ) ਅਤੇ ਉਨ੍ਹਾਂ ਦੇ ਪਰਿਵਾਰਾਂ ਵਲੋਂ

# ਸਮੂਹ ਖਿਡਾਰੀਆਂ ਅਤੇ ਮਾਣਮੱਤੇ ਪੰਜਾਬੀਆਂ ਨੂੰ ਵਿਸਾਖੀ ਦੀ

# ਲੱਖ-ਲੱਖ ਵਧਾਈ ਹੋਵੇ


ਕਾਬਲ ਸਿੰਘ ਚੇੜਾ, ਕਾਰਟਰੇਟ (ਨਿਊ ਜਰਸੀ)
ਗੋਲਡਨ ਬੈਟਰੀਆਂ ਵਾਲੇ (ਬੰਗਾ)
ਫੋਨ:857-991-7777

ਸਭ ਨੂੰ ਖਾਲਸਾ ਜੀ ਦੇ
ਸਿਰਜਣਾ ਦਿਹਾੜੇ ਦੀ
ਕੋਟਾਨਿ ਕੋਟਿ ਵਧਾਈ




ਗੁਰਦੇਵ ਸਿੰਘ ਦੇਬੀ, ਕਾਰਟਰੇਟ (ਨਿਊ ਜਰਸੀ)
ਐਸ ਐਨ ਕਾਲਜ ਬੰਗਾ ਦੇ ਸਿਰਮੌਰ ਫੁੱਟਬਾਲ ਖਿਡਾਰੀ
ਫੋਨ:732-261-7993

LONGMAN Photo Studio
HD Videography & Digital Photography
We use "FULL HD 1080" to deliver Blu-Ray or Standard DVD
Magazine style Album & CD of Pictures
All Occasions
Call
916-712-8485
916-256-8888
510-200-3976
Email: info@longmanstudios.com

Omni Video Productions
Professional Videography & Photography
For Booking & Information Contact :
Tel: 661-835-8230
Cell: 661-703-6664
email : omnivideo@hotmail.com
www.omnivideousa.com
Avid Editing Studio
Graphic Designing & Animations
3D Effects & Special Effects
Output to DVD, HD, Beta SP, VHS, S-VHS or any format
DVD Mastering & Duplication
Weddings & Receptions
Anniversaries & Birthday Parties
Stage Show & TV Ads
Interviews & Documentaries
NEW SERVICE
Live worldwide streaming of your events
CRANE SETUP
- Photography
- Studio Portraits
- Family Photos
- Business Photography
- Digital Photo Mixing
- Designed Wedding Albums
Quality & Creativity

Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

ਘਰ ਖਰੀਦਣਾ ਹੈ ਜਾਂ ਵੇਚਣਾ !
ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ
ਜਰਨੈਲ ਸਿੰਘ ਲਾਲੜੀਆ
ਫੋਨ:209-856-2131
Century 21
M&M AND ASSOCIATES
Each office is independently owned and operated.
MLS
Jarnail Singh Lallria
Broker Associate
DRE#01440382
Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com
1472 'B' Street, Ste. D, Livingston, CA 95334

Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop Shell ampm ELEVEN 76 Holiday Inn Denny's Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com

# ਰੇਡੀਓ ਚੜ੍ਹਦੀਕਲਾ ਵਲੋਂ ਵਿਸਾਖੀ ਸਬੰਧੀ ਵਿਸ਼ੇਸ਼ ਪ੍ਰੋਗਰਾਮ

**ਫਰੀਮਾਂਟ (ਬਿਊਰੋ):** ਹਫਤੇ ਦੇ ਸੱਤੇ ਦਿਨ, 24 ਘੰਟੇ ਚੱਲਣ ਵਾਲੇ ਹਰਮਨਪਿਆਰੇ ਰੇਡੀਓ ਪ੍ਰੋਗਰਾਮ 'ਰੇਡੀਓ ਚੜ੍ਹਦੀਕਲਾ' ਵਲੋਂ ਲੰਘੀ 9 ਅਪਰੈਲ ਨੂੰ ਰੇਡੀਓ ਦੇ ਸਟੂਡੀਓ ਵਿਚ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਰੇਡੀਓ ਦੇ ਸੈਂਕੜੇ ਸਰੋਤਿਆਂ ਨੇ ਸਟੂਡੀਓ ਪਹੁੰਚ ਕੇ ਵੱਖ ਵੱਖ ਹੋਸਟਾਂ ਨਾਲ ਗੱਲਬਾਤ ਕੀਤੀ ਅਤੇ ਖੁਦ ਵੀ ਸਟੂਡੀਓ ਵਿਚ ਬੈਠ ਕੇ ਘਰਾਂ ਵਿਚ ਬੈਠੇ ਸਰੋਤਿਆਂ ਨੂੰ ਵਿਸਾਖੀ ਦੀ ਵਧਾਈ ਦਿੱਤੀ। ਪੰਜਾਬ ਤੋਂ ਅਮਰੀਕਾ ਦੌਰੇ 'ਤੇ ਪਹੁੰਚੇ ਐਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਕੈਪਟਨ ਬਲਬੀਰ ਸਿੰਘ ਨਾਲ ਸਿੱਧੀ ਗੱਲ ਬਾਤ ਵੀ ਰੇਡੀਓ ਤੋਂ ਪ੍ਰਸਾਰਿਤ ਕੀਤੀ ਗਈ ਜਿਸ ਦੌਰਾਨ ਸਰੋਤਿਆਂ ਨੇ ਮੰਤਰੀ ਨੂੰ ਐਨ ਆਰ ਆਈ ਮਾਮਲਿਆਂ, ਪੰਜਾਬ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਵਧਦੇ ਰੁਝਾਨ ਬਾਰੇ ਸਵਾਲ ਪੁੱਛੇ।

ਰੇਡੀਓ ਚੜ੍ਹਦੀਕਲਾ ਵਲੋਂ ਐਤਵਾਰ ਨੂੰ ਗੁਰਦੁਆਰਾ ਸੈਨ ਹੋਜ਼ੇ ਦੇ ਨਵੇਂ ਦੀਵਾਨ ਹਾਲ ਦੇ ਉਦਘਾਟਨੀ ਸਮਾਗਮ ਦਾ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ। ਇਸ ਮੌਕੇ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਅਤੇ ਹੋਰ ਅਨੇਕਾਂ ਪਤਵੰਤਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਐਤਵਾਰ ਨੂੰ ਹੀ ਫਰਿਜ਼ਨੋ ਵਿਚ ਚੱਲ ਰਹੇ ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੈਚਾਂ ਦਾ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ।

ਰੇਡੀਓ ਚੜ੍ਹਦੀ ਕਲਾ ਦੇ ਪ੍ਰਬੰਧਕਾਂ ਨੇ ਇਸ ਮੌਕੇ ਇਹ ਐਲਾਨ ਵੀ ਕੀਤਾ ਕਿ ਯੂਬਾ ਸਿਟੀ ਵਾਸੀਆਂ ਦੀ ਚਿਰੋਕਣੀ ਮੰਗ ਨੂੰ ਮੁੱਖ ਰੱਖਦਿਆਂ ਰੇਡੀਓ ਚੜ੍ਹਦੀਕਲਾ ਦਾ ਪ੍ਰਸਾਰਣ ਹੁਣ ਯੂਬਾ ਸਿਟੀ ਵਿਚ ਵੀ ਸ਼ੁਰੂ ਹੋ ਚੁਕਾ ਹੈ। ਯੂਬਾ ਸਿਟੀ ਤੋਂ ਅਨੇਕਾਂ ਸਰੋਤਿਆਂ ਨੇ ਕਾਲਾਂ ਕਰਕੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਰੇਡੀਓ ਚੜ੍ਹਦੀਕਲਾ ਦੇ ਪ੍ਰੋਗਰਾਮ ਪਿਛਲੇ 15 ਸਾਲ ਤੋਂ ਰੇਡੀਓ ਗੀਤ ਸੰਗੀਤ ਸੁਣਦੇ ਆ ਰਹੇ ਸਰੋਤੇ ਉਸੇ ਰੇਡੀਓ ਸੈਟ 'ਤੇ ਰੇਡੀਓ ਚੜ੍ਹਦੀਕਲਾ ਦੇ ਪ੍ਰੋਗਰਾਮ ਸੁਣ ਸਕਦੇ ਹਨ, ਨਵੇਂ ਸੈਟ ਲੈਣ ਦੀ ਲੋੜ ਨਹੀਂ। ਕਿਸੇ ਵੀ ਹੋਰ ਜਾਣਕਾਰੀ ਲਈ ਰੇਡੀਓ ਨਾਲ ਫੋਨ 510-972-0820 ਉਤੇ ਸੰਪਰਕ ਕੀਤਾ ਜਾ ਸਕਦਾ ਹੈ।







# ਐਨ ਆਰ ਆਈ ਸਭਾ ਅਮਰੀਕਾ ਮੰਤਰੀ ਬਾਠ 'ਤੇ ਖਫਾ

**ਸੈਨ ਹੋਜ਼ੇ (ਬਿਊਰੋ):** ਅਮਰੀਕਾ ਦੇ ਦੌਰੇ 'ਤੇ ਆਏ ਪੰਜਾਬ ਦੇ ਐਨ ਆਰ ਆਈ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਵਲੋਂ ਐਨ ਆਰ ਆਈ ਸਭਾ, ਅਮਰੀਕਾ ਨੂੰ ਅਣਡਿਠ ਕਰ ਦਿਤੇ ਜਾਣ ਤੋਂ ਸਭਾ ਦੇ ਅਹੁਦੇਦਾਰਾਂ ਵਿਚ ਸਖਤ ਰੋਸ ਹੈ। ਕੈਪਟਨ ਬਾਠ ਲੰਘੀ 8 ਅਪਰੈਲ ਨੂੰ ਕੈਲੀਫੋਰਨੀਆ ਪਹੁੰਚੇ ਸਨ।

ਮੰਤਰੀ ਦੇ ਦੌਰੇ ਨੂੰ ਮੁੱਖ ਰੱਖਦਿਆਂ ਐਨ ਆਰ ਆਈ ਸਭਾ, ਅਮਰੀਕਾ ਵਲੋਂ ਆਪਣੀ ਇਕ ਮੀਟਿੰਗ ਲੰਘੀ 9 ਅਪਰੈਲ ਨੂੰ ਇਥੇ ਰੋਜ਼ਵਾਟਰ ਹਾਲ ਵਿਚ ਸ਼ਾਮ 5 ਵਜੇ ਰੱਖੀ ਗਈ ਸੀ ਜਿਸ ਦੇ ਮੁੱਖ ਮਹਿਮਾਨ ਕੈਪਟਨ ਬਾਠ ਨੇ ਹੋਣਾ ਸੀ ਪਰ ਜਦੋਂ ਸਭਾ ਦੇ ਅਹੁਦੇਦਾਰ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਮੀਤ ਪ੍ਰਧਾਨ ਰੌਣਕ ਸਿੰਘ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ ਆਪਣੇ ਸਾਥੀਆਂ ਸਮੇਤ ਉਥੇ ਪਹੁੰਚੇ ਤਾਂ ਪਤਾ ਲੱਗਾ ਕੇ ਮੰਤਰੀ ਜੀ ਇਸ ਮੀਟਿੰਗ ਵਿਚ ਨਹੀਂ ਆ ਸਕਣਗੇ। ਜਦੋਂ ਉਸ ਵਿਅਕਤੀ, ਜਿਸ ਪਾਸ ਕੈਪਟਨ ਬਾਠ ਠਹਿਰੇ ਸਨ, ਨੂੰ ਉਨ੍ਹਾਂ ਦੇ ਨਾ ਆਉਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਕੈਪਟਨ ਦੀ ਤਬੀਅਤ ਢਿੱਲੀ ਹੈ ਪਰ ਬਾਅਦ ਵਿਚ ਇਸੇ ਹਾਲ ਵਿਚ ਉਨ੍ਹਾਂ ਇਕ ਪਾਰਟੀ ਵਿਚ ਖੂਬ ਮਨੋਰੰਜਨ ਕੀਤਾ। ਸਬੰਧਤ ਵਿਅਕਤੀ ਵਲੋਂ ਇਹ ਸ਼ਰਤ ਰੱਖ ਦਿੱਤੀ ਗਈ ਕਿ ਮੀਟਿੰਗ 7 ਵਜੇ ਤੋਂ ਪਹਿਲਾਂ ਹਰ ਹਾਲਤ ਵਿਚ ਖਤਮ ਹੋਣੀ ਚਾਹੀਦੀ ਹੈ ਕਿਉਂਕਿ ਉਸ ਤੋਂ ਬਾਅਦ ਉਸੇ ਹਾਲ ਵਿਚ ਕੋਈ ਹੋਰ ਪਾਰਟੀ ਹੈ। ਸਭਾ ਦੇ ਅਹੁਦੇਦਾਰਾਂ ਵਲੋਂ ਇਹ ਮਜਬੂਰੀ ਦੱਸੇ ਜਾਣ ਕਿ 7 ਵਜੇ ਤੱਕ ਮੀਟਿੰਗ ਖਤਮ ਹੋਣਾ ਮੁਸ਼ਕਿਲ ਹੈ, ਮਾਮਲਾ ਅਟਕ ਗਿਆ। ਇਸ ਉਪਰੰਤ ਸਭਾ ਦੀ ਮੀਟਿੰਗ ਪ੍ਰੀਤਮ ਸਿੰਘ ਗਰੇਵਾਲ ਦੇ ਘਰ ਹੋਈ ਜਿਸ ਵਿਚ ਸ. ਦੀਦਾਰ ਸਿੰਘ ਬੈਂਸ, ਸ. ਗੁਰਨਾਮ ਸਿੰਘ ਪੰਮਾ, ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਵਾਈਸ ਚੇਅਰਮੈਨ ਜਗਦੀਸ਼ ਢਿੱਲੋਂ, ਮੀਤ ਪ੍ਰਧਾਨ ਰੌਣਕ ਸਿੰਘ ਸਮੇਤ ਸਭਾ ਦੇ ਕੋਈ ਸੌ ਕੁ ਮੈਂਬਰ ਸ਼ਾਮਲ ਹੋਏ।

ਅਗਲੇ ਦਿਨ ਜਦੋਂ ਕੈਪਟਨ ਬਾਠ ਗੁਰਦੁਆਰਾ ਸੈਨ ਹੋਜ਼ੇ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਪਹੁੰਚੇ ਤਾਂ ਉਨ੍ਹਾਂ ਸਭਾ ਦੇ ਅਹੁਦੇਦਾਰਾਂ ਨੂੰ ਗੁਰੂ ਘਰ ਦੇ ਦਫਤਰ ਵਿਚ ਮਿਲਣ ਦਾ ਭਰੋਸਾ ਦਿੱਤਾ ਪਰ ਉਥੋਂ ਵੀ ਉਹ ਅਚਾਨਕ ਚਲੇ ਗਏ ਅਤੇ ਸਭਾ ਦੇ ਅਹੁਦੇਦਾਰ ਇਕ ਦੂਜੇ ਦੇ ਮੂੰਹ ਵੱਲ ਹੀ ਵੇਖਦੇ ਰਹਿ ਗਏ। ਬਾਅਦ ਵਿਚ ਸੌਂਗੀ ਦੇ ਬਾਦਸ਼ਾਹ ਕਰਕੇ ਜਾਣੇ ਜਾਂਦੇ ਉਘੇ ਬਾਗਬਾਨ ਸ. ਚਰਨਜੀਤ ਸਿੰਘ ਬਾਠ ਕੈਪਟਨ ਬਾਠ ਨੂੰ ਦੁਬਾਰਾ ਗੁਰੂ ਘਰ ਲੈ ਕੇ ਆਏ। ਇਸ ਮੌਕੇ ਮੀਟਿੰਗ ਦੌਰਾਨ ਕੈਪਟਨ ਬਾਠ ਨੇ ਅਸਲੀ ਮੁੱਦਿਆਂ 'ਤੇ ਕੋਈ ਗੱਲ ਕਰਨ ਦੀ ਥਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਸ. ਬਾਦਲ ਨੇ ਐਨ ਆਰ ਆਈ ਮਾਮਲਿਆਂ ਦੇ ਚਾਰ-ਪੰਜ ਵਿੰਗ ਬਣਾ ਦਿੱਤੇ ਹਨ-ਕੋਈ ਰੱਖੜੇ ਦਾ, ਕੋਈ ਕਮਲਜੀਤ ਹੇਅਰ ਦਾ, ਕੋਈ ਕਮਿਸ਼ਨਰ ਐਸ ਆਰ ਲੱਧੜ ਦਾ। ਇਹ ਸਭ ਸੁਣ ਕੇ ਮੀਟਿੰਗ ਵਿਚ ਹਾਜ਼ਰ ਸਾਰੇ ਲੋਕ ਵਿਹੰਦੇ ਰਹਿ ਗਏ।

ਜ਼ਿਕਰਯੋਗ ਹੈ ਕਿ ਇਸ ਸਾਰੇ ਘਟਨਾਕ੍ਰਮ ਪਿਛੇ ਐਨ ਆਰ ਆਈ ਸਭਾ ਦਾ ਆਪਣਾ ਹੀ ਇਕ ਅਹੁਦੇਦਾਰ ਜ਼ਿੰਮੇਵਾਰ ਹੈ ਜੋ ਇਸ ਤੋਂ ਪਹਿਲਾਂ ਤਿੰਨ-ਚਾਰ ਪਾਰਟੀਆਂ ਬਦਲ ਚੁਕਾ ਹੈ। ਪਹਿਲਾਂ ਤਾਂ ਉਸ ਨੇ ਸਭਾ ਦੇ ਅਹੁਦੇਦਾਰਾਂ ਨੂੰ ਕੈਪਟਨ ਬਾਠ ਨੂੰ ਸੈਨ ਫਰਾਂਸਿਸਕੋ ਏਅਰਪੋਰਟ ਤੋਂ ਲਿਆਉਣ ਤੋਂ ਵਰਜਿਆ ਅਤੇ ਬਾਅਦ ਵਿਚ ਆਪ ਸਭ ਤੋਂ ਪਹਿਲਾਂ ਫੁੱਲਾਂ ਦੇ ਹਾਰ ਲੈ ਕੇ ਉਥੇ ਪਹੁੰਚ ਗਿਆ। ਇਹ ਅਹੁਦੇਦਾਰ ਕੈਪਟਨ ਬਾਠ ਨਾਲ ਦੇਰ ਰਾਤ ਹੋਈ ਇਕ ਪਾਰਟੀ ਵਿਚ ਵੀ ਵੇਖਿਆ ਗਿਆ। ਅਸਲ ਵਿਚ ਇਸ ਅਹੁਦੇਦਾਰ ਉਪਰ ਸਭਾ ਦੀ ਕਮਾਂਡ ਨੇ ਕਾਫੀ ਸਮੇਂ ਤੋਂ ਬਾਜਅੱਖ ਰੱਖੀ ਹੋਈ ਸੀ ਅਤੇ ਉਸ ਦੀਆਂ ਹਰਕਤਾਂ ਵਾਚੀਆਂ ਜਾ ਰਹੀਆਂ ਸਨ। ਸਭਾ ਦੇ ਇਕ ਸੀਨੀਅਰ ਅਹੁਦੇਦਾਰ ਨੇ ਕਿਹਾ ਕਿ ਇਸ ਵਿਅਕਤੀ ਵਿਰੁਧ ਢੁਕਵੀਂ ਕਾਰਵਾਈ ਕੀਤੀ ਜਾਏਗੀ। ਮੰਤਰੀ ਦੇ ਰਵੱਈਏ ਉਪਰ ਟਿੱਪਣੀ ਕਰਦਿਆਂ ਇਸ ਅਹੁਦੇਦਾਰ ਨੇ ਆਖਿਆ ਕਿ ਮੰਤਰੀ ਆਉਂਦੇ-ਜਾਂਦੇ ਰਹਿੰਦੇ ਹਨ ਪਰ ਸਭਾ ਪਰਵਾਸੀਆਂ ਦੇ ਮਾਮਲਿਆਂ ਦੇ ਹੱਲ ਲਈ ਯਤਨ ਜਾਰੀ ਰੱਖੇਗੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਜਦੋਂ ਅਮਰੀਕਾ ਦੌਰੇ 'ਤੇ ਆਏ ਸਨ ਤਾਂ ਉਹ ਹਰ ਸ਼ਹਿਰ ਵਿਚ ਲੋਕਾਂ ਨੂੰ ਖੁਲ੍ਹ ਕੇ ਮਿਲੇ ਸਨ ਅਤੇ ਕਈ ਕਈ ਵਿਅਕਤੀਆਂ ਦੇ ਘਰ ਵੀ ਗਏ ਸਨ।

## ਗਾਜਰਾਂ ਰੋਕ ਸਕਦੀਆਂ ਹਨ ਔਰਤਾਂ 'ਚ ਛਾਤੀ ਦਾ ਕੈਂਸਰ

**ਲੰਡਨ:** ਗਾਜਰਾਂ ਤੇ ਸ਼ਕਰਕੰਦੀ ਖਾਣ ਨਾਲ ਔਰਤਾਂ ਦੀ ਛਾਤੀ ਦੇ ਕੈਂਸਰ ਨੂੰ ਮੁੱਢਲੇ ਪੜਾਅ 'ਚ ਖ਼ਤਮ ਕੀਤਾ ਜਾ ਸਕਦਾ ਹੈ। ਇਕ ਨਵੇਂ ਅਧਿਐਨ ਤੋਂ ਖੁਲਾਸਾ ਹੋਇਆ ਹੈ ਕਿ ਗਾਜਰਾਂ ਤੇ ਸ਼ਕਰਕੰਦੀ ਵਿਚ ਰੈਟੀਨੋਇਕ ਐਸਿਡ ਮਿਲਦਾ ਹੈ ਜੋ ਵਿਟਾਮਿਨ 'ਏ' ਤੋਂ ਬਣਿਆ ਹੁੰਦਾ ਹੈ ਤੇ ਇਹ ਰਸਾਇਣ ਔਰਤਾਂ 'ਚ ਛਾਤੀ ਦੇ ਕੈਂਸਰ ਦਾ ਕਾਰਨ ਬਣਦੇ ਸੈਲਾਂ ਵਿਚ ਮੁੱਢ 'ਚ ਵਾਪਰਨ ਵਾਲੀਆਂ ਤਬਦੀਲੀਆਂ ਨੂੰ ਰੋਕ ਸਕਦਾ ਹੈ।


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

Ph:(209) 474-2771, (888) 474-2771

7746 Lorraine Aenue #214, Stockton, CA 95210




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ 'ਤੇ

# ਸਮੂਹ ਪੰਜਾਬੀ ਭਾਈਚਾਰੇ ਨੂੰ ਖਾਲਸਾ ਜੀ ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ


ਸ੍ਰੀਮਤੀ ਸੋਨੀਆਂ ਗਾਂਧੀ


ਡਾ. ਮਨਮੋਹਨ ਸਿੰਘ


ਕੈਪਟਨ ਅਮਰਿੰਦਰ ਸਿੰਘ


ਅਵਤਾਰ ਹੈਨਰੀ

## ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ

ਪੰਜਾਬ ਦੇ ਸਾਬਕਾ ਮੰਤਰੀ

# ਸ੍ਰੀ ਅਵਤਾਰ ਹੈਨਰੀ

## ਨੂੰ ਕੈਲੀਫੋਰਨੀਆ ਆਉਣ ’ਤੇ ਨਿੱਘੀ ਜੀ ਆਇਆਂ ਨੂੰ


ਪਾਲ ਸਹੋਤਾ
(ਪ੍ਰਧਾਨ)
ਫੋਨ: 559-269-6974


ਸੁਖਵਿੰਦਰ ਸਿੰਘ ਟਿਵਾਣਾ
(ਜਨਰਲ ਸਕੱਤਰ)
ਫੋਨ: 559-479-1718


ਜਸਵੀਰ ਸਿੰਘ ਗਿੱਲ

ੴ ਸਤਿਗੁਰ ਪ੍ਰਸਾਦਿ

ਗੁਰ ਸਿਮਰ ਮਨਾਈ ਕਾਲਕਾ, ਖੰਡੇ ਕੀ ਵੇਲਾ॥
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮੁ ਸੁਹੇਲਾ॥

ਕਲਗੀਧਰ ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਦੇ ਦਿਹਾੜੇ ਮਰਜੀਵੜਿਆਂ ਦੇ ਇਕ ਨਵੇਂ ਪੰਥ ਖਾਲਸਾ ਪੰਥ ਨੂੰ ਪ੍ਰਗਟ ਕੀਤਾ ਅਤੇ ਨਿਸਚੈ ਕਰ ਅਪਨੀ ਜੀਤ ਕਰੌਂ ਦਾ ਵਰ ਦਿੱਤਾ, ਇਸ ਪਵਿੱਤਰ ਦਿਹਾੜੇ ਦੀ ਸਮੂਹ ਖਾਲਸਾ ਪੰਥ ਅਤੇ ਅਖਬਾਰ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ

ਪਿਆਰਾ ਸਿੰਘ ਗੋਸਲ, ਫੋਨ:530-682-6099
ਗੋਸਲ ਫਾਰਮਸ

ੴ ਸਤਿਗੁਰ ਪ੍ਰਸਾਦਿ

ਖਾਲਸਾ ਮੇਰੋ ਪਿੰਡ ਪਰਾਣ॥ ਖਾਲਸਾ ਮੇਰੀ ਜਾਨ ਕੀ ਜਾਨ॥

# ਦੇਸ਼ ਵਿਦੇਸ਼ 'ਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ ਖਾਲਸਾ ਜੀ ਦੇ ਜਨਮ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ



Jaspreet Thiara
(530) 682-5863

## ਸਭਨਾਂ ਨੂੰ ਵਿਸਾਖੀ ਮੁਬਾਰਕ !

ਸ. ਮਹਿੰਦਰ ਸਿੰਘ, ਬੀਬੀ ਮੋਹਨ ਕੌਰ ਥਿਆੜਾ, ਸਰਬਜੀਤ ਸਿੰਘ ਥਿਆੜਾ, ਬੀਬੀ ਬਖਸ਼ਿੰਦਰ ਕੌਰ ਥਿਆੜਾ, ਜਸਪ੍ਰੀਤ ਸਿੰਘ ਥਿਆੜਾ, ਬੀਬੀ ਕਮਲਪ੍ਰੀਤ ਕੌਰ ਥਿਆੜਾ ਅਤੇ ਸਮੂਹ ਪਰਿਵਾਰ



Sarbjit Thiara
(530) 682-5861

ਖਾਲਸੇ ਦੇ ਜਨਮ ਦਿਹਾੜੇ ਸਬੰਧੀ ਪਰਿਵਾਰ ਵਲੋਂ ਪ੍ਰੋਗਰਾਮ ਗੁਰਦੁਆਰਾ ਬੋਗ ਰੋਡ, ਯੂਬਾ ਸਿਟੀ

ਅਰੰਭ ਅਖੰਡ ਪਾਠ:15 ਅਪਰੈਲ, 2011 ਭੋਗ ਸ੍ਰੀ ਅਖੰਡ ਪਾਠ: ਐਤਵਾਰ 17 ਅਪਰੈਲ, 2011

ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 9 ਵਜੇ

# S & J Royal Inc.

## Golden Valley Fruit Packing



ੴ ਸਤਿਗੁਰ ਪ੍ਰਸਾਦਿ

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੇਊ ਮੈ ਸਾਰਾ।
ਜਬ ਯਹ ਜਹੈ ਬਿਪਰਨ ਕੀ ਰੀਤ।
ਮੈ ਨ ਕਰਹੁੰ ਇਨ ਕੀ ਪ੍ਰਤੀਤ।



# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਸਮੂਹ ਸਿੱਖ ਸੰਗਤਾਂ, ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ

## ਵਿਸਾਖੀ ਮੁਬਾਰਕ !

ਨਾਹਰ ਸਿੰਘ ਹੀਰ ਤੇ ਹੈਪੀ ਹੀਰ

# Norcal Valley Pump

Yuba City, CA, Ph: 530-682-6800

ੴ ਸਤਿਗੁਰ ਪ੍ਰਸਾਦਿ

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

# ਸਭਨਾਂ ਨੂੰ ਵਿਸਾਖੀ ਮੁਬਾਰਕ !

## ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਖਾਲਸਾ ਪੰਥ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ



ਸੰਗਤਾਂ ਦੇ ਦਾਸ

**ਦਲਬੀਰ ਸਿੰਘ ਗਿੱਲ**

**ਫੋਨ:530-713-4256**

**ਪਰਮਜੀਤ ਸਿੰਘ ਗਿੱਲ**

**ਗੁਰਮੀਤ ਸਿੰਘ ਗਿੱਲ**

# ਗਿੱਲ ਬ੍ਰਦਰਜ਼ ਫਾਰਮਸ

## ਯੂਬਾ ਸਿਟੀ (ਕੈਲੀਫੋਰਨੀਆ)

# ਦਾਨੀ ਬੀਨੀ ਬੀਬੀ ਮਹਿੰਦਰ ਕੌਰ ਦੇਹਰਾਦੂਨ

## ਸ਼ਰਧਾਂਜਲੀ

**ਹਰਪਾਲ ਸਿੰਘ ਪੰਨੂ***

ਸਹੀ ਸਲਾਮਤ ਤੁਰਦਿਆਂ ਫਿਰਦਿਆਂ, ਮਜ਼ਾਕ ਕਰਦਿਆਂ ਸੁਣਦਿਆਂ ਡਾ. ਬਲਬੀਰ ਸਿੰਘ ਦੀ ਧੀ ਬੀਬੀ ਮਹਿੰਦਰ ਕੌਰ ਲੰਘੀ 22 ਮਾਰਚ ਨੂੰ ਸਵੇਰੇ ਪੌਣੇ ਸੱਤ ਵਜੇ 90 ਸਾਲ ਦੀ ਉਮਰ ਬਿਤਾ ਕੇ ਇਸ ਜਹਾਨ ਤੋਂ ਵਿਦਾ ਹੋ ਗਏ। ਸਾਰੀ ਉਮਰ ਉਨ੍ਹਾਂ ਨੇ ਬਾਦਸ਼ਾਹਤ ਕੀਤੀ, ਕੋਈ ਰਈਸ ਕਿਸ ਸਲੀਕੇ ਨਾਲ ਹਵੇਲੀ ਵਿਚ ਰਹਿੰਦਾ ਹੈ, ਮੈਂ ਦੇਖਿਆ, ਹਲੀਮੀ, ਮਿਠਾਸ ਅਤੇ ਹਮਦਰਦੀ ਦੀ ਤਸਵੀਰ।

ਫਰਵਰੀ ਮਹੀਨੇ ਇਕ ਸੈਮੀਨਾਰ ਵਿਚ ਮਿਲੇ, ਮਿਲਦਿਆਂ ਕਿਹਾ, "ਤੁਹਾਡੀ ਹਰ ਲਿਖਤ ਪੜ੍ਹਦੀ ਹਾਂ, ਕੁਝ ਕੁ ਦੁਬਾਰਾ ਵੀ ਪੜ੍ਹ ਲੈਂਦੀ ਹਾਂ। ਹੁਣ ਏਨੀ ਦੇਰ ਹੋ ਗਈ ਹੈ ਪੰਨੂ ਸਾਹਿਬ, ਕੁਝ ਲਿਖਿਆ ਕਿਉਂ ਨਹੀ?" ਮੈਂ ਕਿਹਾ, ਬੀਬੀ ਜੀ ਤੁਹਾਡੇ ਸਾਹਮਣੇ ਮੈਂ ਤੁਹਾਡਾ ਬੱਚਾ ਹਾਂ, ਇਹ ਪੰਨੂ ਸਾਹਿਬ ਕੀ ਚੀਜ਼ ਹੋਇਆ? ਬੀਬੀ ਜੀ ਨੇ ਕਿਹਾ, "ਇਸ ਘਰ ਵਿਚ ਸਲੀਕਾ ਨਹੀਂ ਛੱਡਿਆ ਕਿਸੇ ਨੇ, ਤੁਸੀਂ ਤਾਂ ਪ੍ਰੋਫੈਸਰ ਹੋ, ਇਥੇ ਸਭ ਦਾ ਆਦਰ ਹੁੰਦਾ ਹੈ।"

ਇਹ ਬੀਬੀ ਡਾ. ਭਾਈ ਵੀਰ ਸਿੰਘ ਦੀ ਦੋਹਤੀ ਸੀ, ਉਨ੍ਹਾਂ ਦੇ ਛੋਟੇ ਭਰਾ ਬਲਬੀਰ ਸਿੰਘ ਨੇ ਗੋਦ ਲੈ ਲਈ ਸੀ। ਜਿਥੇ ਹੁਣ ਉਨ੍ਹਾਂ ਦੀ ਰਿਹਾਇਸ਼ ਸੀ, ਇਹ ਢਾਈ ਏਕੜ ਦਾ ਪਲਾਟ ਪ੍ਰੋ. ਪੂਰਨ ਸਿੰਘ ਨੇ ਡੇਹਰਾਦੂਨ ਵਿਚ ਖਰੀਦਿਆ ਤੇ ਆਲੀਸ਼ਾਨ ਹਵੇਲੀ ਉਸਾਰੀ। ਉਦੋਂ ਉਹ ਫਾਰੈਸਟ ਰਿਸਰਚ ਇੰਸਟੀਚਿਊਟ ਵਿਚ ਬਤੌਰ ਰਸਾਇਣ ਇੰਜੀਨੀਅਰ ਨੌਕਰੀ ਕਰਦੇ ਸਨ। ਕਿਉਂਕਿ ਸੁਆਮੀ ਰਾਮ ਤੀਰਥ ਦੇ ਮਿੱਤਰ ਸਨ, ਇਸ ਕਰਕੇ ਟੀਹਰੀ, ਮਸੂਰੀ, ਹਰਿਦੁਆਰ, ਰਿਸ਼ੀਕੇਸ਼, ਦੇਹਰਾਦੂਨ ਦਾ ਹਿੰਦੂ ਭਾਈਚਾਰਾ ਉਨ੍ਹਾਂ ਨੂੰ "ਸੁਆਮੀ ਜੀ" ਕਿਹਾ ਕਰਦਾ ਸੀ। ਇਕ ਦਿਨ ਚਾਰ ਸੰਨਿਆਸੀ ਉਨ੍ਹਾਂ ਦੇ ਦਰਸ਼ਨਾਂ ਹਿਤ ਆ ਗਏ। ਗੱਲਾਂ ਹੋਣ ਲੱਗੀਆਂ। ਇਕ ਸਾਧੂ ਨੇ ਪੁੱਛਿਆ, "ਸੁਆਮੀ ਜੀ ਆਪ ਕੌਨ ਸੀ ਸਾਧਨਾ ਕਰਤੇ ਹੋ ਜੋ ਆਪ ਕੇ ਮਾਥੇ ਪਰ ਇਤਨਾ ਨੂਰ ਹੈ?" ਪ੍ਰੋ ਪੂਰਨ ਸਿੰਘ ਨੇ ਕਿਹਾ, "ਭਾਈ ਸਾਧਨਾ, ਬੰਦਗੀ, ਤਪੱਸਿਆ ਕਰਨੀ ਤੋ ਦਰ ਕਿਨਾਰ ਹਮੇਂ ਤੋ ਯੇ ਪਤਾ ਨਹੀਂ ਯਹ ਹੋਤੀ ਕਿਆ ਹੈ। ਜਿਸ ਬਾਤ ਕਾ ਪਤਾ ਹੈ, ਵੋ ਯੇ ਕਿ ਬਾਦਸ਼ਾਹ ਕੇ ਮਹਿਲ ਮੇਂ ਜਨਮ ਲੇਤੇ ਹੀ ਬੱਚਾ ਰਾਜਕੁਮਾਰ ਕਹਿਲਾਤਾ ਹੈ। ਤਪੱਸਿਆ ਕੀ ਥੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ, ਹਮ ਨੇ ਉਨਕੇ ਮਹਿਲ ਮੇਂ ਜਨਮ ਲੇ ਲੀਆ ਤੋ ਉਨਕੀ ਜਾਇਦਾਦ ਕੇ ਮਾਲਕ ਹੋ ਗਏ। ਪਿਤਾ ਕੀ ਜਾਇਦਾਦ ਬੱਚੋਂ ਕੋ ਮਿਲੇਗੀ ਕਿ ਨਹੀਂ?"

ਇਕ ਦਿਨ ਭਾਈ ਵੀਰ ਸਿੰਘ ਮਿਲਣ ਆਏ ਤਾਂ ਉਨ੍ਹਾਂ ਨੂੰ ਕਹਿਣ ਲੱਗੇ, "ਭਾਈ ਸਾਹਿਬ ਇਹ ਪਲਾਟ ਤੇ ਹਵੇਲੀ ਤੁਹਾਨੂੰ ਸੁਗਾਤ ਵਜੋਂ ਦੇਣੀ ਹੈ।" ਭਾਈ ਸਾਹਿਬ ਨੇ ਕਿਹਾ, "ਨਾ, ਮੇਰੇ ਕੋਲ ਬਥੇਰੀ ਵੱਡੀ ਕੋਠੀ ਹੈ ਅੰਮ੍ਰਿਤਸਰ। ਮੈਂ ਨਹੀਂ ਇਸ ਦਾ ਇੱਛੁਕ।" ਪਰ ਪ੍ਰੋ. ਪੂਰਨ ਸਿੰਘ ਬਜ਼ਿਦ ਸਨ। ਨਾ ਹਟੇ ਤਾਂ ਭਾਈ ਸਾਹਿਬ ਨੇ ਕਿਹਾ, "ਚਲੋ ਜੇ ਫੈਸਲਾ ਕਰ ਹੀ ਲਿਆ ਹੈ ਤਾਂ ਛੋਟੇ ਨੂੰ ਦੇ ਦਿਓ ਬਲਬੀਰ ਨੂੰ। ਉਹ ਲੰਦਨ ਤੋਂ ਕੈਮਿਸਟਰੀ ਦੀ ਡਾਕਟਰੇਟ ਕਰਕੇ ਆਇਆ ਹੈ, ਨਾਲੇ ਗੁਰਮਤਿ ਦਾ ਗੰਭੀਰ ਵਿਦਿਆਰਥੀ ਹੈ।" ਪ੍ਰੋ. ਪੂਰਨ ਸਿੰਘ ਨੇ ਇਹ ਸਾਰਾ ਕੁਝ ਬਲਬੀਰ ਸਿੰਘ ਨੂੰ ਦੇ ਦਿੱਤਾ।

ਟਾਲਸਟਾਇ ਕੋਲ ਹਜ਼ਾਰਾਂ ਏਕੜ ਜ਼ਮੀਨ



ਬੀਬੀ ਮਹਿੰਦਰ ਕੌਰ

ਸੀ ਜਿਸ ਵਿਚੋਂ ਕੁਝ ਹਿੱਸਾ ਉਸ ਨੇ ਦਾਨ ਵਜੋਂ ਚਰਚ ਅਤੇ ਸਕੂਲ ਨੂੰ ਦੇਣਾ ਚਾਹਿਆ ਸੀ ਤਾਂ ਪਰਿਵਾਰ ਵਿਚ ਜ਼ਬਰਦਸਤ ਕਲੇਸ਼ ਛਿੜ ਗਿਆ ਸੀ। ਇਸੇ ਕਲੇਸ਼ ਕਾਰਨ ਰੁੱਸ ਕੇ ਬਿਨਾ ਕਿਸੇ ਨੂੰ ਦੱਸਿਆਂ ਘਰੋਂ ਤੁਰ ਗਿਆ ਸੀ ਤੇ ਯਾਸਨਾਇਆ ਪੌਲੀਆਨਾ ਰੇਲਵੇ ਸਟੇਸ਼ਨ 'ਤੇ ਜਦੋਂ ਉਸ ਦੀ ਮੌਤ ਹੋਈ ਉਦੋਂ ਇਕੱਲਾ ਸੀ। ਉਸ ਦੀਆਂ ਪਾਠਕ ਦੋ ਔਰਤਾਂ ਨੇ ਉਸ ਦੀ ਸ਼ਨਾਖਤ ਕੀਤੀ ਸੀ।

ਟੈਗੋਰ ਦੇ ਪਿਤਾ ਦੇਬਿੰਦਰ ਨਾਥ ਨੇ ਛੇ ਏਕੜ ਦਾ ਪਲਾਟ ਕਲਕੱਤਾ ਦੀ ਜੂਹ ਵਿਚ ਖਰੀਦਿਆ ਤੇ ਕਿਹਾ, "ਮੇਰਾ ਵੱਡਾ ਪਰਿਵਾਰ, ਬੱਚੇ ਬੱਚੀਆਂ ਇਕੱਠੇ ਇਥੇ ਘਰ ਉਸਾਰ ਕੇ ਰਹਿਣਗੇ, ਇਕੋ ਥਾਂ।" ਟੈਗੋਰ ਸਾਰਿਆਂ ਵਿਚੋਂ ਛੋਟਾ ਸੀ। ਉਸ ਦੇ ਮਨ ਵਿਚ ਜਦੋਂ ਸ਼ਾਂਤੀ ਨਿਕੇਤਨ ਉਸਾਰਨ ਦਾ ਫੁਰਨਾ ਫੁਰਿਆ ਤਾਂ ਪਰਿਵਾਰ ਨੂੰ ਬੁਲਾ ਕੇ ਕਿਹਾ, "ਮੈਂ ਇਹ ਸਾਰੀ ਜ਼ਮੀਨ ਦਾਨ ਕਰਨੀ ਚਾਹੁੰਦਾ ਹਾਂ, ਕਿਸੇ ਨੂੰ ਕੋਈ ਇਤਰਾਜ਼ ਹੈ?" ਕਿਸੇ ਨੇ ਇਤਰਾਜ਼ ਨਾ ਕੀਤਾ। ਦਾਨ ਦੇ ਦਿੱਤੀ। ਦੇਬਿੰਦਰ ਨਾਥ ਨੂੰ ਬੰਗਾਲੀ ਲੋਕ ਰਿਸ਼ੀ ਜੀ ਕਿਹਾ ਕਰਦੇ ਸਨ, ਟੈਗੋਰ ਨੂੰ ਗੁਰਦੇਵ। ਪ੍ਰੋ. ਪੂਰਨ ਸਿੰਘ ਵੀ ਧੀ ਤੇ ਪੁੱਤਾਂ ਦਾ ਪਿਤਾ ਸੀ, ਪਤਨੀ ਦੇਰ ਤਕ ਬਾਦ ਵਿਚ ਜਿਉਂਦੀ ਰਹੀ, ਕਿਸੇ ਨੇ ਇਤਰਾਜ਼ ਨਹੀਂ ਕੀਤਾ ਕਿ ਪ੍ਰੋ. ਪੂਰਨ ਸਿੰਘ ਅਰਬਾਂ ਦੀ ਇਸ ਜਾਇਦਾਦ ਨੂੰ ਕਿਉਂ ਦੇਣ ਲੱਗਾ ਹੈ?

ਡਾ. ਬਲਬੀਰ ਸਿੰਘ ਨੇ ਆਪਣੀ ਧੀ ਨੂੰ ਕਿਹਾ, "ਆਪਾਂ ਨੂੰ ਇਹ ਥਾਂ ਸੌਗਾਤ ਵਿਚ ਮਿਲੀ ਸੀ, ਆਪਾਂ ਵੀ ਦਾਨ ਨਾ ਕਰ ਦੇਈਏ?" ਫੈਸਲਾ ਹੋ ਗਿਆ ਕਿ ਪੰਜਾਬੀ ਯੂਨੀਵਰਸਿਟੀ ਨੂੰ ਦਾਨ ਕਰ ਦਿੱਤੀ ਜਾਵੇ। ਬੀਬੀ ਜੀ ਜਿਸ ਹਿੱਸੇ ਵਿਚ ਰਹਿ ਰਹੇ ਸਨ, ਉਸ ਵਿਚ ਉਹ ਸਾਰੀ ਉਮਰ ਰਹਿਣਗੇ, ਬਾਦ ਵਿਚ ਇਹ ਥਾਂ ਵੀ ਯੂਨੀਵਰਸਿਟੀ ਦੀ ਜਾਇਦਾਦ ਹੋ ਜਾਏਗੀ। ਭਾ. ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਡਾ. ਬਲਬੀਰ ਸਿੰਘ ਨੇ ਇਕ ਵੀ ਅੱਖਰ ਨਾ ਲਿਖਿਆ ਹੁੰਦਾ ਤਾਂ ਵੀ ਦੁਨੀਆਂ ਨੂੰ ਪਤਾ ਲੱਗ ਜਾਣਾ ਸੀ ਕਿ ਇਹ ਕਿਹੋ ਜਿਹੇ ਦਾਨਵੀਰ ਸਨ, ਦੁਨੀਆਂਦਾਰੀ ਤੋਂ ਇਕ ਦਮ ਬੇਨਿਆਜ਼ ਸੰਨਿਆਸੀ।

ਹੁਣ ਤਸਵੀਰ ਦਾ ਇਕ ਹੋਰ ਪਾਸਾ ਦੇਖੋ। ਦੂਰ ਜਾਂ ਨੇੜੇ ਦੇ ਜਿੰਨੇ ਰਿਸ਼ਤੇਦਾਰ ਹਨ, ਉਨ੍ਹਾਂ ਦੀ ਨਿਗ੍ਹਾ ਬੀਬੀ ਜੀ ਦੀ ਜ਼ਮੀਨ ਅਤੇ ਪੈਸੇ ਉਪਰ ਲੱਗੀ ਹੋਈ ਸੀ। ਪਤਾ ਲੱਗਾ ਪੰਦਰਾਂ ਲੱਖ ਰੁਪਏ ਤੋਂ ਵਧੀਕ ਉਨ੍ਹਾਂ ਦੇ ਪੈਸੇ ਬੈਂਕਾਂ ਵਿਚ ਪਏ ਸਨ। ਪਿੱਛੇ ਜਿਹੇ ਜਦੋਂ ਬੇਹੋਸ਼ ਹੋਏ ਹਸਪਤਾਲ ਲਿਜਾਏ ਗਏ ਤਾਂ ਕਿਸੇ ਰਿਸ਼ਤੇਦਾਰ ਨੇ ਦਵਾਈਆਂ ਵਾਸਤੇ ਪੈਸੇ ਨਾ ਦਿੱਤੇ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੂੰ ਖਬਰ ਮਿਲੀ ਤਾਂ ਉਨ੍ਹਾਂ ਤੁਰੰਤ ਯੂਨੀਵਰਸਿਟੀ ਵੱਲੋਂ ਇਕ ਲੱਖ ਰੁਪਿਆ ਭੇਜ ਦਿਤਾ ਜਿਸ ਨਾਲ ਡਾਕਟਰਾਂ ਦੀ ਫੀਸ ਤਾਰੀ ਜਾ ਸਕੀ।

22 ਮਾਰਚ ਸਵੇਰੇ 8 ਵਜੇ ਡੇਹਰਾਦੂਨੋਂ ਇਹ ਖਬਰ ਮਿਲੀ ਕਿ ਬੀਬੀ ਜੀ ਵਿਦਾ ਹੋ ਗਏ ਹਨ। ਮੈਨੂੰ ਕਿਹਾ ਗਿਆ ਕਿ ਵੀ.ਸੀ. ਸਾਹਿਬ ਨਾਲ ਸੰਪਰਕ ਨਹੀਂ ਹੋ ਰਿਹਾ, ਆਪ ਜਾ ਕੇ ਖਬਰ ਦੇ ਆਉ। ਖਬਰ ਪੁਚਾ ਦਿੱਤੀ। ਡੀਨ ਸਾਹਿਬ ਦਾ ਸੁਨੇਹਾ ਮਿਲਿਆ ਕਿ ਵੀ.ਸੀ. ਸਾਹਿਬ ਦੀ ਇੱਛਾ ਹੈ, ਚਾਰ ਪ੍ਰੋਫੈਸਰ ਉਥੇ ਜਾਣ ਕਿਉਂਕਿ ਉਨਾਂ ਦੀਆਂ ਕਈ ਹੋਰ ਮੀਟਿੰਗਾਂ ਹਨ। ਚਾਰ ਪ੍ਰੋਫੈਸਰਾਂ ਸਮੇਤ ਦੇਹਰਾਦੂਨ ਅਫਸੋਸ ਕਰਨ ਜਾਉ। ਪੀ.ਏ. ਪਵਨ ਕੁਮਾਰ ਨੂੰ ਮਿਲਿਆ, ਪੁੱਛਿਆ, "ਯੂਨੀਵਰਸਿਟੀ ਵੱਲੋਂ ਕੰਬਲੀ ਲੈ ਜਾਈਏ?" ਉਨ੍ਹਾਂ ਨੇ ਕਿਹਾ ਕਿ ਜੋ ਕੁਝ ਕਰਨਾ ਹੈ, ਡਾ. ਹਰਭਜਨ ਸਿੰਘ ਨੂੰ ਦੱਸ ਦਿੱਤਾ ਹੈ। ਪ੍ਰੋ. ਹਰਭਜਨ ਸਿੰਘ ਨੂੰ ਦੇਹਰਾਦੂਨ ਫੋਨ ਕਰਕੇ ਪੁੱਛਿਆ ਕਿ ਸਸਕਾਰ ਕਦੋਂ ਹੈ? ਉਨ੍ਹਾਂ ਕਿਹਾ, ਚਾਰ ਵਜੇ ਸ਼ਾਮ। ਮੈਂ ਕਿਹਾ, ਸਮੇਂ ਸਿਰ ਹੀ ਤੁਰਾਂਗੇ ਪਰ ਟਰੈਫਿਕ ਆਦਿ ਕਾਰਨ ਥੋੜਾ ਬਹੁਤ ਲੇਟ ਹੋ ਗਏ ਤਾਂ ਰੁਕ ਜਾਣਾ। ਉਨ੍ਹਾਂ ਕਿਹਾ, ਇਹ ਥੋੜ੍ਹਾ ਹੁੰਦਾ ਹੈ ਕਿ ਪ੍ਰੋਫੈਸਰ ਆਉਣਗੇ ਤਦੇ ਈ ਸਸਕਾਰ ਹੋਵੇਗਾ, ਤੁਸੀਂ ਪੂਰੇ ਸਮੇਂ 'ਤੇ ਪੁੱਜੋ।

11 ਵਜੇ ਅਸੀਂ ਰਵਾਨਾ ਹੋ ਗਏ। ਰਾਹ ਚੰਗਾ ਨਹੀਂ ਪਰ ਵਾਹੋ ਦਾਹੀ ਗੱਡੀ ਭਜਾਈ ਗਏ। ਸਾਢੇ ਤਿੰਨ ਵਜੇ ਅਸੀਂ ਫੋਨ ਕਰ ਦਿੱਤਾ ਕਿ ਪੂਰੇ ਚਾਰ ਵਜੇ ਸ਼ਮਸ਼ਾਨਘਾਟ ਪੁੱਜਾਂਗੇ ਜੀ, ਸ਼ਮਸ਼ਾਨਘਾਟ ਦਾ ਸਿਰਨਾਵਾਂ ਦਿਉ। ਸਿਰਨਾਵਾਂ ਲਿਖਾ ਦਿੱਤਾ। ਅਸੀਂ ਸ਼ਮਸ਼ਾਨਘਾਟ ਵੱਲ ਜਾ ਰਹੇ ਸਾਂ ਤਾਂ ਪੌਣੇ ਚਾਰ ਵਜੇ ਫੋਨ ਆਇਆ, "ਪ੍ਰੋਫੈਸਰ ਸਾਹਿਬ, ਇਧਰ ਕੋਠੀ ਆ ਜਾਉ। ਅਜੇ ਸਾਬਕਾ ਵਾਈਸ ਚਾਂਸਲਰ ਸ. ਸਵਰਨ ਸਿੰਘ ਬੋਪਾਰਾਇ ਨਹੀਂ ਆਏ। ਉਨ੍ਹਾਂ ਦੇ ਆਇਆਂ ਤੋਂ ਸਸਕਾਰ ਕਰਾਂਗੇ।" ਕੋਠੀ ਵਲ ਮੁੜ ਪਏ। ਬੀਬੀ ਜੀ ਦੇ ਚਰਨ ਛੂਹੇ। ਸੰਗਤ ਨੇ ਦੂਰ ਦੇ ਸਨੇਹੀਆਂ ਵਾਸਤੇ ਦਾਲ ਰੋਟੀ ਬਣਾਈ ਹੋਈ ਸੀ। ਅਸੀਂ ਰਸਤੇ ਵਿਚ ਰੋਟੀ ਨਹੀਂ ਖਾਧੀ ਸੀ, ਕਿਤੇ ਲੇਟ ਨਾ ਹੋ ਜਾਈਏ। ਖਾਣਾ ਖਾਧਾ। ਕੀਰਤਨ ਹੋ ਰਿਹਾ ਸੀ, ਸੁਣਿਆ। ਪੰਜ ਵਜੇ ਬੋਪਾਰਾਇ ਸਾਹਿਬ ਤੇ ਉਨ੍ਹਾਂ ਦੀ ਸਰਦਾਰਨੀ ਆ ਗਏ। ਅਰਦਾਸ ਹੋਈ, ਬੀਬੀ ਜੀ ਦੀ ਅਰਥੀ ਐਂਬੂਲੈਂਸ ਵਿਚ ਰੱਖਣ ਤੱਕ ਇਸ ਕਾਰਵਾਂ ਦਾ ਸਾਢੇ ਪੰਜ ਵਜੇ ਤੱਕ ਸਾਥ ਦਿੱਤਾ। ਕਿਉਂਕਿ ਦੂਰ ਦਾ ਪੈਂਡਾ ਸੀ, ਅਸੀਂ ਪਟਿਆਲੇ ਵੱਲ ਚੱਲ ਪਏ, ਗਿਆਰਾਂ ਵਜੇ ਘਰੀਂ ਪੁੱਜੇ।

ਰਸਤੇ ਵਿਚ ਸਾਂ ਕਿ ਰਜਿਸਟਰਾਰ ਸਾਹਿਬ ਦਾ ਫੋਨ ਆਇਆ, "ਪ੍ਰੋਫੈਸਰ ਸਾਹਿਬ, ਤੁਹਾਡੀ ਸ਼ਿਕਾਇਤ ਲੱਗੀ ਹੈ, ਤੁਸੀਂ ਸ਼ਮਸ਼ਾਨਘਾਟ ਨਹੀਂ ਗਏ?" ਮੈਂ ਦੱਸਿਆ ਕਿ ਅਸੀਂ ਤਾ ਜਾਣਾ ਹੀ ਸ਼ਮਸ਼ਾਨਘਾਟ ਸੀ, ਸਾਨੂੰ ਕਿਹਾ ਕੋਠੀ ਆਉ। ਡੇਢ ਘੰਟਾ ਕੋਠੀ ਵਿਚ ਰਹੇ, ਸਾਢੇ ਪੰਜ ਵਜੇ ਕਾਫਲਾ ਸ਼ਮਸ਼ਾਨਘਾਟ ਵੱਲ ਤੁਰਿਆ ਤਾਂ ਅਸੀਂ ਪਟਿਆਲੇ ਵੱਲ ਤੁਰ ਪਏ, ਆਖਰ ਲੰਮਾ ਪੰਧ ਤੈਅ ਕਰਨਾ ਸੀ।

ਰਜਿਸਟਰਾਰ ਸਾਹਿਬ ਦਾ ਫੋਨ ਆ ਗਿਆ, ਉਨ੍ਹਾਂ ਕਿਹਾ, "ਵੀ.ਸੀ. ਸਾਹਿਬ ਬੇਚੈਨ ਹਨ, ਕਿਸੇ ਨੇ ਉਨ੍ਹਾਂ ਨੂੰ ਇਹ ਗੱਲ ਦੱਸੀ।" ਮੈਂ ਸਾਥੀਆਂ ਨਾਲ ਗੱਲ ਕਰਦਿਆਂ ਪੁੱਛਿਆ ਕਿ ਅਜਿਹਾ ਕਿਸੇ ਨੇ ਕਿਉਂ ਕੀਤਾ? ਇਕ ਉੱਤਰ ਮਿਲਿਆ, "ਪੰਜਾਬੀ ਯੂਨੀਵਰਸਿਟੀ ਦੀ ਉਡੀਕ ਕੀਤਿਆਂ ਬਗੈਰ ਸਸਕਾਰ ਕਰ ਦਿੱਤਾ ਜਾਏਗਾ, ਬੋਪਾਰਾਇ ਸਾਹਿਬ ਦੀ ਉਡੀਕ ਵਿਚ ਡੇਢ ਘੰਟਾ ਲੇਟ ਹੋਇਆ ਜਾ ਸਕਦਾ ਹੈ। ਇਹ ਇਸ ਗੱਲ ਵੱਲ ਸੰਕੇਤ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਸਰਕਾਰ ਬਦਲੇਗੀ, ਬੋਪਾਰਾਇ ਸਾਹਿਬ ਦੇ ਆਉਣ ਦੀ ਸੰਭਾਵਨਾ ਹੈ।" ਮੈਨੂੰ ਪਤਾ ਨਹੀਂ ਲੱਗਦਾ, ਸੱਚ ਦੀ ਥਾਂ ਸੰਭਾਵਨਾ ਉਪਰ ਕਿਉਂ ਭਰੋਸਾ ਹੋਇਆ। ਮੇਰਾ ਦੂਜਾ ਸਵਾਲ ਸੀ, ਇਹ ਸਿਆਸਤ ਕਰਨ ਦੀ ਲੋੜ ਕਿਉਂ ਪਈ?

ਉਤਰ ਮਿਲਿਆ, "ਸਿੱਖਾਂ ਦਾ ਧਰਮ ਅਤੇ ਸਿਆਸਤ ਇਕ ਹੈ। ਜਦੋਂ ਉਹ ਸਿਆਸਤ ਕਰਦੇ ਹਨ, ਉਦੋਂ ਸਿਆਸਤ ਉਨ੍ਹਾਂ ਦਾ ਧਰਮ ਹੁੰਦਾ ਹੈ। ਜਦੋਂ ਧਰਮ ਕਰਦੇ ਹਨ ਉਦੋਂ ਧਰਮ ਉਨ੍ਹਾਂ ਲਈ ਸਿਆਸਤ ਹੁੰਦਾ ਹੈ। ਇਕੋ ਸਿੱਕੇ ਦੇ ਦੋ ਪਾਸੇ ਹਨ। ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਪੁੱਛਾਂਗੇ ਕਿ ਮੀਰੀ ਪੀਰੀ ਸਿਧਾਂਤ ਦੇ ਅਰਥ ਇਹੋ ਹਨ ਕਿ ਕੋਈ ਫਰਕ ਸੀ ਮਹਾਰਾਜ? ਮਹਾਰਾਜ ਕੋਲ ਪਰਚੀਆਂ ਭੇਜਦਾ ਰਹਿੰਦਾ ਹਾਂ, ਮੁਲਾਕਾਤ ਦਾ ਸਮਾਂ ਨਹੀਂ ਦਿੰਦੇ।"

ਵਿਆਹ ਵਿਚ ਇਸ ਤਰ੍ਹਾਂ ਉਲਾਂਭੇ ਵਾਜਬ ਹੁੰਦੇ ਹਨ, ਤੁਸੀਂ ਸ਼ਗਨ ਵੇਲੇ ਕਿਉਂ ਨਹੀਂ ਆਏ? ਤੁਸੀਂ ਅਨੰਦ ਕਾਰਜ ਤੋਂ ਪਹਿਲਾਂ ਕਿਉਂ ਚਲੇ ਗਏ? ਸ਼ਮਸ਼ਾਨਘਾਟ ਵਿਚ ਸਨੇਹੀਆਂ ਦੇ ਹਾਜਰੀ ਰਜਿਸਟਰ ਨਹੀਂ ਰੱਖੇ ਜਾਂਦੇ।

ਪਿਆਰੇ ਪਾਠਕ ਇਸ ਲੇਖ ਦਾ ਪਹਿਲਾ ਅੱਧਾ ਹਿੱਸਾ ਤੁਹਾਨੂੰ ਚੰਗਾ ਲੱਗਾ, ਪਿਛਲੇ ਹਿੱਸੇ ਨੇ ਬੇਰਸੀ ਕਰ ਦਿੱਤੀ, ਕਿਉਂ? ਇਸ ਦਾ ਉਤਰ ਇਹ ਹੈ ਕਿ ਪ੍ਰੋ. ਪੂਰਨ ਸਿੰਘ ਹੋਰ ਤਰ੍ਹਾਂ ਦੇ ਸਨ, ਮੈਂ ਹੋਰ ਤਰ੍ਹਾਂ ਦਾ ਹਾਂ। ਮੈਨੂੰ ਆਪਣੇ ਆਪ ਉਪਰ ਸ਼ਰਮਿੰਦਗੀ ਹੋ ਰਹੀ ਹੈ। ਮੈਂ ਵੀ ਬੀਬੀ ਜੀ ਕੋਲ ਜਾਣਾ ਹੈ, ਉਥੇ ਜਾ ਕੇ ਉਨ੍ਹਾਂ ਦੇ ਕਦਮ ਛੂਹਾਂਗਾ, ਮਾਫੀ ਮੰਗਾਂਗਾ। ਉਹ ਹੱਸ ਕੇ ਕਹਿਣਗੇ, "ਮਿਹਨਤ ਕਰਿਆ ਕਰੋ, ਚੰਗਾ ਲਿਖਿਆ ਕਰੋ ਪੰਨੂ ਸਾਹਿਬ।" ਮੇਰੇ ਮੋਢੇ 'ਤੇ ਹੱਥ ਰੱਖ ਦੇਣਗੇ।

ਸਆਦਤ ਹਸਨ ਮੰਟੋ ਅਖਬਾਰ ਦੇ ਸੰਪਾਦਕ ਨਾਲ ਲੜ ਪਿਆ। ਸੰਪਾਦਕ ਜਮਾਂਦਰੂ ਕਾਣਾ ਸੀ। ਉਸ ਨੂੰ ਖਤ ਲਿਖਿਆ, "ਪਿਆਰੇ ਸੰਪਾਦਕ ਤੇਰੀ ਇੱਕ ਅੱਖ ਦੀ ਸੇਵਾ ਤਾਂ ਅੱਲਾਹ ਪਰਵਰਦਗਾਰ ਨੇ ਕਰ ਦਿੱਤੀ ਸੀ, ਦੂਜੀ ਦੀ ਸੇਵਾ ਹੁਣ ਉਸ ਦਾ ਪੈਗੰਬਰ ਜਲਦੀ ਕਰੇਗਾ। ਜਿਹੜੇ ਕੰਮ ਰੱਬ ਤੋਂ ਬਕਾਇਆ ਰਹਿ ਜਾਣ, ਉਹ ਪੈਗੰਬਰ ਸਿਰੇ ਚਾੜ੍ਹਦਾ ਹੁੰਦਾ ਹੈ।" ਮੰਟੋ ਬਦਤਮੀਜ਼ ਸੀ। ਮੈਂ ਉਸ ਵਰਗੀਆਂ ਗੱਲਾਂ ਨਹੀਂ ਲਿਖ ਸਕਦਾ।

ਰਿਸ਼ਤੇਦਾਰਾਂ ਬਾਰੇ ਟੈਗੋਰ ਨੇ ਕਿਹਾ ਸੀ, "ਸੁਆਹ ਧਰਤੀ 'ਤੇ ਡਿਗ ਕੇ ਅਤੇ ਧੂੰਆਂ ਅਸਮਾਨ 'ਤੇ ਚੜ੍ਹ ਕੇ ਸ਼ੇਖੀ ਮਾਰਦੇ ਹਨ, ਅਸੀਂ ਵੀ ਅੱਗ ਦੇ ਭੈਣ ਭਰਾ ਹਾਂ।"

***ਪ੍ਰੋਫੈਸਰ ਅਤੇ ਮੁਖੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## ਮਾਈ ਮੇਰੇ ਮਨ ਕੋ ਸੁਖੁ॥

ੴ ਸਤਿਗੁਰ ਪ੍ਰਸਾਦਿ॥
ਟੋਡੀ ਮਹਲਾ 5
ਮਾਈ ਮੇਰੇ ਮਨ ਕੋ ਸੁਖੁ॥
ਕੋਟਿ ਅਨੰਦ ਰਾਜ ਸੁਖੁ ਭੁਗਵੈ
ਹਰਿ ਸਿਮਰਤ ਬਿਨਸੈ ਸਭ ਦੁਖੁ॥
ਰਹਾਉ॥
ਕੋਟਿ ਜਨਮ ਕੇ ਕਿਲਬਿਖ ਨਾਸਹਿ
ਸਿਮਰਤ ਪਾਵਨ ਤਨ ਮਨ ਸੁਖ॥
ਦੇਖਿ ਸਰੂਪ ਪੂਰਨ ਭਈ ਆਸਾ
ਦਰਸਨ ਦੇਖਤ ਉਤਰੀ ਭੁਖ॥
ਚਾਰਿ ਪਦਾਰਥ ਅਸਟ ਮਹਾ ਸਿਧਿ
ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥
ਨਾਨਕ ਸਰਨਿ ਗਹੀ ਸੁਖ ਸਾਗਰ
ਜਨਮ ਮਰਨ ਫਿਰਿ ਗਰਭ ਨ ਧੁਖੁ॥

ਇਸ ਪਾਵਨ ਸ਼ਬਦ ਵਿਚ ਸਤਿਗੁਰੂ ਫਰਮਾਉਂਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਕੇ ਜੋ ਸੁੱਖ ਅਤੇ ਅਨੰਦ ਪ੍ਰਾਪਤ ਹੁੰਦਾ ਹੈ, ਉਸ ਸੁੱਖ ਦੇ ਬਰਾਬਰ ਦੁਨੀਆਂ ਦੇ ਸੁੱਖ ਕੁਝ ਭੀ ਨਹੀਂ ਹਨ।

ਮਾਈ ਮੇਰੇ ਮਨ ਕੋ ਸੁਖੁ॥
ਕੋਟਿ ਅਨੰਦ ਰਾਜ ਸੁਖੁ ਭੁਗਵੈ
ਹਰਿ ਸਿਮਰਤ ਬਿਨਸੈ ਸਭ ਦੁਖੁ॥
ਰਹਾਉ॥

ਹੇ ਮਾਂ! ਜੋ ਸੁੱਖ ਮੈਨੂੰ ਨਾਮ ਸਿਮਰਨ ਕਰਕੇ ਪ੍ਰਾਪਤ ਹੁੰਦਾ ਹੈ, ਉਹ ਦੱਸਿਆ ਨਹੀਂ ਜਾ ਸਕਦਾ ਅਤੇ ਉਸ ਸਹਿਜ ਅਵਸਥਾ ਵਿਚ ਮੈਨੂੰ ਪ੍ਰਭ ਪ੍ਰੀਤਮ ਦਾ ਜੋ ਦੀਦਾਰ ਅਤੇ ਮਿਲਾਪ ਹੁੰਦਾ ਹੈ, ਉਦੋਂ ਮੈਨੂੰ ਕਰੋੜਾਂ ਹੀ ਅਨੰਦ ਅਤੇ ਕਰੋੜਾਂ ਹੀ ਪਾਤਸ਼ਾਹੀਆਂ ਜਿੰਨਾ ਸੁੱਖ ਪ੍ਰਾਪਤ ਹੋ ਜਾਂਦਾ ਹੈ ਅਤੇ ਹੇ ਮੇਰੀ ਮਾਂ! ਉਸ ਅਕਾਲ ਪੁਰਖ ਦਾ ਨਾਮ ਜਪਣ ਕਰਕੇ ਸਾਰੇ ਹੀ ਆਤਮਿਕ ਦੁੱਖਾਂ ਦਾ ਨਾਸ ਭੀ ਹੋ ਜਾਂਦਾ ਹੈ।

ਕੋਟਿ ਜਨਮ ਕੇ ਕਿਲਬਿਖ ਨਾਸਹਿ
ਸਿਮਰਤ ਪਾਵਨ ਤਨ ਮਨ ਸੁਖ॥
ਦੇਖਿ ਸਰੂਪ ਪੂਰਨ ਭਈ ਆਸਾ
ਦਰਸਨ ਦੇਖਤ ਉਤਰੀ ਭੁਖ॥

ਹੇ ਮਾਂ! ਉਸ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਕਰਕੇ ਤਨ ਅਤੇ ਮਨ ਦੋਵੇਂ ਹੀ ਪਵਿੱਤਰ ਹੋ ਜਾਂਦੇ ਹਨ ਅਤੇ ਆਤਮਿਕ ਅਨੰਦ

### ਗੁਰਬਾਣੀ ਗਿਆਨ

ਭੀ ਪ੍ਰਾਪਤ ਹੋ ਜਾਂਦਾ ਹੈ ਅਤੇ ਫਿਰ ਮਾਂ ਪਿਛਲੇ ਕਰੋੜਾਂ ਹੀ ਜਨਮਾਂ ਦੇ ਕੀਤੇ ਹੋਏ ਪਾਪ ਹਨ, ਉਹ ਭੀ ਸਾਰੇ ਮੁੱਕ ਜਾਂਦੇ ਹਨ, ਅਤੇ ਉਸ ਪ੍ਰੀਤਮ ਪ੍ਰਭੂ ਦੇ ਸਿਮਰਨ ਸਦਕਾ ਜਦੋਂ ਪ੍ਰਭੂ ਮਿਲਾਪ ਹੋ ਜਾਂਦਾ ਹੈ ਤਾਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਕੇ ਸਾਰੀ ਭੁੱਖ ਭੀ ਦੂਰ ਹੋ ਜਾਂਦੀ ਹੈ।

ਚਾਰਿ ਪਦਾਰਥ ਅਸਟ ਮਹਾ ਸਿਧਿ
ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥
ਨਾਨਕ ਸਰਨਿ ਗਹੀ ਸੁਖ ਸਾਗਰ
ਜਨਮ ਮਰਨ ਫਿਰਿ ਗਰਭ ਨ ਧੁਖੁ॥

ਹੇ ਮਾਂ! ਉਹ ਪ੍ਰਭੂ ਆਪ ਹੀ ਚਾਰ ਪਦਾਰਥ ਦੇਣ ਵਾਲਾ ਹੈ, ਅੱਠ ਮਹਾਂ ਸਿਧੀਆਂ ਭੀ ਉਹ ਆਪ ਹੀ ਦੇਣ ਵਾਲਾ ਹੈ। ਕਾਮਧੇਨੁ ਗਊ ਭੀ ਉਹ ਪ੍ਰਭੂ ਆਪ ਹੀ ਹੈ ਅਤੇ ਪਾਰਜਾਤ ਦਰਖਤ ਭੀ ਉਹ ਮੇਰਾ ਪ੍ਰਭੂ ਆਪ ਹੀ ਹੈ, ਅਤੇ ਹੇ ਨਾਨਕ! ਜੋ ਜੀਵ ਉਸ ਸੁੱਖਾਂ ਦੇ ਸਾਗਰ ਸਮੁੰਦਰ ਦਾ ਆਸਰਾ ਲੈ ਲੈਂਦੇ ਹਨ, ਉਨ੍ਹਾਂ ਦੇ ਜਨਮ ਅਤੇ ਮਰਨ ਦੇ ਸਾਰੇ ਗੇੜ ਮੁੱਕ ਜਾਂਦੇ ਹਨ। ਨਾਮ ਸਿਮਰਨ ਕਰਕੇ ਸਾਰੀ ਚਿੰਤਾ ਹੀ ਦੂਰ ਹੋ ਗਈ।

**-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ**

# '84 ਦੇ ਕਤਲੇਆਮ ਵੇਲੇ ਤਬਾਹ ਗੁਰਦੁਆਰੇ ਬਣੇ ਖੰਡਰ

**ਚੰਡੀਗੜ੍ਹ:** 'ਸਿੱਖਸ ਫਾਰ ਜਸਟਿਸ' ਤੇ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਨੇ 1984 ਦੇ ਸਿੱਖ ਕਤਲੇਆਮ ਸਮੇਂ ਦਿੱਲੀ ਵਿਚ ਤਬਾਹ ਕੀਤੇ ਨੌਂ ਗੁਰਦੁਆਰਿਆਂ ਦੀ ਉਸਾਰੀ ਦੀ ਮੰਗ ਕੀਤੀ ਹੈ। ਫੈਡਰੇਸ਼ਨ ਦਾ ਕਹਿਣਾ ਹੈ ਕਿ ਇਹ ਗੁਰਦੁਆਰੇ ਪਿਛਲੇ 26 ਸਾਲਾਂ ਦੌਰਾਨ ਖੰਡਰਾਂ ਦਾ ਰੂਪ ਧਾਰ ਗਏ ਹਨ ਤੇ ਇਨ੍ਹਾਂ ਥਾਂਵਾਂ ਦੀ ਬੇਅਦਬੀ ਹੋ ਰਹੀ ਹੈ।

ਸਿੱਖਸ ਫਾਰ ਜਸਟਿਸ ਦੇ ਮੁੱਖ ਕਾਨੂੰਨੀ ਸਲਾਹਕਾਰ ਨਵਕਿਰਨ ਸਿੰਘ ਤੇ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਵੱਲੋਂ 26 ਸਾਲ ਪਹਿਲਾਂ ਤਬਾਹ ਹੋਏ ਗੁਰਦੁਆਰਿਆਂ ਦੀ ਸੂਚੀ ਜਾਰੀ ਕੀਤੀ ਗਈ। ਇਨ੍ਹਾਂ ਗੁਰਦੁਆਰਿਆਂ ਦੀ ਤਾਜ਼ਾ ਹਾਲਤ ਬਾਰੇ ਤਿਆਰ ਕੀਤੀ ਸੀ.ਡੀ. ਵੀ ਵੰਡੀ ਗਈ। ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਗੁਰੂਘਰਾਂ ਦੀ ਉਸਾਰੀ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਪਰ ਖੰਡਰ ਬਣ ਚੁੱਕੇ ਇਨ੍ਹਾਂ ਗੁਰੂਘਰਾਂ ਦੀ ਸਾਰ ਨਹੀਂ ਲਈ ਗਈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਜ਼ਮੀਨ ਦਿੱਲੀ ਸਰਕਾਰ ਦੇ ਰਿਕਾਰਡ ਵਿਚ ਅਜੇ ਵੀ ਇਨ੍ਹਾਂ ਗੁਰਦੁਆਰਿਆਂ ਦੇ ਨਾਂ ਹੀ ਬੋਲਦੀ ਹੈ।

ਸ੍ਰੀ ਪੀਰਮੁਹੰਮਦ ਨੇ ਗੁਰਦੁਆਰਿਆਂ 'ਤੇ ਸੋਨਾ ਮੜ੍ਹਨ ਵਾਲੇ ਕਾਰ ਸੇਵਾ ਵਾਲੇ ਬਾਬਿਆਂ 'ਤੇ ਗਿਲਾ ਕਰਦਿਆਂ ਕਿਹਾ ਕਿ ਉਹ ਵੀ 9 ਗੁਰੂਘਰਾਂ ਬਾਰੇ ਕੁਝ ਨਹੀਂ ਕਰ ਰਹੇ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਤਰਾਈ ਸੰਗਤ 'ਤੇ ਹਮਲੇ ਵੇਲੇ 65 ਸਿੱਖ ਵੀ ਸ਼ਹੀਦ ਹੋਏ ਸਨ ਜਿਨ੍ਹਾਂ ਵਿਚੋਂ ਅੱਜ 49 ਦੇ ਨਾਂ ਦੱਸੇ ਗਏ ਹਨ। ਫੈਡਰੇਸ਼ਨ ਅਨੁਸਾਰ ਦੰਗਾਕਾਰੀਆਂ ਨੇ ਜਿਨ੍ਹਾਂ ਗੁਰੂਘਰਾਂ ਨੂੰ ਤਬਾਹ ਕੀਤਾ ਉਨ੍ਹਾਂ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੰਗੋਲਪੁਰੀ ਦਿੱਲੀ, ਸ੍ਰੀ ਗੁਰੂ ਸਿੰਘ ਸਭਾ ਆਰ ਬਲਾਕ ਮੰਗੋਲਪੁਰੀ, ਸ੍ਰੀ ਗੁਰੂ ਸਿੰਘ ਸਭਾ ਐਸ ਬਲਨ, ਸ੍ਰੀ ਗੁਰੂ ਸਿੰਘ ਸਭਾ ਯੂ ਬਲਾਕ, ਸ੍ਰੀ ਗੁਰੂ ਸਿੰਘ ਸਭਾ ਐਫ ਬਲਾਕ (ਮੰਗੋਲਪੁਰੀ), ਸ੍ਰੀ ਗੁਰੂ ਸਿੰਘ ਸਭਾ ਐਫ-4, ਸੁਲਤਾਨਪੁਰ, ਸ੍ਰੀ ਗੁਰੂ ਸਿੰਘ ਸਭਾ ਜਵਾਲਾਪੁਰੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਲਿਆਣਪੁਰੀ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਏ-4 ਸੁਲਤਾਨਪੁਰੀ ਸ਼ਾਮਲ ਹਨ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਸੰਸਥਾਵਾਂ ਵੱਲੋਂ ਦਿੱਲੀ ਦੇ ਗੁਰਦੁਆਰਾ ਸਾਹਿਬਾਨ ਦੀ ਤਰਸਯੋਗ ਹਾਲਤ ਬਾਰੇ 12 ਅਪਰੈਲ ਨੂੰ ਚੰਡੀਗੜ੍ਹ ਵਿਚ ਜਾਰੀ ਕੀਤੀ ਰਿਪੋਰਟ ਉਪਰ ਦੁੱਖ ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਸਮੂਹ ਅਹੁਦੇਦਾਰਾਂ ਤੋਂ ਤੁਰੰਤ ਅਸਤੀਫੇ ਦੀ ਮੰਗ ਕੀਤੀ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜਿੱਥੇ ਕਾਂਗਰਸ ਇਨ੍ਹਾਂ ਗੁਰਦੁਆਰਾ ਸਾਹਿਬਾਨ ਨੂੰ ਢਾਹੇ ਜਾਣ ਤੇ ਸਿੱਖ ਕਤਲੇਆਮ ਦੀ ਦੋਸ਼ੀ ਹੈ, ਉਥੇ ਪਰਮਜੀਤ ਸਿੰਘ ਸਰਨਾ ਤੇ ਦਿੱਲੀ ਕਮੇਟੀ ਦੀ ਬੇਰੁਖੀ ਤੇ ਜ਼ਾਲਮਾਨਾ ਅਣਗਹਿਲੀ ਨੂੰ ਦੇਖ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

# ਪਨੀਰ


ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਪੋਣਾ ਤੇ ਕੰਪਿਊਟਰ ਵਾਲੇ ਲੇਖ ਵਿਚ ਅਸੀਂ ਪਨੀਰ ਸ਼ਬਦ ਦਾ ਜ਼ਿਕਰ ਕੀਤਾ ਸੀ। ਭਾਵੇਂ ਉਹ ਅਸਲੀ ਪਨੀਰ ਨਹੀਂ ਸੀ ਪਰ ਜਿਵੇਂ ਕਹਿੰਦੇ ਹਨ ਗਰੀਬਾਂ ਨੂੰ ਛੋਲੇ ਹੀ ਬਦਾਮ, ਲੱਸੀ ਦੇ ਫੋਕਟ ਨੂੰ ਹੀ ਪਨੀਰ ਸਮਝ ਲੈਣਾ ਵੀ ਅਕਸਰ ਮਨੁਖ ਮਾਤਰ ਦੀ ਮਜਬੂਰੀ ਹੈ। ਪਿੰਡਾਂ ਵਿਚ ਰਹਿੰਦਾ ਆਮ ਪੰਜਾਬੀ ਕਿਥੇ ਅਸਲੀ ਪਨੀਰ ਖਾਂਦਾ ਹੈ। ਪਰ ਜਿਵੇਂ ਜਿਵੇਂ ਪੰਜਾਬ ਵਿਚ ਖੁਸ਼ਹਾਲੀ ਆਉਂਦੀ ਗਈ, ਖਾਣ-ਪੀਣ ਵਿਚ ਵੀ ਢੇਰ ਸਾਰੇ ਹੋਰ ਦੇਸ਼ੀ ਬਦੇਸ਼ੀ ਪਕਵਾਨ ਸ਼ਾਮਿਲ ਹੋ ਗਏ। ਮਟਰ ਪਨੀਰ, ਪਾਲਕ ਪਨੀਰ, ਸਾਗ ਪਨੀਰ ਆਦਿ ਪਹਿਲਾਂ ਬਰਾਤਾਂ ਵਿਚ ਵਰਤਾਏ ਜਾਣ ਲੱਗੇ ਤੇ ਹੌਲੀ ਹੌਲੀ ਮਧ ਵਰਗ ਦੀ ਖੁਰਾਕ ਵਿਚ ਵੀ ਸ਼ਾਮਿਲ ਹੋ ਗਏ। ਅੱਜ ਕਲ੍ਹ ਦੁਕਾਨਾਂ ਤੋਂ ਕਾਰਖਾਨਿਆਂ ਵਿਚ ਬਣਾਇਆ ਪਨੀਰ ਮਿਲ ਜਾਂਦਾ ਹੈ। ਹੁਣ ਤਾਂ ਕੈਨੇਡਾ, ਅਮਰੀਕਾ ਵਿਚ ਵੀ ਵਪਾਰਕ ਪੱਧਰ 'ਤੇ ਪਨੀਰ ਤਿਆਰ ਹੋਣ ਲੱਗ ਪਿਆ ਹੈ। ਉਂਜ ਘਰ ਵਿਚ ਵੀ ਪਨੀਰ ਨੂੰ ਤਿਆਰ ਕਰਨ ਵਾਸਤੇ ਕੋਈ 'ਨੰਦ ਨਹੀਂ ਪੜ੍ਹਨੇ ਪੈਂਦੇ, ਉਬਲੇ ਦੁਧ ਵਿਚ ਨਿੰਬੂ ਨਿਚੋੜੋ, ਬਣੇ ਹੋਏ ਫੁੱਟਾਂ ਨੂੰ ਪੋਣੇ ਵਿਚੀਂ ਪੁਣੋ ਤੇ ਉਪਰ ਭਾਰ ਪਾ ਦਿਉ, ਪਨੀਰ ਤਿਆਰ ਹੈ। ਬੱਸ ਏਨੀ ਹੀ ਕਹਾਣੀ ਹੈ, ਇਸ ਵੱਡੇ ਪਨੀਰ ਦੀ। ਚੀਜ਼ ਅਤੇ ਪਨੀਰ ਵਿਚ ਫਰਕ ਇਹ ਹੈ ਕਿ ਚੀਜ਼ ਵਿਚ ਦੁਧ ਨੂੰ ਫਿਟਾਉਣ ਲਈ ਵੱਛੇ ਦੇ ਪੇਟ ਵਿਚ ਉਪਲਬਧ ਇਕ ਪਦਾਰਥ ਰੈਨਟ ਦੀ ਵਰਤੋਂ ਕੀਤੀ ਜਾਂਦੀ ਹੈ ਜਦ ਕਿ ਪਨੀਰ ਸ਼ੁਧ ਸ਼ਾਕਾਹਾਰੀ ਚੀਜ਼ ਹੋਣ ਕਾਰਨ ਇਸ ਵਿਚ ਨਿੰਬੂ ਵਗੈਰਾ ਦੀ ਖਟਾਸ ਵਰਤੀ ਜਾਂਦੀ ਹੈ।

ਸ਼ਾਕਾਹਾਰੀ ਅਮੀਰ ਲੋਕ ਮੀਟ ਦੇ ਮੁਕਾਬਲੇ ਪਨੀਰ ਖਾਂਦੇ ਹਨ ਕਿਉਂਕਿ ਇਸ ਵਿਚ ਪ੍ਰੋਟੀਨ ਦੀ ਮਾਤਰਾ ਬਹੁਤ ਹੁੰਦੀ ਹੈ। ਸ਼ਾਹੀ ਪਨੀਰ ਕੋਰਮਾ ਇਕ ਮੁਗਲਈ ਪਕਵਾਨ ਹੈ। ਸ਼ਾਹੀ ਫਾਰਸੀ ਸ਼ਬਦ ਹੈ ਜੋ ਸ਼ਾਹ ਤੋਂ ਬਣਿਆ ਤੇ ਜਿਸ ਦਾ ਅਰਥ ਰਾਜਾ ਹੁੰਦਾ ਹੈ। ਇਹ ਸੰਸਕ੍ਰਿਤ ਕਸ਼ੱਤਰੀ ਤੇ ਪੰਜਾਬੀ ਖੱਤਰੀ ਦਾ ਸੁਜਾਤੀ ਹੈ। ਕੋਰਮਾ ਤੁਰਕ ਭਾਸ਼ਾ ਦਾ ਸ਼ਬਦ ਹੈ ਜੋ ਪ੍ਰਾਚੀਨ ਤੁਰਕੀ ਭਾਸ਼ਾ ਦੇ ਸ਼ਬਦ Kagur ਤੋਂ ਬਣਿਆ ਹੈ ਜਿਸ ਵਿਚ ਇਸ ਦਾ ਅਰਥ ਭੁੰਨਣਾ, ਤੜਕਣਾ ਆਦਿ ਹੈ। ਇਸ ਸ਼ਬਦ ਦੇ ਹੋਰ ਭਾਸ਼ਵਾਂ ਵਿਚ ਵੀ ਕਈ ਰੂਪ ਮਿਲਦੇ ਹਨ ਜਿਵੇਂ ਉਜ਼ਬੇਕ: ਕੌਵੂਰ; ਤਾਤਾਰ: ਕੁਵੀਰ; ਅਜ਼ਰਬਾਈਜਾਨੀ: ਗੋਵੂਰ; ਖਾਕਾਸੀਅਨ: ਸ਼ੋਰ; ਕਿਰਗਿਜ਼: ਕੁਰੂ ਵਗੈਰਾ ਵਗੈਰਾ। ਭਾਰਤੀ ਭਾਸ਼ਾਵਾਂ ਵਿਚ ਵੀ ਇਸ ਦੇ ਅਲੱਗ ਅਲੱਗ ਰੂਪ ਮਿਲਦੇ ਹਨ: ਹਿੰਦੀ, ਉਰਦੂ, ਪੰਜਾਬੀ ਪਨੀਰ; ਮਰਾਠੀ ਪਨੇਰ; ਬੰਗਾਲੀ ਪੋਨਿਰ; ਬਲੋਚੀ ਫਨੇਰ; ਪਸ਼ਤੋ ਪਨੇਰ; ਕੁਰਦਿਸ਼ ਫੇਨਿਰ ਆਦਿ। ਬੰਗਾਲੀ ਅਤੇ ਉੜੀਆ ਵਿਚ ਪਨੀਰ ਲਈ ਛੈਨਾ ਸ਼ਬਦ ਵੀ ਵਰਤਿਆ ਜਾਂਦਾ ਹੈ ਜੋ ਛਾਨਣਾ ਤੋਂ ਬਣਿਆ ਹੈ। ਰਸਗੁੱਲਾ ਬਣਾਉਣ ਵਿਚ ਵੀ ਛੈਨੇ ਦੀ ਵਰਤੋਂ ਹੁੰਦੀ ਹੈ। ਅਸੀਂ ਪੋਣੇ ਰਾਹੀਂ ਲੱਸੀ ਤੋਂ ਦੇਸੀ ਪਨੀਰ ਪੁਣ ਲੈਂਦੇ ਹਾਂ। ਚੰਡੀਗੜ੍ਹ ਦੀ ਇਕ ਮਿਠਾਈਆਂ ਦੀ ਦੁਕਾਨ ਨੇ ਮੁੱਦਤਾਂ ਪਹਿਲਾਂ 'ਛੈਨਾ ਮੁਰਗੀ' ਨਾਂ ਦੀ ਮਿਠਾਈ ਸ਼ੁਰੂ ਕੀਤੀ ਸੀ ਜਿਸ ਦੀ ਸਮਝ ਹੁਣ ਆਉਣ ਲੱਗੀ ਹੈ। ਇਹ ਮਿਠਾਈ ਚਾਸ਼ਨੀ ਵਿਚ ਡੁਬੋਏ ਪਨੀਰ ਦੇ ਟੁਕੜੇ ਹਨ। ਪਨੀਰ ਠੇਠ ਫਾਰਸੀ ਦਾ ਸ਼ਬਦ ਹੈ, ਭਾਵੇਂ ਫਾਰਸੀ ਖਾਣਿਆਂ ਵਿਚ ਇਸ ਦੀ ਸ਼ਮੂਲੀਅਤ ਨਹੀਂ ਦਿਸਦੀ। ਫਾਰਸੀ ਦੀ ਸਬਜ਼ੀਆਂ ਦੇ ਪਕਵਾਨਾਂ ਬਾਰੇ ਇਕ ਕਿਤਾਬ ਵਿਚ ਇਕ ਪਕਵਾਨ 'ਪਨੀਰ ਕੁਰਦ' ਬਣਾਉਣ ਬਾਰੇ ਹਦਾਇਤਾਂ ਦਿੱਤੀਆਂ ਹੋਈਆਂ ਹਨ ਜੋ ਕਿ ਉਪਰ ਦੱਸੇ ਪਨੀਰ ਬਣਾਉਣ ਦੇ ਢੰਗ ਵਾਲੀਆਂ ਹੀ ਹਨ। ਉਥੇ ਨਿੰਬੂ ਦੀ ਜਗ੍ਹਾ 'ਲੀਮੂ ਤੁਰਸ਼' ਸ਼ਬਦ ਦੀ ਵਰਤੋਂ ਕੀਤੀ ਹੋਈ ਹੈ। ਇਥੇ ਪਾਠਕ ਨਿੰਬੂ ਸ਼ਬਦ ਵਾਲੇ ਲੇਖ ਨੂੰ ਵੀ ਯਾਦ ਰੱਖਣ। ਵਿਅੰਗ ਵਾਲੀ ਗੱਲ ਹੈ ਕਿ ਆਧੁਨਿਕ ਇਰਾਨੀ ਲੋਕਾਂ ਨੂੰ ਪਨੀਰ ਸ਼ਬਦ ਸਮਝਾਉਣ ਲਈ ਅੰਗਰੇਜ਼ੀ ਸ਼ਬਦ curd ਦੀ ਵਰਤੋਂ ਕੀਤੀ ਗਈ ਹੈ! ਅਫਰੀਕਾ ਵਿਚ ਪੈਦਾ ਹੁੰਦਾ ਮਿਰਚ ਪਰਿਵਾਰ ਦਾ ਇਕ ਪੌਦਾ ਹੈ 'mutungujf' ਜਿਸ ਨੂੰ ਬਲੋਚ ਭਾਸ਼ਾ ਵਿਚ ਪਨੀਰ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਰਸ ਨਾਲ ਦੁਧ ਨੂੰ ਫਿਟਾਇਆ ਜਾ ਸਕਦਾ ਹੈ।



ਆਰਮੀਨੀਅਨ ਸਟਰਿੰਗ ਚੀਜ਼ ਅਤੇ ਪਿਕਨਿਕ ਵਾਈਟ ਚੀਜ਼ ਦੇ ਡੱਬਿਆਂ 'ਤੇ ਜੇ ਤੁਸੀਂ ਆਰਮੀਨੀਅਨ ਭਾਸ਼ਾਂ ਵਿਚ ਲਿਖੇ ਸ਼ਬਦ ਪੜ੍ਹੋ ਤਾਂ 'ਹਿਵਾਸੁਅਗਕ ਪਨੀਰ' ਅਤੇ 'ਪਿਕਨਿਕ-ਏ-ਪਨੀਰ' ਸ਼ਬਦ ਪੜ੍ਹਨ ਨੂੰ ਮਿਲਣਗੇ। ਤੁਰਕ ਰੈਸਤੋਰਾਂ ਵਿਚ 'ਪੇਨੀਰਲੀ ਪੀਜ਼ਾ' ਹੁੰਦਾ ਹੈ। ਤੁਰਕ ਭਾਸ਼ਾ ਦੇ ਕੋਸ਼ਾਂ ਵਿਚ ਚੀਜ਼ ਲਈ 'ਪਨੀਰ' ਅਤੇ 'ਪੇਈਨੀਰ' ਸ਼ਬਦ ਮਿਲਦੇ ਹਨ। ਇਕ ਤੁਰਕ ਕਹਾਵਤ ਹੈ:ਪੇਈਨੀਰ ਏਕਮੇਕ, ਹਾਜ਼ਿਰ ਯੇਮੇਕ ਅਰਥਾਤ ਰੋਟੀ ਅਤੇ ਪਨੀਰ ਹੋਵੇ ਤਾਂ ਭੋਜਨ ਹਾਜ਼ਿਰ ਹੈ। ਆਰਮੀਨੀਅਨ ਵਿਚ ਵੀ ਇਕ ਕਹਾਵਤ ਹੈ:

ਵੋਰਤੇਗ਼ ਹਤਸ ਆਈਨਤੇਗ਼ ਕਤਸ
ਵੋਰਤੇਗ ਪਨੀਰ ਆਈਨਤੇਗ਼ ਬਨੀਰ

ਅਰਥਾਤ, ਜਿਥੇ ਰੋਟੀ ਹੈ ਉਥੇ ਰਹੋ, ਜਿਥੇ ਪਨੀਰ ਹੈ ਉਥੇ ਕੰਮ ਕਰੋ।

ਇਹ ਕਹਾਵਤ ਕੁਝ ਕੁਝ ਪੰਜਾਬੀ ਕਹਾਵਤ, 'ਜਿਥੇ ਦੇਖਾਂ ਤਵਾ ਪਰਾਤ ਉਥੇ ਗਾਵਾਂ ਸਾਰੀ ਰਾਤ' ਨਾਲ ਮਿਲਦੀ ਜੁਲਦੀ ਹੈ। ਪਨੀਰ ਸ਼ਬਦ ਦੇ ਮੁਢ ਬਾਰੇ ਕਈ ਰਾਵਾਂ ਮਿਲਦੀਆਂ ਹਨ। ਕਈ ਇਸ ਨੂੰ ਤੁਰਕ ਭਾਸ਼ਾ ਦਾ ਸ਼ਬਦ ਕਹਿੰਦੇ ਹਨ ਤੇ 'ਹਰ ਚੀਜ਼ ਭਾਰਤ 'ਚ ਪੈਦਾ ਹੋਈ' ਕਹਿਣ ਵਾਲੇ ਇਸ ਨੂੰ ਰਿਗ ਵੇਦ ਵਿਚ ਵਰਣਿਤ 'ਪਣੀਆਂ' (ਜਿਸ ਤੋਂ ਬਾਣੀਆ ਸ਼ਬਦ ਬਣਿਆ) ਤੋਂ ਬਣਿਆ ਦੱਸਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਪਹਿਲਾਂ ਪਹਿਲ ਪਣੀਆਂ ਨੇ ਹੀ ਪਨੀਰ ਬਣਾਇਆ। ਇਕ ਥਾਂ ਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਭਗਵਤ ਪੁਰਾਣ ਵਿਚ ਪਨੀਰ ਸ਼ਬਦ ਦਾ ਜ਼ਿਕਰ ਹੈ। ਕ੍ਰਿਸ਼ਨ ਦੇ ਦੁਧ ਅਤੇ ਇਸ ਤੋਂ ਬਣੀਆਂ ਚੀਜ਼ਾਂ ਨਾਲ ਵਿਸ਼ੇਸ਼ ਲਗਾਓ ਬਾਰੇ ਤਾਂ ਸਾਰੇ ਹੀ ਜਾਣਦੇ ਹਨ। ਕੁਝ ਵੀ ਹੋਵੇ ਪੁਰਾਤਨ ਭਾਰਤੀ ਗ੍ਰੰਥਾਂ ਵਿਚ ਪਨੀਰ ਸ਼ਬਦ ਮੌਜੂਦ ਨਹੀਂ ਹੈ, ਭਾਵੇਂ ਇਸ ਵਰਗੀ ਦੁਧ ਤੋਂ ਬਣਦੀ ਕੋਈ ਚੀਜ਼ ਉਨ੍ਹਾਂ ਸਮਿਆਂ ਵਿਚ ਪ੍ਰਚਲਤ ਹੋ ਸਕਦੀ ਹੈ। ਇਸ ਲਈ ਅਜੇ ਤੱਕ ਪਨੀਰ ਦਾ ਹੱਕ ਅਸੀਂ ਫਾਰਸੀ ਨੂੰ ਦਿੰਦੇ ਹਾਂ। ਪਹਿਲਵੀ ਭਾਸ਼ਾ ਵਿਚ ਪਨੀਰ ਸ਼ਬਦ ਮੌਜੂਦ ਹੈ ਅਤੇ ਇਸ ਉਪਰ ਲਿਖੀ ਇਕ ਕਵਿਤਾ ਵੀ ਮਿਲਦੀ ਹੈ।

ਫਾਰਸੀ ਅਤੇ ਆਰਮੀਨੀਅਨ ਭਾਸ਼ਾਵਾਂ ਵਿਚ ਪੁਰਾਣੀ ਸਾਂਝ ਹੈ। ਯੇਰੇਵਾਨ ਸਟੇਟ ਯੂਨੀਵਰਸਿਟੀ ਫਾਰਸੀ ਭਾਸ਼ਾ ਦਾ ਇਕ ਵੱਡ ਆਕਾਰੀ ਨਿਰੁਕਤਕ ਕੋਸ਼ ਤਿਆਰ ਕਰ ਰਿਹਾ ਹੈ। ਪਰ 1890 ਵਿਚ ਪੌਲ ਹੌਰਨ ਦੁਆਰਾ ਫਾਰਸੀ ਸ਼ਬਦਾਵਲੀ ਬਾਰੇ ਛਪੀਆਂ ਦੋ ਕਿਤਾਬਾਂ ਅਜੇ ਵੀ ਪ੍ਰਮਾਣੀਕ ਮੰਨੀਆਂ ਜਾਂਦੀਆਂ ਹਨ। ਉਸ ਅਨੁਸਾਰ ਦੁਧ ਲਈ ਫਾਰਸੀ ਦਾ ਪੁਰਾਣਾ ਸ਼ਬਦ ਪੇਮ ਹੈ। ਇਸ ਤੋਂ ਅਵੇਸਤਾ ਦਾ ਸ਼ਬਦ ਬਣਿਆ ਪਯਾਹ। ਇਹ ਸ਼ਬਦ ਸੰਸਕ੍ਰਿਤ ਦੇ ਪਯਸ ਸ਼ਬਦ ਦਾ ਸੁਜਾਤੀ ਹੈ। ਪੀਨੂ ਖੱਟਾ ਦੁਧ ਹੈ ਜਿਸ ਤੋਂ ਅੱਗੇ ਪਨੀਰ ਸ਼ਬਦ ਬਣਿਆ। ਪੌਲ ਹੌਰਨ ਅਨੁਸਾਰ ਆਰਮੀਨੀਅਨ ਵਿਚ ਪਨੀਰ ਸ਼ਬਦ ਪੰਜਵੀਂ ਸਦੀ ਵਿਚ ਮੌਜੂਦ ਸੀ। ਇਸ ਦਾ ਭਾਰੋਪੀ ਮੂਲ poid ਨਿਰਧਾਰਿਤ ਕੀਤਾ ਗਿਆ ਹੈ। ਇਸ ਰਾਹੀਂ ਦੁਧ ਨਾਲ ਸਬੰਧਿਤ ਹੋਰ ਭਾਸ਼ਾਵਾਂ ਦੇ ਸ਼ਬਦ ਜੋੜੇ ਗਏ ਹਨ ਜਿਵੇਂ ਲਿਥੂਏਨੀਅਨ ਪੀਯਨਾਸ ਅਤੇ ਲਾਤਵੀਅਨ ਪੀਅਨਾਸ। Poid ਮੂਲ ਦਾ ਅਰਥ ਹੈ 'ਭਰਪੂਰ ਹੋਣਾ'। ਅੰਗਰੇਜ਼ੀ ਸ਼ਬਦ fat ਇਸੇ ਨਾਲ ਸਬੰਧਿਤ ਹੈ। ਕੁਝ ਵਿਦਵਾਨ pituitary, ਅਤੇ Irish ਵੀ ਇਸ ਨਾਲ ਜੋੜਦੇ ਹਨ।

# ਪੰਜਾਬੀਆਂ ਦੀ ਮਰੀ ਗ਼ੈਰਤ ਕਾਰਨ ਵਧ-ਫੁੱਲ ਰਹੀ ਹੈ ਮਾੜੀ ਗਾਇਕੀ

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*
*ਫੋਨ:91-98141-78883

ਪਿਛਲੇ ਦਸ ਸਾਲਾਂ ਵੱਲ ਝਾਤ ਮਾਰ ਕੇ ਵੇਖੋ, ਕਿੰਨੇ ਕਲਾਕਾਰਾਂ ਮਾੜਾ ਗਾਇਆ ਤੇ ਅਸੀਂ ਉਨ੍ਹਾਂ ਦੀ ਕਿੰਨੀ ਕੁ ਖਿਲਾਫ਼ਤ ਕੀਤੀ। ਜਾਪਦੈ ਜਿਵੇਂ ਪੂਰਾ ਪੰਜਾਬ ਹੀ 'ਦੜ ਵੱਟ ਜ਼ਮਾਨਾ ਕੱਟ' 'ਤੇ ਅਮਲ ਕਰ ਮੂੰਹ ਭੁਆਂ ਖਲੋ ਗਿਆ ਹੋਵੇ। ਕਿਸੇ ਨੂੰ ਫ਼ਿਕਰ ਨਹੀਂ ਕਿ ਸਾਡੇ ਰੰਗਲੇ ਸੱਭਿਆਚਾਰ ਦੇ ਮੂੰਹ 'ਤੇ ਕਾਲਖ਼ ਮਲੀ ਜਾ ਰਹੀ ਏ, ਕੋਈ ਚਿੰਤਾ ਨਹੀਂ ਕਰਦਾ ਕਿ ਗਾਇਕੀ ਦੇ ਨਾਂ 'ਤੇ ਕਾਮੁਕਤਾ ਦੀ ਜਿਹੜੀ ਖੇਡ ਖੇਡੀ ਜਾ ਰਹੀ ਏ, ਇਸ ਦਾ ਅਸਰ ਸਾਡੀਆਂ ਧੀਆਂ-ਭੈਣਾਂ 'ਤੇ ਵੀ ਪੈ ਰਿਹੈ। ਕੋਈ ਇਸ ਗੱਲ ਪ੍ਰਤੀ ਗੰਭੀਰ ਨਹੀਂ ਕਿ ਜਿਨ੍ਹਾਂ ਕਲਾਕਾਰਾਂ ਦੀ ਭੁਗਤ ਸੰਵਾਰਨੀ ਚਾਹੀਦੀ ਏ, ਉਨ੍ਹਾਂ ਨੂੰ ਲੱਖਾਂ ਰੁਪਿਆਂ ਦੇ ਅਸੀਂ ਆਪਣੇ ਧੀਆਂ-ਪੁੱਤਾਂ ਦੇ ਵਿਆਹਾਂ 'ਤੇ ਕਿਉਂ ਸੱਦਦੇ ਹਾਂ?

ਪੰਜਾਬੀਆਂ ਨੇ ਜਦੋਂ ਤੋਂ ਮੰਦੇ ਨੂੰ ਮੰਦਾ ਕਹਿਣਾ ਛੱਡ ਨੀਵੀਂ ਪਾਉਣੀ ਸ਼ੁਰੂ ਕੀਤੀ ਏ, ਉਦੋਂ ਤੋਂ ਉਨ੍ਹਾਂ ਲੋਕਾਂ ਦੀ ਚਾਂਦੀ ਬਣ ਗਈ, ਜਿਹੜੇ ਆਖਦੇ ਨੇ ਕਿ ਸਾਡੇ ਵਪਾਰ ਦਾ ਧੁਰਾ 16 ਤੋਂ 21 ਸਾਲ ਦੀ ਜਵਾਨੀ ਏ। ਜ਼ਰਾ ਅੱਜ ਦੇ ਗੀਤਾਂ ਵੱਲ ਝਾਤ ਮਾਰੋ, ਇਨ੍ਹਾਂ ਵਿਚੋਂ ਤੁਹਾਨੂੰ ਕੀ ਕੁੱਝ ਲੱਭਦੈ? ਸਾਡੀਆਂ ਧੀਆਂ-ਭੈਣਾਂ ਬਾਰੇ ਕੇਹੀ ਸੋਚ ਰੱਖਦੇ ਨੇ ਲਿਖਣ-ਗਾਉਣ ਵਾਲੇ, ਕੇਹੀਆਂ ਟਿੱਚਰਾਂ ਕਰ ਰਹੇ ਨੇ ਸਾਨੂੰ ਸਭ ਨੂੰ ਪਰ ਅਸੀਂ ਹਾਂ ਕਿ 'ਸਾਨੂੰ ਕੀ' ਵਾਲੇ ਫਾਰਮੂਲੇ 'ਤੇ ਅੜੇ ਹੋਏ ਹਾਂ।

ਕਈ ਸਾਲ ਪਹਿਲਾਂ ਫਗਵਾੜੇ 'ਚ ਅਸ਼ਲੀਲ ਦੋਗਾਣਾ ਜੋੜੀ ਬੱਗਾ ਸਫ਼ਰੀ ਤੇ ਕਿਰਨਜੋਤੀ ਖਿਲਾਫ਼ ਗ਼ੈਰਤਮੰਦਾਂ ਆਵਾਜ਼ ਚੁੱਕੀ ਸੀ। ਕਈ ਜਣਿਆਂ ਇਕੱਠੇ ਹੋ ਕੇ ਜੋੜੀ ਦੇ ਪੁਤਲੇ ਸਾੜੇ ਸਨ। ਅਗਲੇ ਦਿਨ ਅਖ਼ਬਾਰਾਂ 'ਚ ਇਸ ਬਾਬਤ ਖ਼ਬਰ ਛਪੀ ਤਾਂ ਮਰੀ ਗ਼ੈਰਤ ਵਾਲੇ ਜਾਣ ਗਏ ਕਿ ਪੰਜਾਬ ਵਿਚ ਇੱਕ ਅਜਿਹੀ ਜੋੜੀ ਏ, ਜਿਹੜੀ ਤੱਤੇ ਗੀਤ ਗਾਉਂਦੀ ਏ। ਸੋ ਕੈਸਿਟ ਦੀ ਵਿਕਰੀ ਪਹਿਲਾਂ ਨਾਲੋਂ ਕਈ ਗੁਣਾ ਤੇਜ਼ ਹੋ ਗਈ ਸੀ। ਉਦੋਂ ਤੋਂ ਅੱਜ ਤੱਕ ਨਾ ਕਿਸੇ ਨੂੰ ਦੁਬਾਰਾ ਉਸ ਜੋੜੀ ਦੇ ਦੋਗਾਣੇ ਚੁਭੇ ਨੇ ਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਮਾੜਾ ਆਖਣ ਦੀ ਜ਼ੁਰਅਤ ਕੀਤੀ।

ਸਭ ਜਾਣਦੇ ਨੇ ਕਿ ਜਿਨ੍ਹਾਂ ਬਾਰੇ ਗੱਲ ਹੋ ਰਹੀ ਏ ਉਹ ਸਾਡੀਆਂ ਹੀ ਧੀਆਂ-ਭੈਣਾਂ ਨੇ, ਇਹੋ ਜਿਹੀ ਗਾਇਕੀ ਖੋਖਲੇ ਹੁੰਦੇ ਸਮਾਜ ਦੀਆਂ ਜੜ੍ਹਾਂ 'ਚ ਤੇਲ ਦੇਣ ਦਾ ਕੰਮ ਕਰਦੀ ਏ ਪਰ ਕੋਈ ਮਾਈ ਦਾ ਲਾਲ ਨਹੀਂ, ਜਿਹੜਾ ਕਹੇ ਕਿ ਮੈਂ ਇਹੋ ਜਿਹੀ ਗਾਇਕੀ-ਗੀਤਕਾਰੀ ਖਿਲਾਫ਼ ਝੰਡਾ ਚੁੱਕਣ ਲਈ ਤਿਆਰ ਹਾਂ। ਟੀ.ਵੀ. 'ਤੇ ਗੀਤ ਚੱਲਦੈ, 'ਸਾਹਮਣੇ ਚੁਬਾਰੇ ਵਾਲੀ ਬਾਰੀ, ਕਦੇ ਅੱਧੀ ਖੁੱਲ੍ਹੇ ਕਦੇ ਸਾਰੀ' ਤੇ ਆਹਮੋ-ਸਾਹਮਣੇ ਘਰਾਂ ਵਾਲੇ ਉਚੀ ਅਵਾਜ਼ 'ਚ ਇਹ ਗਾਣਾ ਸੁਣਦੇ ਨੇ। ਇੱਕ ਸਮਝ ਰਿਹੈ ਕਿ ਇਹ ਤਾਂ ਸਾਹਮਣਲਿਆਂ ਦੀ ਬਾਰੀ ਬਾਰੇ ਏ ਤੇ ਦੂਜਾ ਸਮਝਦੈ ਕਿ ਸਾਡੀ ਕੁੜੀ ਤਾਂ ਵਿਆਹੀ ਏ, ਸਾਨੂੰ ਕੀ...ਇਨ੍ਹਾਂ ਦੀ ਵਿਆਹੁਣ ਵਾਲੀ ਏ, ਵਧੀਆ ਗੱਲ ਏ।'

ਪਿਛਲੇ ਦਿਨੀਂ ਇੱਕ ਕਲਾਕਾਰ ਨੂੰ ਲੋੜੋਂ ਵੱਧ ਮੰਦਾ-ਚੰਗਾ ਬੋਲ ਬੈਠੇ ਤੇ ਹੁਣ ਉਹ ਮੂੰਹ ਭੁਕਾਨੇ ਵਾਂਗ ਫੁਲਾਈ ਫਿਰਦੈ। ਕਹਿੰਦੈ, 'ਜਿਹੜੇ ਪੰਜਾਬੀ ਗੀਤ ਥੋੜ੍ਹੇ ਕੁ ਨੰਗੇ ਹੁੰਦੇ ਨੇ, ਉਹ ਜ਼ਿਆਦਾ ਕਾਮਯਾਬ ਹੁੰਦੇ ਨੇ...ਉਹਨੇ ਪੰਜ-ਸੱਤ ਇਹੋ ਜਿਹੇ ਗੀਤਾਂ ਦੇ ਨਾਂ ਲਏ, ਜਿਨ੍ਹਾਂ ਵਿਚ ਕਾਮੁਕਤਾ ਉਭਾਰੀ ਗਈ ਸੀ...ਨਾਲ ਹੀ ਉਹਨੇ ਆਖਿਆ, ਜਦੋਂ ਬੰਦੇ 'ਤੇ ਜਵਾਨੀ ਆਉਂਦੀ ਏ, ਉਦੋਂ ਆਪਣੀ ਭੈਣ ਕਿਸੇ ਨੂੰ ਨਹੀਂ ਦਿਸਦੀ, ਦੂਜਿਆਂ ਦੀਆਂ ਵਧੀਆ ਲੱਗਦੀਆਂ ਨੇ, ਏਸ ਕਰਕੇ ਇਹੋ ਜਿਹੇ ਗੀਤ ਹੀ ਗਾਉਣੇ ਚਾਹੀਦੇ ਨੇ, ਜਿਨ੍ਹਾਂ ਵਿਚ ਕੁੜੀਆਂ ਨੂੰ ਗੋਲ-ਮੋਲ ਢੰਗ ਨਾਲ ਕੁੱਝ ਕਿਹਾ ਗਿਆ ਹੋਵੇ।'

ਅਸੀਂ ਪੁੱਛਿਆ, 'ਤੇਰੀ ਉਮਰ ਕਿੰਨੀ ਏ?' ਸਵਾਲ ਕੀਤਾ ਕਿ ਤੈਨੂੰ ਤਾਂ ਪਤੈ ਕਿ ਕੁੜੀ ਸਿਰਫ਼ ਮਾਸ਼ੂਕ ਹੀ ਨਹੀਂ ਹੁੰਦੀ, ਭੈਣ ਵੀ ਹੁੰਦੀ ਏ...ਆਪਣੀ ਭੈਣ ਵੱਲ ਵੀ ਵੇਖ, ਦੂਜਿਆਂ ਦੀਆਂ ਵੱਲ ਝਾਕਣ ਦੀਆਂ ਕਰਤੂਤਾਂ ਤੋਂ ਬਾਜ ਆ।' ਏਨੇ ਨਾਲ ਉਹ ਗੁੱਸੇ ਹੋ ਗਿਆ।

ਹੈਰਾਨੀ ਦੀ ਗੱਲ ਹੈ ਜਿਹੜੇ ਹਨੀ ਸਿੰਘ ਨੇ 'ਯੂ ਟਿਊਬ' 'ਤੇ ਗਾਣਾ ਪਾ ਲੁੱਚਪੁਣੇ ਦੀਆਂ ਸਿਖਰਾਂ ਛੋਹੀਆਂ, ਉਹਦੀ ਕਰਤੂਤ 'ਤੇ ਕਿੰਤੂ ਕਰਨ ਦੀ ਥਾਂ ਲੋਕਾਂ ਗੀਤ ਥੱਲੇ ਕੁਮੈਂਟ ਦਿੱਤੇ, 'ਨਾਈਸ ਬ੍ਰਦਰ', 'ਵੈਰੀ ਗੁੱਡ', 'ਏਦਾਂ ਦੇ ਹੋਰ ਵੀ ਗਾਓ', 'ਸਵਾਦ ਆ ਗਿਆ'।

ਕਿਸੇ ਨੇ ਨਹੀਂ ਸੋਚਿਆ ਕਿ ਇਹ ਗੀਤ ਉਨ੍ਹਾਂ ਦੀਆਂ ਭੈਣਾਂ ਤੱਕ ਵੀ ਪਹੁੰਚ ਸਕਦੈ। ਉਤੋਂ ਹੋਰ ਕਮਾਲ ਇਸ ਗੱਲ ਦੀ ਕਿ 'ਪੀ.ਟੀ.ਸੀ. ਚੈਨਲ' ਨੇ ਉਹਨੂੰ ਐਵਾਰਡ ਨਾਲ ਸਨਮਾਨਿਤ ਕੀਤਾ। ਉਹੀ ਹਨੀ ਸਿੰਘ ਸਟੇਜ 'ਤੇ ਚੜ੍ਹ ਆਖ ਰਿਹਾ ਸੀ, 'ਮੈਂ ਵਾਅਦਾ ਕਰਦਾਂ ਕਿ ਅੱਗੇ ਤੋਂ ਵੀ ਯੰਗ ਜਨਰੇਸ਼ਨ ਨੂੰ ਨਿਰਾਸ਼ ਨਹੀਂ ਹੋਣ ਦੇਵਾਂਗਾ...ਤੁਸੀਂ ਮੇਰੇ 'ਤੇ ਭਰੋਸਾ ਰੱਖਿਓ ਮੈਂ ਹੋਰ ਨਵੀਆਂ ਚੀਜ਼ਾਂ ਪੇਸ਼ ਕਰਾਂਗਾ।'

ਜਦੋਂ ਮੇਰਾ ਨਾਨਾ ਆਖਦਾ ਹੁੰਦਾ ਸੀ ਕਿ ਕਲਾਕਾਰਾਂ ਦਾ ਕੋਈ ਈਮਾਨ ਨਹੀਂ ਹੁੰਦਾ, ਤਾਂ ਮੈਨੂੰ ਗੱਲ ਸਮਝ ਨਹੀਂ ਸੀ ਪੈਂਦੀ, ਕਿਉਂਕਿ ਮੈਂ ਛੋਟਾ ਸਾਂ। ਹੁਣ ਜਦੋਂ ਨਾਨਾ ਨਹੀਂ ਰਿਹਾ ਤਾਂ ਉਨ੍ਹਾਂ ਦੀਆਂ ਗੱਲਾਂ ਸੋਲਾਂ ਆਨੇ ਸੱਚ ਲੱਗਦੀਆਂ ਨੇ। 'ਤੂੰ ਮੇਰੀ ਬੁੱਕਲ ਵਿਚ ਹੋਵੇਂ ਤੇ ਵੇਲ਼ਾ ਰਾਤ ਦਾ ਹੋਵੇ' ਗੀਤ ਵਿਚੋਂ ਲਿਖਣ ਜਾਂ ਗਾਉਣ ਵਾਲੇ ਦਾ ਈਮਾਨ ਝਲਕਦਾ ਹੋਵੇਗਾ, ਮੈਨੂੰ ਕਦੇ ਨਹੀਂ ਜਾਪਿਆ। 'ਛਾਲ ਮਾਰ ਕੇ ਕੰਧ ਓਹਲੇ ਹੋਜਾ ਨਹੀਂ ਰੰਗੇ ਹੱਥੀਂ ਫੜੇ ਜਾਵਾਂਗੇ' ਗੀਤ ਵਿਚੋਂ ਕਿਸੇ ਦਾ ਦੀਨ-ਈਮਾਨ ਨਹੀਂ ਝਲਕਦਾ, 'ਗੋਦੀ ਚੱਕ ਲੈ ਜਿਗਰੀਆ ਯਾਰਾ ਵੇ ਨੱਚਦੀ ਦੇ ਪੈਰ ਥੱਕ ਗਏ' ਗੀਤ ਲਿਖਣ-ਗਾਉਣ ਵਾਲਿਆਂ ਕਦੇ ਨਹੀਂ ਸੋਚਿਆ ਕਿ ਗੋਦੀ ਚੱਕਣ ਦਾ ਕੀ ਅਰਥ ਹੁੰਦਾ ਏ ਤੇ ਇੱਕ ਵਾਰ ਗੋਦੀ ਚੱਕ ਕੋਈ ਥੱਲੇ ਲਾਹੁੰਦਾ ਏ ਜਾਂ ਨਹੀਂ।

ਅਸੀਂ ਪੰਜਾਬੀ ਇੱਕੋ ਗੱਲ 'ਤੇ ਮਾਣ ਕਰਦੇ ਨਹੀਂ ਥੱਕਦੇ ਕਿ ਅਸੀਂ ਗ਼ੈਰਤਮੰਦ ਹਾਂ, ਮੁੱਛ ਖੜ੍ਹੀ ਰੱਖਣੀ ਜਾਣਦੇ ਹਾਂ ਤੇ ਧੀਆਂ-ਭੈਣਾਂ ਵੱਲ ਮਾੜੀ ਅੱਖ ਰੱਖਣ ਵਾਲੇ ਦਾ ਗਾਟਾ ਲਾਹ ਛੱਡਦੇ ਹਾਂ। ਪਰ ਹੁਣ ਸਾਡੀ ਗ਼ੈਰਤ ਨੂੰ ਕੀ ਹੋ ਗਿਆ? ਸਾਡੀ ਗ਼ੈਰਤ ਦੀਆਂ ਮਿਸਾਲਾਂ ਤਾਂ ਦੂਰ-ਦੂਰ ਤੱਕ ਸੁਣੀਂਦੀਆਂ ਸਨ ਪਰ ਹੁਣ ਕੀ ਸੱਪ ਸੁੰਘ ਗਿਆ? ਕਲਾਕਾਰ ਗਾ ਰਿਹਾ ਹੁੰਦੈ, 'ਨੀਂਦ ਦੀਆਂ ਗੋਲੀਆਂ ਮੈਂ ਦੁੱਧ ਵਿਚ ਪਾ ਕੇ ਸਾਰੇ ਟੱਬਰ ਨੂੰ ਤੇਰੇ ਲਈ ਪਿਆਉਂਦੀ ਆਂ' ਤੇ ਅਸੀਂ ਕਿੰਤੂ ਕਰਨ ਦੀ ਥਾਂ ਡੀ.ਜੇ. 'ਤੇ ਵੱਜਦੇ ਏਸ ਗੀਤ 'ਤੇ ਆਪਣੀਆਂ ਭੈਣਾਂ ਦੇ ਹੱਥ ਫੜ ਭੰਗੜੇ ਪਾਉਂਦੇ ਹਾਂ। ਪਤਾ ਨਹੀਂ ਕਿਉਂ ਖੁਸ਼ੀ ਵਿਚ ਭੁੱਲ ਜਾਂਦੇ ਹਾਂ ਕਿ ਗਾਣੇ ਦਾ ਅਰਥ ਕੀ ਨਿਕਲਦੈ, ਇਹ ਗੀਤ ਸਾਡੀ ਸ਼ਾਨ ਦੇ ਉਲਟ ਜਾਂਦੈ ਕਿ ਨਹੀਂ?'

ਅੱਜ ਤੱਕ ਲੋਕ 'ਤੂੰ ਨਹੀਂ ਬੋਲਦੀ ਰਕਾਨੇ ਤੂੰ ਨਹੀਂ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ' ਗੀਤ 'ਤੇ ਖ਼ਰੂਦ ਮਚਾਉਂਦੇ ਨੇ ਤੇ ਬਹੁਤੀ ਵਾਰ ਲੋਰ 'ਚ ਆਏ ਆਪਣੀ ਭੈਣ, ਧੀ, ਮਾਂ ਜਾਂ ਘਰਵਾਲੀ ਵੱਲ ਉਂਗਲਾਂ ਕਰ ਰਹੇ ਹੁੰਦੇ ਨੇ। ਵਾਹ, ਸਦਕੇ ਜਾਈਏ ਇਹੋ ਜਿਹੀ ਗ਼ੈਰਤ ਦੇ।

ਪਿਛਲੇ ਦਿਨੀਂ ਇੱਕ ਕਲਾਕਾਰ ਸਟੇਜ 'ਤੇ ਘੁੰਮਣ-ਘੁਮਾਉਣ ਬਹਾਨੇ ਕੁੜੀ ਨੂੰ ਮਿੱਤਰਾਂ ਦੇ ਚੁਬਾਰੇ ਵੱਲ ਫੇਰਾ ਪਾਉਣ ਦੀ ਰਾਇ ਦੇਣ ਵਾਲਾ ਗੀਤ ਗਾ ਰਿਹਾ ਸੀ ਤਾਂ ਲੋਕ ਬੇਸੁਧੀ ਵਿਚ ਨੱਚਦੇ ਰਹੇ। ਭੀੜ ਵਿਚੋਂ ਇੱਕ ਵੱਟਾ ਕਲਾਕਾਰ ਵੱਲ ਗਿਆ। ਕਲਾਕਾਰ ਤਾਂ ਬਚ ਗਿਆ ਪਰ ਢੋਲਕੀ ਵਾਲੇ ਦਾ ਮੱਥਾ ਫੁੱਲ ਗਿਆ। ਚਲੋ ਸ਼ੁਕਰ ਹੈ ਬੇਗ਼ੈਰਤ ਭੀੜ ਵਿਚੋਂ ਇੱਕ ਜਣੇ ਦੀ ਗ਼ੈਰਤ ਜਾਗੀ, ਜਿਸ ਨੂੰ ਲੱਗਾ ਕਿ ਇਹੋ ਜਿਹੀ ਗਾਇਕੀ ਸਾਡੀਆਂ ਭੈਣਾਂ ਨੂੰ ਸਾਡੇ ਨਾਲ ਧੋਖਾ ਦੇਣ ਦਾ ਢੰਗ ਸਿਖਾ ਰਹੀ ਏ।

ਹੁਣ ਸਾਡੇ ਚਿੰਤਕਾਂ ਨੇ ਨਵਾਂ ਫਾਰਮੂਲਾ ਸੋਚਿਐ ਕਿ ਮਾੜੇ ਗੀਤ ਨੂੰ ਮਾੜਾ ਨਹੀਂ ਕਹਿਣਾ, ਕਿਉਂਕਿ ਜੀਹਨੂੰ ਮਾੜਾ ਕਿਹਾ, ਉਹ ਹਿੱਟ ਹੋ ਜਾਵੇਗਾ। ਉਨ੍ਹਾਂ ਇਹ ਫਾਰਮੂਲਾ ਅਪਨਾਉਣ ਤੋਂ ਪਹਿਲਾਂ ਮਾੜਿਆਂ ਨੂੰ ਕਿੰਨਾ ਕੁ ਮਾੜਾ ਕਿਹਾ ਤੇ ਚੰਗਿਆਂ ਨੂੰ ਕਿੰਨੀ ਕੁ ਸ਼ਾਬਾਸ਼ ਦਿੱਤੀ, ਇਸ ਤੋਂ ਪਰਦਾ ਚੁੱਕਿਆ ਜਾਵੇ ਤਾਂ ਕਈ ਨਵੇਂ ਖੁਲਾਸੇ ਹੋ ਸਕਦੇ ਨੇ।

ਪੰਜਾਬ 'ਚ ਪੰਜ-ਸੱਤ ਕਲਾਕਾਰ ਅਜਿਹੇ ਨੇ, ਜਿਹੜੇ ਜਾਣਦੇ ਕਿ ਮੰਦੀ ਦੇ ਇਸ ਦੌਰ ਵਿਚ ਅਲੋਕਾਰੀ ਗੱਲ ਕਰਾਂਗੇ ਤਾਂ ਲੋਕਾਂ ਦੀ ਨਜ਼ਰ 'ਚ ਛੇਤੀ ਆਵਾਂਗੇ। ਉਨ੍ਹਾਂ ਤਿੰਨ-ਚਾਰ ਪਹਿਲਾਂ ਗੀਤ ਦੇ ਇੱਕ ਅੰਤਰੇ ਵਿਚ ਇਤਰਾਜ਼ਯੋਗ ਗੱਲ ਅਰੰਭੀ ਸੀ। ਜਦੋਂ ਪਤਾ ਲੱਗਾ ਕਿ ਕਿਸੇ ਨੇ ਮਾੜਾ ਤਾਂ ਕੀ ਕਹਿਣਾ, ਸਗੋਂ ਇਹ 'ਹਿੱਟ' ਹੋਣ ਦਾ ਵਧੀਆ ਫਾਰਮੂਲਾ ਏ ਤਾਂ ਅਗਲੇ ਸਾਲ ਕੈਸਿਟ ਵਿਚ ਥੋੜ੍ਹਾ ਹੋਰ ਨੰਗਾਪਣ ਲੈ ਆਂਦਾ ਤੇ ਹੁਣ ਉਹ ਇੱਥੋਂ ਤੱਕ ਪਹੁੰਚ ਗਏ ਕਿ ਸ਼ਰੇਆਮ ਮੁਟਿਆਰਾਂ ਦੇ ਲੱਕ ਦੇ ਸਾਈਜ਼ ਵੀ ਦੱਸਦੇ ਨੇ, ਸ਼ਰੇਆਮ ਕੁੜੀਆਂ ਨੂੰ ਸੈਰ ਬਹਾਨੇ ਮਿਲਣ ਲਈ ਵੀ ਪ੍ਰੇਰਦੇ ਨੇ ਤੇ ਲੋਕ ਮਾੜਾ ਕਹਿਣ ਦੀ ਥਾਂ ਆਖਦੇ ਨੇ, 'ਫ਼ਲਾਣਾ ਹਿੱਟ ਹੋ ਗਿਐ, ਕਮਾਲ ਦਾ ਗਵੱਈਆ ਐ ਉਹ...ਸਿੱਧੀਆਂ ਗੱਲਾਂ ਕਰਦੈ।'

ਇੱਕ ਕਲਾਕਾਰ ਨੇ ਪਿਛਲੇ ਦਿਨੀਂ ਕਿਹਾ, 'ਸਾਡਾ ਪੂਰਾ ਗੀਤ ਸੁਣ ਕੇ ਦੇਖੋ, ਉਹਦੇ ਅਰਥ ਮੀਆਂ ਵੱਲੋਂ ਬੀਵੀ ਨੂੰ ਕਹੀ ਜਾਂਦੀ ਗੱਲ ਦੇ ਰੂਪ 'ਚ ਨਿਕਲਦੇ ਨੇ।' ਪਰ ਜਦੋਂ ਉਹਨੂੰ ਆਖਿਆ ਕਿ ਤੁਹਾਡੇ ਵੀਹ ਸੈਕਿੰਡ ਦੇ ਪ੍ਰੋਮੋ 'ਚ ਤਾਂ ਇਹ ਸਪੱਸ਼ਟ ਨਹੀਂ ਹੁੰਦਾ ਤਾਂ ਉਹ ਖਿਝ ਗਿਆ। ਜਦੋਂ ਉਹਨੂੰ ਆਖਿਆ ਕਿ ਤੁਸੀਂ ਕੀਰਤਨੀ ਜਥਿਆਂ ਵਾਂਗ ਬਾਅਦ ਵਿਚ ਕਹੇ ਦੀ ਵਿਆਖਿਆ ਵੀ ਕਰ ਦਿਆ ਕਰੋ ਤਾਂ ਜੁ ਲੋਕ ਤੁਹਾਡੇ ਗਾਣਿਆਂ ਨੂੰ ਗ਼ਲਤ ਨਾ ਸਮਝਣ ਤਾਂ ਉਹਨੇ ਮੂੰਹ 'ਚ ਉਂਗਲ ਪਾ ਲਈ।

'ਤੈਨੂੰ ਨਿੰਬੂ ਵਾਂਗੂੰ ਪਾਣੀ 'ਚ ਨਿਚੋੜ ਦੇਣਗੇ, ਨੀਂ ਖਾਲੀ ਕਰਕੇ ਮੰਜੀ ਦੇ ਥੱਲੇ ਰੋੜ੍ਹ ਦੇਣਗੇ' ਗੀਤ ਦਾ ਕੀ ਅਰਥ ਕੱਢਿਆ ਪੰਜਾਬੀਆਂ ਨੇ? 'ਫੇਰ ਜੱਫੀਆਂ ਸਿਰਹਾਣਿਆਂ ਨੂੰ ਪਾਉਂਦੀ ਫਿਰੇਂਗੀ?' 'ਤੇ ਕੀ ਇਤਰਾਜ਼ ਜਤਾਇਆ ਅਸੀਂ?

ਸਰੋਤਿਆਂ ਦਾ ਇੱਕ ਹਿੱਸਾ ਸਿਆਣਪ ਝਾੜਦਾ ਕਹਿੰਦੈ ਕਿ ਅਮਰ ਸਿਓਂ ਚਮਕੀਲੇ ਨੂੰ ਮਾਰਨਾ ਜ਼ਰੂਰੀ ਹੋ ਗਿਆ ਸੀ ਕਿਉਂਕਿ ਉਹ ਦੋ ਅਰਥੀ ਗੱਲਾਂ ਕਰਦਾ ਸੀ ਪਰ ਉਨ੍ਹਾਂ ਨੂੰ ਅੱਜ ਕਿਉਂ ਨਹੀਂ ਦਿਸਦਾ ਜਦੋਂ ਕਲਾਕਾਰਾਂ ਦੇ ਇੱਕ ਹਿੱਸੇ ਨੇ ਕੁੜੀਆਂ-ਚਿੜੀਆਂ ਨਿਲਾਮੀ 'ਤੇ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਨੇ, ਜਦੋਂ ਕੁੜੀਆਂ ਨੂੰ ਸਿਰਫ਼ ਮੌਜ-ਮਸਤੀ ਦੀਆਂ ਚੀਜ਼ਾਂ ਬਣਾ ਕੇ ਪੇਸ਼ ਕੀਤਾ ਜਾ ਰਿਹੈ, ਜਦੋਂ ਕੁੜੀਆਂ ਬਾਰੇ ਕਿਹਾ ਜਾਂਦੈ, 'ਬਸ ਦੋ ਹੀ ਸ਼ੌਕ ਨੇ ਮਿੱਤਰਾਂ ਦੇ ਇੱਕ ਗੱਡੀਆਂ ਦਾ, ਦੂਜਾ ਨੱਢੀਆਂ ਦਾ।'

ਸਾਡਾ ਹਾਲ ਹਾਥੀ ਦੇ ਦੰਦਾਂ ਵਾਲਾ ਹੋ ਗਿਐ। ਰਾਤ ਨੂੰ ਫ਼ੈਸ਼ਨ ਟੀ.ਵੀ. 'ਤੇ ਅਧਨੰਗੀਆਂ ਕੁੜੀਆਂ ਦੇਖ ਅੱਖਾਂ ਤੱਤੀਆਂ ਕਰਨ ਵਾਲੇ ਲੋਕ ਸਵੇਰੇ ਦਾਰੂ ਉਤਰਨ ਸਾਰ ਕਹਿੰਦੇ ਨੇ, 'ਸਾਡੇ ਸੱਭਿਆਚਾਰ 'ਤੇ ਹਮਲਾ ਹੋ ਚੱਲਿਐ, ਇਹਨੂੰ ਬਚਾਓ।' ਪਰ 'ਬਚਾਓ' ਵਾਲੀ ਗੱਲ ਉਹ ਆਪਣੇ ਕੰਮੀਂ ਲੱਗ ਜਾਂਦੇ ਨੇ ਤੇ ਅੱਗੋਂ ਤਰਕ ਮਿਲਦੈ ਕਿ ਸਾਡੇ 'ਕੱਲਿਆਂ ਦੇ ਕਹਿਣ ਨਾਲ ਸਮਾਜ ਸੁਧਰਨ ਵਾਲਾ ਨਹੀਂ।

ਗੀਤ ਚੱਲਦੇ ਨੇ 'ਮਿੱਤਰਾਂ ਦੇ ਪਿੰਡ 'ਚੋਂ ਪਟੋਲੇ ਮੁੱਕ ਗਏ' ਤੇ ਸਾਢੇ ਬਾਰਾਂ ਹਜ਼ਾਰ ਪਿੰਡਾਂ 'ਚੋਂ ਇੱਕ ਵੀ ਆਵਾਜ਼ ਨਹੀਂ ਚੁੱਕਦਾ ਕਿ ਕਿਹੜੇ ਪਿੰਡ ਦੀ ਗੱਲ ਕੀਤੀ ਜਾ ਰਹੀ ਏ।' ਲਿਖਣ-ਗਾਉਣ ਵਾਲਿਆਂ ਦੀ ਸੋਚ ਤਾਂ ਕਲੰਕਿਤ ਹੋ ਹੀ ਚੁੱਕੀ ਏ ਪਰ ਸੁਣਨ ਵਾਲਿਆਂ ਦੀ ਸੋਚ ਨੂੰ ਕੈਂਸਰ ਹੋ ਚੁੱਕੈ। ਉਨ੍ਹਾਂ ਪੱਲੇ ਇਹ ਗੱਲ ਕਦੇ ਨਹੀਂ ਪਈ ਕਿ ਜੇ ਅਸੀਂ ਮਾੜਾ ਗਾਉਣ ਵਾਲੇ ਦੀ ਵਿਰੋਧਤਾ ਕਰਾਂਗੇ ਤਾਂ ਹੀ ਬਾਕੀ ਗਾਉਣ ਵਾਲਿਆਂ ਨੂੰ ਕੰਨ ਹੋਣਗੇ।

# ਸਬਕ ਸਿੱਖ ਕੇ ਤੁਰੇ ਜੋ ਪੈਂਡਿਆਂ 'ਤੇ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਮੇਰੇ ਦਾਦਾ ਜੀ ਨੂੰ ਇਸ ਜਹਾਨੋਂ ਗਿਆਂ ਪੂਰੇ ਸਤਾਰਾਂ ਸਾਲ ਹੋ ਗਏ ਹਨ ਪਰ ਮੈਨੂੰ ਲੱਗਦਾ ਹੈ, ਇਹ ਤਾਂ ਕੱਲ੍ਹ ਦੀ ਗੱਲ ਹੈ। ਜਦੋਂ ਅਸੀਂ ਦਾਦਾ ਜੀ ਨੂੰ ਲੁਧਿਆਣੇ ਡਾਕਟਰ ਕੋਲ ਲੈ ਕੇ ਗਏ ਸੀ, ਜਿਸ ਨੇ ਖੂਨ ਦੀਆਂ ਰਿਪੋਰਟਾਂ ਦੇਖ ਕੇ ਦੱਸਿਆ ਕਿ ਦਾਦਾ ਜੀ ਨੂੰ ਕੈਂਸਰ ਹੈ, ਉਹ ਵੀ ਆਖਰੀ ਸਟੇਜ 'ਤੇ ਪਹੁੰਚਿਆ ਹੋਇਆ। ਬਹੱਤਰ ਸਾਲ ਦੀ ਉਮਰ ਸੀ ਦਾਦਾ ਜੀ ਦੀ, ਜਦੋਂ ਉਹ ਸਾਨੂੰ ਰੋਂਦਿਆਂ ਛੱਡ ਗਏ ਸਨ। ਪੂਰਾ ਇਕ ਮਹੀਨਾ ਮੈਂ ਹਸਪਤਾਲ ਵਿਚ ਰਹਿ ਕੇ ਉਨ੍ਹਾਂ ਦੀ ਸੇਵਾ ਕੀਤੀ, ਰਾਤ-ਦਿਨ ਉਥੇ ਹੀ ਰਹਿੰਦਾ। ਇਕ ਦਿਨ ਮੈਂ ਦਾਦਾ ਜੀ ਦੇ ਜੰਗਲ-ਪਾਣੀ ਵਾਲੇ ਹੱਥ ਧੋਣ ਲੱਗਿਆ ਤਾਂ ਦਾਦਾ ਜੀ ਨੇ ਮੈਨੂੰ ਬਾਹੋਂ ਫੜ ਕੇ ਗਲ ਨਾਲ ਲਾ ਲਿਆ। ਬੋਲੇ ਕੁਝ ਨਹੀਂ। ਰੋਏ ਬਹੁਤ ਜ਼ਿਆਦਾ। ਮੈਂ ਸਮਝ ਗਿਆ ਸੀ ਕਿ ਦਾਦਾ ਜੀ ਕੀ ਸੋਚਦੇ ਹੋਣੇ ਹਨ ਕਿ ਛੇ ਫੁੱਟ ਤੋਂ ਜ਼ਿਆਦਾ ਕੱਦ ਤੇ ਗਜ਼ ਦੀ ਹਿੱਕ ਵਾਲੇ; ਸਾਰੀ ਉਮਰ ਦੇਸੀ ਖੁਰਾਕ ਖਾਣ ਵਾਲੇ ਬੰਦੇ ਦਾ ਇਸ ਨਾ-ਮੁਰਾਦ ਬਿਮਾਰੀ ਨੇ ਕੀ ਹਾਲ ਬਣਾ ਦਿੱਤਾ ਕਿ ਹੁਣ ਹੱਥ ਵੀ ਪੋਤੇ ਤੋਂ ਧੁਆਉਣੇ ਪੈ ਗਏ। ਅਸੀਂ ਪੂਰੀ ਵਾਹ ਲਾ ਦਿੱਤੀ ਪਰ ਦਾਦਾ ਜੀ ਨੂੰ ਆਰਾਮ ਨਾ ਆਇਆ। ਡਾਕਟਰ ਨੇ ਕਹਿ ਦਿੱਤਾ ਕਿ ਹੁਣ ਬਾਪੂ ਨੂੰ ਘਰ ਲੈ ਜਾਵੋ ਤੇ ਸੇਵਾ ਕਰੋ।

ਅਸੀਂ ਦਾਦਾ ਜੀ ਨੂੰ ਘਰ ਲੈ ਆਏ ਸੇਵਾ ਕਰਦੇ ਪਰ ਦਾਦਾ ਜੀ ਸਾਰੇ ਆਰ-ਪਰਿਵਾਰ ਵੱਲ ਵੇਖ ਕੇ ਰੋਂਦੇ, ਭਰਿਆ ਮੇਲਾ ਛੱਡ ਕੇ ਜਾਣ ਨੂੰ ਕਿਸ ਦਾ ਜੀ ਕਰਦੈ। ਦਾਦਾ ਜੀ ਨੂੰ ਸਾਰੇ ਮਿਲ ਪਏ ਪਰ ਉਨ੍ਹਾਂ ਦੀ ਨਿਗ੍ਹਾ ਆਪਣੇ ਪੜ-ਪੋਤੇ ਨੂੰ ਲੱਭ ਰਹੀ ਸੀ। ਦਾਦਾ ਜੀ ਨੇ ਮੈਨੂੰ ਪੁੱਛਿਆ ਕਿ ਬਿੱਕੀ ਨਹੀਂ ਆਇਆ। (ਬਿੱਕੀ ਮੇਰਾ ਵੱਡਾ ਲੜਕਾ ਹੈ) "ਦਾਦਾ ਜੀ ਬਿੱਕੀ ਤੇ ਉਸ ਦੀ ਮਾਂ ਲੰਮੇ ਜੱਟਪੁਰੇ ਆਪਣੇ ਪੇਕਿਆਂ ਨੂੰ ਗਏ ਹਨ।" ਮੈਂ ਉਤਰ ਦਿੱਤਾ।

"ਜਾਹ ਤੂੰ ਉਨ੍ਹਾਂ ਨੂੰ ਲੈ ਕੇ ਆ" ਦਾਦਾ ਜੀ ਨੇ ਮੈਨੂੰ ਕਿਹਾ। ਦਾਦਾ ਜੀ ਮਰਦੇ ਦਮ ਤੱਕ ਵਧੀਆ ਬੋਲਦੇ ਰਹੇ। ਮੈਂ ਦਾਦਾ ਜੀ ਨੂੰ ਨਹਾਉਣ ਦੇ ਲਈ ਪਾਣੀ ਗਰਮ ਰਖਾ ਦਿੱਤਾ ਕਿ ਦਾਦਾ ਜੀ ਨੂੰ ਆ ਕੇ ਨੁਹਾਵਾਂਗਾ।

ਮੈਂ ਦੋ ਘੰਟਿਆਂ ਵਿਚ ਆਪਣੀ ਘਰਵਾਲੀ ਅਤੇ ਪੁੱਤਰ ਨੂੰ ਸਕੂਟਰ 'ਤੇ ਬਿਠਾ ਕੇ ਆਇਆ ਤਾਂ ਦਾਦਾ ਜੀ ਨੇ ਆਪਣੀਆਂ ਬਾਹਾਂ ਖਿਲਾਰ ਦਿੱਤੀਆ ਅਤੇ ਬਿੱਕੀ, ਦਾਦਾ ਜੀ ਦੀ ਹਿੱਕ ਨੂੰ ਚਿੰਬੜ ਗਿਆ। ਸੱਚ ਜਾਣਿਓ! ਪੂਰੇ ਪੰਦਰਾਂ ਮਿੰਟ ਦਾਦਾ ਜੀ ਨੇ ਬਿੱਕੀ ਨੂੰ ਨਹੀਂ ਛੱਡਿਆ ਅਤੇ ਬਿੱਕੀ ਉਦੋਂ ਦੋ ਸਾਲ ਦਾ ਸੀ, ਦਾਦਾ ਜੀ ਨਾਲ ਚੁੰਬੜਿਆ ਰਿਹਾ। ਇਸ ਦ੍ਰਿਸ਼ ਨੂੰ ਸਾਡਾ ਪਰਿਵਾਰ ਦੇਖ ਰਿਹਾ ਸੀ। ਨਾਲ ਹੀ ਪੰਜ, ਸੱਤ ਔਰਤਾਂ ਅਤੇ ਬੰਦੇ ਹੋਰ ਵੀ ਦੇਖ ਰਹੇ ਸਨ ਜੋ ਦਾਦਾ ਜੀ ਦੀ ਖ਼ਬਰ ਲੈਣ ਆਏ ਸਨ। ਦਾਦਾ ਜੀ ਬਹੁਤ ਰੋਏ। ਸਾਨੂੰ ਵੀ ਸਾਰਿਆਂ ਨੂੰ ਬਹੁਤ ਰੁਆਇਆ। ਬਿੱਕੀ ਤੋਂ ਦਾਦਾ ਜੀ ਵੱਲ ਦੇਖ ਕੇ ਮੈਨੂੰ ਬਿੱਕੀ ਦੇ ਜਨਮ ਵਾਲਾ ਦਿਨ ਯਾਦ ਆ ਗਿਆ।

ਚਾਰ ਜਨਵਰੀ ਦੀ ਸਵੇਰ ਅਜੇ ਹੋਈ ਸੀ। ਸੂਰਜ ਨੇ ਚੜ੍ਹਨ ਸਾਰ ਹੀ ਸਾਡੇ ਵਿਹੜੇ ਵਿਚ ਚਾਨਣ ਹੀ ਚਾਨਣ ਕਰ ਦਿੱਤਾ। ਮੇਰੇ ਸਹੁਰਾ ਸਾਬ੍ਹ ਲੱਡੂਆਂ ਦਾ ਡੱਬਾ ਹੱਥ ਫੜੀ ਬੂਹਾ ਲੰਘ ਆਏ। ਮੇਰੀ ਬੀਬੀ ਨੂੰ ਦੇਖ ਕੇ ਵਧਾਈਆਂ ਦਿੱਤੀਆਂ। ਦੱਸਿਆ ਕਿ ਆਪਣੀ ਬੀਰਾਂ ਕੋਲ ਮੁੰਡਾ ਹੋਇਐ। ਮੈਨੂੰ ਵੀ ਸੁਣਨ ਸਾਰ ਚਾਅ ਚੜ੍ਹ ਗਿਆ, ਪਰਮਾਤਮਾ ਨੇ ਪਹਿਲੀ ਵਾਰ ਹੀ ਭੁਜੰਗੀ ਦੀ ਦਾਤ ਬਖ਼ਸ਼ ਦਿੱਤੀ। ਬੀਬੀ ਨੇ ਚਾਹ ਧਰਨ ਉਪਰੰਤ ਮੈਨੂੰ ਕਿਹਾ, "ਪੱਕੇ ਦਰਵਾਜੇ ਤੇਰੇ ਦਾਦਾ ਜੀ ਬੈਠੇ ਨੇ, ਜਾਹ ਸੱਦ ਲਿਆ।" ਮੈਂ ਭੱਜ ਕੇ ਦਾਦਾ ਜੀ ਨੂੰ ਬੁਲਾਉਣ ਨਿਕਲ ਪਿਆ। ਮੈਂ ਦਾਦਾ ਜੀ ਨੂੰ ਕਿਹਾ, "ਦਾਦਾ ਜੀ ਘਰ ਚੱਲੋ, ਕੰਮ ਹੈ।"

"ਮੈਂ ਤਾਂ ਹੁਣੇ ਆ ਕੇ ਬੈਠਾ ਹਾਂ। ਕੀ ਹੋ ਗਿਆ।" ਦਾਦਾ ਜੀ ਨੇ ਪੁੱਛਿਆ।

"ਦਾਦਾ ਜੀ ਤੁਸੀਂ ਪੜ-ਦਾਦੇ ਬਣ ਗਏ ਹੋ।" ਮੈਂ ਖੁਸ਼ੀ ਵਿਚ ਉਛਲ ਕੇ ਦੱਸਿਆ। ਇਹ ਸੁਣਨ ਸਾਰ ਦਾਦਾ ਜੀ ਝੱਟ ਖੜ੍ਹੇ ਹੋ ਗਏ। ਘਰ ਆ ਕੇ ਪਹਿਲਾਂ ਦਾਦਾ ਜੀ ਦਾ ਮੂੰਹ ਮਿੱਠਾ ਕਰਵਾਇਆ। ਦਾਦਾ ਜੀ ਤੋਂ ਚਾਅ ਚੁੱਕ ਨਹੀਂ ਹੁੰਦਾ ਸੀ। ਕਹਿੰਦੇ ਨੇ "ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ", ਇਹ ਵਿਆਜ ਤੋਂ ਵਿਆਜ ਮਿਲ ਗਿਆ ਸੀ। ਮੈਂ ਖੜ੍ਹਾ ਸੋਚਦਾ, ਰੱਬ ਦਿਨਾਂ ਵਿਚ ਕਿੰਨਾ ਫਰਕ ਪਾ ਦਿੰਦਾ ਹੈ। ਉਹ ਦਿਨ ਬਿੱਕੀ ਦੇ ਆਉਣ ਦੀ ਖੁਸ਼ੀ ਦਾ ਸੀ ਅਤੇ ਆਹ ਦਿਨ ਦਾਦਾ ਜੀ ਦੇ ਜਾਣ ਦਾ। ਇਸ ਦਿਨ ਦਾਦਾ ਜੀ ਨੇ ਜਾਣਾ ਹੈ ਤੇ ਵਾਪਸ ਕਦੇ ਮੁੜਨਾ ਨਹੀਂ। ਆਉਂਦਿਆਂ ਦੀਆਂ ਲੱਖ ਖੁਸ਼ੀਆਂ, ਜਾਂਦਿਆਂ ਵਿਛੋੜੇ ਔਖੇ ਨੇ।

ਫਿਰ ਮੈਨੂੰ ਆਪਣੇ ਮੰਗਣੇ ਵਾਲਾ ਦਿਨ ਯਾਦ ਆ ਗਿਆ। ਇਸ ਦਿਨ ਦਾਦਾ ਜੀ ਦੀ ਨਵੀਂ ਲਿਆਂਦੀ ਪੱਗ ਬੰਨ੍ਹੀ ਨਹੀਂ ਜਾ ਰਹੀ ਸੀ। ਮੰਗਣੇ ਵਾਲੇ ਆ ਗਏ ਸਨ। ਮੈਂ ਪੱਗ ਪਹਿਲੀ ਵਾਰ ਹੀ ਬੰਨ੍ਹ ਲਈ ਸੀ ਤੇ ਦਾਦਾ ਜੀ ਨਵੀਂ ਪੱਗ ਨੂੰ ਮਧੋਲੀ ਜਾ ਰਹੇ ਸਨ। ਆਖਰ ਮੈਂ ਹੱਸਦਿਆਂ ਕਹਿ ਦਿੱਤਾ, "ਦਾਦਾ ਜੀ ਮੰਗਣਾ ਤੁਹਾਡਾ ਹੈ ਜਿਹੜੀ ਇੰਨੀ ਟੌਹਰ ਕੱਢੀ ਜਾਂਦੇ ਹੋ?" ਦਾਦਾ ਜੀ ਮੇਰੇ ਚੰਗੇ ਮਿੱਤਰ ਵੀ ਸਨ। ਕਹਿੰਦੇ, "ਮੈਂ ਆਪਣੇ ਪਹਿਲੇ ਪੋਤੇ ਦਾ ਵਿਆਹ ਕਰਨ ਲੱਗਿਆ ਹਾਂ, ਮੈਨੂੰ ਟੌਹਰ ਕੱਢਣੀ ਚਾਹੀਦੀ ਹੈ।" ਮੈਂ ਮੰਗਣੇ ਲਈ ਵਿਛਾਏ ਗਦੇਲੇ 'ਤੇ ਬੈਠ ਗਿਆ। ਟੇਢੀ ਅੱਖ ਨਾਲ ਦਾਦਾ ਜੀ ਵੱਲ ਵੇਖਦਾ ਕਿ ਆਉਂਦੇ ਹਨ ਕਿ ਨਹੀਂ। ਦਾਦਾ ਜੀ ਆਏ ਪਰ ਪਰਨਾ ਬੰਨ੍ਹ ਕੇ। ਪੱਗ ਬੰਨ੍ਹ ਹੀ ਨਾ ਹੋਈ। ਮੈਨੂੰ ਸ਼ਗਨ ਪਾਉਣ ਸਮੇਂ ਉਨ੍ਹਾਂ ਨੇ ਫੋਟੋ ਖਿਚਵਾਈ। ਇਹੀ ਫੋਟੋ ਅੱਜ ਸਾਡੇ ਗੈਸਟ ਰੂਮ ਵਿਚ ਦਾਦਾ ਜੀ ਦੀ ਯਾਦ ਨੂੰ ਤਾਜ਼ਾ ਰੱਖ ਰਹੀ ਹੈ।

...ਹੁਣ ਮੈਂ ਦਾਦਾ ਜੀ ਨੂੰ ਨਹਾਉਣ ਦੀ ਤਿਆਰੀ ਕਰਨ ਲੱਗਿਆ। ਗੱਠਿਆ ਹੋਇਆ ਸਰੀਰ ਪਿੰਜਰ ਬਣ ਗਿਆ। ਜਦੋਂ ਵੀ ਦਾਦਾ ਜੀ ਨਹਾਉਣ ਲੱਗਦੇ, ਮੈਨੂੰ ਸੱਦ ਕੇ ਮਲਣ ਵਾਸਤੇ ਕਹਿੰਦੇ। ਮੈਂ ਦਾਦਾ ਜੀ ਨੂੰ ਦਹੀਂ ਮਲਦਾ ਰਹਿੰਦਾ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਰੀਰ ਨੂੰ ਸਾਬਣ ਨਹੀਂ ਲਾਇਆ, ਲੱਸੀ-ਦਹੀਂ ਨਾਲ ਨਹਾਉਂਦੇ ਰਹੇ ਸਨ। ਮਲ-ਮਲ ਵਰਗੇ ਸਰੀਰ ਦਾ ਕੀ ਹਾਲ ਹੋਇਆ ਪਿਆ ਸੀ। ਮੈਂ ਦਾਦਾ ਜੀ ਨੂੰ ਪੂਰੀ ਰੂਹ ਨਾਲ ਨੁਹਾਇਆ। ਨਵੇਂ ਕੱਪੜੇ ਪਾ ਦਿੱਤੇ। ਘਰ ਦਾ ਮਾਹੌਲ ਗਮਗੀਨ ਹੋਇਆ ਪਿਆ ਸੀ। ਨਾ ਕਿਸੇ ਖਾਧਾ, ਨਾ ਪਕਾਇਆ। ਦਾਦਾ ਜੀ ਨੂੰ ਦੇਖ ਕੇ ਮੇਰੀ ਘਰਵਾਲੀ ਬੇਹੋਸ਼ ਹੀ ਹੋ ਗਈ। ਉਸ ਨੂੰ ਚੁੱਕ ਕੇ ਮੁੱਲਾਂਪੁਰ ਲੈ ਕੇ ਗਏ। ਉਥੇ ਸਾਨੂੰ ਸ਼ਾਮ ਹੋ ਗਈ। ਜਦੋਂ ਡਾਕਟਰ ਨੇ ਛੁੱਟੀ ਦਿੱਤੀ ਤਾਂ ਵਾਪਸ ਮੁੜਦਿਆਂ ਸਾਨੂੰ ਸਾਡੇ ਗੁਆਂਢੀ ਮਿਲ ਪਏ ਜਿਨ੍ਹਾਂ ਦੱਸਿਆ ਕਿ ਦਾਦਾ ਜੀ ਸੁਰਗਵਾਸ ਹੋ ਗਏ ਹਨ। ਆਖਰੀ ਵਾਰ ਮੇਰਾ ਨਾਂ ਲੈ ਕੇ ਸੱਦ ਰਹੇ ਸਨ। "ਮੋਜੀ। ਉਏ ਮੋਜੀ ਮੈਂ ਗਿਆ। ਸ਼ੇਰਾ ਮੈਨੂੰ ਬਚਾ ਲੈ।" ਮੇਰੇ ਚਾਚੇ ਤੋਂ ਦੋ ਚਮਚੇ ਪਾਣੀ ਦੇ ਪੁਆ ਕੇ ਦਾਦਾ ਜੀ ਅੱਖਾਂ ਮੀਟ ਗਏ। ਉਹ ਹਰ ਪਲ ਦਾਦਾ ਜੀ ਨਾਲ ਰਹਿੰਦਾ ਸੀ। ਸੇਵਾ ਵੀ ਬਹੁਤ ਕੀਤੀ ਪਰ ਅੰਤ ਸਮੇਂ ਮੈਂ ਉਨ੍ਹਾਂ ਨੂੰ ਦੇਖ ਨਾ ਸਕਿਆ। ਮੂੰਹ ਵਿਚ ਦੋ ਬੂੰਦਾਂ ਪਾਣੀ ਨਾ ਪਾ ਸਕਿਆ। ਇਹ ਗੱਲ ਮੈਨੂੰ ਮੇਰੀ ਰਹਿੰਦੀ ਜ਼ਿੰਦਗੀ ਤੱਕ ਤੜਫਾਉਂਦੀ ਰਹੇਗੀ।

ਦੂਜੇ ਦਿਨ ਦਾਦਾ ਜੀ ਦਾ ਸਸਕਾਰ ਕਰ ਦਿੱਤਾ। ਸਾਰੇ ਕਹਿਣ ਪੜ-ਪੋਤੇ ਵਾਲਾ ਹੋ ਕੇ ਮੁੱਕਿਆ, ਜਲੇਬੀਆਂ ਖੁਆਉਣੀਆਂ ਨੇ। ਜਨਾਨੀਆਂ ਦੇ ਅੱਗੇ ਸਾਡੀ ਕੋਈ ਪੇਸ਼ ਨਾ ਗਈ। ਭੋਗ ਤੋਂ ਇਕ ਦਿਨ ਪਹਿਲਾਂ ਹੀ ਹਲਵਾਈ ਲਾ ਦਿੱਤਾ। ਸਾਰੇ ਪਿੰਡ ਨੂੰ ਸੱਦਾ। ਰਿਸ਼ਤੇਦਾਰ, ਸੱਜਣ ਮਿੱਤਰ ਆਏ। ਮੇਰਾ ਰੋਣਾ ਇਕ ਮਿੰਟ ਵੀ ਨਾ ਰੁਕਿਆ। ਸਾਡੇ ਘਰ ਵਿਚ ਚਾਰੇ ਪਾਸੇ ਜਲੇਬੀਆਂ ਤੁਰੀਆਂ ਫਿਰਨ। ਮੈਨੂੰ ਬਹੁਤ ਗੁੱਸਾ ਆਉਂਦਾ ਪਰ ਮੈਂ ਕੀ ਕਰ ਸਕਦਾ ਸੀ।

ਜਿਹੜੇ ਭੱਠੀ 'ਤੇ ਕੰਮ ਕਰਵਾਉਣ ਆਏ, ਭੋਗ 'ਤੇ ਆਏ ਨਜ਼ਦੀਕੀ ਰਿਸ਼ਤੇਦਾਰ ਦਾਦਾ ਜੀ ਦੇ ਖੇਤੀਬਾੜੀ ਵਾਲੇ ਸੰਦ-ਸਾਂਭੇ ਹੋਏ ਦੇਖ ਕੇ ਹੈਰਾਨ ਹੋ ਗਏ। ਪੰਦਰਾਂ ਖਣਾਂ ਦਾ ਪਸ਼ੂਆਂ ਵਾਲਾ ਬਰਾਂਡਾ ਸੀ ਜਿਸ ਦੀ ਕੰਧ ਨਾਲ ਹਲ, ਪੰਜਾਲੀ, ਸੁਹਾਗੀ, ਬੀਜਣ ਵਾਲਾ ਮੁੰਨਾ, ਰੱਸੇ ਰੱਸੀਆਂ, ਉਲਟਾਵੇਂ ਹਲ, ਬਲਦਾਂ ਦਾ ਝੁੱਲ ਆਦਿ ਇਸ ਢੰਗ ਨਾਲ ਟੰਗੇ ਹੋਏ ਸਨ ਜਿਵੇਂ ਇਹ ਖੇਤੀਬਾੜੀ ਦੇ ਸੰਦਾਂ ਦਾ ਅਜਾਇਬ ਘਰ ਹੋਵੇ। ਕੋਈ ਕਹਿੰਦਾ ਜੱਟ ਪੂਰਾ ਸ਼ੌਕੀਨ ਸੀ। ਕੋਈ ਕਹਿੰਦਾ ਵਹਿਮੀ ਸੀ। ਸੰਦਾਂ ਨੂੰ ਮਿੱਟੀ ਨਹੀਂ ਸੀ ਲੱਗਣ ਦਿੰਦਾ। ਕੋਈ ਕਹਿੰਦਾ ਬਾਬਾ ਨਾਮ ਪੰਡਿਤ ਤੋਂ ਪੁੱਛ ਕੇ ਕਣਕ ਬੀਜਦਾ ਸੀ ਕਿ "ਪੰਡਿਤ ਜੀ! ਧਰਤੀ ਸੁੱਤੀ ਹੈ ਕਿ ਜਾਗਦੀ?" ਦਾਦਾ ਜੀ ਦੇ ਹਾਣੀ ਉਸ ਦੇ ਜਵਾਨੀ ਦੇ ਸਮੇਂ ਦੀਆਂ ਗੱਲਾਂ ਕਰਦੇ।

ਦਾਦਾ ਜੀ ਦੀ ਅੰਤਿਮ ਅਰਦਾਸ ਹੋ ਗਈ। ਫੁੱਲ ਕੀਰਤਪੁਰ ਜਲ ਪ੍ਰਵਾਹ ਕਰ ਦਿੱਤੇ। ਸਾਡੇ ਬੱਚੇ ਵੀ ਜਵਾਨ ਹੋ ਗਏ। ਸਮਾਂ ਬੀਤਦਾ ਜਾਂਦਾ ਹੈ ਪਰ ਦਾਦਾ ਜੀ ਦੀ ਯਾਦ ਅੱਜ ਵੀ ਸੀਨੇ ਵਿਚ ਵੱਸਦੀ ਹੈ।

ਦਾਦਾ ਜੀ ਦਾ ਇਕ ਮਿੱਤਰ ਸੂਬੇਦਾਰ ਲੁਧਿਆਣੇ ਰਹਿੰਦਾ ਸੀ। ਉਸ ਦੀ ਕਿੱਲਾ ਕੁ ਜ਼ਮੀਨ ਅਸੀਂ ਠੇਕੇ 'ਤੇ ਵਾਹੁੰਦੇ ਸੀ। ਜਦੋਂ ਅਸੀਂ ਉਸ ਨੂੰ ਮਾਮਲਾ ਦੇਣ ਲੁਧਿਆਣੇ ਜਾਣਾ ਤਾਂ ਪਹਿਲਾਂ ਸੂਬੇਦਾਰ ਦੇ ਸ਼ੇਰ ਵਰਗੇ ਕੁੱਤੇ ਨੇ ਕੁੱਦ-ਕੁੱਦ ਪੈਣਾ। ਫਿਰ ਸੂਬੇਦਾਰਨੀ ਨੇ ਨੱਕ ਬੁੱਲ੍ਹ ਚਾੜ੍ਹਦੀ ਨੇ ਚਾਹ ਬਣਾ ਲੈਣੀ। ਨਾਲ ਇਕ ਲੰਡਾ ਜਿਹਾ ਪਰੌਂਠਾ ਦੇ ਦੇਣਾ। ਨਿੱਕੀ ਜਿਹੀ ਕੱਪੀ ਵਿਚ ਚਾਹ ਦੇ ਦੇਣੀ। ਉਤੋਂ ਸੂਬੇਦਾਰ ਨੇ ਕਹਿਣਾ, "ਰੋਟੀ ਮੂੰਹ ਮੀਚ ਕੇ ਖਾਇਓ। ਚਾਹ ਵੀ ਮੂੰਹ ਮੀਚ ਕੇ ਪੀਓ। ਨਹੀਂ ਤਾਂ ਸੂਬੇਦਾਰਨੀ ਗੁੱਸੇ ਹੋ ਜਾਊ।" ਮੈਂ ਫੌਜੀਆਂ ਦੇ ਵੱਖਰੇ ਹੀ ਕਾਨੂੰਨ ਦੇਖ ਕੇ ਹੈਰਾਨ ਹੋਈ ਜਾਂਦਾ। ਰੱਬ ਨੇ ਸਾਡੀ ਸੁਣ ਲਈ। ਇਹ ਕਿੱਲਾ ਜ਼ਮੀਨ ਸੂਬੇਦਾਰ ਸਾਨੂੰ ਬੈ ਲਿਖਾ ਗਿਆ। ਫਿਰ ਲੰਡੇ ਜਿਹੇ ਪਰੌਂਠੇ ਤੋਂ ਖਹਿੜਾ ਛੁੱਟਿਆ।

ਹਸਪਤਾਲ ਵਿਚ ਮੈਂ ਦਾਦਾ ਜੀ ਤੋਂ ਪੁੱਛਿਆ ਸੀ ਕਿ ਦਾਦਾ ਜੀ ਆਪਣਾ ਪਰਿਵਾਰ ਕਿਉਂ ਵੈਸ਼ਨੂੰ ਹੈ? ਨਾ ਕੋਈ ਘਰ ਵਿਚ ਅੰਮ੍ਰਿਤਧਾਰੀ ਹੈ, ਨਾ ਕੋਈ ਨਾਮ ਲਿਆ ਹੋਇਆ। ਫਿਰ ਵੈਸ਼ਨੂੰ ਕਿਉਂ?

ਦਾਦਾ ਜੀ ਨੇ ਦੱਸਿਆ ਸੀ, "ਮੇਰਾ ਇਕ ਚਾਚਾ ਗੋਰਿਆਂ ਦੀ ਫੌਜ ਵਿਚ ਸ਼ਹੀਦ ਹੋ ਗਿਆ ਸੀ। ਉਸ ਦਾ ਪਹਿਰਾ ਰਹਿੰਦਾ ਆਪਣੇ ਘਰ। ਦੂਜਾ, ਜੋ ਮੇਰੇ ਨਾਲ ਹੋਈ ਸੀ, ਮੈਂ ਤੇ ਮੇਰਾ ਇਕ ਮਿੱਤਰ ਜੋ ਮੁੱਲਾਂਪੁਰ ਪਿੰਡ ਵਿਆਹਿਆ ਹੋਇਆ ਸੀ। ਅਸੀਂ ਦੋਵੇਂ ਜਣੇ ਕਣਕ, ਤੂੜੀ ਸਾਂਭ ਕੇ ਸਹੁਰੀਂ ਜਾਣ ਦੀ ਸਲਾਹ ਬਣਾ ਲਈ। ਪਹਿਲਾਂ ਉਸ ਦੇ ਸਹੁਰੀਂ ਜਾਣਾ ਸੀ। ਫਿਰ ਮੇਰੇ ਸਹੁਰੀਂ ਪਿੰਡ ਭਨੋਹੜ। ਦੋਵੇਂ ਨੇੜੇ-ਨੇੜੇ ਹੀ ਸਨ। ਮੁੱਲਾਂਪੁਰ ਤੱਕ ਤੁਰ ਕੇ ਗਏ। ਮੁੱਲਾਂਪੁਰ ਜਾ ਕੇ ਅਸੀਂ ਸਾਲਮ ਤਾਂਗਾ ਕਰ ਲਿਆ। ਮਿੱਤਰ ਕੋਲ ਘਰ ਦੀ ਕੱਢੀ ਦੀ ਬੋਤਲ ਸੀ। ਦੋ-ਦੋ ਪੈਗ ਪੀ ਲਏ। ਮੈਂ ਜ਼ਿੱਦ ਕਰਕੇ ਤਾਂਗਾ ਭਨੋਹੜਾਂ ਨੂੰ ਸਿੱਧਾ ਕਰਵਾ ਲਿਆ। ਇਕ-ਇਕ ਪੈਗ ਹੋਰ ਲਾ ਲਿਆ। ਸਾਨੂੰ ਚੰਗਾ ਸਰੂਰ ਹੋ ਗਿਆ। ਸਹੁਰਿਆਂ ਦਾ ਚਾਅ, ਚੜ੍ਹੀ ਨਾਲੋਂ ਜ਼ਿਆਦਾ ਨਸ਼ਾ ਕਰੀ ਜਾ ਰਿਹਾ ਸੀ। ਰਸਤੇ ਵਿਚ ਦੋ ਸਿਪਾਹੀ ਅਤੇ ਥਾਣੇਦਾਰ ਖੜ੍ਹਾ ਸੀ। ਉਨ੍ਹਾਂ ਨੇ ਤਾਂਗਾ ਰੁਕਵਾ ਲਿਆ ਤੇ ਤਾਂਗੇ 'ਤੇ ਚੜ੍ਹ ਗਏ। ਮੈਂ ਕਿਹਾ, ਤਾਂਗਾ ਸਾਡਾ ਸਾਲਮ ਕੀਤਾ ਹੋਇਐ। ਇਸ ਗੱਲ 'ਤੇ ਤੂੰ-ਤੂੰ ਮੈਂ-ਮੈਂ ਹੋ ਗਈ। ਮੈਂ ਥਾਣੇਦਾਰ ਦੇ ਚਾਰ ਮੁੱਕੀਆਂ ਜੜ੍ਹ ਦਿੱਤੀਆਂ। ਨਾਲ ਹੀ ਮੇਰਾ ਮਿੱਤਰ ਲੱਗ ਗਿਆ। ਸਿਪਾਹੀ ਪੱਤਰੇ ਵਾਚ ਗਏ। ਥਾਣੇਦਾਰ ਨੂੰ ਕੁੱਟ ਕੇ ਉਥੇ ਹੀ ਛੱਡ ਦਿੱਤਾ। ਅਸੀਂ ਇਕ-ਇਕ ਪੈਗ ਹੋਰ ਲਾ ਲਿਆ। ਅਜੇ ਭਨੋਹੜਾਂ ਦੀ ਜੂਹ ਵਿਚ ਵੜੇ ਸੀ ਕਿ ਪੁਲਿਸ ਨੇ ਫੜ ਕੇ ਥਾਣੇ ਲੈ ਆਂਦਾ। ਸਾਡੀ ਚੰਗੀ ਤੌਣੀ ਲਾਈ। ਸਵੇਰੇ ਪਿੰਡੋਂ ਬੰਦੇ ਗਏ ਤਾਂ ਸਾਨੂੰ ਛੁਡਾ ਕੇ ਲਿਆਂਦਾ। ਉਸ ਦਿਨ ਤੋਂ ਸਹੁੰ ਖਾ ਲਈ ਕਿ ਮੇਰੇ ਜਿਉਂਦੇ ਜੀਅ ਸਾਡੇ ਘਰ ਵਿਚ ਸ਼ਰਾਬ-ਮੀਟ-ਅੰਡਾ ਨਹੀਂ ਵੜੇਗਾ। ਨਾ ਮੈਂ ਸ਼ਰਾਬ ਨੂੰ ਮੂੰਹ ਲਾਵਾਂਗਾ।"

ਇਹ ਸਹੁੰ ਦਾਦਾ ਜੀ ਨੇ ਮਰਨ ਤੱਕ ਨਿਭਾਈ। ਮੇਰੀ ਘਰਵਾਲੀ ਦੇ ਰਿਸ਼ਤੇ ਵਿਚੋਂ ਲੱਗਦਾ ਇਕ ਭਰਾ, ਪੰਜ ਵਾਰ ਤਾਂ ਅੰਮ੍ਰਿਤ ਛੱਕ ਚੁੱਕਿਐ ਅਤੇ ਦਸ ਵਾਰ ਪੀਟਰ ਇੰਜਣ ਵਾਂਗ ਸਾਰਾ ਬੰਨ੍ਹਿਆ ਗਿਆ ਹੈ ਪਰ ਪੀਣੋਂ ਅਜੇ ਵੀ ਨਹੀਂ ਹਟਦਾ। ਥਾਣੇ ਤਾਂ ਕਈ ਵਾਰ ਜਾ ਆਇਆ ਹੈ ਪਰ ਮੈਨੂੰ ਮਾਣ ਹੈ ਕਿ ਦਾਦਾ ਜੀ ਨੇ ਇਕ ਗਲਤੀ ਤੋਂ ਸਬਕ ਸਿੱਖ ਕੇ ਸਾਰੀ ਜ਼ਿੰਦਗੀ ਸ਼ਰਾਬ ਨਹੀਂ ਪੀਤੀ, ਨਾ ਘਰ ਵਾੜੀ ਸੀ। ਤੇ ਅੱਜ ਵੀ ਅਸੀਂ ਵੈਸ਼ਨੂੰ ਹੀ ਹਾਂ। ਅੱਜ ਵੀ ਸਾਡੇ ਘਰ ਸ਼ਰਾਬ, ਅੰਡਾ, ਮੀਟ ਨਹੀਂ ਵੜਦਾ।

# ਜਦੋਂ ਸ਼ਬਦਾਂ ਨੂੰ ਅਰਥ ਖਾ ਜਾਣ...



ਜੀਵਨ ਜਾਚ

ਅਜੈ ਤਨਵੀਰ

ਗਿਆਨ ਸਮੁੰਦਰ ਵਾਂਗ ਹੈ, ਸਾਡਾ ਮਨ ਸਮਝੋ ਬਾਲਟੀ। ਜਿੰਨੀਆਂ ਮਰਜ਼ੀ ਬਾਲਟੀਆਂ ਇਸ ਗਿਆਨ ਦੇ ਸਮੁੰਦਰ ਵਿਚੋਂ ਭਰ ਲਵੋ, ਕਦੇ ਵੀ ਮੁੱਕਦਾ ਨਹੀਂ। ਇਹ ਜਜ਼ਬਾ ਤੁਹਾਡੇ ਅੰਦਰ ਹੋਣਾ ਚਾਹੀਦਾ ਹੈ ਕਿ ਤੁਸੀਂ ਇਹ ਗਿਆਨ ਕਿੰਨਾ ਪ੍ਰਾਪਤ ਕਰਨਾ ਹੈ। ਖਾਣ ਦੇ ਹਿਸਾਬ ਨਾਲ ਕਹਿ ਲਓ ਜਾਂ ਕੁਝ ਹਾਸਲ ਕਰਨ ਦਾ ਹਿਸਾਬ ਲਾ ਲਓ, ਬੰਦਾ ਸਦਾ ਲਾਲਸਾਵਾਂ 'ਚ ਘਿਰਿਆ ਰਹਿੰਦਾ ਹੈ।

ਪੜ੍ਹਨ-ਸੁਣਨ ਵਿਚ ਆਇਆ ਹੈ ਕਿ ਕਈ ਪਸ਼ੂ-ਪੰਛੀਆਂ ਦੀਆਂ ਗਿਆਨ ਇੰਦਰੀਆਂ ਮਨੁੱਖ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹਨ, ਜਿਵੇਂ ਇੱਲ, ਕੁੱਤਾ ਅਤੇ ਕੀੜੀ। ਫਿਰ ਵੀ ਪਸ਼ੂ-ਪੰਛੀਆਂ ਦਾ ਦਿਮਾਗ ਮਨੁੱਖ ਨਾਲੋਂ ਵਧੇਰੇ ਸਾਬਤ ਨਹੀਂ ਹੋਇਆ। ਆਦਮੀ ਅਜਿਹੀ ਸ਼ੈਅ ਦਾ ਨਾਂ ਏ ਜਿਸ ਦਾ ਦਿਮਾਗ ਬਹੁਤ ਕੁਝ ਕਰ ਚੁੱਕਾ ਹੈ, ਬਹੁਤ ਕੁਝ ਕਰ ਰਿਹਾ ਹੈ ਅਤੇ ਬਹੁਤ ਕੁਝ ਕਰਨਾ ਅਜੇ ਬਾਕੀ ਹੈ।

ਜਿਉਂ-ਜਿਉਂ ਮਨੁੱਖ ਦੁੱਖਾਂ ਦੀ ਦਲ-ਦਲ ਵਿਚ ਧਸਦਾ ਗਿਆ, ਉਸੇ ਤਰ੍ਹਾਂ ਹੀ ਉਸ ਦਾ ਆਪਣੇ-ਆਪ ਤੋਂ ਵਿਸ਼ਵਾਸ ਉਠਦਾ ਗਿਆ। ਆਦਮੀ ਕਦੇ ਇਹ ਨਹੀਂ ਸੋਚਦਾ ਕਿ ਦਰਿਆ ਛਰਾਟਿਆਂ ਨਾਲ ਨਹੀਂ, ਕਣੀਆਂ ਨਾਲ ਆਉਂਦੇ ਨੇ। ਉਜਾਗਰ ਸਿੰਘ ਦੇ ਘਰ ਪਤਾ ਨਹੀਂ ਕਿੰਨੇ ਕੁ ਸਾਲਾਂ ਮਗਰੋਂ ਪਰਮਾਤਮਾ ਨੇ ਪੁੱਤਰ ਦੀ ਦਾਤ ਬਖ਼ਸ਼ੀ। ਘਰ ਵਿਚ ਖੁਸ਼ੀਆਂ ਦੀ ਲਹਿਰ ਦਾ ਪਤਾ ਨਹੀਂ ਲਗਦਾ ਸੀ। ਸਾਰੇ ਪਿੰਡ ਨੂੰ ਲੰਗਰ-ਪਾਣੀ ਛਕਾਇਆ ਗਿਆ। ਪੁੱਤ ਦੀਆਂ ਖੁਸ਼ੀਆਂ ਦਾ ਉਜਾਗਰ ਸਿੰਘ ਤੇ ਉਸ ਦੀ ਪਤਨੀ ਬੀਰੋ ਪੂਰਾ ਖਿਆਲ ਰੱਖਦੇ। ਅੱਠ ਕਿੱਲਿਆਂ ਦਾ ਮਾਲਕ ਉਜਾਗਰ ਸਿੰਘ ਪੁੱਤਰ ਨੂੰ ਦਿਨੋ-ਦਿਨ ਤਕੜਾ ਹੁੰਦਾ ਵੇਖ ਕੇ ਅੰਦਰੋਂ-ਅੰਦਰੀ ਕਪਾਹ ਵਾਂਗੂ ਖਿੜਿਆ ਰਹਿੰਦਾ। ਐਨਾ ਲਾਡ-ਪਿਆਰ ਕਿ ਜੋ ਪੁੱਤ ਨੇ ਕਹਿਣਾ, ਉਹ ਹੀ ਹਾਜ਼ਰ ਹੁੰਦਾ। ਫਿਰ ਉਮਰ ਦੇ ਢਲਦੇ ਪਰਛਾਵੇਂ ਉਜਾਗਰ ਸਿੰਘ ਦੇ ਦਰਾਂ 'ਤੇ ਦਸਤਕ ਦੇਣ ਲੱਗੇ ਅਤੇ ਪੁੱਤ ਜਵਾਨੀ ਦੇ ਦਿਨਾਂ ਵਿਚ ਪ੍ਰਵੇਸ਼ ਕਰਨ ਲੱਗਾ। ਸਾਰਾ ਦਿਨ ਘਰੋਂ ਬਾਹਰ। ਮਾਂ ਵਿਚਾਰੀ ਕਾਲਜਾ ਫੜ ਕੇ ਬੈਠੀ ਰਹਿੰਦੀ। ਕੀ ਕਰਦੀ ਵਿਚਾਰੀ! ਢਿੱਡ ਦੀਆਂ ਆਂਦਰਾਂ ਨੂੰ ਕਿਥੇ ਚੈਨ ਆਉਂਦਾ। ਮਾਂ ਦੇ ਢਿੱਡ ਤਾਂ ਖੋਹ ਪੈਂਦੀ ਹੀ ਏ ਜਦੋਂ ਪੁੱਤ ਕੁਵੇਲੇ ਘਰ ਆਉਣ ਲੱਗ ਪਵੇ ਪਰ ਪੁੱਤ ਕੀ ਸਮਝੇ ਮਾਂ ਦੇ ਦਿਲ ਦੀਆਂ ਗੱਲਾਂ!

ਪਿੰਡ ਦੇ ਕਈ ਸਿਆਣੇ ਪਤਵੰਤੇ-ਸੱਜਣਾਂ ਨੇ ਕਿਹਾ, "ਉਜਾਗਰਾ ਤੇਰੇ ਪੁੱਤ ਦੀ ਉਠਣੀ-ਬੈਠਣੀ ਅੱਜਕੱਲ੍ਹ ਬਹੁਤ ਮਾੜੇ ਬੰਦਿਆਂ ਨਾਲ ਹੈ।" ਉਜਾਗਰ ਸਿੰਘ ਨੇ ਜਦੋਂ ਵੀ ਪੁੱਤ ਨਾਲ ਇਸ ਬਾਰੇ ਗੱਲ ਕਰਨੀ ਤਾਂ ਉਸ ਨੇ ਅੱਗਿਓਂ ਖੁੰਢੇ ਗੰਡਾਸੇ ਵਾਂਗ ਪੈਣਾ, "ਤੈਨੂੰ ਬਹੁਤ ਪਤਾ ਏ ਬਾਪੂ। ਮੈਂ ਜੋ ਕਰਦਾਂ, ਠੀਕ ਹੀ ਕਰਦਾਂ। ਤੂੰ ਤਾਂ ਆਪਣੀ ਸਾਰੀ ਮਿੱਟੀ ਵਿਚ ਲੰਘਾ ਦਿੱਤੀ, ਸਾਡੇ ਕੋਲੋਂ ਨਹੀਂ ਮਿੱਟੀ ਨਾਲ ਮਿੱਟੀ ਹੋ ਹੋਣਾ।" ਪੁੱਤ ਨੂੰ ਅੱਠ ਖੇਤਾਂ ਦਾ ਟੱਕ ਨਜ਼ਰ ਆਉਂਦਾ ਸੀ। ਦਿਨ ਗੁਜ਼ਰਦੇ ਗਏ। ਬੁਢਾਪਾ ਵਿਹੜੇ ਵਿਚ ਦਰੀ ਵਿਛਾ ਕੇ ਬੈਠ ਗਿਆ। ਸਭ ਕੁਝ ਧੁੰਦਲਾ-ਧੁੰਦਲਾ ਨਜ਼ਰ ਆਉਣ ਲੱਗਾ।

ਅਖੀਰ ਉਹ ਦਿਨ ਆ ਗਿਆ ਜਿਸ ਦਾ ਡਰ ਸੀ। ਪੁੱਤ ਆਪਣੇ ਵੈਲੀ ਯਾਰਾਂ ਨਾਲ ਰਲ ਕੇ ਡਾਕਟਰ ਕੋਲੋਂ ਇਹ ਸਰਟੀਫਿਕੇਟ ਬਣਾ ਲਿਆਇਆ ਕਿ ਉਸ ਦੇ ਬਾਪ ਅਤੇ ਮਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਸ ਕਰਕੇ ਉਨ੍ਹਾਂ ਦੀ ਸਾਰੀ ਜਾਇਦਾਦ ਉਸ ਦੇ ਨਾਂ ਕੀਤੀ ਜਾਵੇ। ਉਜਾਗਰ ਸਿੰਘ ਅਤੇ ਬੀਰੋ ਇਹ ਸੁਣ ਕੇ ਖੜ੍ਹੇ ਦੇ ਖੜ੍ਹੇ ਹੀ ਰਹਿ ਗਏ। ਉਨ੍ਹਾਂ ਨੂੰ ਕੀ ਪਤਾ ਸੀ ਕਿ ਕੰਡਿਆਂ ਤੋਂ ਬਚਦੇ-ਬਚਦੇ ਇਕ ਦਿਨ ਫੁੱਲਾਂ ਕੋਲੋਂ ਵੀ ਜ਼ਖ਼ਮੀ ਹੋਣਾ ਪਵੇਗਾ। ਸਾਡੇ ਪੇਟ ਤੋਂ ਹੀ ਜਨਮ ਲੈ ਕੇ ਇਹ ਮੁੰਡਾ ਸਾਨੂੰ ਹੀ ਖਾ ਜਾਵੇਗਾ ਪਰ ਪੁੱਤ ਇਸ ਗੱਲ ਤੋਂ ਬੇਖ਼ਬਰ ਸੀ ਕਿ ਬਿਨਾ ਕਿਨਾਰਿਆਂ ਦੇ ਪਾਣੀ ਕਦੇ ਵੀ ਦਰਿਆ ਨਹੀਂ ਅਖਵਾ ਸਕਦਾ। ਪੁਲ ਕਿਨਾਰਿਆਂ 'ਤੇ ਟਿਕੇ ਹੁੰਦੇ ਆ, ਦਰਿਆਵਾਂ 'ਤੇ ਨਹੀਂ ਪਰ ਸਮਝੇ ਕੌਣ?

ਜਦੋਂ ਸ਼ਬਦਾਂ ਵਿਚੋਂ ਨਿਕਲੇ ਅਰਥ ਹੀ ਸ਼ਬਦਾਂ ਨੂੰ ਖਾ ਜਾਣ, ਫਿਰ ਤੁਸੀਂ ਆਪ ਸੋਚੋ ਉਹ ਸਮਾਂ ਕਿਸ ਤਰ੍ਹਾਂ ਹੋਵੇਗਾ? ਵਾੜ ਕਦੇ ਵੀ ਖੇਤਾਂ ਨੂੰ ਨਹੀਂ ਕੀਤੀ ਜਾਂਦੀ, ਖੇਤਾਂ ਵਿਚ ਬੀਜੀਆਂ ਫਸਲਾਂ ਨੂੰ ਕੀਤੀ ਜਾਂਦੀ ਏ। ਜਦੋਂ ਫਸਲਾਂ ਹੀ ਇਸ ਵਾੜ ਦੀ ਭੇਟ ਚੜ੍ਹ ਜਾਣ ਤਾਂ ਫਿਰ ਬਾਕੀ ਕੀ ਰਿਹਾ ਜਾਂਦਾ ਹੈ? ਖੇਤ ਖਾਲੀ ਦਾ ਖਾਲੀ! ਆਦਮੀ ਵਿਚੋਂ ਹੀ ਸਾਇੰਸ ਨਿਕਲੀ, ਖੋਜਾਂ ਹੋਈਆਂ! ਆਦਮੀ ਨੇ ਇਹ ਨਹੀਂ ਸੋਚਿਆ ਕਿ ਜੇ ਇਹ ਖੋਜਾਂ ਹੀ ਮੈਨੂੰ ਖਾਣ ਨੂੰ ਪਈਆਂ ਤਾਂ ਮੈਂ ਕੀ ਕਰਨਾ ਏ? ਸਿਆਣੇ ਆਖਦੇ ਨੇ ਕਿ ਜਦੋਂ ਵੀ ਮਰਦਾ ਏ, ਪੱਤਣਾਂ ਦਾ ਤਾਰੂ ਹੀ ਮਰਦਾ ਏ।

ਜਦੋਂ ਵੀ ਜਪਾਨੀਆਂ ਦੀ ਤਕਨਾਲੋਜੀ ਦੀਆਂ ਗੱਲਾਂ ਸੁਣੀਦੀਆਂ ਸਨ ਤਾਂ ਸੋਚੀਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਏ? ਜਪਾਨੀਆਂ ਨੇ ਸਾਇੰਸ ਵਿਚ ਬਹੁਤ ਮੱਲਾਂ ਮਾਰੀਆਂ। ਸਾਡਾ ਭਾਰਤ ਤਾਂ ਉਸ ਅੱਗੇ ਕੁਝ ਵੀ ਨਹੀਂ। ਸਾਡੇ ਭਾਰਤ ਨੂੰ ਤਾਂ ਰਿਸ਼ਵਤਖੋਰੀ, ਘੁਟਾਲਿਆਂ ਤੋਂ ਵਿਹਲ ਮਿਲੇ ਤਾਂ ਹੀ ਉਹ ਆਪਣੇ ਸਾਇੰਸਦਾਨਾਂ ਨੂੰ ਕੁਝ ਕਰਨ ਲਈ ਕਹੇ, ਪਰ ਕੀ ਪਤਾ ਸੀ ਕਿ ਜਪਾਨ ਦੀ ਇਸ ਤਰੱਕੀ ਨੇ ਹੀ ਆਮ ਮਨੁੱਖ ਦੇ ਗਲ ਵਿਚ 'ਗੂਠਾ ਦੇ ਦੇਣਾ ਹੈ'। ਜਾਪਾਨੀਆਂ ਦੀ ਇਸ ਤਕਨਾਲੋਜੀ ਨੇ ਹੀ ਮਾਂਵਾਂ ਦੇ ਪੁੱਤ, ਭੈਣਾਂ ਦੇ ਵੀਰ ਅਤੇ ਪਤਾ ਨਹੀਂ ਕਿੰਨੇ ਬੱਚੇ, ਮਾਂਵਾਂ ਦੇ ਢਿੱਡਾਂ ਵਿਚ ਹੀ ਬਿਨਾ ਜਹਾਨ ਦੇਖੇ ਤੁਰ ਗਏ। ਅਸੀਂ ਤਾਂ ਗੱਲਾਂ ਕਰ ਰਹੇ ਹਾਂ ਜਾਂ ਲਿਖ ਰਹੇ ਹਾਂ ਪਰ ਜਿਨ੍ਹਾਂ ਉਤੇ ਗੁਜ਼ਰੀ ਹੋਵੇਗੀ, ਇਹ ਤਾਂ ਉਨ੍ਹਾਂ ਨੂੰ ਹੀ ਪਤਾ ਹੋਵੇਗਾ ਕਿ ਚੀਸਾਂ ਅਤੇ ਪੀੜਾਂ ਦਾ ਦਰਦ ਕੀ ਹੁੰਦਾ ਏ!

ਲਿਓ ਤਾਲਸਤਾਏ ਆਖਦਾ ਹੈ ਕਿ ਹਰ ਆਦਮੀ ਸੰਸਾਰ ਨੂੰ ਬਦਲਣ ਬਾਰੇ ਪਲ-ਪਲ ਸੋਚ ਰਿਹਾ ਏ। ਉਹ ਆਪਣੇ-ਆਪ ਨੂੰ ਬਦਲਣ ਬਾਰੇ ਕਦੇ ਵੀ ਨਹੀਂ ਸੋਚਦਾ। ਉਸ ਦੀ ਸੋਚ ਆਪਣੇ ਕੰਮਾਂ ਦੁਆਲੇ ਹੀ ਘੁੰਮੀ ਜਾਂਦੀ ਹੈ। ਉਹ ਆਪਣੇ ਕੰਮਾਂ ਨੂੰ ਦੇਖ-ਦੇਖ ਕੇ ਖੁਸ਼ ਹੋਈ ਜਾਂਦਾ ਹੈ। ਆਦਮੀ ਨੇ ਜਿੱਡੀਆਂ ਵੱਡੀਆਂ ਮੱਲਾਂ ਮਾਰੀਆਂ, ਉਨੀ ਹੀ ਉਸ ਦੀ ਦੌੜ ਦੀ ਰਫ਼ਤਾਰ ਵਧੀ ਹੈ। ਉਸ ਨੇ ਕਦੀ ਨਹੀਂ ਸੋਚਿਆ ਕਿ ਇਕ ਦਿਨ ਉਸ ਦੀਆਂ ਇਹ ਖੋਜਾਂ ਹੀ ਉਸ ਦਾ ਵਿਨਾਸ਼ ਕਰਨਗੀਆਂ। ਉਸ ਦੇ ਆਪਣੇ ਅੰਦਰੋਂ ਨਿਕਲਿਆ ਗਿਆਨ-ਵਿਗਿਆਨ ਹੀ ਉਸ ਨੂੰ ਇਕ ਪਲ ਵਿਚ ਨਿਗਲ ਜਾਵੇਗਾ। ਇਨ੍ਹਾਂ ਗੱਲਾਂ ਤੋਂ ਬੇਖ਼ਬਰ ਆਦਮੀ ਪਰਮਾਤਮਾ, ਕੁਦਰਤ ਨੂੰ ਤਾਂ ਬਾਜ਼ਾਰ ਵਿਚ ਵਿਕਣ ਵਾਲੀ ਵਸਤੂ ਹੀ ਸਮਝਣ ਲੱਗ ਪਿਆ ਸੀ ਜਿਸ ਦਾ ਸਿੱਟਾ ਉਹ ਹੁਣ ਭੁਗਤ ਰਿਹਾ ਏ।

ਜਪਾਨ ਦੇ ਵਿੱਤ ਮੰਤਰੀ ਯੋਸ਼ੀਹੋਕਾ ਨੋਦਾ ਦਾ ਅੰਦਾਜ਼ਾ ਏ ਕਿ ਜਪਾਨ ਦਾ ਘੱਟ ਤੋਂ ਘੱਟ ਨੁਕਸਾਨ 4500 ਅਰਬ ਰੁਪਏ ਦੇ ਨੇੜੇ-ਤੇੜੇ ਹੋਇਆ ਏ। ਜਪਾਨੀਆਂ ਨੇ ਕਦੇ ਵੀ ਸੋਚਿਆ ਨਹੀਂ ਸੀ ਕਿ ਉਨ੍ਹਾਂ ਨੂੰ ਕੁਦਰਤ ਦੇ ਕਹਿਰ ਦਾ ਸ਼ਿਕਾਰ ਹੋਣਾ ਪਵੇਗਾ। ਮਾਹਿਰਾਂ ਦਾ ਅਨੁਮਾਨ ਏ ਕਿ ਭੂਚਾਲ ਨੇ ਸਮੁੰਦਰੀ ਪਾਣੀ ਦੀਆਂ ਲਹਿਰਾਂ ਨੂੰ 23 ਫੁੱਟ ਉੱਚਾ ਚੁੱਕ ਦਿੱਤਾ ਸੀ ਜਿਸ ਨਾਲ ਪਤਾ ਨਹੀਂ ਕਿੰਨੇ ਪਿੰਡ ਇਸ ਦੀ ਲਪੇਟ ਵਿਚ ਆ ਗਏ। ਜਦੋਂ ਜਪਾਨੀਆਂ ਉਤੇ ਕੁਦਰਤ ਨੇ ਇਹ ਕਹਿਰ ਢਾਹਿਆ ਤਾਂ ਮੈਨੂੰ ਆਪਣੀ ਕਵਿਤਾ ਦੀਆਂ ਲਾਈਨਾਂ ਯਾਦ ਆ ਗਈਆਂ:

ਬਚਪਨ ਤੋਂ ਹੀ ਹਾਦਸਿਆਂ ਨਾਲ ਯਾਰੀ ਏ।
ਤਾਂ ਹੀ 'ਕੱਲੀ-'ਕੱਲੀ ਰੀਝ ਕੁਆਰੀ ਏ।
ਹਾਸੇ ਜ਼ਖ਼ਮੀ ਹੋਏ ਅਜੇ ਵੀ ਰਿਸਦੇ ਨੇ
ਅੱਖਾਂ ਦੇ ਵਿਚ ਹੰਝੂਆਂ ਦੀ ਕਿਆਰੀ ਏ।

ਇਨ੍ਹਾਂ ਲਾਈਨਾਂ ਦਾ ਜਿਸ ਤਰ੍ਹਾਂ ਮੇਰੇ ਬਚਪਨ ਨਾਲ ਗੂੜ੍ਹਾ ਸਬੰਧ ਏ, ਇਸੇ ਤਰ੍ਹਾਂ ਹੀ ਇਨ੍ਹਾਂ ਸਤਰਾਂ ਦਾ ਮੈਨੂੰ ਲਗਦਾ, ਜਪਾਨ ਵਾਸੀਆਂ ਨਾਲ ਵੀ ਕੋਈ ਰਿਸ਼ਤਾ ਏ। 6 ਅਗਸਤ 1945 ਨੂੰ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ ਜਦੋਂ ਅਮਰੀਕਾ ਨੇ ਪ੍ਰਮਾਣੂ ਹਮਲਾ ਕੀਤਾ ਸੀ, ਉਹ ਤਬਾਹੀ ਸੁਣ ਕੇ ਤਾਂ ਖਿੜੇ ਫੁੱਲ ਵੀ ਮੁਰਝਾ ਗਏ ਸਨ। ਅਜੇ ਤਾਂ ਉਹ ਹਾਦਸੇ ਹੀ ਅੱਖਾਂ ਵਿਚ ਅਥਰੂ ਬਣ ਕੇ ਜੰਮੇ ਪਏ ਨੇ ਕਿ ਇਹ ਇਕ ਹੋਰ ਨਵਾਂ ਕਹਿਰ ਜਪਾਨੀਆਂ ਦੇ ਬੂਹੇ 'ਤੇ ਦਸਤਕ ਦੇ ਗਿਆ। ਸ਼ਾਇਦ ਕੁਦਰਤ ਦੇ ਰੰਗਾਂ ਅੱਗੇ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਆਦਮੀ ਤਾਂ ਕਹਿੰਦਾ ਏ ਤੂੰ ਪਿੱਛੇ ਹਟ ਮੈਂ ਦੇਖਦਾਂ!

ਬੰਦਾ ਆਖਦਾ ਕਰਾਂ ਮੈਂ ਬਾਦਸ਼ਾਹੀ,
ਹੋਣੀ ਆਖਦੀ ਕਰਾਂ ਫ਼ਕੀਰ ਤੈਨੂੰ।
ਬੰਦਾ ਆਖਦਾ ਪਾਵਾਂ ਮੈਂ ਸੂਟ ਨਵੇਂ,
ਹੋਣੀ ਆਖਦੀ ਜੁੜੇ ਨਾ ਲੀਰ ਤੈਨੂੰ।

## ਗਿੱਲ ਇੰਸ਼ੋਰੈਂਸ ਦੇ ਮਾਲਕਾਂ ਹੈਰੀ ਗਿੱਲ ਅਤੇ ਅਵਤਾਰ ਗਿੱਲ ਵਲੋਂ

## ਦੇਸ਼-ਵਿਦੇਸ਼ ਵਿਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਵਿਸਾਖੀ ਮੁਬਾਰਕ !

## ਸਮੂਹ ਸੰਗਤ ਖਾਲਸਾ ਪੰਥ ਦੇ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ



ਹੈਰੀ ਗਿੱਲ



ਅਵਤਾਰ ਗਿੱਲ

**ਹੁਣ ਪੂਰੇ ਅਮਰੀਕਾ ਵਿਚ ਇੰਸ਼ੋਰੈਂਸ ਕਰਨ ਲਈ ਲਾਈਸੈਂਸਸ਼ੁਦਾ**

*ਅਸੀਂ ਮੁਕਾਬਲੇ ਦੀ ਇੰਸ਼ੋਰੈਂਸ ਦੇ ਕਿਸੇ ਵੀ ਰੇਟ ਨੂੰ ਮਾਤ ਪਾਵਾਂਗੇ*

**ਹਰ ਤਰ੍ਹਾਂ ਦੀ ਕਮਰਸ਼ੀਅਲ ਇੰਸ਼ੋਰੈਂਸ-ਗੈਸ ਸਟੇਸ਼ਨ, ਹੋਟਲ-ਮੋਟਲ, ਲਿਕਰ ਸਟੋਰ, ਰੈਸਟੋਰੈਂਟ ਅਤੇ ਵਰਕਮੈਨ ਕੌਂਪ।**

**We will meet or beat any competetors quote**

## For All Your Insurance Needs Please Call

# Gill Insurance & Properties

2452 W Tahoe, PO Box 67 Caruthers, CA 93609
Ph: 559-864-8800 or 1-800-348-Crop (2767)Cell: 559-352-9222
Fax: 559-864-8688

# ਗੁਰਮਤਿ ਅਤੇ ਅਵਤਾਰਵਾਦ

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ ਚਰਚਾ ਕੀਤੀ ਸੀ ਕਿ ਡਾ. ਜੋਧ ਸਿੰਘ ਨੇ 'ਬਚਿਤਰ ਨਾਟਕ' ਦੇ ਹਵਾਲੇ ਨਾਲ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਯੋਗ ਸਾਧਨਾ ਕੀਤੀ ਅਤੇ ਅੱਗੇ ਚੱਲ ਕੇ ਲਿਖਿਆ ਹੈ, "ਕੁੰਡਲਿਨੀ ਦੇ ਰਾਹੀਂ ਧਰਮ (ਇਥੇ ਸ਼ਾਇਦ ਪਰਮ ਹੋਣਾ ਚਾਹੀਦਾ ਸੀ) ਤੱਤ ਨਾਲ ਸਬੰਧ ਸਥਾਪਨ ਸ਼ਾਇਦ ਏਸੇ ਤਰ੍ਹਾਂ ਹੀ ਹੋ ਸਕਦਾ ਹੈ ਪਰ ਜਦੋਂ ਜੀਵਨ ਨੇ ਲੋਕ ਭਲਾਈ ਦੇ ਕੰਮ ਕਰਨੇ ਹੋਣ ਤਾਂ ਉਸ ਨੂੰ ਕੁੰਡਲਿਨੀ ਮਾਰਗ ਛੱਡ ਕੇ ਸੁਰਤਿ ਮਾਰਗ ਅਪਨਾਉਣਾ ਪੈਂਦਾ ਹੈ। ਸੁਰਤਿ ਵਾਲਾ ਮਨੁੱਖ ਪਰਉਪਕਾਰ ਦੇ ਉਮਾਹ ਵਿਚ ਰਹਿੰਦਾ ਹੈ। ਕ੍ਰਿਸ਼ਨ ਅਵਤਾਰ ਵਿਚ ਦਰਜ ਹੈ, 'ਜਿਉ ਕਿਛ ਇਛ ਕਰੋ ਧਨ ਕੀ ਤਉ ਚਲਿਉ ਧਨ ਦੇਸਨ ਦੇਸ ਤੇ ਆਵੈ॥ ਅਉ ਸਭ ਰਿਧਿਨ ਸਿਧਿਨ ਪੈ ਹਮਰੋ ਨਹੀਂ ਨੈਕੁ ਹੀਆ ਲਲਚਾਵੈ॥ ਅਉਰ ਸੁਨੋ ਕਛੁ ਜੋਗ ਬਿਖੈ ਕਹਿ ਕਉਨ ਕਿਤੋ ਤਪ ਕੈ ਤਨ ਤਾਵੈ॥ ਜੂਝ ਮਰੋ ਰਨਿ ਮੈ ਤਜਿ ਭੈ ਤੁਮ ਤੇ ਪ੍ਰਭੁ ਸਯਾਮ ਇਹੈ ਬਰ ਪਾਵੈ॥' (ਦਸਮ ਗ੍ਰੰਥ, ਕ੍ਰਿਸ਼ਨਾਵਤਾਰ, 1901) ਡਾ. ਜੋਧ ਸਿੰਘ ਦੇ ਇਹ ਹਵਾਲਾ ਦੇਣ ਤੋਂ ਇਉਂ ਲਗਦਾ ਹੈ ਜਿਵੇਂ ਪਹਿਲੇ ਜਨਮ ਵਿਚ ਤਾਂ ਗੁਰੂ ਗੋਬਿੰਦ ਸਿੰਘ ਨੂੰ ਲੋਕ ਕਲਿਆਣ ਦੇ ਕੰਮ ਕਰਨ ਦੀ ਜ਼ਰੂਰਤ ਨਹੀਂ ਸੀ ਇਸ ਲਈ ਉਨ੍ਹਾਂ ਨੇ ਹੇਮ ਕੁੰਟ ਪਰਬਤ ਉਤੇ ਤਪੱਸਿਆ ਅਤੇ ਯੋਗ ਸਾਧਨਾ ਕੀਤੀ ਪਰ ਇਸ ਜਨਮ ਵਿਚ ਉਪਰ ਦੱਸੇ ਅਨੁਸਾਰ ਲੋਕ ਭਲਾਈ ਦੇ ਕੰਮ ਕਰਨੇ ਸਨ, ਇਸ ਲਈ ਸੁਰਤਿ ਮਾਰਗ ਨੂੰ ਅਪਨਾਇਆ। ਇਸ ਤੱਥ ਦੀ ਪ੍ਰੋੜਤਾ ਲਈ ਲੇਖਕ ਨੇ ਹਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦੇਣ ਦੀ ਥਾਂ ਤੇ ਦਸਮ ਗ੍ਰੰਥ ਵਿਚ ਸ਼ਾਮਲ ਕ੍ਰਿਸ਼ਨ ਅਵਤਾਰ ਵਿਚੋਂ ਦੇ ਦਿੱਤਾ। ਇਹ ਉਤਰ ਲੇਖਕ ਨੇ ਆਪੂੰ ਕੀਤੇ ਪ੍ਰਸ਼ਨ ਕਿ 'ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਯੋਗ ਸਾਧਨਾ ਦੀ ਗੱਲ ਕਰਦੇ ਹਨ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਵਿਚ ਯੋਗਿਕ ਕਿਰਿਆਵਾਂ ਅਰਥਾਤ ਰੇਚਕ, ਪੂਰਕ, ਕੁੰਭਕ, ਮਹਾਂਬੰਧਾਂ ਜਾਂ ਖਟ-ਚਕਰਾਂ ਦੇ ਭੇਦਨ ਆਦਿ ਨੂੰ ਕਿਉਂ ਸਵੀਕਾਰ ਕੀਤਾ ਨਹੀਂ ਦਿਖਾਇਆ ਗਿਆ?' ਦੇ ਉਤਰ ਵਿਚ ਦਿੱਤਾ ਹੈ। ਇਸ ਪ੍ਰਸ਼ਨ ਬਾਰੇ ਵੀ ਪਿਛਲੇ ਲੇਖ ਵਿਚ ਚਰਚਾ ਕੀਤੀ ਗਈ ਸੀ ਕਿ ਇਹ ਪ੍ਰਸ਼ਨ ਹੀ ਉਲਟਾ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਗੁਰੂ ਅਰਜਨ ਦੇਵ ਨੇ ਦਸਮ ਪਾਤਿਸ਼ਾਹ ਹਜ਼ੂਰ ਦੇ ਇਸ ਸੰਸਾਰ 'ਤੇ ਆਉਣ ਤੋਂ ਪਹਿਲਾਂ ਕੀਤਾ ਸੀ ਅਤੇ ਦਸਮ ਪਾਤਿਸ਼ਾਹ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕਰਕੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਪੰਥ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤਾ।



ਡਾ. ਗੁਰਨਾਮ ਕੌਰ

'ਕ੍ਰਿਸ਼ਨ ਅਵਤਾਰ' ਵਿਚੋਂ ਉਪਰ ਦਿੱਤੀਆਂ ਪੰਕਤੀਆਂ ਵਿਚ, 'ਪ੍ਰਭੁ ਸਯਾਮ ਇਹੈ ਬਰ ਪਾਵੈ' ਤੋਂ ਇਹ ਵੀ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ 'ਸਯਾਮ' ਰਚਨਾ ਕਰਨ ਵਾਲੇ ਕਵੀ ਦਾ ਨਾਂ ਹੈ। ਇਹ ਨਾਂ ਕ੍ਰਿਸ਼ਨਾਵਤਾਰ, ਚੌਬੀਸ ਅਵਤਾਰ ਅਤੇ ਰਾਮ ਅਵਤਾਰ ਵਿਚ ਬਹੁਤ ਥਾਂਵਾਂ 'ਤੇ ਆਇਆ ਹੈ। ਗੁਰੂ ਗੋਬਿੰਦ ਸਿੰਘ ਨੂੰ ਕੀ ਜ਼ਰੂਰਤ ਪਈ ਸੀ ਕਿ ਉਹ 'ਨਾਨਕ' ਛਾਪ ਜਾਂ ਆਪਣਾ ਨਾਮ ਲਿਖਣ ਦੀ ਥਾਂ ਕਿਸੇ 'ਸਯਾਮ' ਨਾਂ ਦੇ ਕਵੀ ਦੇ ਨਾਮ 'ਤੇ ਰਚਨਾ ਕਰਦੇ? ਇਸ ਕਿਸਮ ਦੀਆਂ ਆਪਾ-ਵਿਰੋਧੀ ਗੱਲਾਂ ਲੇਖਕ ਦੇ ਇਨ੍ਹਾਂ ਲੇਖਾਂ ਵਿਚ ਆਮ ਹੀ ਮਿਲ ਜਾਂਦੀਆਂ ਹਨ। ਹਵਾਲੇ ਵਜੋਂ ਅਸੀਂ ਦੇਖ ਸਕਦੇ ਹਾਂ ਕਿ ਅਗਲੇ ਲੇਖ ਵਿਚ ਲੇਖਕ ਲਿਖਦਾ ਹੈ, 'ਗੁਰੂ ਗੋਬਿੰਦ ਸਿੰਘ ਆਪਣੀ ਬਾਣੀ ਵਿਚ ਸੱਚੇ ਭਗਤ ਦਾ ਨਕਸ਼ਾ ਇਸ ਪ੍ਰਕਾਰ ਬਿਆਨ ਕਰਦੇ ਹਨ:

ਧੰਨ ਜੀਉ ਤਹਿ ਕੋ ਜਗ ਮੈ
ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ
ਜਸ ਨਾਵ ਚੜੇ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ
ਬੁਧ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ॥
(ਦਸਮ ਗ੍ਰੰਥ, ਕ੍ਰਿਸ਼ਨਾਵਤਾਰ, 2492)

ਲੇਖਕ ਅੱਗੇ ਲਿਖਦਾ ਹੈ, "ਬੇਸ਼ੱਕ ਆਪਣੀ 'ਚਉਬੀਸ ਅਉਤਾਰ' ਰਚਨਾ ਵਿਚ ਗੁਰੂ ਗੋਬਿੰਦ ਸਿੰਘ ਨੇ ਸਮੇਂ ਦੀ ਲੋੜ ਮੁਤਾਬਕ ਰਾਮ ਅਤੇ ਕ੍ਰਿਸ਼ਨ ਦੇ ਚਰਿਤਰ ਦਾ ਪੁਨਰ-ਮੁਲਾਂਕਣ ਕਰਕੇ ਉਨ੍ਹਾਂ ਦੇ ਯੋਧਾ ਰੂਪ ਨੂੰ ਭਾਰਤ ਵਾਸੀਆਂ ਦੇ ਸਾਹਮਣੇ ਪੇਸ਼ ਕੀਤਾ ਪ੍ਰੰਤੂ ਅਵਤਾਰਵਾਦ ਦੇ ਖੰਡਨ ਲਈ 'ਚਉਬੀਸ ਅਉਤਾਰ' ਰਚਨਾ ਵਿਚ ਵੀ ਅਨੇਕਾਂ ਉਦਾਹਰਣਾਂ ਮੌਜੂਦ ਹਨ।" ਅਜਿਹੀਆ ਸਵੈ-ਵਿਰੋਧੀ ਟਿਪਣੀਆਂ ਹੋਰ ਵੀ ਮਿਲ ਜਾਂਦੀਆਂ ਹਨ ਜਿਵੇਂ ਅੱਗੇ ਚੱਲ ਕੇ ਲਿਖਿਆ ਹੈ, "ਸਿੱਖ ਧਰਮ ਦੀ ਸੰਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਕਲਪ-ਸੰਪਾਦਨ ਨੇ ਉਤਰੀ ਭਾਰਤ ਦੇ ਵੈਚਾਰਿਕ ਜਗਤ ਵਿਚ ਇਕ ਨਵਾਂ ਮੋੜ ਲੈ ਆਂਦਾ। ਲੋਕਾਂ ਨੂੰ ਅਵਤਾਰਵਾਦ, ਕਰਮਕਾਂਡ, ਜਾਤੀਵਾਦ ਆਦਿਕ ਸਿਧਾਂਤਾਂ ਤੋਂ ਛੁਟਕਾਰਾ ਪ੍ਰਾਪਤ ਹੋਇਆ। ਗੁਰੂ ਸਾਹਿਬਾਨ ਨੇ ਵੇਦ ਵੇਦਾਂਗਾਂ ਨੂੰ ਬੇਸ਼ੱਕ ਕਥਾ ਕਹਾਣੀਆਂ ਤੇ ਪਾਪ ਪੁੰਨ ਨਿਰੂਪਣ ਦਾ ਸਰੋਤ ਹੀ ਮੰਨਿਆ ਅਤੇ ਇਨ੍ਹਾਂ ਗ੍ਰੰਥਾਂ ਵਿਚ ਆਏ ਬਿਰਤਾਂਤਾਂ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਪਰ ਫਿਰ ਵੀ ਵੇਦਾਂ ਵਿਚਲੇ ਨਾਮ ਤੱਤ ਨੂੰ ਜਾਨਣ ਬੁੱਝਣ ਦੀ ਪ੍ਰੇਰਨਾ ਦੇਣ ਤੋਂ ਗੁਰੇਜ਼ ਨਹੀਂ ਕੀਤਾ।" ਲੇਖਕ ਹੋਰ ਲਿਖਦਾ ਹੈ, "ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ 1604 ਵਿਚ ਹੋਈ ਇਸ ਤੋਂ ਬਾਅਦ ਦੀ ਪੰਜਾਬ ਦੀ ਸਭ ਤੋਂ ਵੱਡੀ ਸਾਹਿਤਕ ਰਚਨਾ ਦਸਮ ਗ੍ਰੰਥ ਹੈ। ...ਜਿਹੜੀਆਂ ਰਚਨਾਵਾਂ ਭਾਰਤੀ ਨਾਇਕਾਂ ਨੂੰ ਇਕ ਨਵੇਂ ਹੀ ਰੂਪ ਵਿਚ ਪੇਸ਼ ਕਰਦੀਆਂ ਹਨ, 'ਚਉਬੀਸ ਅਉਤਾਰ' ਉਨ੍ਹਾਂ ਵਿਚੋਂ ਇਕ ਹੈ। ਸਿੱਖ ਗੁਰੂ ਸਾਹਿਬਾਨ ਤਤਕਾਲੀਨ ਹਾਲਾਤ ਨਾਲ ਭਾਵੇਂ ਸਨਮੁਖ ਹੋ ਕੇ ਜੂਝ ਰਹੇ ਸਨ ਕਿ ਭਾਰਤ ਦੇ ਛੋਟੇ ਜਿਹੇ ਹਿੱਸੇ ਪੰਜਾਬ ਵਿਚ ਭਾਵੇਂ ਉਨ੍ਹਾਂ ਨੇ ਸਫਲਤਾ ਵੀ ਪ੍ਰਾਪਤ ਕਰ ਲਈ ਸੀ ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਸੰਸਕ੍ਰਿਤੀ ਦੀ ਜੀਵਨ-ਸ਼ਕਤੀ, ਸਵੈਮਾਨ ਅਤੇ ਧਾਰਮਿਕ ਆਜ਼ਾਦੀ ਬਹੁਤ ਹੀ ਹੇਠਲੀ ਪੱਧਰ 'ਤੇ ਦਮ ਤੋੜ ਰਹੀ ਸੀ ਅਤੇ ਇਤਿਹਾਸ ਗਵਾਹ ਹੈ ਕਿ ਮਧਕਾਲ ਵਿਚ ਧਰਮ ਪਰਿਵਰਤਨ ਰੂਪੀ ਤਲਵਾਰ ਹਰ ਭਾਰਤੀ ਦੇ ਸਿਰ ਉਤੇ ਸਦਾ ਲਟਕਦੀ ਰਹਿੰਦੀ ਸੀ। ਦਸਮ ਗ੍ਰੰਥ ਇਕ ਅਜਿਹੀ ਜਟਿਲ ਸਾਹਿਤਕ ਰਚਨਾ ਹੈ ਜਿਸ ਵਿਚ ਭਗਤੀ ਅਤੇ ਸ਼ਕਤੀ ਦੇ ਸਿਧਾਂਤ ਨੂੰ ਢਾਈ ਸੌ ਕਿਸਮ ਦੇ ਵੱਖਰੇ-ਵੱਖਰੇ ਛੰਦਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਸੁਨਿਯੋਜਿਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਉਪਰ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਚਉਬੀਸ ਅਉਤਾਰ ਰਚਨਾਵਾਂ ਦਾ ਇਕ ਆਪਣਾ ਉਪਯੋਗਿਤਾ-ਵਾਦੀ ਦ੍ਰਿਸ਼ਟੀਕੋਣ ਹੈ, ਇਸੇ ਤਰ੍ਹਾਂ ਹੀ ਦਸਮ ਗ੍ਰੰਥ ਦੀਆਂ ਦੂਜੀਆਂ ਰਚਨਾਵਾਂ ਨੂੰ ਵੀ ਸਮਝਿਆ ਜਾ ਸਕਦਾ ਹੈ।"

ਆਉ ਹੁਣ ਅਵਤਾਰਵਾਦ ਦੇ ਪਿਛੋਕੜ ਵਿਚ ਇਸ ਦਾ ਗੁਰਮਤਿ ਚਿੰਤਨ ਵਿਚ ਪ੍ਰਸੰਗ ਦੇਖੀਏ। 'ਅਵਤਰਣ' ਸੰਸਕ੍ਰਿਤ ਭਾਸ਼ਾ ਵਿਚ ਸੰਗਿਆ ਹੈ ਇਸ ਦਾ ਧਾਤੂ 'ਅਮ' ਹੈ, ਜਿਸ ਦਾ ਭਾਵ ਹੈ ਹੇਠਾਂ ਉਤਰ ਰਿਹਾ ਜਾਂ ਹਵਾ ਵਿਚੋਂ ਜ਼ਮੀਨ ਉਤੇ ਆ ਰਿਹਾ। ਅਵਤਾਰ ਦਾ ਧਾਤੂ 'ਅਸ' ਹੈ ਜਿਸ ਦਾ ਭਾਵ ਹੈ ਉਤਰਨਾ। ਇਹ ਸ਼ਬਦ ਆਮ ਅਤੇ ਖਾਸ ਦੋਹਾਂ ਅਰਥਾਂ ਵਿਚ ਵਰਤਿਆ ਗਿਆ ਹੈ। ਆਮ ਅਰਥਾਂ ਵਿਚ ਇਸ ਦੀ ਵਰਤੋਂ ਕਿਸੇ ਵੀ ਦੇਵਤੇ ਦੇ ਧਰਤੀ ਉਤੇ ਪਰਗਟ ਹੋਣ ਲਈ ਹੋਈ ਹੈ। ਖਾਸ ਅਰਥਾਂ ਵਿਚ ਇਸ ਦੀ ਵਰਤੋਂ ਵਿਸ਼ਨੂੰ ਦੇ ਦਸ ਪਰਮੁੱਖ ਅਵਤਾਰਾਂ ਲਈ ਕੀਤੀ ਗਈ ਹੈ। ਤੀਸਰੇ ਅਰਥਾਂ ਵਿਚ ਇਹ ਕਿਸੇ ਵੀ ਵਿਲੱਖਣ ਹਸਤੀ ਦੇ ਧਰਤੀ ਤੇ ਪਰਗਟ ਹੋਣ ਲਈ ਵਰਤਿਆ ਗਿਆ ਹੈ। ਹਿੰਦੂ ਧਰਮ ਅਨੁਸਾਰ ਭਾਵੇਂ ਪਰਮਾਤਮਾ ਸਰਬਗ, ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹੈ, ਫਿਰ ਵੀ ਉਹ ਸਮੇਂ-ਸਮੇਂ ਆਪਣੀ ਯੋਗ-ਮਾਇਆ ਰਾਹੀਂ ਧਰਤੀ ਉਤੇ ਖਾਸ ਰੂਪਾਂ ਵਿਚ ਲੋੜ ਅਨੁਸਾਰ ਪਰਗਟ ਹੁੰਦਾ ਹੈ। ਪਰਮਾਤਮਾ, ਜਿਸਨੂੰ ਵਿਸ਼ਨੂੰ ਵੀ ਕਿਹਾ ਗਿਆ ਹੈ, ਉਸ ਦੇ ਦਸ ਪ੍ਰਮੁੱਖ ਅਵਤਾਰ ਹਨ: ਮਤਸਯ, ਕੂਰਮ, ਵਾਮਨ, ਰਾਮ (ਪਰਸੁਰਾਮ), ਰਾਮ (ਰਾਮਾਇਣ ਦਾ ਨਾਇਕ), ਕ੍ਰਿਸ਼ਨ (ਭਗਵਤ ਗੀਤਾ ਵਿਚ ਪ੍ਰਮੁੱਖ ਹਸਤੀ), ਬੁੱਧ (ਸਿਧਾਰਥ) ਅਤੇ ਕਲਕੀ ਜਿਸ ਨੇ ਹਾਲੇ ਪੈਦਾ ਹੋਣਾ ਹੈ। ਅਵਤਾਰਾਂ ਦੀ ਵਰਗ-ਵੰਡ ਵੀ ਹੈ ਜਿਵੇਂ ਪਰਮੁੱਖ ਅਤੇ ਗੌਣ, ਪੂਰਨ ਅਤੇ ਅਰਧ ਆਦਿ। ਡਾ. ਸੁਰਿੰਦਰਨਾਥ ਦਾਸ ਗੁਪਤਾ ਅਨੁਸਾਰ (ਹਿਸਟਰੀ ਆਫ ਇੰਡੀਅਨ ਫਿਲਾਸਫੀ) ਪਰਮਾਤਮਾ ਦੇ ਇਹ ਦਸ ਅਵਤਾਰ ਮਨੁੱਖੀ ਵਿਕਾਸ ਦੇ ਮੱਛਲੀ ਤੋਂ ਪਰਮ-ਪੁਰਖ ਕਲਕੀ ਤੱਕ ਸਫਰ ਵੱਲ ਸੰਕੇਤ ਹਨ। ਹਰ ਇੱਕ, ਇੱਕ ਅਵਤਾਰ ਹੈ। ਪ੍ਰੰਤੂ ਪਿਛਲੇ ਮੁਢਲਿਆਂ ਨਾਲੋਂ ਵੱਧ ਹਨ। ਪਰਮ ਪੁਰਖ ਨੇ ਹਾਲੇ ਪਰਗਟ ਹੋਣਾ ਹੈ। ਹਿੰਦੂ ਧਰਮ ਦੇ ਵੱਖ ਵੱਖ ਸਰੋਤਾਂ ਵਿਚ ਅਵਤਾਰਾਂ ਦੀ ਗਿਣਤੀ ਵੱਖ-ਵੱਖ ਹੈ। ਕੁੱਝ ਅਨੁਸਾਰ ਇਹ ਗਿਣਤੀ ਅੱਠ ਹੈ, ਕਈਆਂ ਅਨੁਸਾਰ ਦਸ ਅਤੇ ਕਈਆਂ ਅਨੁਸਾਰ ਸੋਲਾਂ ਹੈ। ਕੁੱਝ ਹੋਰ ਇਨ੍ਹਾਂ ਦੀ ਗਿਣਤੀ ਚੌਵੀ ਮੰਨਦੇ ਹਨ। ਪ੍ਰੰਤੂ ਉਪਰ ਦੱਸੇ ਦਸ ਅਵਤਾਰ ਪ੍ਰਮੁੱਖ ਹਨ ਜਿਨ੍ਹਾਂ ਤੇ ਹਰ ਕੋਈ ਸਹਿਮਤ ਹੈ। ਹਿੰਦੂ ਧਰਮ ਅਨੁਸਾਰ ਪਰਗਟ ਰੂਪ ਵਿਚ ਆਉਣ ਤੋਂ ਪਹਿਲਾਂ ਸ੍ਰਿਸ਼ਟੀ ਨਿੰਦਰਾ ਦੀ ਅਵਸਥਾ ਵਿਚ ਸੀ,

**ਗੁਰਮਤਿ ਚਿੰਤਨ**

ਉਸ ਨਿਕਾਸ ਤੇ ਵਿਕਾਸ ਪੈਦਾ ਹੋਇਆ, 'ਵਿਯੂਹ' (ਦੈਵੀ ਆਕਾਰ) ਅਤੇ ਅਵਤਾਰ ਪੈਦਾ ਹੋਏ। ਇਨ੍ਹਾਂ ਦੀ ਸ਼੍ਰੇਣੀ ਵੰਡ ਆਦਿ ਦੇ ਵਿਸਤਾਰ ਵਿਚ ਨਾ ਜਾਂਦਿਆਂ ਇਥੇ ਇਹ ਦੱਸ ਦੇਣਾ ਹੀ ਕਾਫੀ ਹੈ ਕਿ ਅਵਤਾਰਾਂ ਦੇ ਦਰਜੇ ਮੰਨੇ ਗਏ ਹਨ ਕੁੱਝ ਵੱਡੇ ਹਨ ਜਦ ਕਿ ਕੁੱਝ ਛੋਟੇ, ਕੁੱਝ ਧਾਰਮਿਕ ਨੁਕਤੇ ਤੋਂ ਬਹੁਤ ਉਚੇ ਦਰਜੇ ਦੇ ਅਤੇ ਮਹੱਤਵਪੂਰਨ ਹਨ ਅਤੇ ਜਦ ਕਿ ਕਈ ਛੋਟੇ ਦਰਜੇ ਦੇ ਅਤੇ ਘੱਟ ਮਹੱਤਵਪੂਰਨ ਹਨ। ਦੂਸਰੀ ਗੱਲ ਜੋ ਧਿਆਨ ਦੇਣ ਯੋਗ ਹੈ ਉਹ ਹੈ ਵੱਖ-ਵੱਖ ਸ਼ਾਸਤਰਾਂ ਵਿਚ ਇਨ੍ਹਾਂ ਦੀ ਵੱਖਰੀ ਵੱਖਰੀ ਗਿਣਤੀ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਅਵਤਾਰਾਂ ਵਿਚੋਂ ਵਿਸ਼ਨੂੰ ਦੇ ਦਸ ਅਵਤਾਰ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਵਿਚੋਂ ਰਾਮ (ਰਮਾਇਣ ਦਾ ਨਾਇਕ) ਅਤੇ ਕ੍ਰਿਸ਼ਨ (ਗੀਤਾ ਵਿਚ ਮੁੱਖ ਹਸਤੀ) ਬਹੁਤ ਪੂਜੇ ਜਾਂਦੇ ਹਨ।

ਸਵਰਗੀ ਦਲਜੀਤ ਸਿੰਘ (ਆਈ.ਏ.ਐਸ) ਆਪਣੀ ਪੁਸਤਕ 'ਸਿਖਿਜ਼ਮ' ਵਿਚ ਲਿਖਦੇ ਹਨ, "ਵਿਸ਼ਨੂੰ ਦੇ ਅਵਤਾਰਾਂ ਦਾ ਸਿਧਾਂਤ ਵੇਦਾਂ ਤੋਂ ਪਿਛਲੇ ਕਾਲ ਵਿਚ ਬਣਾਇਆ ਗਿਆ। ਇਹ ਸਿਧਾਂਤ ਹਿੰਦੂ ਧਰਮ ਦਾ ਜਾਣਨਯੋਗ ਅੰਗ ਹੈ। ਇਹ ਹਿੰਦੂ ਧਰਮ ਨੂੰ ਦੂਸਰੀਆਂ ਸੰਪਰਦਾਵਾਂ ਨੂੰ ਇਹ ਕਹਿ ਕੇ ਆਪਣੇ ਵਿਚ ਸ਼ਾਮਲ ਕਰਨ ਦੇ ਯੋਗ ਬਣਾਉਂਦਾ ਹੈ ਕਿ ਉਨ੍ਹਾਂ ਦੇ ਦੇਵਤੇ ਜਾਂ ਪੈਗੰਬਰ ਇੱਕ ਪਰਮਾਤਮਾ ਜਾਂ ਵਿਸ਼ਨੂੰ ਦਾ ਹੀ ਪ੍ਰਗਟਾਅ ਹਨ।" ਉਨ੍ਹਾਂ ਦੇ ਇਸ ਕਥਨ ਦੀ ਸੱਚਾਈ ਬੁੱਧ ਧਰਮ ਦੇ ਸਿਲਸਿਲੇ ਵਿਚ ਸਪਸ਼ਟ ਨਜ਼ਰ ਆ ਜਾਂਦੀ ਹੈ ਜਿਥੇ ਮਹਾਤਮਾ ਬੁੱਧ ਨੂੰ ਹਿੰਦੂ ਧਰਮ ਦਾ ਅਵਤਾਰ ਸਿੱਧ ਕਰਕੇ ਬੁੱਧ ਧਰਮ ਨੂੰ ਹਿੰਦੂ ਧਰਮ ਦੀ ਇੱਕ ਤਰ੍ਹਾਂ ਨਾਲ ਸ਼ਾਖਾ ਹੀ ਬਣਾ ਦਿੱਤਾ ਗਿਆ ਹੈ ਜਦ ਕਿ ਬੁੱਧ ਧਰਮ ਨਾ ਹੀ ਵੇਦਾਂ ਨੂੰ ਸ਼ਬਦ ਪ੍ਰਮਾਣ ਮੰਨਦਾ ਹੈ ਅਤੇ ਨਾ ਹੀ ਵੈਦਿਕ ਵਰਣ-ਆਸ਼ਰਮ ਧਰਮ ਨੂੰ ਮੰਨਦਾ ਹੈ। ਬੁੱਧ ਧਰਮ ਦਾ ਆਪਣਾ ਸੁਤੰਤਰ ਧਰਮ ਗ੍ਰੰਥ ਅਤੇ ਆਪਣੀ ਸੁਤੰਤਰ ਵਿਚਾਰਧਾਰਾ ਹੈ।

ਸਿੱਖ ਧਰਮ ਚਿੰਤਨ ਵਿਚ ਅਵਤਾਰਵਾਦ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ। ਮੂਲ ਮੰਤਰ ਵਿਚ ਪਰਮਾਤਮਾ ਦਾ ਵਰਣਨ ਕਰਦਿਆਂ ਉਸ ਨੂੰ ਇੱਕ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਅਤੇ ਸੈਭੰ ਕਿਹਾ ਹੈ। ਇਸ ਦਾ ਅਰਥ ਹੈ ਕਿ ਉਹ ਪਰਮਾਤਮਾ ਇੱਕ ਹੈ ਅਤੇ ਉਸ ਦੀ ਹੋਂਦ ਸਦੀਵੀ ਹੈ, ਉਹ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ, ਭੈ ਅਤੇ ਵੈਰ ਆਦਿ ਤੋਂ ਰਹਿਤ ਹੈ ਕਿਉਂਕਿ ਉਸ ਦਾ ਕੋਈ ਸ਼ਰੀਕ ਨਹੀਂ ਹੈ, ਉਹ ਸਮੇਂ ਅਤੇ ਸਥਾਨ ਦੇ ਬੰਧਨ ਵਿਚ ਨਹੀਂ ਆਉਂਦਾ, ਨਾ ਹੀ ਜਨਮ ਅਤੇ ਮਰਨ ਦੇ ਬੰਧਨ ਵਿਚ ਆਉਂਦਾ ਹੈ, ਉਹ ਆਪਣੇ ਆਪ ਤੋਂ ਹੈ ਭਾਵ ਉਸ ਦਾ ਰਚਨ ਵਾਲਾ ਕੋਈ ਨਹੀਂ ਹੈ। ਪਰਮਾਤਮਾ ਨੂੰ ਹੀ ਪਰਮ-ਸਤਿ ਮੰਨਿਆ ਹੈ ਅਤੇ ਬਾਕੀ ਸਭ ਉਸ ਦੀ ਰਚਨਾ ਹੈ। ਜਿਨ੍ਹਾਂ ਨੂੰ ਅਵਤਾਰ ਕਰਕੇ ਮੰਨਿਆਂ ਜਾਂਦਾ ਹੈ ਉਹ ਆਮ ਮਨੁੱਖਾਂ ਦੀ ਤਰ੍ਹਾਂ ਹੀ ਜਨਮ ਲੈਂਦੇ ਅਤੇ ਮਰਦੇ ਹਨ। ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਈਸਰ, ਗੋਰਖ, ਬ੍ਰਹਮਾ ਅਤੇ ਪਾਰਬਤੀ ਦੇ ਨਾਂ ਅਕਾਲ ਪੁਰਖ ਦੀ ਰਚਨਾ ਦੇ ਰੂਪ ਵਿਚ ਹੀ ਵਰਤੇ ਹਨ। ਸ੍ਰੀ ਗੁਰੂ ਨਾਨਕ ਦੇਵ ਲਈ ਗੁਰੂ ਹੀ ਬ੍ਰਹਮਾ, ਵਿਸ਼ਨੂੰ, ਈਸ਼ਰ ਅਤੇ ਪਾਰਬਤੀ ਹੈ। ਉਨ੍ਹਾਂ ਲਈ ਗੁਰੂ ਹੀ ਵਿਚੋਲਾ ਜਾਂ ਸਾਧਨ ਹੈ ਜਿਸ ਰਾਹੀਂ ਪਰਮਾਤਮਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ਼ਿਵਜੀ, ਬ੍ਰਹਮਾ, ਮਹੇਸ਼ ਅਤੇ ਪਾਰਬਤੀ ਮਾਈ ਸਭ ਉਸ ਪਰਮਾਤਮਾ ਦੀ ਉਸਤਤਿ ਕਰ ਰਹੇ ਹਨ, ਕਿਉਂ? ਇਸ ਲਈ ਕਿ ਉਹ ਸਾਰੇ ਉਸੇ ਇੱਕ ਦੀ ਰਚਨਾ ਹਨ। ਇਹ ਇੱਕ ਨਹੀਂ, ਅਨੇਕ ਹਨ, ਅਣਗਿਣਤ ਹਨ। ਗੁਰੂ ਅਮਰਦਾਸ ਅਨੁਸਾਰ ਪਰਮਾਤਮਾ ਨੇ ਬ੍ਰਹਮਾ ਨੂੰ ਚਾਰ ਵੇਦ ਦਿੱਤੇ। ਬ੍ਰਹਮਾ ਨੇ ਵੇਦਾਂ ਤੇ ਵਿਚਾਰ ਤਾਂ ਕੀਤੀ ਪਰ ਉਹ ਦੈਵੀ ਹੁਕਮ ਨੂੰ ਸਮਝ ਹੀ ਨਹੀਂ ਸਕਿਆ। ਸਿੱਟੇ ਵੱਜੋਂ ਇਹ ਵਿਸ਼ਵਾਸ ਕਾਇਮ ਰਿਹਾ ਕਿ ਮਨੁੱਖ ਵਾਰ ਵਾਰ ਸਵਰਗ ਅਤੇ ਨਰਕ ਵਿਚਕਾਰ ਆਉਂਦਾ ਜਾਂਦਾ ਰਹਿੰਦਾ ਹੈ। ਅਵਤਾਰ ਵੀ ਪਰਮਾਤਮਾ ਦਾ ਅੰਤ ਨਹੀਂ ਪਾ ਸਕੇ। ਗੁਰੂ ਅਮਰਦਾਸ ਅਨੁਸਾਰ ਅਵਤਾਰ ਪਰਮਾਤਮ-ਅੰਸ਼ ਦਾ ਇੱਕ ਨਿੱਕਾ ਜਿਹਾ ਹਿੱਸਾ ਹਨ ਏਸੇ ਲਈ ਉਹ ਦੂਸਰੇ ਰਾਜਿਆਂ ਦੀ ਤਰ੍ਹਾਂ ਸੁੱਖ ਅਤੇ ਦੁੱਖ ਲਈ ਲੜਦੇ ਰਹੇ ਹਨ। ਗੁਰੂ ਅਮਰਦਾਸ ਨੇ ਵੱਖ ਵੱਖ ਅਵਤਾਰਾਂ ਦੀਆਂ ਵੱਖ-ਵੱਖ ਸ਼ਕਤੀਆਂ ਦਾ ਜ਼ਿਕਰ ਵੀ ਕੀਤਾ ਹੈ। ਇਹ ਸ਼ਕਤੀਆਂ ਵੀ ਉਨ੍ਹਾਂ ਦੇ ਪਰਮਾਤਮਾ ਹੋਣ ਦਾ ਪ੍ਰਤੀਕ ਨਹੀਂ ਹਨ। ਬ੍ਰਹਮਾ ਰਾਹੀਂ ਵੇਦ ਪਰਗਟ ਹੋਏ ਪਰ ਆਪ ਉਹ ਮਾਇਆ-ਮੋਹ ਅਤੇ ਕਾਮਨਾ ਵਿਚੋਂ ਨਿਕਲ ਨਾ ਸਕਿਆ। ਮਹਾਦੇਵ ਜਾਂ ਸ਼ਿਵ ਅਧਿਆਤਮਕ ਗਿਆਨ ਦਾ ਪ੍ਰਤੀਕ ਹੈ ਪਰ ਉਹ ਹਮੇਸ਼ਾ ਕ੍ਰੋਧ ਨਾਲ ਭਰਿਆ ਰਹਿੰਦਾ ਹੈ। ਕ੍ਰਿਸ਼ਨ (ਵਿਸ਼ਨੂੰ) ਆਪਣੇ ਆਪ ਨੂੰ ਹਮੇਸ਼ਾ ਅਵਤਾਰ ਧਾਰਨ ਵਿਚ ਹੀ ਮਸਰੂਫ ਰੱਖਦਾ ਹੈ। ਫਿਰ ਸੰਸਾਰ ਲਈ ਮੁਕਤੀ ਹਾਸਲ ਕਰਨ ਦਾ ਕਿਹੜਾ ਰਸਤਾ ਹੈ? ਗੁਰਮੁਖ ਹੀ, ਜਿਹੜੇ ਗੁਰੂ ਰਾਹੀਂ ਹਮੇਸ਼ਾ ਉਚੇ ਗਿਆਨ ਦੀ ਪ੍ਰਾਪਤੀ ਵਿਚ ਰੁੱਝੇ ਰਹਿੰਦੇ ਹਨ, ਇੱਛਾ ਅਤੇ ਅਗਿਆਨ ਦੇ ਅੰਧੇਰੇ ਤੋਂ ਛੁਟਕਾਰਾ ਪਾ ਸਕਦੇ ਹਨ। ਗੁਰਮੁਖ ਹੀ ਸੰਸਾਰ ਸਾਗਰ ਨੂੰ ਪਾਰ ਕਰਦੇ ਹਨ। ਉਹ ਨਿਰਲੇਪ ਹਨ ਜਿਹੜੇ ਸੱਚੇ ਨਾਮ ਨਾਲ ਜੁੜੇ ਹੋਏ ਹਨ, ਉਹੀ ਮੁਕਤੀ ਪ੍ਰਾਪਤ ਕਰਦੇ ਹਨ:

ਬ੍ਰਹਮੈ ਬੇਦ ਬਾਣੀ ਪਰਗਾਸੀ
ਮਾਇਆ ਮੋਹ ਪਸਾਰਾ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ
ਤਾਮਸੁ ਬਹੁਤੁ ਅਹੰਕਾਰਾ॥ 2॥
ਕਿਸਨੁ ਸਦਾ ਅਵਤਾਰੀ ਰੂਧਾ
ਕਿਤੁ ਲਗਿ ਤਰੈ ਸੰਸਾਰਾ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ
ਚੂਕੈ ਮੋਹ ਗੁਬਾਰਾ॥3॥ (ਪੰਨਾ 559)

ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਅਨੁਸਾਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਪਣੇ 'ਅਹੰ' ਭਾਵ ਤੋਂ ਮੁਕਤ ਨਹੀਂ ਹੋ ਸਕੇ। ਇਸ ਅੰਹਕਾਰ ਕਾਰਨ ਉਹ ਆਪਣੇ ਰਚਣਹਾਰੇ ਨੂੰ ਭੁੱਲ ਗਏ। 'ਹਉਮੈ ਕਾਰ' ਕੀ ਸੀ? ਉਨ੍ਹਾਂ ਨੇ ਲੋਕਾਂ ਤੋਂ ਆਪਣੀ ਪੂਜਾ ਪਰਮਾਤਮਾ ਵਾਂਗ ਕਰਵਾਈ ਜਦ ਕਿ ਉਹ ਸਿਰਫ ਪਰਮਾਤਮਾ ਦੀ ਰਚਨਾ ਸਨ। ਪਰਮਾਤਮ-ਅਨੁਭਵ ਗੁਰੂ ਰਾਹੀਂ ਹੁੰਦਾ ਹੈ ਅਤੇ ਗੁਰੂ ਰਾਹੀਂ ਹੀ ਮਨੁੱਖ ਨੂੰ ਅਹੰਕਾਰ ਤੋਂ ਛੁਟਕਾਰਾ ਮਿਲਦਾ ਹੈ। ਸਿੱਟਾ ਇਹ ਕੱਢਿਆ ਹੈ ਕਿ ਹਉਮੈ ਤੋਂ ਮੁਕਤ ਹੋਏ ਬਿਨਾ ਪਰਮਾਤਮਾ ਨਾਲ ਇੱਕਸੁਰ ਨਹੀਂ ਹੋਇਆ ਜਾ ਸਕਦਾ ਅਤੇ ਅਵਤਾਰ ਕਹੇ ਜਾਣ ਵਾਲੇ ਇਹ ਸਾਰੇ ਹਉਮੈ ਤੋਂ ਮੁਕਤ ਨਹੀਂ ਹੋ ਸਕੇ:

ਬ੍ਰਹਮਾ ਬਿਸਨੁ ਮਹਾਦਿਉ ਤ੍ਰੈ ਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰ ਗੁਰਮੁਖਿ ਸੋਝੀ ਪਾਈ॥ 2॥
(ਪੰਨਾ 735)

ਗੁਰੂ ਅਰਜਨ ਦੇਵ ਨੇ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਨੇ ਬਹੁਤ ਵਾਰ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਆਪਣੇ ਆਪ ਨੂੰ ਅਣਗਿਣਤ ਤਰ੍ਹਾਂ ਨਾਲ ਪ੍ਰਗਟ ਕੀਤਾ ਕਿਉਂਕਿ ਇਹ ਬ੍ਰਹਮੰਡ ਉਸੇ ਦਾ ਪ੍ਰਗਟ ਰੂਪ ਹੈ। ਉਸ ਦੁਆਰਾ ਰਚੀ ਗਈ ਹਰ ਚੀਜ਼ ਅੰਤ ਨੂੰ ਉਸੇ ਵਿਚ ਸਮਾ ਜਾਂਦੀ ਹੈ। ਕੋਈ ਵੀ ਉਸ ਦਾ ਅੰਤ ਨਹੀਂ ਪਾ ਸਕਦਾ। ਪੰਚਮ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਇਹ ਕਹਿਣਾ ਕਿ ਪਰਮਾਤਮਾ ਅਸ਼ਟਮੀ ਵਾਲੇ ਦਿਨ (ਕ੍ਰਿਸ਼ਨ ਦਾ ਜਨਮ ਦਿਨ) ਪੈਦਾ ਹੋਇਆ, ਮਹਾਂ ਮੂਰਖਤਾ ਹੈ। ਇਹ ਕਹਿਣਾ ਕਿ ਪਰਮਾਤਮਾ ਜਨਮ ਲੈਂਦਾ ਅਤੇ ਮਰਦਾ ਹੈ ਤਰਕ-ਸੰਗਤ ਨਹੀਂ। ਸਰੀਰ ਬਿਨਸਣਹਾਰ ਹੈ ਅਤੇ ਨਸ਼ਟ ਹੋ ਜਾਣ ਵਾਲੀ ਚੀਜ਼ ਸੰਪੂਰਨ ਕਿਵੇਂ ਹੋ ਸਕਦੀ ਹੈ? ਗੁਰੂ ਨੇ ਬਹੁਤ ਹੀ ਸਖਤ ਸ਼ਬਦਾਂ ਵਿਚ ਕਿਹਾ ਹੈ ਕਿ ਅਜਿਹਾ ਮੂੰਹ ਜਲ ਜਾਣਾ ਚਾਹੀਦਾ ਹੈ ਜਿਹੜਾ ਕਹਿੰਦਾ ਹੈ ਕਿ ਪਰਮਾਤਮਾ ਜਨਮ ਲੈਂਦਾ ਹੈ। (ਪੰਨਾ 1136)

(ਚਲਦਾ...)

## ਸਿਆਣਿਆਂ ਦਾ ਕਿਹਾ

(1) ਸਮੇਂ ਦੀ ਗਰਦਿਸ਼ ਨੇ ਬਹੁਤੇ ਸਿੱਖਾਂ ਵਿਚਲੀ ਸਿੱਖੀ ਸਪਿਰਿਟ ਉਪਰ ਕਾਫੀ ਧੂਲ ਜਮਾਂ ਕਰ ਦਿੱਤੀ ਹੈ।

(27) ਕਾਲਖ ਦੇ ਵਣਜਾਰਿਓ! ਚਾਨਣ ਕਦੇ ਹਾਰਿਆ ਨਹੀਂ। ਓ ਕਿਰਨਾਂ ਦੇ ਕਾਤਲੋ! ਸੂਰਜ ਕਦੇ ਮਰਿਆ ਨਹੀਂ।

(3) ਹਰ ਤਰ੍ਹਾਂ ਦੀ ਜ਼ਲਾਲਤ ਨੂੰ ਹਜ਼ਮ ਕਰਕੇ ਵੀ ਕੀ ਕੋਈ ਕੌਮ ਆਪਣੇ ਆਪ ਨੂੰ ਅਣਖੀਲੀ ਅਖਵਾਉਂਦੀ ਰਹਿ ਸਕਦੀ ਹੈ?

(4) ਸ਼ੇਰ ਦਿਲ ਸਿੱਖ ਕੌਮ ਨੂੰ ਆਪਣੇ ਲੀਡਰ ਚੁਣਨ ਦੀ ਜਾਚ ਨਹੀਂ।

(5) ਗਾਂਧੀਵਾਦੀ ਸਿੱਖ ਲੀਡਰਸ਼ਿਪ ਦੀ ਉਂਗਲ ਫੜ੍ਹ ਕੇ ਭਾਰਤੀ ਨਿਆਂ ਪ੍ਰਣਾਲੀ ਤੋਂ ਨਿਆਂ ਹਾਸਲ ਕਰਨ ਤੁਰੇ ਸਿੱਖਾਂ ਦੇ ਵਰਗ ਨੂੰ, ਸਿੱਖ ਜੁਝਾਰੂ ਲਹਿਰ ਦੀ ਰੂਹ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਮੂੰਹ ਚੋਂ ਨਿਕਲੀ ਉਹ ਆਵਾਜ਼ ਹੁਣ ਮਹੱਤਵਪੂਰਨ ਲੱਗਣ ਲੱਗ ਪਈ ਹੈ ਕਿ ਭਾਰਤੀ ਹਿੰਦੂ ਪੱਥਰ ਪੂਜ ਹਾਕਮਾਂ ਦੇ ਦਿਲ ਵੀ ਪੱਥਰ ਹੋ ਚੁੱਕੇ ਹਨ। ਇਨ੍ਹਾਂ ਤੋਂ ਨਿਆਂ ਦੀ ਆਸ ਰੱਖਣ ਤੋਂ ਪਹਿਲਾਂ ਆਪਣੇ ਆਪ ਨੂੰ ਪਾਗਲਖਾਨੇ ਦੇ ਡਾਕਟਰ ਤੋਂ ਚੈਕ ਕਰਵਾ ਲਵੋ।

(6) ਅੱਜ ਸਾਨੂੰ ਆਪਣੀਆਂ ਕਹਾਣੀਆਂ, ਨਜ਼ਮਾਂ, ਆਪਣੇ ਡਰਾਮੇ, ਆਪਣੀਆਂ ਪੇਂਟਿੰਗਾਂ ਲੈ ਕੇ ਸੜਕਾਂ, ਚੌਰਾਹਿਆਂ ਵਿਚ ਆ ਖਲੋਣ ਦੀ ਲੋੜ ਹੈ ਤਾਂ ਜੋ ਅਸੀਂ ਲੋਕਾਈ ਨਾਲ, ਆਵਾਮ ਨਾਲ, ਜੁੜ ਸਕੀਏ।

(7) ਬੋਲੋ, ਤਾਂ ਕਿ ਇਤਿਹਾਸ ਗਵਾਹੀ ਦੇ ਸਕੇ ਕਿ ਇਸ ਸਿਆਹ ਦੌਰ ਵਿਚ ਵੀ ਕੁੱਝ ਹਸਾਸ ਤੇ ਈਮਾਨਦਾਰ ਲੋਕ ਜ਼ਿੰਦਾ ਬਚੇ ਸਨ, ਜਿਨ੍ਹਾਂ ਨੇ ਆਪਣੀਆਂ ਜਾਨਾਂ ਨੂੰ ਦਾਅ 'ਤੇ ਲਾ ਦਿੱਤਾ ਸੀ, ਤਾਂ ਕਿ ਬੋਲਣ ਦਾ ਹੱਕ ਆਉਣ ਵਾਲੀਆਂ ਨਸਲਾਂ ਤੋਂ ਖੋਹਿਆ ਨਾ ਜਾਵੇ।

(8) ਸਾਡਾ ਅੰਮੀਉਂ ਜ਼ਰਾ ਨਾ ਕਰੋ ਝੋਰਾ, ਸਾਨੂੰ ਜ਼ਿੰਦਗੀ ਸੁਰਖਰੂ ਕਰਨ ਦੇਵੋ। ਅਸੀਂ ਜੰਮੇ ਹਾਂ ਹਉਕੇ ਦੀ ਲਾਟ ਵਿਚੋਂ, ਸਾਨੂੰ ਸੇਕ ਜੁਦਾਈ ਦਾ ਜਰਨ ਦੇਵੋ।

(9) ਜਿਨ੍ਹਾਂ ਕੰਧ ਲਾਲ ਕਿਲੇ ਦੀ ਤੋੜਨੀ ਏ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ। ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।

(10) ਇਹ ਤਾਂ ਇਸ਼ਕ ਦਾ ਇਕ ਪੜਾਅ ਹੈ, ਮੇਰੀ ਮੰਜ਼ਿਲ ਹੋਰ ਅਗੇਰੇ। ਜਿਥੇ ਆਸ਼ਕ ਪੀ ਜਾਂਦੇ ਨੇ ਸੂਰਜ ਵਾਂਗੂੰ ਕੁੱਲੂ ਹਨੇਰੇ।

(11) ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਸਿੱਖ ਜਦੋਂ ਵੀ ਹਾਰੇ ਹਨ, ਨਾਲਾਇਕ ਲੀਡਰਸ਼ਿਪ ਦੇ ਕਾਰਨ ਹੀ ਹਾਰੇ ਹਨ।

(12) ਹਾਰਨਾ ਪਾਪ ਨਹੀਂ, ਹਾਰ ਮੰਨ ਲੈਣਾ ਪਾਪ ਹੈ। ਸਿੱਖ ਹਰ ਵਾਰ ਫੱਟ ਖਾ ਖਾ ਕੇ ਉਠਦੇ ਹਨ ਤੇ ਹਾਰ ਨੂੰ ਜਿੱਤ ਵਿਚ ਬਦਲਣ ਲਈ ਉਦੋਂ ਤਕ ਮੁੜ ਮੁੜ ਸਿਰ ਧੜ ਦੀ ਬਾਜ਼ੀ ਲਾਉਂਦੇ ਰਹੇ ਹਨ ਜਦੋਂ ਤਕ ਜੰਗ ਜਿੱਤੀ ਨਹੀਂ ਜਾਂਦੀ।

(13) ਮੈਂ ਹਾਂ ਧਰਤ ਪੰਜਾਬ ਦੀ ਕਿੰਜ ਆਪਣਾ ਹਾਲ ਸੁਣਾਵਾਂ, ਜੀਭ ਮੇਰੀ ਨੂੰ ਤਾਲਾ ਲੱਗਾ ਹੱਥਕੜੀਆਂ ਵਿਚ ਬਾਂਹਵਾਂ। ਪੈਰੀਂ ਮੇਰੇ ਬੇੜੀਆਂ ਪਾਈਆਂ ਕਿੰਜ ਅੱਗੇ ਕਦਮ ਵਧਾਵਾਂ।

(14) ਮੇਰੀਆਂ ਗੱਲਾਂ ਨੇ ਨਾਮ ਉਨ੍ਹਾਂ ਦੇ, ਜੋ ਵਾਰ ਗਏ ਜਾਨਾਂ ਕੌਮ ਦੇ ਉਤੇ। ਜਗ ਗਏ ਸੁੱਤੀ ਕੌਮ ਉਹੋ, ਆਪ ਭਾਵੇਂ ਉਹ ਸਦਾ ਲਈ ਸੁੱਤੇ।

(15) ਐ ਪੰਜਾਬ, ਧੀਆਂ ਤੇਰੀਆਂ ਭੀ, ਅਣਖੀਲੀਆਂ ਨਾਰਾਂ ਨੇ। ਸਿਰ 'ਤੇ ਜਦ ਪੈ ਜਾਂਦੀ, ਇਹ ਫੜਨ ਤਲਵਾਰਾਂ ਨੇ।

(16) ਜੂਨ ਮਹੀਨਾ ਅੱਜ ਫਿਰ ਚੜ੍ਹਿਆ, ਯਾਦ ਇਕ ਫਿਰ ਆਈ ਨੀ ਮਾਏ। ਸਾਡੇ 'ਤੇ ਜੋ ਕਹਿਰ ਗੁਜ਼ਰਿਆ, ਉਹ ਅੱਖਾਂ ਸਾਹਵੇਂ ਲਿਆਈ ਨੀ ਮਾਏ।

(17) ਖੂਨ ਸ਼ਹੀਦਾਂ ਦਾ ਡੁਲ੍ਹਿਆ ਹਰ ਥਾਂ, ਪੈਰ ਇਸ 'ਤੇ ਕਿੰਜ ਧਰੇਗਾ ਸਿੰਘਾ। ਸਿਰ ਤੇਰਾ ਵਿਚ ਪੈਰਾਂ ਡਿੱਗਾ, ਜਿਉਂਦਿਆਂ ਹੁਣ ਤੂੰ ਮਰੇਂਗਾ ਸਿੰਘਾ।

(18) ਨਵੰਬਰ 84 ਵਿਚ ਐਨੀ ਉਚੀ ਚੀਕ ਸੀ ਉਸ ਦੀ, ਉਹ ਸੁੱਤੇ ਲੋਕ ਜਗਾਉਂਦੀ ਸੀ। ਕੋਈ ਉਹਦੀ ਮਦਦ ਨਾ ਕਰਦਾ, ਉਹ ਜਾਨ ਦੇ ਕੇ ਪੱਤ ਬਚਾਉਂਦੀ ਸੀ।

(19) ਸ਼ਹੀਦ ਆਪਣੀ ਮਾਂ ਨੂੰ ਕਹਿੰਦਾ, ਖੁਸ਼ੀ ਵੱਸ ਤੂੰ ਮੇਰੀ ਅੰਮੜੀ ਮੇਰੇ ਪਿੱਛੋਂ ਕਦੇ ਨਾ ਰੋਣਾ। ਮੈਂ ਚੱਲਿਆ ਹਾਂ ਉਥੇ ਮਾਤਾ ਜਿਥੋਂ ਮੁੜ ਕਦੇ ਨਾ ਆਉਣਾ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਭਾਗਾਂਭਰੀ ਦੇ ਫੁੱਟ ਗਏ ਭਾਗ ਏਦਾਂ...

***ਕਰਜ਼ਾ ਲੈਣ ਦੀ ਕਾਹਲ ਨਾ ਕਰੋ, ਕਰਜ਼ਾਈ ਬੰਦਿਆਂ ਦੇ ਜੁਆਨ ਰਹਿਣ ਦੀਆਂ ਆਸਾਂ ਦਾ ਬੂਰ ਝੜ ਜਾਂਦਾ ਹੈ। ਉਨ੍ਹਾਂ ਬੰਦਿਆਂ ਨੇ ਹਰ ਥਾਂ ਸਿਰ ਨਹੀਂ ਝੁਕਾਇਆ ਜਿਨ੍ਹਾਂ ਨੂੰ ਪਤਾ ਸੀ ਕਿ ਸਿਰ 'ਚ ਦਿਮਾਗ ਵੀ ਹੁੰਦਾ ਹੈ। ਸਿਆਣੇ ਬੰਦਿਆਂ ਨੇ ਤੱਤ ਕੱਢੇ ਹੁੰਦੇ ਸਨ ਅਤੇ ਉਹ ਕੁੜੀ, ਮੁੰਡੇ ਦੀ ਤੋਰ ਦੇਖ ਕੇ ਦੱਸ ਦਿੰਦੇ ਸਨ ਕਿ ਹਾਲਾਤ ਠੀਕ ਨੇ ਜਾਂ ਨਹੀਂ; ਪਰ ਹੁਣ ਬੰਦੇ ਬੁੱਢੇ ਤਾਂ ਹੋਈ ਜਾਂਦੇ ਨੇ, ਤੱਤ ਨਹੀਂ ਕੱਢਦੇ ਤਾਂ ਕੀ ਕਰੀਏ? ਹੁਣ ਤਾਂ ਕਈ ਵਿਦੇਸ਼ੀ ਬੁੱਢਿਆਂ ਦੇ ਵੀ ਦੇਸ਼ ਜਾ ਕੇ ਸਿਰ ਸੁਆਹ ਪੁਆਉਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਅੱਗੇ ਸਵੈਮਾਣ ਲਈ ਯਤਨ ਹੁੰਦੇ ਸਨ, ਹੁਣ ਅਭਿਮਾਨ 'ਚ ਗਰਦਨ ਆਕੜੀ ਹੀ ਬਿਜਲੀ ਦੇ ਖੰਭੇ ਵਾਂਗ ਰਹਿੰਦੀ ਹੈ ਕਿ ਪੈਰਾਂ ਵੱਲ ਵੇਖਦੇ ਹੀ ਬਹੁਤ ਘੱਟ ਲੋਕ ਹਨ। ਜੇ ਦੁਨੀਆਂ ਦੇ ਬਹੁਤੇ ਲੋਕ ਦੁਖੀ ਹਨ ਤਾਂ ਇਸ ਕਰਕੇ ਕਿ ਇਨਸਾਫ਼ ਕੁੱਬਾ ਹੀ ਹੁੰਦਾ ਜਾ ਰਿਹਾ ਹੈ। ਬੰਦਾ ਭਾਵੇਂ ਰੋਜ਼ ਵਧੀਆ ਸਾਬਣ ਨਾਲ ਮਲ-ਮਲ ਕੇ ਨਹਾਉਂਦਾ ਹੈ ਪਰ ਤਿੰਨ ਵਾਰ ਦਾ ਨਹਾਉਣਾ ਹੀ ਖਾਸ ਹੁੰਦਾ ਹੈ ਜਦੋਂ ਸਾਰਿਆਂ ਨੇ ਰਲ ਕੇ ਇਹ ਕਾਜ ਕਰਨਾ ਹੁੰਦਾ ਹੈ। ਜੰਮਣ, ਵਿਆਹ ਅਤੇ ਮਰਨ ਵਕਤ। ਦੇਸ਼ ਕੋਈ ਵੀ ਹੋਵੇ ਪਰ ਪ੍ਰੇਮਿਕਾ ਦੇ ਅਰਥ ਇਕੋ ਜਿਹੇ ਹੁੰਦੇ ਹਨ। ਸੋਨਾ ਖਾਣ 'ਚੋਂ ਨਿਕਲਣ ਵੇਲੇ ਸੁਨਿਹਰੀ ਨਹੀਂ ਹੁੰਦਾ। ਇਹ ਵੀ ਜ਼ਰੂਰੀ ਨਹੀਂ ਬਾਹਰੋਂ ਲਾਲ ਦਿਸਣ ਵਾਲੇ ਅੰਬ ਅੰਦਰੋਂ ਮਿੱਠੇ ਵੀ ਹੋਣ। ਬੂੰਦ 'ਚ ਸਮੁੰਦਰ ਹੁੰਦਾ ਹੈ, ਅਤੇ ਕਣੀਆਂ 'ਚ ਹੜ੍ਹ ਵੀ ਹੁੰਦੇ ਨੇ। ਕਈ ਵਾਰ ਬੰਦਾ ਮਰ ਤਾਂ ਕਦੋਂ ਦਾ ਗਿਆ ਹੁੰਦਾ ਹੈ ਪਰ ਹਾਲਾਤ ਜਿਉਣ ਲਈ ਮਜਬੂਰ ਕਰੀ ਰਖਦੇ ਹਨ। ਜੀਹਨੇ ਨਸ਼ੇ ਵੀ ਰੱਜ ਕੇ ਕੀਤੇ ਹੋਣ, ਖ਼ੁਸ਼ਹਾਲ ਵੀ ਹੋਵੇ, ਤੁਹਾਨੂੰ ਲਗਦਾ ਹੈ ਕਿ ਸਾਧ ਅਤੇ ਚੋਰ 'ਕੱਠੇ ਹੋ ਸਕਦੇ ਹਨ?***

ਝੜੇ ਹੋਏ ਪੱਤਿਆਂ ਵਾਲੇ ਦਰਖ਼ਤ ਵੱਲ ਕੋਈ ਵੀ ਨਹੀਂ ਦੇਖਦਾ। ਇਸੇ ਲਈ ਪਤਝੜ ਕਿਸੇ ਨੂੰ ਵੀ ਚੰਗੀ ਨਹੀਂ ਲਗਦੀ ਕਿਉਂਕਿ ਦਰਖ਼ਤ ਦੀ ਟੌਹਰ ਵੀ ਫੁੱਲਾਂ, ਫਲਾਂ ਅਤੇ ਪੱਤਿਆਂ ਨਾਲ ਹੀ ਹੁੰਦੀ ਹੈ। ਬੁੱਢੇ ਹੋਏ ਬੰਦਿਆਂ ਨੂੰ ਜਵਾਨੀ ਦੀ ਯਾਦ ਪ੍ਰੇਸ਼ਾਨ ਕਰਦੀ ਹੈ ਅਤੇ ਬੁੱਢਿਆਂ ਨੂੰ ਵੇਖ ਕੇ ਜਵਾਨ ਸੋਚਦੇ ਹਨ ਕਿ ਸ਼ਾਇਦ ਇਹ ਏਦਾਂ ਦੇ ਹੀ ਧਰਤੀ 'ਤੇ ਆਏ ਹੋਣ। ਜਵਾਨੀ ਮਸਤਾਨੀ ਇਸ ਕਰਕੇ ਹੁੰਦੀ ਹੈ ਕਿਉਂਕਿ ਸਾਰੀਆਂ ਸ਼ੈਤਾਨੀਆਂ ਇਸੇ ਉਮਰ ਵਿਚ ਹੁੰਦੀਆਂ ਹਨ, ਪਰ ਬਹੁਤ ਘੱਟ ਹੁੰਦਾ ਹੈ ਕਿ ਕਈਆਂ ਨੂੰ ਇਸ ਉਮਰ ਦੀ ਵੱਤੋਂ ਲੰਘ ਕੇ ਜਾਂ ਤਾਂ ਮਜਬੂਰੀ ਨਾਲ ਸ਼ੈਤਾਨੀਆਂ ਕਰਨੀਆਂ ਪੈ ਜਾਂਦੀਆਂ ਹਨ, ਤੇ ਜਾਂ ਫਿਰ ਕਰਾਮਾਤਾਂ ਕਰਨ ਲਈ ਬੇਵੱਸ ਹੋਣਾ ਪੈ ਜਾਂਦਾ ਹੈ। ਮੈਲੇ ਕੱਪੜਿਆਂ 'ਚ ਖ਼ੂਬਸੂਰਤ ਬਦਨ ਹੋਣ, ਗੰਦਗੀ ਵਾਲੀਆਂ ਥਾਂਵਾਂ 'ਤੇ ਸਫ਼ਾਈਪਸੰਦ ਲੋਕਾਂ ਨੂੰ ਰਹਿਣਾ ਪੈ ਜਾਵੇ ਤਾਂ ਇਸ ਤੋਂ ਵੱਡੀਆਂ ਮਜਬੂਰੀਆਂ ਹੋਰ ਕੀ ਸਕਦੀਆਂ ਹਨ? ਜਿਹੜੇ ਬਦਸੂਰਤ ਸਨ ਪਰ ਵਿਆਹੇ ਚੰਨ ਵਰਗੇ ਮੁਖੜਿਆਂ ਨਾਲ ਗਏ, ਫਿਰ ਉਨ੍ਹਾਂ ਵਿਚਾਰਿਆਂ ਨੇ ਸਾਰੀ ਉਮਰ ਮਜਬੂਰੀ 'ਚ ਚੌਂਕੀਦਾਰਾਂ ਹੀ ਕੀਤਾ ਪਰ ਇਹਦੇ ਬਦਲੇ ਮਿਹਨਤਾਨਾ ਟਕਾ ਨਹੀਂ ਮਿਲਿਆ। ਇਸਤਰੀਆਂ ਹੁੰਦੀਆਂ ਤਾਂ ਬਹੁਤਾ ਕਰਕੇ ਗੀਤ ਵਰਗੀਆਂ ਹੀ ਹਨ ਪਰ ਖੌਰੇ ਕਿਉਂ ਵੈਣਾਂ ਵਰਗੀਆਂ ਹੋ ਜਾਂਦੀਆ ਹਨ; ਜਿਵੇਂ ਆਲ੍ਹਣਿਆਂ 'ਚੋਂ ਉਡੀਆਂ ਤਾਂ ਕੋਇਲਾਂ ਸਨ ਪਰ ਜਦ ਵਾਪਸ ਪਰਤੀਆਂ ਤਾਂ ਕਾਵਾਂ ਵਰਗੀਆਂ ਬਣ ਗਈਆਂ!

ਨਾਂ ਤਾਂ ਉਸ ਵਿਚਾਰੀ ਦਾ ਪ੍ਰੀਤਮ ਕੌਰ ਸੀ ਪਰ ਚੰਗੇ ਦਿਨਾਂ ਦੇ ਦੌਰ ਨੇ ਉਹਦਾ ਨਾਂ ਭਾਗਾਂ ਭਰੀ ਬਣਾ ਦਿੱਤਾ ਸੀ। ਖੰਡਰ ਜਿਹੇ ਮਕਾਨ 'ਚੋਂ ਜਦੋਂ ਬਦਬੂ ਨਿਕਲੀ ਤਾਂ ਲੋਕਾਂ ਨੇ ਵੇਖਿਆ ਕਿ ਭਾਗਾਂ ਭਰੀ ਇਸ ਜਹਾਨੋਂ ਕੂਚ ਕਰ ਗਈ ਹੈ। ਜਿਸ ਤਰ੍ਹਾਂ ਦੀ ਜ਼ਿੰਦਗੀ ਦਾ ਅੰਤ ਉਹਨੇ ਵੇਖਿਆ ਸੀ, ਇੱਦਾਂ ਲਗਦਾ ਸੀ, ਸੋਨਾ ਕਿਸੇ ਨੇ ਕੋਡੀਆਂ ਦੇ ਭਾਅ ਵੀ ਨਹੀਂ ਪੁੱਛਿਆ। ਅਰਥੀ ਨੂੰ ਮੋਢਾ ਵੀ ਕਿਸੇ ਆਪਣੇ ਨੇ ਨਹੀਂ ਸੀ ਦਿੱਤਾ। ਲੋਕ ਉਹਦੇ ਮਰਨ 'ਤੇ ਹਉਕੇ ਤਾਂ ਭਰਦੇ ਸਨ ਪਰ ਰੋਣਾ ਕਿਸੇ ਦਾ ਵੀ ਨਹੀਂ ਸੀ ਨਿਕਲਿਆ, ਤੇ ਭਰ ਜੋਬਨ ਵਿਚ ਲਾਟੂ ਵਾਂਗ ਜਗਣ ਵਾਲੀ ਭਾਗਾਂ ਭਰੀ ਸ਼ਮਸ਼ਾਨਘਾਟ ਦੇ ਆਂਗਣ ਵਿਚ ਲਟ-ਲਟ ਬਲਣ ਲੱਗ ਪਈ। ਸ਼ਾਇਦ ਕਿਸੇ ਨੇ ਉਹਦੀਆਂ ਅੰਤਿਮ ਅਰਦਾਸਾਂ ਵੀ ਨਹੀਂ ਕਰਨੀਆਂ ਸਨ, ਜਾਂ ਸ਼ਰਧਾਂਜਲੀ ਸਮਾਗਮ ਤਾਂ ਕੀ ਹੋਣਾ ਸੀ। ਇਸ ਲਈ ਲੋਕ ਆਪਸ ਵਿਚ ਮੂੰਹੋਂ-ਤੂੰਹੀਂ ਹੀ ਉਹਦੀ ਜ਼ਿੰਦਗੀ ਦੇ ਵਰਕੇ ਪੁੱਠੇ-ਸਿੱਧੇ ਕਰਕੇ, ਤਰਸ ਵਾਲੀ ਸ਼ਰਧਾ ਭੇਟ ਕਰਕੇ ਘਰਾਂ ਨੂੰ ਚਲੇ ਗਏ। ਫੁੱਲ ਵੀ ਵਿਚਾਰੀ ਦੇ ਸਰਪੰਚ ਨੇ ਚੁਗ ਕੇ ਉਥੇ ਹੀ ਕਿੱਕਰ ਨਾਲ ਬਤਾਊਂ ਵਾਂਗ ਟੰਗ ਦਿੱਤੇ।

ਦਰਅਸਲ ਪੌਣੇ ਛੇ ਫੁੱਟ ਲੰਬੀ ਭਾਗਾਂ ਭਰੀ ਇਕਲੌਤੀ ਧੀ ਸੀ। ਬਾਪ ਹੱਥ ਪੀਲੇ ਕਰਨ ਤੋਂ ਪਹਿਲਾਂ ਹੀ ਤੁਰ ਗਿਆ। ਸੁਨੱਖੀ ਇੰਨੀ ਕਿ ਜੇ ਕੋਈ ਹੀਰ ਸੀ ਵੀ ਤਾਂ ਇਸ ਤੋਂ ਸੋਹਣੀ ਨਹੀਂ ਸੀ ਹੋ ਸਕਦੀ। ਭਗਵਾਨ ਸਿਹੁੰ ਨਾਲ ਜਦੋਂ ਵਿਆਹੀ ਤਾਂ ਮੁਕਲਾਵੇ ਵਾਲੇ ਦਿਨਾਂ 'ਚ ਆਂਢ-ਗੁਆਂਢ ਵਿਚ ਹੀ ਨਹੀਂ ਆਲੇ-ਦੁਆਲੇ ਦੇ ਪਿੰਡਾਂ ਵਿਚ ਚਰਚਾ ਛਿੜ ਪਈ ਸੀ ਕਿ ਭਗਵਾਨ ਸਿਹੁੰ ਦੇ ਭਾਗ ਜਾਗ ਪਏ ਹਨ। ਵਹੁਟੀ ਮਿਲੇ ਤਾਂ ਸੁੱਖ ਨਾਲ ਇਹਦੇ ਵਰਗੀ! ਕਿਉਂਕਿ ਭਗਵਾਨ ਸਿਹੁੰ ਜੀਹਨੂੰ ਛੋਟੇ ਨਾਂ ਨਾਲ ਭਾਨਾ ਹੀ ਕਹਿੰਦੇ ਸਨ ਪਰ ਉਹਨੂੰ ਜਾਣਦੇ ਬਹੁਤਾ ਕਰਕੇ ਇਸ ਕਰਕੇ ਸਨ ਕਿ ਉਹ ਪੰਜਾਬ ਅਤੇ ਹਿੰਦੋਸਤਾਨ ਵਿਚ ਬਹੁਤਾ ਸਮਾਂ ਹਕੂਮਤ ਕਰਨ ਵਾਲੀ ਪਾਰਟੀ ਦਾ ਸਿਰਕੱਢ ਬੰਦਾ ਸੀ। ਜ਼ਮੀਨ ਤਾਂ ਭਾਵੇਂ ਡੇਢ ਕੁ ਕਿੱਲਾ ਸੀ ਪਰ ਠਾਠ-ਬਾਠ ਪੂਰਾ। ਮੋਟਰਸਾਈਕਲ 'ਤੇ ਇਹ ਜੋੜੀ ਜਦੋਂ ਨਿਕਲਦੀ ਸੀ ਤਾਂ ਟੋਕਰਾ ਚੁੱਕੀ ਔਰਤਾਂ ਵੀ ਮੂੰਹ ਘੁਮਾ-ਘੁਮਾ ਕੇ ਵੇਖਦੀਆਂ ਸਨ, 'ਅੱਛਾ! ਆਹ ਏ ਭਾਗਾਂ ਭਰੀ।' ਭਾਨੇ ਦਾ ਮਿੱਤਰ ਸੀ ਨਾਲ ਦੇ ਪਿੰਡੋਂ ਕਾਮਰੇਡ ਕਿੱਕਰ ਸਿੰਘ। ਉਹ ਪਾਰਟੀ ਦੇ ਧਰਨਿਆਂ, ਜਲਸਿਆਂ, ਮੁਜ਼ਾਹਰਿਆਂ, ਨਾਅਰਿਆਂ ਵਿਚ ਤਾਂ ਅਲੱਗ ਅਲੱਗ ਹੁੰਦੇ ਪਰ ਆਥਣੇ ਗਲਾਸੀ 'ਕੱਠਿਆਂ ਦੀ ਹੀ ਖੜਕਦੀ ਸੀ। ਦੋਹਾਂ ਪਰਿਵਾਰਾਂ ਵਿਚ ਰਾਜਨੀਤਕ ਸੋਚ ਤੋਂ ਸਿਵਾ ਸਭ ਕੁਝ ਸਾਂਝਾ ਸੀ। ਭਾਨੇ ਦੇ ਇਕੋ ਪੁੱਤ ਸੀ ਯੂਸਫ਼ ਵਰਗਾ। ਕਾਮਰੇਡ ਦੇ ਦੋ ਧੀਆਂ ਸਨ।

ਦੋਹਾਂ ਪਰਿਵਾਰਾਂ ਦੇ ਪਿਆਰ ਵਿਚ ਐਸੀ ਸੰਨ੍ਹ ਪਈ ਕਿ ਜੀਵਨ ਹੀ ਜਿਵੇਂ ਯੁੱਧ ਵਿਚ ਬਦਲ ਗਿਆ ਹੋਵੇ। ਭਾਨੇ ਦਾ ਛੋਕਰਾ ਕਿੱਕਰ ਸਿਹੁੰ ਦੀ ਵੱਡੀ ਕੁੜੀ ਨਾਲ ਰਫੂ ਚੱਕਰ ਹੋ ਗਿਆ। ਪੁਲਿਸ ਨੇ ਰਾਜਨੀਤਕ ਕੱਦ ਕਰਕੇ ਭਾਵੇਂ ਭਾਨੇ ਅਤੇ ਭਾਗਾਂ ਭਰੀ ਦੀ ਬਹੁਤੀ ਖਿੱਚ-ਧੂਹ ਤਾਂ ਨਹੀਂ ਕੀਤੀ ਪਰ ਫਿਰ ਵੀ 'ਤੋਏ ਤੋਏ' ਕਾਫ਼ੀ ਹੋ ਗਈ ਸੀ। ਦੋਹਾਂ ਨੇ ਇਕ-ਦੂਜੇ ਵੱਲ ਪਿੱਠਾਂ ਕਰ ਲਈਆਂ। ਭਾਨਾ ਅਤੇ ਕਿੱਕਰ ਸਿੰਘ ਇਕ-ਦੂਜੇ ਨੂੰ ਬਰੂ ਖਾਧੀ ਮੱਝ ਵਾਂਗ ਕੌੜਾ ਕੌੜਾ ਝਾਕਦੇ। ਘਟਨਾ ਇਹ ਕੋਈ ਤੀਹ ਕੁ ਸਾਲ ਪੁਰਾਣੀ ਹੈ, ਅਤੇ ਜੇ ਯਾਦ ਸ਼ਕਤੀ ਦਾ ਰਿਵਰਸ ਗਿਅਰ ਪਾ ਕੇ ਦੇਖੋ ਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਹੁਤ ਕੁਝ ਚੇਤੇ ਕਰਾ ਦੇਣਗੀਆਂ। ਹਾਲੇ ਤੀਕਰ ਪਿਆਰ 'ਚ ਰਫੂ ਚੱਕਰ ਹੋਈ ਇਸ ਜੋੜੀ ਦਾ ਕੋਈ ਥਹੁ-ਪਤਾ ਨਹੀਂ; ਹਾਲਾਂਕਿ ਨਾ ਹੁਣ ਭਾਨਾ ਰਿਹਾ ਹੈ ਤੇ ਨਾ ਭਾਗਾਂ ਭਰੀ।

ਵਰ੍ਹਿਆਂ ਪਿੱਛੋਂ ਭਾਨਾ ਅਤੇ ਕਿੱਕਰ ਸਿਹੁੰ ਇਕੋ ਬੱਸ ਵਿਚ ਪਿੰਡਾਂ ਵੱਲ ਜਾ ਰਹੇ ਸਨ ਕਿ ਪਤਾ ਨਹੀਂ ਕਿਉਂ ਦੋਹਾਂ ਦੀਆਂ ਅੱਖਾਂ ਪਿਆਰ ਦੇ ਰਸ ਵਿਚ ਰਿਸ ਪਈਆਂ। 'ਯਾਰਾ ਜੋ ਹੋਣਾ ਸੀ ਹੋ ਗਿਆ। ਔਲਾਦ ਮਾੜੀ ਨਿਕਲੀ ਤਾਂ ਕੀ ਕਰੀਏ। ਨਾ ਕਸੂਰ ਤੇਰਾ, ਨਾ ਮੇਰਾ। ਹੋ ਜ਼ਰਾ ਪਰ੍ਹੇ ਨੂੰ।' ਕਹਿ ਕੇ ਭਾਨਾ, ਕਿੱਕਰ ਸਿਹੁੰ ਦੇ ਨਾਲ ਹੀ ਸੀਟ 'ਤੇ ਬਹਿ ਗਿਆ। ਪਹਿਲਾਂ ਪਿੰਡ ਭਾਨੇ ਦਾ ਆਇਆ ਅਤੇ ਉਹਨੇ ਯਾਰ ਨੂੰ ਬਾਹੋਂ ਖਿੱਚ ਕੇ ਹੇਠਾਂ ਲਾਹ ਲਿਆ ਕਿ ਚੱਲ ਅੱਜ ਪੁਰਾਣੇ ਦਿਨ ਚੇਤੇ ਕਰਦੇ ਆਂ। ਉਸੇ ਟਿੰਡਾਂ ਵਾਲੇ ਖੂਹ 'ਤੇ ਜੀਹਦੇ ਸੱਜੇ ਪਾਸੇ ਇੰਜਣ ਫਿੱਟ ਸੀ ਤੇ ਉਸੇ ਬਾਣ ਵਾਲੇ ਮੰਜੇ ਦੇ ਪੈਂਦੀਆਂ-ਸਰਹਾਣੇ ਬੈਠ ਗਏ। ਭਾਨੇ ਨੇ ਘਰ ਦੀ ਕੱਢੀ ਪਹਿਲੇ ਤੋੜ ਵਾਲੀ ਆੜ੍ਹ ਦੇ ਥੱਲਿਓਂ ਕੱਢ ਲਈ ਅਤੇ ਫਿਰ ਪਾਵੇ 'ਤੇ ਗੰਢਾ ਭੰਨ ਕੇ ਪੈਗ ਨਾਲ ਇਕ-ਦੂਜੇ ਨੂੰ ਸਲਾਦ ਵਾਂਗ ਪੇਸ਼ ਕਰਦੇ।

ਗੱਲਾਂ-ਗੱਲਾਂ ਵਿਚ ਗੱਲ ਉਦੋਂ ਖਰਾਬ ਹੋ ਗਈ ਜਦੋਂ ਭਾਨੇ ਪੁੱਛਿਆ, 'ਯਾਰ ਤੇਰਾ ਗੁੱਸਾ ਮਰ ਨ੍ਹੀ ਸਕਦਾ?'

'ਮਰ ਸਕਦੈ!'

'ਦੱਸ ਕਿਵੇਂ?'

'ਤੇਰਾ ਮੁੰਡਾ ਮੇਰੀ ਧੀ ਲੈ ਗਿਆ ਸੀ?'

'ਹਾਂ।'

'ਬੱਸ ਇਕ ਰਾਤ ਮੇਰੇ ਕੋਲ ਭਾਗਾਂ ਭਰੀ ਛੱਡਦੇ।'

...ਤੇ ਦਾਰੂ ਦੇ ਨਸ਼ੇ ਦਾ ਰੰਗ ਉਦੋਂ ਲਾਲੋ-ਲਾਲ ਹੋ ਗਿਆ ਜਦੋਂ ਭਾਨੇ ਨੇ ਇੰਜਣ ਸਟਾਰਟ ਕਰਨ ਵਾਲੀ ਹੱਥੀ ਦੋਵੇਂ ਹੱਥਾਂ ਨਾਲ ਸ਼ਰਾਬੀ ਹੋਏ ਕਿੱਕਰ ਸਿਹੁੰ ਦੇ ਸਿਰ 'ਤੇ ਜੜ੍ਹ ਕੇ ਮੌਤ ਦਾ ਮੋਰਚਾ ਖੋਲ੍ਹਤਾ। ਜਦੋਂ ਤੱਕ ਪਿੰਡ ਦੇ ਮਜ਼ਦੂਰ ਪਹੁੰਚੇ, ਸੂਰਜ ਦਿਨ ਖੜ੍ਹੇ ਡੁੱਬ ਗਿਆ ਸੀ।

ਫਿਰ ਕੱਖਾਂ ਦੀ ਅੱਗ ਭਾਂਬੜ ਬਣ ਗਈ।

ਆਟੇ ਨੂੰ ਪਲੇਥਣ ਇਹ ਵੀ ਲੱਗ ਗਿਆ ਸੀ ਕਿ ਪੁਲਿਸ ਨੂੰ ਗਵਾਹ ਵੀ ਉਹੀ ਮਜ਼ਦੂਰ ਮਿਲ ਗਏ ਅਤੇ ਭਾਨੇ ਦੇ ਪੁੱਤ ਵੱਲੋਂ ਧੀ ਉਧਾਲਣ ਦੀ ਕਹਾਣੀ ਕਤਲ ਦੇ ਕਾਰਨਾਂ ਵਿਚ ਸ਼ਾਮਲ ਕਰ ਲਈ ਗਈ।

ਇੱਥੋਂ ਹੀ ਭਾਗਾਂ ਭਰੀ ਦੇ ਲੇਖਾਂ ਨੂੰ ਅੱਗ ਪੈ ਗਈ। ਪੂਰੇ ਪੰਜ ਸਾਲ ਮੁਕੱਦਮਾ ਚੱਲਿਆ ਅਤੇ ਆਈ.ਪੀ.ਸੀ. ਦੀ ਧਾਰਾ ਤਿੰਨ ਸੌ ਦੋ ਅਧੀਨ ਭਾਵ ਪੂਰੀ ਵੀਹ ਸਾਲੀ ਜੇਲ੍ਹ ਭੁਗਤਣ ਲਈ ਸੀਖਾਂ ਪਿੱਛੇ ਡੱਕਿਆ ਗਿਆ। ਵਕੀਲਾਂ ਨੇ ਡੇਢ ਕਿੱਲਾ ਨਿਗਲ ਲਿਆ ਸੀ ਯਾਨਿ ਜਰ ਗਈ ਅਤੇ ਬਾਕੀ ਕੁਝ ਬਚਦਾ ਸੀ ਤਾਂ ਜ਼ੋਰੂ।...ਤੇ ਜ਼ੋਰੂ ਭਾਗਾਂ ਭਰੀ ਕੁੱਖ 'ਤੇ ਦੁਹੱਥੜੀਆਂ ਮਾਰਦੀ ਦੁਹਾਈਆਂ ਦਿੰਦੀ ਸੀ ਕਿ ਗੰਦੀ ਔਲਾਦ ਨਾਲੋਂ ਔਤ ਹੀ ਚੰਗੀ ਸੀ। ਮੈਂ ਤਾਂ 'ਕੱਲੀ ਸੀ ਹੀ, ਮਾਂ ਨੇ ਜਵਾਈ ਵੀ 'ਕੱਲਾ ਹੀ ਲੱਭ ਲਿਆ।

ਇੰਨੇ ਦੁੱਖ ਝੱਲ ਕੇ ਇੰਨੀ ਉਮਰ ਲੰਘਾ ਕੇ ਵੀ ਜੇ ਭਾਗਾਂ ਭਰੀ ਦੇ ਪੱਲੇ ਕੁਝ ਬਚਦਾ ਸੀ ਤਾਂ ਉਹ ਸੀ ਉਹਦਾ ਹੁਸਨ। ਮਜਬੂਰੀਆਂ ਉਹਦੇ ਮੋਢਿਆਂ 'ਤੇ ਬੈਠ ਗਈਆਂ। ਰੋਟੀ-ਟੁੱਕ ਕਰਨ ਲਈ ਵੱਡੀ ਹਵੇਲੀ ਵਾਲੇ ਜ਼ੈਲਦਾਰਾਂ ਦੇ ਗੋਹਾ-ਕੂੜਾ ਕਰਦੀ ਤੇ ਭਾਂਡਾ-ਟੀਂਡਾ ਵੀ ਧੋਂਦੀ।

ਇਕ ਦਿਨ 'ਕੱਲੀ ਪਸ਼ੂਆਂ ਵਾਲੇ ਵਾੜੇ 'ਚ ਗੋਹਾ ਚੁੱਕ ਰਹੀ ਭਾਗਾਂ ਭਰੀ ਨੂੰ ਦੇਖ ਕੇ ਜ਼ੈਲਦਾਰ ਨੂੰ ਲੱਗਾ ਕਿ ਪਰੀਆਂ ਨਰਕਾਂ ਵਿਚ ਨਹੀਂ ਹੋਣੀਆਂ ਚਾਹੀਦੀਆਂ, ਤੇ ਬਿਜਲੀ ਕੜਕਣ ਤੋਂ ਪਹਿਲਾਂ ਹੀ ਬੱਦਲ ਪਾਟ ਗਏ। ਹਲਕੀ ਜਿਹੀ ਹੱਥੋਪਾਈ ਪਿੱਛੋਂ ਸਭ ਸ਼ਾਂਤ ਹੋ ਗਿਆ। ਜਿਵੇਂ ਸਾਹਿਬਾਂ ਨੂੰ ਵੀਰ ਸ਼ਮੀਰ ਹੋਰੀਂ ਹੱਥੀਂ ਮਿਰਜ਼ੇ ਕੋਲ ਦਾਨਾਬਾਦ ਛੱਡ ਗਏ ਹੋਣ।

...ਤੇ ਫਿਰ ਜ਼ੈਲਦਾਰ ਦੇ ਗੇੜੇ ਭਾਗਾਂ ਭਰੀ ਦੇ ਘਰ ਵੀ ਵੱਜਣ ਲੱਗ ਪਏ। ਕਿਸਮਤ ਹਾਰੀ ਔਰਤ ਰੰਡੇ ਜ਼ੈਲਦਾਰ ਦੀ ਰਖੇਲ ਜਿਹੀ ਬਣ ਗਈ। ਪਿੰਡ ਵਿਚ ਘੁਸਰ-ਮੁਸਰ ਤੋਂ ਨੇਰ੍ਹੀ ਉਦੋਂ ਆਈ, ਜਦ ਜ਼ੈਲਦਾਰ ਚੋਰੀ ਦਾ ਗੁੜ ਹੋਰਨਾਂ ਨੂੰ ਵੀ ਵੰਡਣ ਲੱਗ ਪਿਆ। ਤਾਰਾਂ ਭਾਨੇ ਤੱਕ ਵੀ ਜੁੜ ਗਈਆਂ ਅਤੇ ਬੇਵੱਸ ਜੇਲ੍ਹ ਵਿਚ ਕਚੀਚੀਆਂ ਵੱਟਦਾ ਤੇ ਹੋਰ ਕਤਲ ਕਰਨ ਦੀਆਂ ਵਿਉਂਤਾਂ ਬਣਾਉਂਦਾ ਜੇਲ੍ਹ ਵਿਚ ਕੈਦ ਕੁਝ ਪੇਸ਼ੇਵਰ ਕਾਤਲਾਂ ਦੇ ਸੰਪਰਕ ਵਿਚ ਜੁੜ ਗਿਆ। ਸ਼ਰਾਬ ਤੋਂ ਅੱਗੇ ਫਿਰ ਉਥੇ ਹੀ ਕੁਕੀਨ ਤੇ ਹੋਰ ਨਸ਼ਿਆਂ ਵਿਚ ਗਲਤਾਨ ਹੋ ਗਿਆ।

ਭਾਗਾਂ ਭਰੀ ਨੇ ਕੰਧ ਤਾਂ ਮਜਬੂਰੀ 'ਚ ਟੱਪੀ ਸੀ ਪਰ ਕਿਲਾ ਫਿਰ ਸ਼ਰਮ ਦਾ ਵੀ ਢਾਹ ਲਿਆ। ਉਹ ਫਿਰ ਜਿਸਮ ਦੀ ਖੱਟੀ ਨਾਲ ਸੁਖਾਲੀ ਜ਼ਿੰਦਗੀ ਜਿਉਣ ਦੇ ਰਾਹ ਤੁਰ ਪਈ।

ਸਮੇਂ ਨੇ ਬਦਲਣਾ ਤਾਂ ਹੁੰਦਾ ਹੈ ਪਰ ਜਦੋਂ ਇਹ ਮਜਬੂਰੀਆਂ ਵੱਸ ਸਮਝੌਤਿਆਂ ਹੇਠ ਢਾਹ ਲੈਂਦਾ ਹੈ, ਫਿਰ ਪਤਾ ਲਗਦਾ ਹੈ ਕਿ ਲੰਕਾ ਉਜੜਦੀ ਕਿਵੇਂ ਹੈ? ਜਦੋਂ ਭਾਨਾ ਜੇਲ੍ਹ ਗਿਆ, ਉਦੋਂ ਲੱਠੇ ਵਰਗਾ ਸਰੀਰ ਲੈ ਕੇ ਗਿਆ ਸੀ ਤੇ ਜਿਸ ਦਿਨ ਰਿਹਾ ਹੋਇਆ, ਉਦੋਂ ਪਿੰਜਰ ਬਣ ਗਿਆ ਸੀ। ਪਿੰਡ ਵੜਦਿਆਂ ਵੇਖ ਕੇ ਲੋਕ ਸੋਚਦੇ ਸਨ ਕਿ ਕਾਨ੍ਹਿਆਂ 'ਤੇ ਗੰਦੀ ਮਲਮਲ ਤੁਰ ਕਿਵੇਂ ਰਹੀ ਹੈ?



ਜੋਸ਼, ਗੁੱਸਾ, ਅਣਖ ਭਾਨੇ ਦੀ ਜੇਲ੍ਹ ਦੀਆਂ ਕੋਠੜੀਆਂ 'ਚ ਨਸ਼ਿਆਂ ਨੇ ਖਾ ਲਈ ਸਨ। ਹੁਣ ਤਾਂ ਸਿਰਫ਼ ਇਹ ਸੀ ਕਿ ਇਨ੍ਹਾਂ ਨੂੰ ਚਾਲੂ ਕਿਵੇਂ ਰੱਖਣਾ ਹੈ? ਮਰਦ ਔਰਤ ਜੋਗਾ ਬਚਿਆ ਹੀ ਨਹੀਂ ਸੀ।

ਜ਼ਮੀਰ ਦਾ ਘਾਣ ਇਸ ਹੱਦ ਤੀਕਰ ਹੋ ਗਿਆ ਕਿ ਜਿਹੜੀ ਔਰਤ ਮਰਦ ਦੇ ਲੜ ਸੁਰੱਖਿਆ ਲਈ ਲਾਈ ਜਾਂਦੀ ਹੈ, ਉਹ ਸੁਰੱਖਿਆ ਦਾ ਪ੍ਰਧਾਨ ਮੰਤਰੀ ਵਰਗਾ 'ਜ਼ੈਡ' ਘੇਰਾ ਭਾਨੇ ਨੇ ਆਉਂਦੇ ਸਾਰ ਅਸਲੋਂ ਹੀ ਚੁੱਕ ਦਿੱਤਾ। ਹੁਣ ਇਹ ਉਸ ਦੇ ਵੱਸ ਦਾ ਰੋਗ ਵੀ ਨਹੀਂ ਸੀ।

ਘਰੇ ਆਉਣ-ਜਾਣ ਵਾਲੇ ਅਣਜਾਣ ਲੋਕਾਂ ਦੀ ਗਿਣਤੀ ਵਧਣ ਲੱਗ ਗਈ। ਭਾਨਾ ਅੱਖ ਬਚਾ ਕੇ ਆਪੇ ਹੀ ਘਰੋਂ ਬਾਹਰ ਚਲੇ ਜਾਂਦਾ। ਨਸ਼ੇ 'ਚ ਟੁੰਨ ਹੋਇਆ ਭਾਨਾ ਜਦੋਂ ਵਾਪਸ ਪਰਤਦਾ ਤਾਂ ਬੜੇ ਮਾਣ ਨਾਲ ਪੁੱਛਦਾ, 'ਬਣ ਗਈ ਦਿਹਾੜੀ?'

ਘਰ ਭਾਵੇਂ ਪਿੰਡੋਂ ਬਾਹਰ ਸੀ ਪਰ ਪਿੰਡ ਵਾਲਿਆਂ ਨੂੰ ਖ਼ਬਰਾਂ ਤਾਂ ਸਿੱਧੇ ਪ੍ਰਸਾਰਣ ਵਾਂਗ ਮਿੰਟ-ਮਿੰਟ 'ਤੇ ਮਿਲਦੀਆਂ ਰਹਿੰਦੀਆਂ ਸਨ। ਉਂਜ ਹੁਣ ਇਹ ਕੰਜਰਖਾਨਾ ਲੋਕਾਂ ਨੂੰ ਬੇਸ਼ਰਮੀ ਦਾ ਅੱਡਾ ਲੱਗਣ ਲੱਗ ਪਿਆ ਸੀ।

ਬੱਸ ਫਿਰ ਭਾਨੇ ਨੇ ਕੁਝ ਸਾਲ ਹੀ ਕੱਟੇ। ਭਲੇ ਵੇਲਿਆਂ 'ਚ ਮੰਤਰੀ ਬਣਨ ਦੇ ਸੁਪਨੇ ਵੇਖਣ ਵਾਲਾ ਲੱਦ ਗਿਆ ਜਹਾਨੋਂ, ਜ਼ਮੀਰ ਗਹਿਣੇ ਰੱਖ ਕੇ।

ਭਾਨਾ ਤਾਂ ਚਲੇ ਗਿਆ ਪਰ ਨਾਲ ਹੀ ਬੁਝ ਗਏ ਭਾਗਾਂ ਭਰੀ ਦੇ ਹੁਸਨ ਦੇ ਦੀਵੇ। ਜੀਹਨੂੰ ਲੋਕ ਅੱਡੀਆਂ ਚੁੱਕ-ਚੁੱਕ ਵੇਖਦੇ ਸਨ, ਉਹਦੇ ਵੱਲ ਤੱਕਣ ਤੋਂ ਨਜ਼ਰਾਂ ਵੀ ਹੱਤਕ ਮਹਿਸੂਸ ਕਰਨ ਲੱਗ ਪਈਆਂ।

ਭਾਗਾਂ ਭਰੀ ਨਰਕ ਦੇ ਕੱਫਣ ਵਿਚ ਸਭ ਕੁਝ ਫੂਕ ਕੇ ਤਾਂ ਚਲੇ ਗਈ ਪਰ ਪਿੱਛੋਂ ਜਦੋਂ ਜ਼ੈਲਦਾਰ ਸਮੇਤ ਤਿੰਨ ਜਣੇ ਉਸ ਬਿਮਾਰੀ ਨਾਲ ਮਰੇ ਜਿਸਦਾ ਫ਼ਿਕਰ ਅਫ਼ਰੀਕਾ ਤੋਂ ਪਿੱਛੋਂ ਭਾਰਤ ਨੂੰ ਪਿਆ ਹੋਇਆ ਹੈ, ਤਾਂ ਪਤਾ ਲੱਗਾ ਕਿ ਉਹ ਨਹੀਂ ਮਰੀ, ਮੌਤ ਦੀ ਮਸ਼ੀਨ ਮਰ ਗਈ ਹੈ।

ਅਸਲ ਵਿਚ ਜਦੋਂ ਔਰਤ ਹਾਰ ਕੇ ਕੁਰਾਹੇ ਪੈ ਜਾਵੇ ਤਾਂ ਮਰਦ ਦੇ ਸਿੱਧੇ ਰਾਹ ਤੁਰਨ ਦੀਆਂ ਸੰਭਾਵਨਾਵਾਂ ਬਚਦੀਆਂ ਹੀ ਨਹੀਂ।

ਅੰਤਿਕਾ:
ਕੱਲ੍ਹ ਜਦੋਂ ਪਰਤੇਗਾ
ਕੀ ਔੜੇਗਾ ਕਾਤਿਲ ਨੂੰ ਜਵਾਬ
ਅੱਜ ਤਾਂ ਹੂਲਾ ਉਡ ਗਿਆ ਸਾਰੇ
ਕਿ ਸੂਰਜ ਆ ਗਿਆ।
ਦਿਲ ਦਾ ਸ਼ੀਸ਼ਾ ਮੋਹ ਦੀਆਂ ਕੜੀਆਂ
ਤੇ ਪੁਲ ਵਿਸ਼ਵਾਸ ਦਾ
ਤਿੜਕਿਆ ਰਿਸ਼ਤਾ ਤੇ ਕੀ ਕੀ
ਟੁੱਟ ਕੇ ਖਿਲਰ ਗਿਆ।

*(ਡਾ. ਜਗਤਾਰ)*

## ਗੱਲ ਬਣੀ ਕਿ ਨਹੀਂ

***ਐਸ. ਅਸ਼ੋਕ ਭੌਰਾ***

### *ਕ੍ਰਿਕਟ ਬੁਖਾਰ!*

ਸ਼ੁਦਾਈ ਕ੍ਰਿਕਟ 'ਚ ਮੁਲਕ ਮੇਰਾ ਹੋਇਆ ਫਿਰਦਾ, ਝੰਡੇ ਚਾਵਾਂ ਦੇ ਪਏ ਨੇ ਝੁੱਲ ਮੀਆਂ।
ਇਕ ਖੇਡ 'ਚ ਸਰਦਾਰੀ ਸੰਸਾਰ ਉਤੇ, ਦੱਸੋ ਕੌਣ ਹੁਣ ਸਾਡੇ ਹੈ ਤੁੱਲ ਮੀਆਂ।
ਖਿੱਦੋ-ਖੂੰਡੀ ਜਿਹੀ ਜੀਹਨੂੰ ਆਖਦੇ ਸੀ, ਉਹਦਾ ਅਰਬਾਂ 'ਚ ਪੈ ਗਿਆ ਮੁੱਲ ਮੀਆਂ।
ਅਠਾਈ ਵਰ੍ਹਿਆਂ ਦੇ ਪਿੱਛੋਂ ਹੱਥ ਲੱਗਾ, ਔਖਾ ਊਠ ਦਾ ਲਟਕਦਾ ਬੁੱਲ੍ਹ ਮੀਆਂ।
ਖਾਣ-ਪਹਿਨਣ ਨੂੰ ਮਿਲੇ ਨਾ ਲੱਖ ਵਾਰੀ, ਕੱਪ ਮੰਗਦਾ ਸੀ ਭਾਰਤ ਕੁੱਲ ਮੀਆਂ।
ਨਹੀਂ ਫੁੱਟਬਾਲ, ਕਬੱਡੀ ਦਾ ਰਿਹਾ ਚੇਤਾ, ਦੇਸ਼ ਹਾਕੀ ਨੂੰ ਬੈਠਾ ਏ ਭੁੱਲ ਮੀਆਂ।
ਲੈ ਕੇ ਕੱਪ ਨੂੰ ਕੱਛੀਂ ਵਜਾਓ ਕੱਛਾਂ, ਬਾਕੀ ਖੇਡਾਂ ਦਾ ਦੀਵਾ ਹੁਣ ਗੁੱਲ ਮੀਆਂ।

# ਸਰਹੱਦਾਂ ਦੇ ਆਰ ਪਾਰ:ਸਭਿਆਚਾਰ ਦੀ ਬਾਤ

**ਵਿਚਾਰ-ਚਰਚਾ**

ਸਭਿਆਚਾਰ ਦਾ ਇਤਿਹਾਸਕਾਰ ਕਿਸੇ ਰਹਿਤਲ ਵਿਸ਼ੇਸ਼ ਦੀ 'ਸਮੁੱਚੀ ਜ਼ਿੰਦਗੀ ਦੇ ਤੌਰ-ਤਰੀਕਿਆਂ' ਦੇ ਨਾਲ-ਨਾਲ ਉਸ ਦੇ ਬਾਸ਼ਿੰਦਿਆਂ ਦੀਆਂ ਵੰਨ-ਸੁਵੰਨੀਆਂ ਸ਼ੈਲੀਆਂ ਵੀ ਪੜ੍ਹ ਰਿਹਾ ਹੁੰਦਾ ਹੈ। ਇਤਿਹਾਸਕਾਰ ਦੇ ਸਾਹਮਣੇ ਬੜਾ ਕਠਿਨ ਕਾਰਜ ਹੁੰਦਾ ਹੈ ਕਿ ਸਭਿਆਚਾਰ ਜਿਹੇ ਬਹੁ-ਪਰਤੀ, ਜਟਿਲ ਵਰਤਾਰੇ ਨੂੰ ਕਿਵੇਂ ਸਮਝੇ, ਸਮਝਾਏ ਅਤੇ ਇਸ ਦਾ ਸਮੁੱਚਾ ਬਿਰਤਾਂਤ ਪੇਸ਼ ਕਰੇ:

ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,
ਨਵਾਂ ਫੁਲ ਗੁਲਾਬ ਦਾ ਤੋੜਿਆ ਏ।
ਬਹੁਤ ਜੀਉ ਦੇ ਵਿਚ ਤਦਬੀਰ ਕਰਕੇ,
ਫਰਹਾਦ ਪਹਾੜ ਨੂੰ ਤੋੜਿਆ ਏ।
ਸੱਭਾ ਵੀਣ ਕੇ ਜ਼ੇਬ ਬਣਾਇ ਦਿੱਤਾ,
ਜੇਹਾ ਇਤਰ ਗੁਲਾਬ ਨਚੋੜਿਆ ਏ।

ਪਰ ਕਲਾਕਾਰ ਜਾਂ ਸਾਹਿਤਕਾਰ ਵਾਂਗ ਇਤਿਹਾਸਕਾਰ ਸੰਕੇਤਕ ਸ਼ੈਲੀ ਦਾ ਇਸਤੇਮਾਲ ਨਹੀਂ ਕਰ ਸਕਦਾ। ਉਸ ਦੇ ਕਸਬ ਦੇ ਤਰੀਕਿਆਂ ਦਾ ਸਰੋਕਾਰ ਇਤਿਹਾਸ ਦੇ ਅਨੁਸ਼ਾਸਨ ਦੇ



**ਈਸ਼ਵਰ ਦਿਆਲ ਗੌੜ**

ਬਿਰਤਾਂਤ ਦੀ ਫ਼ਨਕਾਰੀ ਨਾਲ ਹੁੰਦਾ ਹੈ। ਸਭਿਆਚਾਰ ਕਿਸੇ ਰਹਿਤਲ ਵਿਸ਼ੇਸ਼ ਦੇ ਨੈਣ-ਨਕਸ਼ਾਂ ਦਾ ਮਹਿਜ਼ ਕੁਲ-ਜੋੜ ਹੀ ਨਹੀਂ ਹੁੰਦਾ, ਬਲਕਿ ਇਨ੍ਹਾਂ ਦੇ ਆਪਸੀ ਸਬੰਧਾਂ ਦੀ ਜਟਿਲ ਅਤੇ ਸਮੱਗਰ ਬਹੁਰੰਗੀ ਕੈਨਵਸ ਹੁੰਦਾ ਹੈ। ਸਭਿਆਚਾਰ ਦੇ ਇਤਿਹਾਸਕਾਰ ਨੂੰ ਸਭਿਆਚਾਰ ਦੀ ਬਹੁਰੰਗੀ ਕੈਨਵਸ ਦੇ ਵੰਨ-ਸੁਵੰਨੇ ਰੰਗਾਂ ਦੀ ਆਪੋ-ਆਪਣੀ ਤਬੀਅਤ ਦੇ ਨਾਲ-ਨਾਲ ਇਨ੍ਹਾਂ ਰੰਗਾਂ ਦੇ ਸਾਂਝੇ ਧਰਾਤਲ ਦੀ ਤਬ੍ਹਾ ਨੂੰ ਵੀ ਸਮਝਣਾ ਤੇ ਪੇਸ਼ ਕਰਨਾ ਪੈਂਦਾ ਹੈ:

ਡਾਰਾਂ ਖ਼ੂਬਾਂ ਦੀਆਂ ਮੇਲਾਂ ਦੇ ਮੇਲ ਆਏ,
ਹੂਰ ਪਰੀ ਦਾ ਹੋਸ਼ ਗਵਾਉਂਦੀਆ ਨੇ।
ਲੱਖ ਜੱਟੀਆਂ ਮੁਸ਼ਕ ਪਲੱਟੀਆਂ ਨੇ,
ਅੱਤਣ ਪਦਮਨੀ ਵਾਂਗ ਸੁਹਾਉਂਦੀਆਂ ਨੇ।
ਬਾਰਾਂ ਜ਼ਾਤ ਤੇ ਸੱਤ ਸਨਾਤ ਢੁੱਕੀ,
ਰੰਗ ਰੰਗ ਦੀਆਂ ਸੂਰਤਾਂ ਆਉਂਦੀਆਂ ਨੇ।

ਅਤੇ ਨਾਲੋ-ਨਾਲ ਇਸ ਕੈਨਵਸ ਵਿਚਲੇ ਤਣਾਓ ਨੂੰ ਵੀ ਉਜਾਗਰ ਕਰਨਾ ਪੈਂਦਾ ਹੈ। ਦੱਸ ਦੇਵਾਂ ਕਿ ਸਭਿਆਚਾਰਕ ਪਿੜ ਦੇ ਤਣਾਓ ਗ਼ੈਰ-ਫ਼ਿਰਕੇਦਾਰਾਨਾ ਹੁੰਦੇ ਹਨ, ਤੇ ਸਮਾਜਿਕ, ਮਜ਼੍ਹਬੀ ਅਤੇ ਸਿਆਸੀ ਤੁਅੱਸਬੀਆਂ 'ਤੇ ਗਾਲਬ ਦੇ ਖ਼ਿਲਾਫ਼ ਹੁੰਦੇ ਹਨ:

ਅੰਮਾਂ ਬੱਸ ਕਰ ਗਾਲੀਆਂ ਦੇਹ ਨਾਹੀਂ,
ਗਾਲ੍ਹ ਦਿੱਤਿਆਂ ਵੱਡੜਾ ਪਾਪ ਆਵੇ।
ਵਾਰਿਸਸ਼ਾਹ ਨਾ ਮੁੜਾਂ ਰੰਝੇਟੜੇ ਤੋਂ,
ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।

ਕਲਬੂਲ-ਮੋਮਨੀ ਅਰਸ਼ ਅੱਲਾ ਤਾਲ੍ਹਾ,
ਕਾਜ਼ੀ ਅਰਸ਼ ਖ਼ੁਦਾਇ ਦਾ ਢਾਹ ਨਾਹੀਂ।
ਜਿੱਥੇ ਧੀਦੋ ਦੇ ਇਸ਼ਕ ਮੁਕਾਮ ਕੀਤਾ,
ਉਥੇ ਖੋੜਿਆਂ ਦੀ ਕੋਈ ਜਾਹ ਨਾਹੀਂ।
ਏਹ ਚੜ੍ਹੀ ਗੁਲੇਰ ਹੈ ਇਸ਼ਕ ਵਾਲੀ,
ਜਿੱਥੇ ਹੋਰ ਕਾਈ ਚਾੜ੍ਹ ਲਾਹ ਨਾਹੀਂ।
ਜਿਸ ਜੀਵਣੇ ਕਾਜ ਈਮਾਨ ਵੇਚਾਂ,
ਏਹਾ ਕੌਣ ਜੋ ਅਤ ਫ਼ਨਾਹ ਨਾਹੀਂ।
ਜੋਹਾ ਰੰਘੜਾਂ ਵਿਚ ਨਾ ਪੀਰ ਕੋਈ,
ਅਤੇ ਲੁੱਧੜਾਂ ਵਿਚ ਬਾਦਸ਼ਾਹ ਨਾਹੀਂ।
ਵਾਰਿਸਸ਼ਾਹ ਮੀਆਂ ਕਾਜ਼ੀ ਸ਼ਰ੍ਹਾ ਦੇ ਨੂੰ,
ਨਾਲ ਅਹਿਲ-ਤਰੀਕਤਾਂ ਵਾਹ ਨਾਹੀਂ।

ਇਸ ਲੇਖ ਜ਼ਰੀਏ ਮੈਂ ਇਹ ਵੀ ਦੱਸਣ ਦਾ ਯਤਨ ਕੀਤਾ ਹੈ ਕਿ ਕਿਸੇ ਵੀ ਸਭਿਆਚਾਰ ਵਿਸ਼ੇਸ਼ ਨੂੰ ਤਤਕਾਲੀ ਪ੍ਰਸੰਗ ਦੇ ਨਾਲ-ਨਾਲ ਚਿਰਕਾਲੀ ਇਤਿਹਾਸਿਕ ਪਿਛੋਕੜ ਦੇ ਨਜ਼ਰੀਏ ਤੋਂ ਵੀ ਰੁਸ਼ਨਾਉਣ ਦੀ ਲੋੜ ਹੁੰਦੀ ਹੈ। ਸ਼ੁਰੂ ਵਿਚ ਹੀ ਮੈਂ ਚਾਰ ਗੱਲਾਂ ਸਪਸ਼ਟ ਕਰਨੀਆਂ ਚਾਹੁੰਦਾ ਹਾਂ।

ਪਹਿਲੀ, 'ਪਾਕਿਸਤਾਨੀ ਪੰਜਾਬੀ' ਸਭਿਆਚਾਰ ਅਤੇ 'ਹਿੰਦੋਸਤਾਨੀ ਪੰਜਾਬੀ' ਸਭਿਆਚਾਰ ਜਾਂ ਇਸਲਾਮ/ਹਿੰਦੂ/ਸਿਖ ਮੁਖੀ ਪੰਜਾਬੀ ਸਭਿਆਚਾਰ ਦੀ 'ਆਮਦ' ਤੋਂ ਪਹਿਲਾਂ ਪੰਜਾਬ ਦਾ ਸਭਿਆਚਾਰ ਪੰਜਾਬੀ ਹੀ ਸੀ। ਹੁਣ ਵੀ ਦੋਹਾਂ ਪੰਜਾਬਾਂ ਦਾ ਸਭਿਆਚਾਰ ਪੰਜਾਬੀ ਹੀ ਹੈ, ਅਤੇ ਜੇ ਦੋਵੇਂ ਪੰਜਾਬ ਮੁੜ ਇੱਕਠੇ ਹੋ ਵੀ ਜਾਣ, ਤਦ ਵੀ ਸਭਿਆਚਾਰ ਨੇ ਪੰਜਾਬੀ ਹੀ ਰਹਿਣਾ ਹੈ। ਇਸ ਲਈ ਸ. ਅਜਮੇਰ ਸਿੰਘ ਵਰਗੇ ਜਿਨ੍ਹਾਂ ਵਿਦਵਾਨਾਂ ਨੂੰ ਸ਼ਿਕਵਾ ਹੈ ਕਿ 'ਹਿੰਦੂ ਰਾਸ਼ਟਰਵਾਦੀਆਂ ਨੇ ਸਿੱਖ ਭਾਈਚਾਰੇ ਨੂੰ ਹਿੰਦੂ ਸਮਾਜ ਦਾ ਅਨਿਖੜਵਾਂ ਅੰਗ ਬਣਾਉਣ ਅਤੇ ਦਰਸਾਉਣ ਦੇ ਮਨੋਰਥ ਨਾਲ ਸਿੱਖ ਗੁਰੂਆਂ ਨੂੰ ਹਿੰਦੂ ਦੇਸ਼-ਭਗਤਾਂ ਦੀ ਲੜੀ ਵਿਚ ਸ਼ਾਮਲ ਕਰਨ ਦੇ ਯਤਨ ਬਹੁਤ ਅਗੇਤਰੇ ਸ਼ੁਰੂ ਕਰ ਦਿੱਤੇ ਸਨ', ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ। 'ਸਿੱਖ' ਗੁਰੂ, 'ਹਿੰਦੂ' ਭਗਤਾਂ ਅਤੇ 'ਮੁਸਲਮਾਨ' ਸੂਫ਼ੀ ਸੰਤਾਂ ਦੇ ਪ੍ਰਵਚਨ ਦਾ ਉਦੇਸ਼ ਤਾਂ ਬਗ਼ੈਰ ਕਿਸੇ ਇਕ ਫ਼ਿਰਕੇ ਦੇ ਗ਼ਲਬੇ ਨੂੰ ਸਥਾਪਤ ਕੀਤਿਆਂ, ਸੰਸਾਰ-ਭਾਈਚਾਰਾ ਸਥਾਪਤ ਕਰਨਾ ਹੀ ਸੀ। ਇਸ ਲਈ ਇਨ੍ਹਾਂ ਮਹਾਂਪੁਰਖਾਂ ਅਤੇ ਇਨ੍ਹਾਂ ਦੀ ਬਾਣੀ ਨੂੰ ਨਾ ਤਾਂ ਪਹਿਲਾਂ, ਅਤੇ ਨਾ ਹੁਣ ਕਿਸੇ 'ਹਿੰਦੂ, ਸਿੱਖ, ਤੇ ਮੁਸਲਮਾਨ' ਤੋਂ ਖ਼ਤਰਾ ਹੈ। ਹਾਂ, ਤੁਅੱਸਬੀਆਂ ਦੀ ਪਹਿਲਾਂ ਵਾਂਗ ਵੰਗਾਰ ਕਾਇਮ ਹੈ। ਅਸਲ ਵਿਚ ਕਈ ਵਿਦਵਾਨ ਇਸਲਾਮ, ਸਿੱਖਇਜ਼ਮ ਤੇ ਹਿੰਦੂਇਜ਼ਮ ਦੇ ਮਾਹਿਰ ਤਾਂ ਹਨ ਪਰ ਉਨ੍ਹਾਂ ਵਿਚ ਸਭਿਆਚਾਰਕ ਸੰਵੇਦਨਾ ਦੀ ਵੱਡੀ ਘਾਟ ਹੈ।

ਇਸ ਘਾਟ ਕਰਕੇ ਹੀ ਮਜ਼੍ਹਬ ਦੇ ਵਿਦਵਾਨਾਂ ਨੂੰ ਸਿੱਖ, ਹਿੰਦੂ ਅਤੇ ਇਸਲਾਮ ਧਰਮਾਂ ਦੇ ਪਤਨ ਦੇ ਝਉਲੇ ਪੈਣੇ ਸ਼ੁਰੂ ਹੋ ਜਾਂਦੇ ਹਨ। ਅਠਾਰ੍ਹਵੀਂ ਸਦੀ ਵਿਚ ਜਦ ਉਤਰੀ-ਭਾਰਤ ਵਿਚ ਸਿੱਖ ਅਤੇ ਮਰਹੱਟੇ ਸਿਆਸੀ ਤੌਰ 'ਤੇ ਸਿਰ ਚੁੱਕ ਰਹੇ ਸਨ ਅਤੇ ਮੁਗ਼ਲ ਸਾਮਰਾਜ ਦਾ ਪਤਨ ਹੋ ਰਿਹਾ ਸੀ, ਤਦ ਇਸਲਾਮ ਦੇ ਦਾਨਸ਼ਵਰ ਸ਼ਾਹ ਵਲੀਉਲਾ ਨੂੰ ਵੀ ਇਸਲਾਮ ਦੇ ਪਤਨ ਦੇ ਭੁਲੇਖੇ ਪੈਣ ਲੱਗ ਪਏ ਸਨ। ਇਸਲਾਮ ਨੂੰ ਬਚਾਉਣ ਹਿਤ ਉਹ ਅਹਿਮਦ ਸ਼ਾਹ ਨੂੰ ਹਿੰਦੋਸਤਾਨ/ਪੰਜਾਬ 'ਤੇ ਹਮਲਾ ਕਰਨ ਲਈ ਰੁੱਕਾ ਭੇਜ ਰਿਹਾ ਸੀ।

ਦੂਜੀ ਗੱਲ, ਜੋ ਵਿਦਵਾਨ ਸਭਿਆਚਾਰ ਦੇ ਵਰਤਾਰੇ ਨੂੰ ਸਟੇਟ ਨਾਲ ਜੋੜ ਕੇ ਸਮਝਦੇ-ਸਮਝਾਉਂਦੇ ਹਨ, ਅਸਲ ਵਿਚ ਉਹ ਸਭਿਆਚਾਰ ਦੀ ਨਹੀਂ, ਸਟੇਟ ਜਾਂ ਗ਼ਾਲਬ ਧਿਰ ਦੀ ਬਾਤ ਕਰ ਰਹੇ ਹੁੰਦੇ ਹਨ; ਲੋਕਾਈ ਦੇ ਖ਼ਿਲਾਫ਼ ਖੜ੍ਹੇ ਹੁੰਦੇ ਹਨ। ਅਜਿਹਾ ਹੀਗਲਵਾਦੀ ਨਜ਼ਰੀਆ ਨਿਰੋਲ ਪੱਛਮੀ/ਪੂਰਬੀ ਵਿਚਾਰਧਾਰਾ ਦੇ ਹੱਕ ਵਿਚ ਹੁੰਦਾ ਹੈ। ਮਿਸਾਲ ਪੇਸ਼ ਹੈ:

ਸਿੱਖਾਂ ਦਾ ਪਹਿਲਾ ਨਾਮਵਰ ਇਤਿਹਾਸਕਾਰ ਜੋਜ਼ਫ਼ ਡੇਵਿਡ ਕਨਿੰਘਮ ਆਪਣੀ ਕਿਤਾਬ 'ਏ ਹਿਸਟਰੀ ਆਫ ਦੀ ਸਿਖਜ਼' (1848) ਵਿਚ ਸਿੱਖਾਂ/ਖ਼ਾਲਸਾ ਨੂੰ ਪੰਜਾਬ 'ਚ ਹੀ ਵੱਖਰੀ ਕੌਮ, ਵੱਖਰੇ ਮੁਲਕ ਅਤੇ ਵੱਖਰੀ ਨਸਲ ਵਜੋਂ ਪੇਸ਼ ਕਰਦਾ ਹੈ। ਉਹ ਪੰਜਾਬੀ ਰਹਿਤਲ ਦਾ ਜੰਮ-ਪਲ ਨਹੀਂ ਸੀ। ਬਹੁਪਰਤੀ ਪੰਜਾਬੀ ਸਮਾਜ ਦੀ ਸਿੱਖ/ਖ਼ਾਲਸਾ ਪਰਤ ਨੂੰ ਬੁਨਿਆਦੀ ਵਖਰੇਵੇਂ (ਵੰਨ-ਸੁਵੰਨਤਾ ਦੀ ਬੁਨਿਆਦ 'ਤੇ ਉਸਰੇ ਸਭਿਆਚਾਰ ਦੇ ਉਲਟ) ਦੇ ਨਜ਼ਰੀਏ ਤੋਂ ਤਸੱਵੁਰ ਕਰਨ ਦਾ ਫ਼ਰੰਗੀ ਪੈਂਤੜਾ ਖ਼ਾਲਸੇ ਦੀ ਸਿਆਸੀ ਚੜ੍ਹਤ ਅਤੇ ਸਟੇਟ ਸਥਾਪਤੀ ਦੇ ਵਰਤਾਰੇ ਨਾਲ ਜੁੜਿਆ ਹੋਇਆ ਹੈ, ਪੰਜਾਬ ਦੀ ਬੁਨਿਆਦੀ ਸਮਾਜਿਕ ਬਣਤ ਜਾਂ 'ਫੈਲਟ ਕਮਿਊਨਿਟੀ' (ਜਿਸ ਦਾ ਜ਼ਿਕਰ ਮੈਂ ਅੱਗੇ ਚਲ ਕੇ ਕਰਾਂਗਾ) ਨਾਲ ਨਹੀਂ। ਫ਼ਰੰਗੀ ਦੀ ਸਿਆਸੀ ਅਤੇ ਸਾਮਰਾਜੀ ਅੱਖ ਲਗਭਗ 18ਵੀਂ ਸਦੀ ਦੇ ਅੱਧ ਤੋਂ ਹੀ ਖ਼ਾਲਸੇ 'ਤੇ ਟਿਕੀ ਹੋਈ ਹੈ; ਜਦ ਖ਼ਾਲਸਾ ਦਿੱਲੀ ਅਤੇ ਜਮਨਾ ਦੇ ਇਲਾਕਿਆਂ ਵਿਚ ਧਾਵੇ ਬੋਲ ਰਿਹਾ ਹੈ; ਅਤੇ ਇਕ ਮਰਤਬਾ ਲਾਲ ਕਿਲੇ 'ਤੇ ਕਾਬਜ਼ ਵੀ ਹੋ ਜਾਂਦਾ ਹੈ। ਭਾਵ ਕੌਮ, ਮੁਲਕ ਅਤੇ ਨਸਲ ਨੂੰ ਨਾਪਣ ਵਾਲੀ ਫ਼ਰੰਗੀ ਜ਼ਰੀਬ ਕੇਵਲ ਤੇ ਕੇਵਲ, ਸਿਆਸੀ ਅਤੇ ਮਜ਼੍ਹਬੀ ਸੀ, ਸਭਿਆਚਾਰਕ ਨਹੀਂ। ਇਹ ਸੰਕਲਪੀ ਚੌਖਟਾ ਨਿਰੋਲ 'ਪੱਛਮੀ' ਸੀ।

ਮੇਰੀ ਤੁੱਛ ਸਮਝ ਹੈ ਕਿ ਮੁਸਲਿਮ ਸਟੇਟ ਹੋਣ ਦੇ ਬਾਵਜੂਦ ਮੱਧਕਾਲੀ ਪੰਜਾਬ ਦਾ ਮੁਸਲਮਾਨ ਨਾ ਤਾਂ ਵੱਖਰੀ ਕੌਮ ਸੀ, ਨਾ ਵੱਖਰੇ ਮੁਲਕ ਦਾ ਬਾਸ਼ਿੰਦਾ, ਅਤੇ ਨਾ ਹੀ ਵੱਖਰੀ ਨਸਲ ਦੀ ਪੈਦਾਇਸ਼। ਬੁਨਿਆਦੀ ਸਮਾਜਿਕ ਬਣਤ ਦੀ 'ਸਿੱਖ ਪਰਤ' ਨੂੰ ਵੇਖਣ ਅਤੇ ਪੇਸ਼ ਕਰਨ ਦਾ ਇਹ ਪੱਛਮੀ/ਫ਼ਿਰਕੇਦਾਰਾਨਾ ਅੰਦਾਜ਼ ਨਿਆਰਾ ਹੀ ਹੈ। ਇਸ ਤਬ੍ਹਾ ਵਾਲੀ ਤਸਵੀਰਕਸ਼ੀ 'ਖ਼ਾਲਸਾ-ਸਿੰਘਾਂ' ਨੂੰ ਪੰਜਾਬੀ ਰਹਿਤਲ ਦੇ ਪੱਖ ਤੋਂ ਨਹੀਂ, ਬਲਕਿ ਕੇਵਲ ਤੇ ਕੇਵਲ ਹਿੰਦੂ ਅਤੇ ਇਸਲਾਮ (ਦੇ ਧਾਰਮਿਕ ਮਹਾਂ ਬਿਰਤਾਂਤਾਂ) ਦੇ ਮੁਕਾਬਲੇ ਦੇਖਣ ਦੀ ਆਦੀ ਹੈ, ਅਤੇ ਇਸ ਦੀ ਬਿਰਤਾਂਤਕ ਭਾਸ਼ਾ ਵੀ ਟਕਰਾਓ-ਮੁਖੀ ਹੈ।

ਕਨਿੰਘਮ ਆਪਣੇ ਸਮਕਾਲੀ ਜਰਮਨ ਫਿਲਾਸਫਰ ਹੀਗਲ ਵਾਂਗ ਇਤਿਹਾਸ ਦੀ ਰਚਨਾ ਨੂੰ 'ਸਟੇਟ' ਦੇ ਨੁਕਤਾ-ਨਿਗਾਹ ਤੋਂ ਹੀ ਵਾਚਦਾ ਹੈ। ਆਪਣੀ ਕਿਤਾਬ 'ਦੀ ਫ਼ਿਲਾਸਫ਼ੀ ਆਫ ਹਿਸਟਰੀ' ਦੇ ਅਧਿਆਇ, 'ਦੀ ਓਰੀਐਂਟਲ ਵਰਡ' ਦਾ ਆਗਾਜ਼ ਹੀਗਲ ਇਸ ਬਿਆਨ ਨਾਲ ਕਰਦਾ ਹੈ: 'We have to begin with the Oriental World, but not before the period in which we discover States in it.' ਹੀਗਲ ਦਾ ਵਿਚਾਰ ਹੈ ਕਿ ਮਨੁੱਖ ਵਿਚ ਜੋ ਕੁਝ ਚੰਗਾ ਹੈ, ਉਹ ਸਟੇਟ ਦੀ ਹੋਂਦ ਸਦਕਾ ਹੀ ਹੈ। ਸਟੇਟ ਇਲਾਹੀ ਸੰਕਲਪ ਹੈ ਜੋ ਧਰਤੀ 'ਤੇ ਮੌਜੂਦ ਹੈ। ਸਟੇਟ ਵੀ ਧਰਮ ਦੀ ਪੈਦਾਇਸ਼ ਹੈ। ਜਿਸ ਤਰ੍ਹਾਂ ਦੀ ਧਰਮ ਦੀ ਫ਼ਿਤਰਤ ਹੁੰਦੀ ਹੈ, ਉਸੇ ਮੁਤਾਬਿਕ ਸਟੇਟ ਦਾ ਖ਼ਾਸਾ ਹੁੰਦਾ ਹੈ।


ਤੀਜੀ ਗੱਲ, ਸਟੇਟ ਤੋਂ ਇਲਾਵਾ ਜਦ ਅਸੀਂ ਕਲਚਰ ਦੇ ਵਰਤਾਰੇ ਨੂੰ ਲੋਕਾਈ ਦੀ ਵਰਤਮਾਨ ਅਤੇ ਭੂਤਕਾਲ ਦੀ ਰੋਜ਼ਮੱਰਾ ਜ਼ਿੰਦਗੀ ਤੋਂ ਵੱਖ ਕਰਕੇ ਕੇਵਲ ਤੇ ਕੇਵਲ ਮਜ਼੍ਹਬ, ਜਮਾਤ ਅਤੇ ਰਾਸ਼ਟਰਵਾਦ ਦੇ ਹਵਾਲੇ ਨਾਲ ਪੜ੍ਹਨ ਲੱਗ ਜਾਂਦੇ ਹਾਂ, ਤਦ ਅਸੀਂ ਕਲਚਰ ਨੂੰ ਨਹੀਂ, ਬਲਕਿ ਧਰਮ-ਸ਼ਾਸਤਰ, ਮਾਰਕਸਵਾਦ ਅਤੇ ਰਾਸ਼ਟਰਵਾਦ ਨੂੰ ਹੀ ਪੜ੍ਹ ਰਹੇ ਹੁੰਦੇ ਹਾਂ।

ਚੌਥੀ ਗੱਲ, ਸਾਨੂੰ ਇਹ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਹੁਣ ਇਤਿਹਾਸ ਅਜਿਹੇ ਸਮਾਜਿਕ-ਰਾਜਨੀਤਕ ਅਮਲਾਂ ਵਿਚੋਂ ਗੁਜ਼ਰ ਰਿਹਾ ਹੈ ਜੋ ਕਿਸੇ ਵੀ ਅਰਥ/ਵਰਤਾਰਾ ਵਿਸ਼ੇਸ਼ ਦੀਆਂ ਬਹੁਪਰਤਾਂ ਨੂੰ ਸਾਡੇ ਦਰਪੇਸ਼ ਖੜ੍ਹਾ ਕਰ ਰਹੇ ਹਨ। ਇਸ ਪੱਖੋਂ ਸਥਾਨਕ ਸਾਹਿਤਾਂ/ਸਭਿਆਚਾਰਾਂ ਦੀ ਇਤਿਹਾਸਕ ਅਹਿਮੀਅਤ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਤੱਥ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਸਥਾਨਕ ਭਾਸ਼ਾਵਾਂ/ਸਾਹਿਤ ਦੇ ਗਿਆਨ ਤੋਂ ਬਿਨਾ ਸਥਾਨਕਤਾ ਨੂੰ ਪੜ੍ਹਿਆ ਨਹੀਂ ਜਾ ਸਕਦਾ। ਸਥਾਨਕਤਾ ਜਾਂ ਰਹਿਤਲ ਨਾਲ ਰਾਬਤਾ ਜਾਂ ਇਸ ਬਾਰੇ ਗਿਆਨ ਸਥਾਨਕ ਭਾਸ਼ਾਵਾਂ/ਸਾਹਿਤ ਦੇ ਜ਼ਰੀਏ ਹੀ ਸਥਾਪਤ ਹੋ ਸਕਦਾ ਹੈ। ਸਭਿਆਚਾਰ ਦਾ ਗਿਆਨ-ਸ਼ਾਸਤਰ ਇਸੇ ਰਾਬਤੇ ਵਿਚ ਮੌਜੂਦ ਹੁੰਦਾ ਹੈ। ਜਦ ਅਸੀਂ ਰਹਿਤਲ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਦੇ ਹਾਂ, ਤਦ ਅਕਸਰ ਅਸੀਂ ਵਿਚਾਰਧਾਰਾਵਾਂ ਦੀ ਜਟਿਲਤਾ ਅਤੇ ਇਨ੍ਹਾਂ ਦੇ ਆਪਸੀ ਤਣਾਓ ਦੇ ਗਿਆਨ ਤੋਂ ਵਾਂਝੇ ਰਹਿ ਜਾਂਦੇ ਹਾਂ; ਜਾਂ ਵਿਚਾਰਧਾਰਕ ਜਟਿਲਤਾਵਾਂ ਨੂੰ ਕਿਸੇ ਵੀ ਇਕਹਿਰੇ ਮਿਜ਼ਾਜ ਵਾਲੀ ਭਾਰੂ ਵਿਚਾਰਧਾਰਾ ਵਿਚ ਹੀ ਘਟਾ ਕੇ ਵਾਚਣ ਲੱਗ ਪੈਂਦੇ ਹਾਂ। ਵੰਨ-ਸੁਵੰਨੇ ਰਹਿਤਲੀ ਬਿਰਤਾਂਤਾਂ ਨੂੰ ਮਹਾਂ-ਬਿਰਤਾਂਤ ਦਾ ਸਥਾਨਕ ਜ਼ਹੂਰ ਹੀ ਸਮਝਣ ਲਗ ਪੈਂਦੇ ਹਾਂ।

ਰਹਿਤਲ ਦੇ ਵਿਦਵਾਨਾਂ ਨੂੰ ਇਸ ਜਟਿਲਤਾ ਅਤੇ ਤਣਾਓ ਦਾ ਗਿਆਨ ਹੁੰਦਾ ਹੈ, ਅਤੇ ਹੋਣਾ ਵੀ ਚਾਹੀਦਾ ਹੈ। ਨਹੀਂ ਤਾਂ ਵਾਰਿਸਸ਼ਾਹ ਨੂੰ ਕੀ ਲੋੜ ਹੈ ਕਿ ਉਹ ਆਪਣੇ ਕਿੱਸੇ ਦੇ ਸ਼ੁਰੂ ਵਿਚ ਹੀ ਤਖ਼ਤ ਹਜ਼ਾਰੇ ਦੇ 'ਮੁਸਲਮਾਨ' ਰਾਂਝੇ ਅਤੇ ਮਸੀਤ ਦੇ ਕਾਜ਼ੀ ਦਰਮਿਆਨ ਤਣਾਓ ਨੂੰ ਵੀ ਪੇਸ਼ ਕਰੇ। ਚਲੋ ਬਾਤ ਨੂੰ ਅੱਗੇ ਤੋਰੀਏ...

## ਲੋਕ-ਸਭਿਆਚਾਰ ਨੂੰ ਪੜ੍ਹਨ-ਲਿਖਣ ਦੇ ਕਾਇਦੇ

ਲੋਕ-ਸਭਿਆਚਾਰ ਦਾ ਪੈਂਡਾ ਬੜਾ ਦਿਲਚਸਪ ਹੈ ਪਰ ਪੇਚੀਦਾ ਵੀ ਹੈ। ਸੈਨਤਾਂ ਅਤੇ ਰਮਜ਼ਾਂ ਇਸ ਦੇ ਸੁਭਾ ਦੀਆਂ ਵਿਲੱਖਣਤਾਵਾਂ ਹੁੰਦੀਆਂ ਹਨ। ਲੋਕਾਈ ਨੂੰ ਨੇੜਿਓਂ ਵੇਖਣ, ਮਿਲਣ ਅਤੇ ਇਸ ਨਾਲ/ਬਾਰੇ ਗੱਲਬਾਤ ਕਰਨ ਲਈ ਅਜਿਹੇ ਪੈਂਡੇ 'ਤੇ ਤਾਂ ਤੁਰਨਾ ਹੀ ਪੈਂਦਾ ਹੈ। ਇਸ ਸਫ਼ਰ ਦੇ ਪਾਂਧੀਆਂ ਦੀ ਸੂਚੀ 12ਵੀਂ ਸਦੀ ਦੇ ਸ਼ੇਖ਼ ਫ਼ਰੀਦ ਤੋਂ ਲੈ ਕੇ ਵੀਹਵੀਂ ਸਦੀ ਦੇ ਸ਼ਹੀਦ ਭਗਤ ਸਿੰਘ ਤੱਕ, ਖ਼ਾਸੀ ਲੰਮੀ ਹੈ। ਇਨ੍ਹਾਂ ਵਿਚੋਂ ਕਈਆਂ ਨੇ ਤਾਂ ਲੋਕ-ਰਹਿਤਲ 'ਚ ਆਪਣੇ ਡੇਰੇ ਹੀ ਕਰ ਲਏ। ਆਉਣ ਵਾਲੇ ਸਮਿਆਂ ਵਿਚ ਉਨ੍ਹਾਂ ਦੇ ਇਹ ਉਤਾਰੇ, ਮਸਲਨ 'ਫ਼ਰੀਦ ਦੀ ਖ਼ਾਨਗਾਹ' ਅਤੇ 'ਡੇਰਾ ਬਾਬਾ ਨਾਨਕ' ਵਜੋਂ ਸਤਿਕਾਰੇ ਜਾਣ ਲੱਗ ਪਏ। ਸਭਿਆਚਾਰ-ਪਿੜ ਦਾ 'ਵਾਧਾ' ਏਦਾਂ ਹੀ ਹੁੰਦਾ ਹੈ। ਸਲਤਨਤੀ/ਸਰਕਾਰੀ 'ਵਿਕਾਸ' ਵੱਖਰੇ ਵਰਤਾਰੇ ਦਾ ਨਾਂ ਹੁੰਦਾ ਹੈ। ਸਭਿਆਚਾਰਕ 'ਵਾਧਾ' ਲੋਕ-ਧਰਾਤਲ 'ਚੋਂ ਆਪ-ਮੁਹਾਰੇ ਫੁੱਟਿਆ ਨਿੱਘਾ ਚਸ਼ਮਾ ਹੁੰਦਾ ਹੈ, ਨਾ ਅਤਿ ਦਾ ਸਰਦ ਅਤੇ ਨਾ ਹੀ ਅਤਿ ਦਾ ਗਰਮ। ਇਸ ਦੀ ਆਪਣੀ ਮਿੱਟੀ, ਆਪਣਾ ਪਾਣੀ ਹੁੰਦਾ ਹੈ, ਅਤੇ ਆਪਣੀ ਆਬੋ ਹਵਾ। ਬਾਤ ਸਾਫ਼ ਹੈ ਕਿ ਲੋਕ-ਪਿੜ ਦੀ ਚਾਲ 'ਚ ਆਪਣੇ ਹੀ ਰੰਗ-ਢੰਗ ਦੀ ਸਹਿਜ-ਸੁਭਾਵਿਕਤਾ ਹੁੰਦੀ ਹੈ: 'ਇਕ ਤਖ਼ਤ ਹਜ਼ਾਰਿਓਂ ਗੱਲ ਕੀਚੈ, ਜਿਥੇ ਰਾਂਝਿਆਂ ਰੰਗ ਮਚਾਇਆ ਏ'। ਪਰ ਜੋ ਰਹਿਤਲ ਦੀ ਤਬ੍ਹਾ ਤੋਂ ਅਣਜਾਣ ਹਨ, ਉਨ੍ਹਾਂ ਨੂੰ ਤਕਲੀਫ਼ ਹੈ: 'ਮੁੱਲਾਂ ਆਖਿਆ ਚੂੰਡਿਆਂ ਵੇਖਦਿਆਂ ਹੀ, ਗ਼ੈਰ ਸ਼ਰ੍ਹਾ ਤੂੰ ਕੌਣ ਹੈਂ ਦੂਰ ਹੋ ਵੇ'।




ਸਭਿਆਚਾਰ ਦੇ ਸਫ਼ਰ 'ਤੇ ਤੁਰਨ ਤੋਂ ਪਹਿਲਾਂ ਜਾਂ ਸਭਿਆਚਾਰ ਨੂੰ ਸਮਝਣ-ਸਮਝਾਉਣ ਤੋਂ ਪਹਿਲਾਂ ਵੱਖਰੀ ਕਿਸਮ ਦੀ ਤਿਆਰੀ ਕਰਨੀ ਪੈਂਦੀ ਹੈ। ਅਜਿਹੇ ਤੀਰਥ 'ਤੇ ਇਕੱਲਿਆਂ ਨਹੀਂ ਜਾਇਆ ਜਾ ਸਕਦਾ। ਇਤਿਹਾਸ ਨੂੰ ਆਖਣਾ ਪੈਂਦਾ ਹੈ ਕਿ ਉਸ ਦੀ ਮਸ਼ਾਲ ਤਮਾਮ ਪੈਂਡੇ ਸੁਲਗਦੀ ਰਹੇ। ਜੁਗਰਾਫ਼ੀਏ ਨੂੰ ਸੀਗਾ ਕਰਨ ਲਈ ਸੱਦਾ ਦੇਣਾ ਪੈਂਦਾ ਹੈ। ਸਫ਼ਰ ਦੌਰਾਨ ਮਿਲਣ ਵਾਲੇ ਮਿਥਿਹਾਸ, ਰੀਤੀ-ਰਿਵਾਜਾਂ, ਤਿੱਥ-ਤਿਉਹਾਰਾਂ, ਵਿਸ਼ਵਾਸਾਂ, ਮੇਲਿਆਂ, ਭੰਗੜਿਆਂ, ਗਿੱਧਿਆਂ, ਹੇਕਾਂ, ਹੂਕਾਂ, ਕੂਕਾਂ ਆਦਿ ਨਾਲ ਗੱਲਬਾਤ ਕਰਨ ਲਈ ਜ਼ੁਬਾਨ, ਕੰਨਾਂ ਤੇ ਹੱਥਾਂ ਨੂੰ ਬਹੁਤ ਦੇਰ ਪਹਿਲਾਂ ਦੱਸਣਾ ਪੈਂਦਾ ਹੈ ਤਾਂ ਜੋ ਇਨ੍ਹਾਂ ਨੂੰ ਲੋਕ-ਪਿੜ ਦੀਆਂ ਬਾਤਾਂ, ਭਾਸ਼ਾਵਾਂ, ਬੋਲੀਆਂ ਅਤੇ ਸੈਨਤਾਂ ਨੂੰ ਸਮਝਣ, ਸੁਣਨ, ਪੜ੍ਹਨ ਅਤੇ ਲਿਖਣ ਦਾ ਵਲ ਆ ਜਾਵੇ। ਅਜਿਹੇ ਕੀਮਤੀ ਵਲ ਵਾਲਾ ਮੁਸਾਫ਼ਰ ਹੀ 'ਰੰਨ ਨ੍ਹਾ ਕੇ ਛੱਪੜ 'ਚੋਂ ਨਿਕਲੀ, ਸੁਲਫ਼ੇ ਦੀ ਲਾਟ ਵਰਗੀ' ਜਿਹੇ ਲੋਕ-ਗੀਤ ਦੀਆਂ ਰਮਜ਼ਾਂ ਤੇ ਤਸ਼ਬੀਹਾਂ ਬੁੱਝ ਸਕਦਾ ਹੈ।

ਸਫ਼ਰ ਦੌਰਾਨ ਹੱਥਾਂ ਕੋਲ ਪਾਂਡੂ ਮਿੱਟੀ ਨਾਲ ਪੋਚੀ ਨਵੀਂ ਤਖ਼ਤੀ ਹੋਵੇ। ਅੱਖਾਂ ਨੂੰ ਹਰ ਪਲ ਜਾਗਦੇ ਰਹਿਣ ਦੀ ਆਦਤ ਪਾਉਣੀ ਪੈਂਦੀ ਹੈ। ਸਫ਼ਰ ਵਿਚ ਮਿਲਣ ਵਾਲੀ ਹਰ ਸ਼ੈਅ ਨੂੰ ਵੇਖਣ ਦਾ ਹੀ ਨਹੀਂ, ਸਗੋਂ ਨੀਝ ਨਾਲ ਤੱਕਣ ਦਾ ਸੌਂਦਰਯਬੋਧ ਅਤੇ ਨਜ਼ਾਕਤ ਵੀ ਅੱਖਾਂ ਕੋਲ ਹੋਣੀ ਚਾਹੀਦੀ ਹੈ। ਸਫ਼ਰ ਦੀ ਇਕ ਹੋਰ ਵੀ ਜ਼ਰੂਰੀ ਸ਼ਰਤ ਹੈ ਕਿ ਧੌਣ ਨੂੰ ਇਕੋ ਵੇਲੇ ਚੁਪਾਸੀ ਵੇਖਣਾ ਆਉਂਦਾ ਹੋਵੇ। ਪੈਰਾਂ ਨੂੰ ਠਰ੍ਹੰਮੇ ਨਾਲ ਚੱਲਣ ਦੀ ਆਦਤ ਪਾਉਣੀ ਪੈਂਦੀ ਹੈ। ਪਾਂਧੀ ਭਗੌੜਾ ਨਹੀਂ ਹੁੰਦਾ ਕਿ ਉਸ ਦੇ ਪੈਰਾਂ ਵਿਚ ਨੱਠਣ ਦੀ ਕਾਹਲ ਹੋਵੇ।

ਸਫ਼ਰ 'ਤੇ ਜਾਣ ਤੋਂ ਪਹਿਲਾਂ ਪਾਂਧੀ ਨੂੰ ਆਪਣੇ ਸਿਰ 'ਤੇ ਬੰਨ੍ਹਿਆ ਹੋਇਆ ਪੁਰਾਣਾ ਮੰਡਾਸਾ ਅਤੇ ਕੱਪੜੇ ਉਤਾਰਨੇ ਪੈਂਦੇ ਹਨ। ਇਕ ਵਾਰ ਨਿਰਵਸਤਰ ਹੋਣਾ ਪੈਂਦਾ ਹੈ। ਲਿਬਾਸ ਕੈਸਾ ਹੋਵੇ, ਇਸ ਨੂੰ ਸਫ਼ਰ ਦੀ ਫ਼ਿਤਰਤ ਹੀ ਤੈਅ ਕਰਦੀ ਹੈ ਪਰ ਤਾਕੀਦ ਹੈ ਕਿ ਸਭਿਆਚਾਰਕ ਸਫ਼ਰ ਦਾ ਮਕਸਦ ਲੋਕਾਈ ਨੂੰ ਜਾਨਣਾ ਅਤੇ ਜਹਾਲਤ ਨੂੰ ਦੁਤਕਾਰਨਾ ਹੀ ਹੁੰਦਾ ਹੈ। ਪਾਂਧੀ ਨੂੰ ਕਦੇ ਆਪਣਾ ਸਿਰ ਦਸਤਾਰ ਨਾਲ, ਕਦੇ ਹੈਟ ਨਾਲ ਕੱਜਣਾ ਪੈਂਦਾ ਹੈ, ਕਦੇ ਮੁੰਡਾਣਾ ਵੀ ਪੈਂਦਾ ਹੈ ਅਤੇ ਕਦੇ ਜੋਗੀਆਂ ਵਾਲਾ ਚੋਲਾ ਧਾਰਨ ਕਰ ਕੇ ਇਸ਼ਕ ਦੇ ਪੈਂਡੇ ਦੀਆਂ ਉਦਾਸੀਆਂ ਕਰਨੀਆਂ ਪੈਂਦੀਆਂ ਹਨ। ਕਦੇ 'ਉਚ ਦੇ ਪੀਰ' ਦੇ ਬਾਣੇ ਵਿਚ ਵੀ ਵਿਚਰਨਾ ਪੈਂਦਾ ਹੈ। ਕਦੇ ਹੱਥ ਵਿਚ ਵੰਝਲੀ, ਕਦੇ ਤੇਸਾ, ਕਦੇ ਕਿਤਾਬ, ਕਦੇ ਸ਼ਮਸ਼ੀਰ ਅਤੇ ਕਦੇ ਰਬਾਬ ਚੁੱਕਣੀ ਪੈਂਦੀ ਹੈ। ਆਪਣੀ ਪੂਰਬ ਵੱਲ ਦੀ ਉਦਾਸੀ ਵੇਲੇ ਗੁਰੂ ਨਾਨਕ ਹੁਰਾਂ ਦੇ ਸਿਰ 'ਤੇ ਸੂਫ਼ੀ ਸੰਤਾਂ ਵਾਲੀ ਓਢਣੀ ਸੀ, ਗਰਦਨ 'ਤੇ ਮਾਲਾ ਅਤੇ ਮੱਥੇ 'ਤੇ ਹਿੰਦੂ ਸਾਧਾਂ ਵਾਂਗ ਕੇਸਰੀ ਤਿਲਕ ਲਾਇਆ ਹੋਇਆ ਸੀ। ਇਸ ਤਰ੍ਹਾਂ ਦੇ ਰੰਗਾਂ ਦਾ ਰਲਿਆ-ਮਿਲਿਆ ਜਾਂ ਮਿੱਸਾ ਬਾਣਾ ਬਾਬਾ ਨਾਨਕ ਦੇ ਗ਼ੈਰ-ਫ਼ਿਰਕੇਦਾਰਾਨਾ ਭਗਤੀ ਪ੍ਰਚਾਰ ਤੇ ਪਰਚਮ ਦਾ ਪ੍ਰਤੀਕ ਸੀ।

ਸਭਿਆਚਾਰਕ ਸਫ਼ਰ ਦਾ ਆਗਾਜ਼ ਬਿਗਲ ਵਜਾ ਕੇ ਅਤੇ ਲਸ਼ਕਰ ਦੇ ਪਰਛਾਵੇਂ ਹੇਠ ਵੀ ਨਾ ਹੋਵੇ। ਚੱਲਣ ਵੇਲੇ ਸੁਭਾਗੀ ਘੜੀ ਕੀ ਹੋਵੇ, ਪਾਧੇ-ਪੰਡਤ ਕੋਲੋਂ ਨਹੀਂ ਪੁੱਛਣਾ ਚਾਹੀਦਾ। ਵਾਰਿਸਸ਼ਾਹ ਦੀ ਹੀਰ ਨੂੰ ਖੋਲ੍ਹ ਕੇ ਸ਼ੁਭ ਤਿੱਥ-ਘੜੀ ਦੇਖ ਲੈਣੀ ਚਾਹੀਦੀ ਹੈ: 'ਚਿੜੀ ਚੂਹਕਦੀ ਨਾਲ ਜਾਂ ਟੁਰੇ ਪਾਂਧੀ, ਪਈਆਂ ਚਾਟੀਆਂ ਵਿਚ ਮਧਾਣੀਆਂ ਨੀ...।' ਤਾਕੀਦ ਇਹ ਹੈ ਕਿ ਅਜਿਹੀ ਤੀਰਥ-ਯਾਤਰਾ ਦਾ ਆਰੰਭ ਸਹਿਜ ਸਮੇਂ ਹੀ ਹੋਵੇ, ਬਸਤੀਆਂ ਲੁੱਟਣ ਵਾਲੇ ਧਾੜਵੀਆਂ ਵਾਂਗ ਹਨੇਰੇ 'ਚ ਕੂਚ ਨਾ ਕੀਤਾ ਜਾਵੇ ਅਤੇ ਨਾ ਹੀ ਚੋਬਰ ਦਿਲਾਂ ਨੂੰ ਲੁੱਟਣ ਵਾਲੀਆਂ ਸੋਹਣੀਆਂ ਨਾਰਾਂ ਵਾਂਗ ਗੋਰੀਆਂ ਧੁੱਪਾਂ 'ਚ ਘਰੋਂ ਨਿਕਲਿਆ ਜਾਵੇ:

ਵਾਰਿਸਸ਼ਾਹ ਜਾਂ ਨੈਣਾਂ ਦਾ ਦਾਉ ਲੱਗੇ,
ਕੋਈ ਬਚੇ ਨਾ ਜੂਏ ਦੀ ਹਾਰ ਵਿਚੋਂ।

ਇਸ ਲੋੜੀਂਦੀ ਸਾਮਾਨ-ਸਮਗਰੀ ਨੂੰ ਹੀ ਸਫ਼ਰ ਦਾ ਅਸਬਾਬ ਆਖਦੇ ਹਨ। ਸੁਚੱਜੇ ਸਲੀਕੇ ਨਾਲ ਇਸ ਦੀ ਪੰਡ ਬੰਨ੍ਹ ਕੇ ਸਿਰ 'ਤੇ ਰੱਖਣੀ ਪੈਂਦੀ ਹੈ। ਭਾਂਤ-ਭਾਂਤ ਦੇ ਹੁਨਰ ਇਸ ਪੰਡ ਵਿਚ ਵਾਸ ਕਰ ਰਹੇ ਹੁੰਦੇ ਹਨ। ਇਹ ਪੰਡ ਪਵਿੱਤਰ ਹੁੰਦੀ ਹੈ, ਮੋਢਿਆਂ 'ਤੇ ਨਹੀਂ ਰੱਖੀ ਜਾ ਸਕਦੀ। ਮੋਢੇ ਤਾਂ ਕਿਸੇ ਮੋਏ ਜਾਂ ਨਿਰਜਿੰਦ ਚੀਜ਼ ਨੂੰ ਚੁੱਕਣ ਲਈ ਹੁੰਦੇ ਹਨ। ਸਿਰ ਨੂੰ ਤਾਂ ਹੁਨਰਮੰਦ ਪੰਡ ਦੀ ਓਟ ਚਾਹੀਦੀ ਹੁੰਦੀ ਹੈ ਪਰ ਇਸ ਪੰਡ ਨੂੰ ਸਿਰ 'ਤੇ ਰੱਖਣ ਦਾ ਹੌਸਲਾ ਤੇ ਚੱਜ ਵੀ ਹੋਵੇ।

ਇਸ ਪੰਡ ਦੀ ਛਾਂ ਥੱਲੇ ਬੈਠ ਕੇ ਹੀ 'ਦੂਜਿਆਂ' ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਸਭਿਆਚਾਰ ਦੇ ਸਫ਼ਰ ਨੂੰ ਸੰਵਾਦੀ ਬਣਾਉਣਾ ਵੀ ਜ਼ਰੂਰੀ ਹੈ। ਜਿਸ ਸਫ਼ਰ ਵਿਚ ਸੰਵਾਦ ਰਚਾਉਣ ਦੀ ਗੁੰਜਾਇਸ਼ ਨਹੀਂ, ਅਜਿਹਾ ਸਫ਼ਰ ਲਸ਼ਕਰਕਸ਼ੀ ਤੋਂ ਵੱਧ ਹੋਰ ਕੁਝ ਨਹੀਂ। ਭਾਂਤ-ਭਾਂਤ ਦੀਆਂ ਸਭਿਆਚਾਰਕ ਰਹੁ-ਰੀਤਾਂ ਤੇ ਰਵਾਇਤਾਂ ਵਾਲੇ ਲੋਕਾਂ ਨਾਲ ਮੇਲ-ਮਿਲਾਪ ਹੀ ਸਫ਼ਰ ਤੋਂ ਪਰਤੇ ਮੁਸਾਫ਼ਿਰ ਕੋਲ ਕੀਮਤੀ ਤੋਹਫ਼ਾ ਹੁੰਦਾ ਹੈ। ਇਸੇ ਹੀ ਮਿਲਣ 'ਚੋਂ ਪੈਦਾ ਹੋਏ ਨਿੱਘ ਨੂੰ ਰਚਮਿਚ ਜਾਣਾ ਜਾਂ ਇੱਕਮਿਕ ਹੋਣਾ, ਸੰਸਕ੍ਰਿਤੀਕਰਨ, ਸੰਕਲਨਵਾਦ ਜਾਂ ਸਮਨਵੈ ਆਖਦੇ ਹਨ। ਅਜਿਹੇ ਮਿਲਣ ਦਾ ਕਿਸੇ ਵੀ ਸਮਾਜਿਕ ਸਮੂਹ ਦੀ ਸਭਿਆਚਾਰਕ ਪਛਾਣ ਬਣਾਉਣ ਵਿਚ ਖ਼ਾਸਾ ਯੋਗਦਾਨ ਹੁੰਦਾ ਹੈ। ਸੰਵਾਦ ਹੀ ਸਭਿਆਚਾਰਕ ਲੈਣ-ਦੇਣ ਦੀ ਬੁਨਿਆਦ ਹੈ: 'ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।' ਜੋ ਮੁਸਾਫ਼ਰ ਇਸ ਹੁਨਰੀ ਪੰਡ ਦੀ ਛਾਂ ਤੋਂ ਵਾਂਝੇ ਹੁੰਦੇ ਹਨ, ਉਹ ਸਫ਼ਰ 'ਤੇ ਨਹੀਂ, ਅੰਨ੍ਹੇ ਰਾਹ 'ਤੇ ਟੁਰੇ ਹੁੰਦੇ ਹਨ।

ਹੁਨਰੀ ਪੰਡ ਨੂੰ ਸਿਰ 'ਤੇ ਰੱਖਦਿਆਂ ਹੀ ਮੁਸਾਫ਼ਰ ਦੇ ਕਦਮ ਫ਼ੁਰਤੀਲੇ ਹੋ ਜਾਂਦੇ ਹਨ। ਆਪਣੇ ਪੈਂਡੇ ਤੋਂ ਉਹ ਝਿਜਕਦਾ ਨਹੀਂ। ਸਫ਼ਰ ਦੀਆਂ ਮੁਸ਼ਕਲਾਂ ਵੀ ਅਜੀਬ ਹੁੰਦੀਆਂ ਹਨ। ਕਦੇ ਠੱਗਾਂ ਨਾਲ ਅਤੇ ਕਦੇ ਦੈਂਤਾਂ ਨਾਲ ਵਾਹ ਪੈਂਦਾ ਹੈ। ਕਦੇ ਰਾਤ ਕਟਣ ਦਾ ਠਿਕਾਣਾ ਨਹੀਂ ਲੱਭਦਾ। ਕਦੇ ਫ਼ੌਜ ਪਿੱਛਾ ਕਰ ਰਹੀ ਹੁੰਦੀ ਹੈ, ਕਦੇ ਕੋਈ ਸੂਹੀਆ।

ਸਭਿਆਚਾਰ ਦੇ ਪੈਂਡੇ ਪਿਆ ਪਾਂਧੀ ਭਾਂਤ-ਭਾਂਤ ਦੀਆਂ ਠਾਹੀਆਂ 'ਤੇ ਬੈਠਦਾ ਹੈ। ਕਦੇ ਬਰੋਟੇ ਥੱਲੇ ਬਹਿ ਗਿਆ, ਕਦੇ ਚਲਦੇ ਪਾਣੀ 'ਚੋਂ ਚੂਲੀ ਭਰ ਲਈ ਅਤੇ ਫੇਰ ਕਦੇ ਕਿਸੇ ਡੇਰੇ 'ਚ ਰਾਤ ਕੱਟ ਲਈ। ਰਾਹਗੀਰਾਂ ਨਾਲ ਬਾਤਾਂ-ਬੁਝਾਰਤਾਂ ਪਾਉਂਦਾ, ਧੁੱਪ-ਛਾਂ ਤੇ ਭੁੱਖ ਦੀਆਂ ਤਾਸੀਰਾਂ ਹੰਢਾਉਂਦਾ ਹੋਇਆ ਸਭਿਆਚਾਰ ਦਾ ਜਗਿਆਸੂ ਯਾਤਰੀ ਚਲਦਾ ਰਹਿੰਦਾ ਹੈ। ਇਸ ਸਫ਼ਰ ਦੌਰਾਨ

ਕਈ ਮਰਤਬਾ ਉਸ ਨੂੰ ਆਪਣਾ ਸੀਸ ਭੇਟ ਕਰਨਾ ਪੈਂਦਾ ਹੈ। ਤੱਤੀਆਂ ਤਵੀਆਂ 'ਤੇ ਵੀ ਉਹ ਬੜੇ ਸਿਦਕ ਨਾਲ ਬੈਠ ਜਾਂਦਾ ਹੈ। ਬੰਦ-ਬੰਦ ਵੀ ਕਟਵਾ ਲੈਂਦਾ ਹੈ। ਸਲੀਬ 'ਤੇ ਬੇਖ਼ੌਫ ਖਲੋ ਜਾਂਦਾ ਹੈ। ਅਥਾਹ ਪਾਣੀਆਂ ਦੀ ਭੇਟਾ ਵੀ ਚੜ੍ਹ ਜਾਂਦਾ ਹੈ। ਐਪਰ ਥਿੜਕਦਾ ਨਹੀਂ, ਬਲਕਿ ਸਭਿਆਚਾਰ ਦੇ ਪਿੜ ਵਿਚ ਕੁਰਬਾਨੀ ਦਾ ਸੱਜਰਾ ਮੀਲ-ਪੱਥਰ ਸਥਾਪਤ ਕਰ ਦਿੰਦਾ ਹੈ। ਚਲੋ ਹੁਣ ਹੋਰ ਅੱਗੇ ਟੁਰੀਏ...

## ਰਹਿਤਲ ਦਾ ਅੰਦਾਜ਼-ਏ-ਜ਼ਿਕਰ

ਪੰਜਾਬ ਦੇ ਸੂਫ਼ੀ, ਗੁਰੂ ਅਤੇ ਭਗਤ ਉਪਰੋਕਤ ਮਿਜ਼ਾਜ ਵਾਲੇ ਪਾਂਧੀ ਸਨ। ਉਨ੍ਹਾਂ ਨੇ ਮੱਧਕਾਲ ਦੇ ਗ਼ਾਲਬ ਪ੍ਰਵਚਨ ਵਿਚ ਇਤਿਹਾਸਿਕ ਵੱਢ ਪਾਇਆ। ਗੁਰੂ ਗ੍ਰੰਥ ਸਾਹਿਬ ਇਸੇ ਵੱਢ ਨੂੰ ਦਰਸਾਉਂਦੀ ਹੋਈ ਕਤੇਬੀ ਮਿਸਾਲ ਹੈ। ਇਹ ਪੋਥੀ ਭਾਂਤ-ਭਾਂਤ ਦੇ ਇਮਾਨਾਂ ਵਾਲੇ ਸੰਤਾਂ ਦਾ ਮੇਲਾ (ਤ੍ਰਿੰਜਣ) ਹੈ। ਇਸ ਵਿਚ ਆਪਣੇ-ਆਪਣੇ ਮੁਸੱਲਿਆਂ 'ਤੇ ਬੈਠ ਕੇ ਇਨ੍ਹਾਂ ਸੰਤਾਂ ਨੇ ਉਚੀ ਸੁਰਤ ਨਾਲ ਸਿਮਰਣ ਦਾ ਚਰਖ਼ਾ ਕੱਤਿਆ। ਕੱਤਣ ਦੇ ਇਸ ਅਮਲ ਨੂੰ ਹੀ 'ਰੱਬ ਨੂੰ ਯਾਦ' ਕਰਨਾ ਆਖਦੇ ਹਨ। ਆਪਣੇ ਕਲਾਮ ਵਿਚ ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਹੁਰਾਂ ਨੇ ਤਾਂ ਲੋਕਾਈ ਦੇ ਚਰਖ਼ੇ ਦਾ ਤਸ਼ਬੀਹ ਦੇ ਤੌਰ 'ਤੇ ਇਸ ਕਦਰ ਇਸਤੇਮਾਲ ਕੀਤਾ ਕਿ ਚਰਖ਼ਾ ਹੀ ਇਬਾਦਤ ਕਰਨ ਦਾ ਤਰੀਕਾ ਬਣ ਗਿਆ।

ਵਿਦਵਾਨੀ ਜ਼ੁਬਾਨ 'ਯਾਦ ਕਰਨ' ਨੂੰ ਸਿਮਰਨ, ਬੰਦਗੀ, ਜ਼ਿਕਰ ਅਤੇ ਜਾਪ ਆਖਦੀ ਹੈ ਪਰ ਮੱਧਕਾਲ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚੋਂ ਰਹਿਤਲੀ ਬੋਲੀ ਨੂੰ ਮਨਫ਼ੀ ਨਹੀਂ ਕੀਤਾ। 'ਜੀਬਾ ਸੁਹਣੀ ਨਾਲ ਅਜਬ ਬਹਾਰ ਦੇ ਸ਼ਿਅਰ ਕਹੇ' ਅਤੇ ਲੋਕ-ਕਹਾਣੀ ਨੂੰ 'ਫ਼ਿਕਰੇ ਜੋੜ ਜੋੜ' ਕੇ ਲਿਖਿਆ। ਦਲੀਲ ਹੈ ਕਿ ਲਿਖਤੀ ਭਾਸ਼ਾ ਵਿਚ ਨਿਘਾਰ ਤਦ ਆਉਂਦਾ ਹੈ ਜਦ ਇਹ ਆਪਣੇ ਇਲਾਕਾਈ ਸਭਿਆਚਾਰ ਤੋਂ ਟੁੱਟ ਕੇ ਲੋਕ-ਬੋਲੀ ਦੇ ਵਹਿਣ ਨੂੰ ਮੁੰਦ ਦਿੰਦੀ ਹੈ, ਜਿਸ ਕਾਰਨ ਲੋਕ-ਬੋਲੀ/ਮੁਹਾਵਰਾ ਲਿਖਤ-ਸਭਿਆਚਾਰ ਦਾ ਹਿੱਸਾ ਹੀ ਨਹੀਂ ਬਣਦਾ। 'ਸਿੱਖ' ਗੁਰੂ ਸਹਿਬਾਨ (ਜਿਨ੍ਹਾਂ ਲਈ ਕੋਈ ਬਦੇਸ਼ੀ ਤੇ ਬਿਗਾਨਾ ਨਹੀਂ ਸੀ, ਤੇ ਜਿਨ੍ਹਾਂ ਦਾ ਉਦੇਸ਼ ਸੰਸਾਰ-ਭਾਈਚਾਰਾ ਸਥਾਪਤ ਕਰਨਾ ਸੀ) ਨੇ ਆਪਣੀ ਇਲਾਹੀ ਬਾਣੀ ਨੂੰ 'ਰਹਿਤਲੀ' ਜ਼ੁਬਾਨ ਵਿਚ ਹੀ ਇਸ ਧਰਤੀ 'ਤੇ ਉਤਾਰਿਆ ਅਤੇ ਉਚਾਰਿਆ। ਸਭਿਆਚਾਰ ਦੇ ਵਿਦਿਆਰਥੀਆਂ ਨੂੰ ਇਲਮ ਹੋਣਾ ਚਾਹੀਦਾ ਹੈ ਕਿ ਸੂਫ਼ੀ-ਸੰਤਾਂ ਦੇ ਤ੍ਰਿੰਜਣ ਦੀਆਂ ਘੂਕਾਂ ਲੋਕਾਈ ਦੇ ਤ੍ਰਿੰਜਣ ਦੀਆਂ ਘੂਕਾਂ ਨਾਲ ਮੇਲ ਖਾਂਦੀਆਂ ਸਨ। ਇਸੇ ਨੂੰ ਬੰਦਗੀ ਦਾ ਰਹਿਤਲੀਕਰਨ ਜਾਂ ਸਭਿਆਚਾਰੀਕਰਨ ਆਖਦੇ ਹਨ:

'ਮਿਤ੍ਰਾਂ ਨੂੰ ਯਾਦ ਕਰਾਂ ਹਰ ਚਰਖ਼ੇ ਦੇ ਗੇੜੇ'
'ਚਰਖ਼ਾ ਮੈਂ ਆਪਣਾ ਕੱਤਾਂ
ਤੰਦ ਤੇਰਿਆਂ ਗ਼ਮਾਂ ਦੀ ਪਾਵਾਂ'

ਲੋਕਾਈ ਨੂੰ ਇਲਮ ਹੈ ਕਿ ਉਸ ਦੇ ਤ੍ਰਿੰਜਣ ਅਤੇ ਸੰਤਾਂ ਦੇ ਤ੍ਰਿੰਜਣ ਵਿਚ ਕੋਈ ਫ਼ਰਕ ਨਹੀਂ: 'ਚੱਲ ਜੋਗੀਆ ਅਸੀਂ ਵਿਖਾਇ ਲਿਆਈਏ, ਜਿਥੇ ਤ੍ਰਿੰਜਣਾਂ ਛੋਹਰੀਆਂ ਗਾਉਂਦੀਆਂ ਨੇ'। ਜਿਹੜਾ ਮਹੀਨ ਸੂਤ ਸੂਫ਼ੀਆਂ-ਸੰਤਾਂ ਦੇ ਇਸ ਚਰਖ਼ੇ ਤੋਂ ਉਤਰਿਆ ਉਹ 'ਬਾਣੀ' ਦੇ ਰੂਪ 'ਚ ਸਾਡੀ ਸਭਿਆਚਾਰਕ, ਸਾਹਿਤਕ ਅਤੇ ਭਾਸ਼ਾਈ ਵਿਰਾਸਤ ਹੈ। ਸਾਡੇ ਅੰਗ-ਸੰਗ ਹੈ। 'ਗੁਰਮਤਿ', 'ਸੂਫ਼ੀ' ਤੇ 'ਭਗਤੀ' ਜਿਹੇ ਅਗੇਤਰ ਇਸ ਸੁੱਚੇ ਇਲਾਹੀ ਸੂਤ ਦੀਆਂ ਸੰਸਾਰੀ ਪਛਾਣਾਂ ਹਨ। ਬੰਦਗੀ ਅਤੇ ਬਾਣੀ ਦੁਨਿਆਵੀ ਅਤੇ ਵਿਦਵਾਨੀ ਸਿਫ਼ਤਾਂ ਦੀ ਮੁਹਤਾਜ ਨਹੀਂ। ਇਸ ਦਾ ਤਅੱਲੁਕ ਮਜ਼੍ਹਬ ਜਾਂ ਫ਼ਿਰਕਿਆਂ ਨਾਲ ਨਹੀਂ, ਇਮਾਨ ਨਾਲ ਹੈ। ਬੁਲ੍ਹੇ ਸ਼ਾਹ ਦੀ ਹਦਾਇਤ ਹੈ:

ਹਿੰਦੂ ਨਾ ਨਹੀਂ ਮੁਸਲਮਾਨ ਬਹੀਏ
ਤ੍ਰਿੰਜਣ ਤੱਜ ਅਭਿਮਾਨ
ਸੁੰਨੀ ਨਾ ਨਹੀਂ ਹਮ ਸ਼ੀਆ
ਸੁਲ੍ਹਾ ਕੁਲ ਕਾ ਮਾਰਗ ਲੀਆ।

'ਮਜ਼੍ਹਬ' ਤੇ 'ਈਮਾਨ' ਵਿਚ ਫ਼ਰਕ ਹੁੰਦਾ ਹੈ। ਮਜ਼੍ਹਬ ਤਾਂ ਪੁਜਾਰੀ/ਕਾਜ਼ੀ ਦਾ ਹੁੰਦਾ ਹੈ। ਉਹ ਹੀ ਕਰਮਕਾਂਡਵਾਦੀ/ਸ਼ਰ੍ਹਾਪ੍ਰਸਤ ਹੁੰਦਾ ਹੈ। ਉਹ ਹੀ ਸਿਥਲ ਹੁੰਦਾ ਹੈ। ਸਾਲਿਕ ਦਾ ਤਾਂ ਇਮਾਨ/ਅਕੀਦਾ ਹੁੰਦੈ। ਇਮਾਨ ਹੀ ਸਾਲਿਕ ਨੂੰ ਹੱਦਾਂ-ਸਰਹੱਦਾਂ ਪਾਰ ਕਰਵਾ ਕੇ ਲੋਕ-ਸਭਿਆਚਾਰ ਦੇ ਧਰਾਤਲਾਂ ਦੀਆਂ ਉਦਾਸੀਆਂ ਕਰਨ ਦਾ ਬਲ ਬਖ਼ਸ਼ਦਾ ਹੈ। ਸੰਤ/ਭਗਤ/ਸੂਫ਼ੀ ਜਾਂ ਸਭਿਆਚਾਰ ਦੇ ਪਾਂਧੀ ਜਾਂ ਲੋਕ-ਨਾਇਕ ਸੰਪ੍ਰਦਾਇਕਤਾ ਤੇ ਸਥਾਪਨਾ ਦੇ ਵਿਰੋਧ ਵਿਚ ਖੜ੍ਹੇ ਹਨ। ਉਹ 'ਸੈਕੂਲਰ' ਹਨ ਕਿਉਂਕਿ ਉਹ ਕਿਸੇ ਇਕ ਫ਼ਿਰਕਾ ਵਿਸ਼ੇਸ਼ ਵਿਚ ਨਹੀਂ, ਬਲਕਿ ਲੋਕਾਈ ਵਿਚ ਵਿਚਰਦੇ ਹਨ। ਉਹ ਧਾਰਮਿਕ ਹੁੰਦੇ ਹੋਏ ਵੀ ਆਪਣੇ ਅਮਲ ਤੇ ਸੋਚ ਵਜੋਂ ਗ਼ੈਰ-ਫ਼ਿਰਕੇਦਾਰਾਨਾ ਹਨ।

ਮੱਧਕਾਲੀ ਪੰਜਾਬੀ ਕਾਵਿ ਨੇ, ਸੰਸਕ੍ਰਿਤ ਤੇ ਫ਼ਾਰਸੀ ਦੇ ਸਨਾਤਨੀ ਸਾਹਿਤ ਦੇ ਮੁਕਾਬਲੇ, ਇਕ ਤਾਜ਼ਾ ਸਭਿਆਚਾਰਕ ਲਹਿਰ ਨੂੰ ਜਨਮ ਦਿੱਤਾ। ਪੰਜ ਸੂਫ਼ੀ ਪੀਰ, ਬਾਲ ਨਾਥ ਜੋਗੀ, ਹੀਰ ਤੇ ਰਾਂਝਾ ਆਪਣੇ ਇਮਾਨ 'ਤੇ ਖੜ੍ਹੇ ਹਨ। ਗ਼ੈਰ-ਫ਼ਿਰਕੇਦਾਰਾਨਾ ਤੇ ਸਭਿਆਚਾਰਕ ਲਹਿਰ ਦੇ ਨੁਮਾਇੰਦੇ ਹਨ। ਮੁੱਲਾਂ ਤੇ ਕਾਜ਼ੀ ਜਾਂ ਧਰਮ-ਆਚਾਰੀਆ ਮਜ਼੍ਹਬ ਤੋਂ ਇਮਾਨ ਤੀਕ ਦੇ ਮੁਕਾਮ 'ਤੇ ਪੁੱਜਣ ਤੋਂ ਅਸਫਲ ਹਨ। ਉਹ ਹੀਰ ਤੇ ਰਾਂਝੇ ਨੂੰ ਇਸ਼ਕ ਦੇ ਪਾਂਧੀ ਵਜੋਂ ਪਛਾਣ ਹੀ ਨਹੀਂ ਪਾਉਂਦੇ। ਉਹ ਸਥਿਰ/ਨਿਹਚਲ ਹਨ। ਉਨ੍ਹਾਂ ਨੇ ਉਦਾਸੀਆਂ ਨਹੀਂ ਕੀਤੀਆਂ ਹੋਈਆਂ। ਉਹ ਮਸੀਤ ਵਿਚ ਨਜ਼ਰਬੰਦ ਹਨ। ਉਨ੍ਹਾਂ ਦੀ ਦ੍ਰਿਸ਼ਟੀ ਸੀਮਿਤ ਹੈ, ਪ੍ਰਤੱਖਵਾਦੀ ਜਾਂ ਇੰਦ੍ਰੀਵਾਦੀ ਹੈ। ਉਨ੍ਹਾਂ ਨੂੰ ਕਲਬੂਤ ਵਿਚੋਂ ਇਲਾਹੀ ਨੂਰ ਨਹੀਂ ਦਿੱਸਦਾ। ਉਹ ਇਮਾਨ ਵੇਚਦੇ ਹਨ, ਵੱਢੀਆਂ ਖਾਂਦੇ ਹਨ, ਅਤੇ ਰਲੇ ਦਿਲਾਂ ਨੂੰ ਵਿਛੋੜਨ ਦੀ ਬੁਰੀ ਬਾਣ ਹੈ ਉਨ੍ਹਾਂ ਨੂੰ। ਉਨ੍ਹਾਂ ਨੂੰ ਇਸਲਾਮ ਦੇ ਅਹਿਮ ਸੰਕਲਪ 'ਇਹਸਾਨ', ਭਾਵ ਭਲਾਈ ਜਾਂ ਨੇਕੀ ਕਰਨ ਦਾ ਇਲਮ ਨਹੀਂ। ਉਹ ਲੋਕਾਈ ਨੂੰ ਵਰਜਦੇ ਹਨ, ਧਮਕਾਉਂਦੇ ਹਨ:

ਪੰਜਾਬ ਦਾ ਭਗਤੀ ਭਾਵ ਵਾਲਾ ਤ੍ਰਿੰਜਣ ਕੇਵਲ ਗੁਰਮਤਿ ਕਾਵਿ ਦੀ ਗੁਰਮੁੱਖੀ ਤੇ ਸੂਫ਼ੀ ਕਾਵਿ ਦੀ ਸ਼ਾਹਮੁੱਖੀ ਵਿਚ ਹੀ ਨਹੀਂ ਝਲਕਦਾ, ਬਲਕਿ ਵਿਸ਼ਾਲ ਲੋਕ-ਵਿਰਸੇ ਵਿਚੋਂ ਵੀ ਇਸ ਦੀ ਚਿਲਕੋਰ ਵੇਖੀ ਜਾ ਸਕਦੀ ਹੈ। ਮਿਸਾਲ ਪੇਸ਼ ਹੈ:

ਦੇਵੀ ਮਾਤਾ ਗੌਣ ਬਖ਼ਸ਼ਦੀ,
ਨਾਮ ਲਏ ਜਗ ਤਰਦਾ
ਬੋਲੀਆਂ ਪੌਣ ਦੀ ਹੋ ਗਈ ਮਨਸ਼ਾ
ਆ ਕੇ ਗਿੱਧੇ ਵਿਚ ਵੜਦਾ
ਨਾਲ ਸ਼ੌਕ ਦੇ ਪਾਵਾਂ ਬੋਲੀਆਂ
ਮੈਂ ਨੀ ਕਿਸੇ ਤੋਂ ਡਰਦਾ
ਦੇਵੀ ਦੇ ਚਰਨਾਂ 'ਤੇ
ਸੀਸ ਮੈਂ ਆਪਣਾ ਧਰਦਾ।
ਨਾਮ ਅੱਲਾ ਦਾ ਸਭ ਤੋਂ ਚੰਗਾ
ਸਭ ਨੂੰ ਇਹ ਸੁਹਾਵੇ
ਗਿੱਧੇ 'ਚ ਉਸ ਦਾ ਕੰਮ ਕੀ ਵੀਰਨੋ
ਜਿਹੜਾ ਅੱਲਾ ਦਾ ਨਾਉਂ ਭੁਲਾਏ...।
ਧਰਤੀ ਜੇਡ ਗਰੀਬ ਨਾ ਕੋਈ
ਇੰਦਰ ਜੇਡ ਨਾ ਦਾਤਾ
ਬ੍ਰਹਮਾ ਜੇਡ ਨਾ ਪੰਡਤ ਕੋਈ
ਸੀਤਾ ਜੇਡ ਨਾ ਮਾਤਾ
ਲਛਮਣ ਜੇਡ ਜਤੀ ਨਾ ਕੋਈ
ਰਾਮ ਜੇਡ ਨਾ ਭਰਾਤਾ
ਬਾਬੇ ਨਾਨਕ ਜੇਡ ਭਗਤ ਨਾ ਕੋਈ
ਜਿਨ ਹਰ ਕਾ ਨਾਮ ਪਛਾਤਾ
ਦੁਨੀਆਂ ਮਾਣ ਕਰਦੀ
ਰਬ ਸਭਨਾਂ ਦਾ ਦਾਤਾ।

ਕਿਸੇ ਵੀ ਖਿੱਤਾ ਵਿਸ਼ੇਸ਼ ਦਾ ਸਭਿਆਚਾਰਕ ਅਧਿਐਨ ਕਰਦਿਆਂ ਉਸ ਦੀ ਭਾਸ਼ਾ/ਲਿਪੀ, ਸ਼ੈਲੀ, ਲਹਿਜਾ ਅਤੇ ਉਚਾਰਣ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਤਾਂਕਿ ਉਸ ਰਹਿਤਲ ਵਿਸ਼ੇਸ਼ ਦੀ ਲੋਕਾਈ ਅਤੇ ਉਸ ਦੇ ਸਾਹਿਤ ਦੀ ਤਾਸੀਰ ਜਾਣ ਸਕੀਏ। ਸਭਿਆਚਾਰ ਤੇ ਸਾਹਿਤ ਦਾ ਪ੍ਰਗਟਾਵਾ ਇਕ ਅਜਿਹੇ ਸ਼ਬਦ-ਕੋਸ਼ ਰਾਹੀਂ ਹੁੰਦਾ ਹੈ ਜੋ ਲੋਕਾਈ ਨੇ ਸਹਿਜੇ-ਸਹਿਜੇ ਪੁਸ਼ਤ ਦਰ ਪੁਸ਼ਤ ਆਪ ਸਿਰਜਿਆ ਹੁੰਦਾ ਹੈ। ਇਸੇ ਸ਼ਬਦ-ਕੋਸ਼ ਦੀ ਮਹਾਰਤ ਹਾਸਲ ਕਰ ਕੇ ਲੋਕ-ਤਰਕ ਤੇ ਲੋਕ-ਵਲਵਲਿਆਂ ਨੂੰ ਸਮਝਿਆ ਜਾ ਸਕਦਾ ਹੈ। ਸਭਿਆਚਾਰ ਦੇ ਲੋਕ-ਖ਼ਜਾਨੇ ਤਕ ਅਪੜਿਆ ਜਾ ਸਕਦਾ ਹੈ। ਲੋਕ-ਸਭਿਆਚਾਰ ਦੇ ਬਿਰਤਾਂਤ ਨੂੰ ਸਿਰਜਿਆ ਜਾ ਸਕਦਾ ਹੈ। ਕੇਵਲ ਮਹਾਂ-ਰਹਿਤਲ (ਮੈਟਾ-ਕਲਚਰ) ਨੂੰ ਹੀ ਨਹੀਂ, ਸਗੋਂ ਮੁਕਾਮੀ-ਰਹਿਤਲਾਂ (ਸਮਾਲ-ਕਲਚਰਜ਼) ਨੂੰ ਵੀ ਲੋਕ-ਵਿਚਾਰਧਾਰਾ ਦਾ ਹਿੱਸਾ ਬਣਾਇਆ ਜਾ ਸਕਦਾ ਹੈ।

ਭਾਸ਼ਾ ਤੋਂ ਇਲਾਵਾ, ਮੱਧਕਾਲੀ ਪੰਜਾਬ ਦੇ ਭਗਤੀ-ਭਾਵ ਵਾਲੇ ਤ੍ਰਿੰਜਣ ਵਿਚ ਲੰਗਰ-ਪੰਗਤ-ਸੰਗਤ ਇਕ ਪ੍ਰਤਿ-ਗ਼ਾਲਬ ਅਦਾਰੀਆ ਅਮਲ ਸੀ। ਇਸ ਨੇ ਬ੍ਰਾਹਮਣਵਾਦੀ ਛੂਤ-ਛਾਤ ਦੀ ਫ਼ਿਲਾਸਫ਼ੀ ਅਤੇ ਜਾਤ-ਪਾਤੀ ਵਿਵਸਥਾ ਵਿਚ ਇਕ ਇਤਿਹਾਸਕ ਵੱਢ ਪਾਇਆ। ਇਹ ਵੱਢ ਰੁਕਿਆ ਨਹੀਂ। ਇਸ ਦਾ ਵੇਗ ਤੇਜ਼ ਸੀ। ਇਸ ਵਿਚ ਸਿਦਕ ਤੇ ਸ਼ਿਦਤ ਸੀ। ਅੱਗੇ ਚਲ ਕੇ 17ਵੀਂ ਸਦੀ ਦੇ ਅਖ਼ੀਰ ਵਿਚ ਇਸ ਵੱਢ ਦਾ ਵੇਗ ਗੁਰੂ ਗੋਬਿੰਦ ਸਿੰਘ ਦੇ ਮਹਾਂ ਵਾਕ 'ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨਬੋ' ਦੀ ਅੱਖਰੀ ਸ਼ਕਲ ਅਤੇ ਖ਼ਾਲਸਾ ਦੇ ਰੂਪ ਵਿਚ ਲਰਜ਼ਣ ਲੱਗਾ। ਅਤੇ ਫੇਰ ਅੱਗੇ ਅਠਾਰ੍ਹਵੀਂ ਸਦੀ ਵਿਚ ਬੁਲ੍ਹੇ ਸ਼ਾਹ ਦੇ ਨਾਬਰ ਬੋਲਾਂ (ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫਰ ਦੀਆਂ ਰੀਤਾਂ ਨਾ ਮੈਂ ਅੰਦਰ ਬੇਦ ਕਤੇਬਾਂ...) ਰਾਹੀਂ ਪੰਜਾਬ ਦੀ ਰਹਿਤਲ 'ਚ ਸ਼ੂਕਦਾ ਹੁੰਦਾ ਸੀ। ਇਸ ਤੋਂ ਵੀ ਪਹਿਲਾਂ 12ਵੀਂ-13ਵੀਂ ਸਦੀ ਵਿਚ ਬਾਬਾ ਫ਼ਰੀਦ ਦੀ ਖ਼ਾਨਗਾਹ ਵਿਚ ਲੰਗਰ ਦੀ ਪੰਰਪਰਾ ਅਤੇ ਸੂਫ਼ੀਆਂ ਤੇ ਜੋਗੀਆਂ ਦੀਆਂ ਮੁਲਾਕਾਤਾਂ ਹਵਾਲਾ ਅਧੀਨ ਤ੍ਰਿੰਜਣ ਜਾਂ ਮੋਜ਼ੇਕ ਦੀਆਂ ਹੀ ਲਖਾਇਕ ਹਨ। ਤੇਰ੍ਹਵੀਂ ਸਦੀ ਦੇ ਸੰਸਕ੍ਰਿਤ ਦਸਤਾਵੇਜ਼, ਅੰਮ੍ਰਿਤਕੁੰਡ ਵਿਚੋਂ ਇਨ੍ਹਾਂ ਮੁਲਾਕਾਤਾਂ ਬਾਰੇ ਜਾਣਕਾਰੀ ਮਿਲਦੀ ਹੈ। ਇਨ੍ਹਾਂ ਖ਼ਾਨਗਾਹਾਂ ਵਿਚ ਬਹਿਸ-ਮੁਬਾਹਸੇ ਜਾਂ ਸੰਵਾਦ ਦਾ ਸਭਿਆਚਾਰ ਮੌਜੂਦ ਸੀ। ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਦੀ ਸ਼ਾਇਰੀ ਵਿਚੋਂ ਵੈਸ਼ਨਵ ਭਗਤੀ ਦੀ ਮਹਿਕ ਵੀ ਰਿਸਦੀ ਸੀ।

## ਤ੍ਰਿੰਜਣੀ/ਕਾਵਿਕ ਸਮਾਜ

ਸਭਿਆਚਾਰ ਦੇ ਪ੍ਰਤਿ-ਗ਼ਾਲਬ ਪ੍ਰਵਚਨ ਅਤੇ ਵੱਢ (ਰੱਪਚਰ) ਪੱਖੋਂ ਪੰਜਾਬ ਦੇ ਗੁਰੂਆਂ/ਸੂਫ਼ੀਆਂ ਦੀਆਂ ਲੋਕ-ਧਰਾਤਲ 'ਤੇ ਕੀਤੀਆਂ ਉਦਾਸੀਆਂ ਦੀ ਅਹਿਮੀਅਤ ਵੀ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ। ਗੁਰੂ ਨਾਨਕ ਨੇ ਆਪਣਾ ਪ੍ਰਵਚਨ ਉਨ੍ਹਾਂ ਪਾਕੀਜ਼ ਧਰਤੀਆਂ 'ਤੇ ਵੀ ਉਚਰਿਆ ਜੋ ਹਿੰਦੂ ਧਰਮ ਜਾਂ ਇਸਲਾਮ ਦਾ ਮਰਕਜ਼ ਸਨ। ਵਾਰਿਸਸ਼ਾਹ ਨੇ ਇਸ ਵੱਢ ਨੂੰ ਸਾਹਿਤਕ ਪੱਧਰ 'ਤੇ ਰੁਸ਼ਨਾਇਆ। ਲੋਕ-ਕਹਾਣੀ ਹੀਰ-ਰਾਂਝਾ ਨੂੰ ਆਪਣੇ ਕਿੱਸਾ-ਕਾਵਿ ਦਾ ਆਧਾਰ ਬਣਾਇਆ। ਆਪਣੀ ਕਲਮ ਨਾਲ ਇਕ ਖ਼ੁਸ਼ਖ਼ਤ ਤੇ ਇਤਿਹਾਸਕ ਲਕੀਰ ਖਿੱਚੀ। ਮਜ਼੍ਹਬ ਤੇ ਸਮਾਜ ਦੇ ਗ਼ਾਲਬ ਪੁਰਖਿਆਂ ਨੂੰ ਵੰਗਾਰਿਆ। ਪੰਜਾਬ ਦੀ ਲੋਕਾਈ ਇਸ ਵੱਢ ਨੂੰ ਲੋਚਦੀ ਸੀ। ਹੀਰ ਵਾਰਿਸ ਮਕਬੂਲ ਹੋਈ, ਅਜੇ ਤੀਕ ਹੈ। ਜੇ ਅਸੀਂ ਹੀਰ ਵਾਰਿਸ ਨੂੰ ਪੰਜਾਬੀ ਸਭਿਆਚਾਰ ਦਾ ਸਚੇਤ ਸਾਹਿਤਕ ਰੂਪ ਆਖੀਏ ਤਾਂ ਇਹ ਕੋਈ ਅਤਕਥਨੀ ਨਹੀਂ ਪਰ ਸਵਾਲ ਇਹ ਹੈ ਕਿ ਵਿਦਵਾਨਾਂ ਦੀ ਸਿਆਸਤ ਨੇ ਵਾਰਿਸਸ਼ਾਹ ਦੀ ਇਸ ਸਭਿਆਚਾਰ-ਪੋਥੀ ਨੂੰ ਕਿੰਨਾ ਕੁ ਸਮਝਿਆ ਹੈ। ਇਸ ਵਿਚਲੀ ਨਾਬਰੀ ਨੂੰ ਕਿੰਨਾ ਕੁ ਵਡਿਆਇਆ ਹੈ!!

ਪੋਥੀ ਦੇ ਤੌਰ 'ਤੇ ਵਿਚਰਦੀ ਲੋਕਾਈ ਇਕ 'ਵਿਸਮਾਦੀ ਸਮਾਜ' ਦੀ ਲਖਾਇਕ ਹੁੰਦੀ ਹੈ। ਅਜਿਹਾ ਸਮਾਜ ਆਪਣੇ ਇਤਿਹਾਸ ਨੂੰ 'ਬੀਤਿਆ ਹੋਇਆ' ਨਹੀਂ ਸਮਝਦਾ। ਸਗੋਂ ਇਸ ਨੂੰ ਮੁਤਵਾਤਰ ਆਪਣੇ ਅੰਗ-ਸੰਗ ਰੱਖਦਾ ਹੈ। ਇਸ ਨਾਲੋਂ 'ਜੁਦਾ' ਨਹੀਂ ਹੁੰਦਾ। 'ਕਾਵਿਕ ਸਮਾਜ' ਇਕ ਸਭਿਆਚਾਰਕ ਜ਼ਿੰਦਗੀ ਦੀ ਸਦੀਵੀ ਨਿਰੰਤਰਤਾ ਦਾ ਹੀ ਦੂਜਾ ਨਾਂ ਹੈ। ਇਹ ਲੋਕਾਂ ਦੇ ਸਾਂਝੇ ਸਭਿਆਚਾਰਕ ਵਲਵਲਿਆਂ ਤੇ ਸਾਂਝੀ ਮਨੋਬਿਰਤੀ ਵਾਲਾ ਲੋਕ-ਤ੍ਰਿੰਜਣ ਹੈ ਜਿਸ ਨੂੰ ਇਤਿਹਾਸਕਾਰ ਰੱਜਤ ਕਾਂਤ ਰੇਅ 'ਫੈਲਟ ਕਮਿਊਨਿਟੀ' ਦੇ ਸੰਕਲਪ ਅਧੀਨ ਵਿਚਾਰਦਾ ਹੈ। ਇਸੇ ਤ੍ਰਿੰਜਣੀ ਸਮਾਜ ਨੂੰ ਮੈਕਸ ਵੈਬਰ 'ਕਮਿਊਨਿਟੀ ਆਫ ਸੈਂਟੀਮੈਂਟਸ' (ਜਜ਼ਬਾਤੀ ਬਰਾਦਰੀ) ਆਖਦਾ ਹੈ। ਅਜਿਹਾ ਸਮਾਜ ਅਜੋਕੀਆਂ ਸਟੇਟ ਮੂਲਕ ਕੌਮੀਅਤਾਂ ਦੀ ਸ਼ਕਲ ਵਿਚ ਤਬਦੀਲ ਹੋਣ ਤੋ ਪਹਿਲਾਂ ਕਬੀਲਿਆਂ ਤੇ ਭਾਈਚਾਰਿਆਂ ਦੇ ਰੂਪ ਵਿਚ ਇਕ ਲੰਮੇ ਇਤਿਹਾਸਕ ਦੌਰ ਵਿਚੋਂ ਗੁਜ਼ਰ ਚੁੱਕਾ ਹੁੰਦਾ ਹੈ।

ਫੈਲਟ ਕਮਿਊਨਿਟੀ ਜਾਂ ਕਾਵਿਕ ਜਾਂ ਤ੍ਰਿੰਜਣੀ ਸਮਾਜ ਵਿਚ ਇਕ ਗ਼ੈਰ-ਫ਼ਿਰਕੇਦਾਰਾਨਾ ਲੈ ਤੇ ਤਾਲ ਹੁੰਦੀ ਹੈ। ਭਾਵ ਤਾਲਮੇਲ ਹੁੰਦਾ ਹੈ। ਜਿਸ ਦੀ ਲੈ ਦੇ ਵਹਿਣ ਨੇ ਪੀੜ੍ਹੀਆਂ ਨੂੰ ਬੰਨ੍ਹ ਕੇ ਰਖਿਆ ਹੁੰਦਾ ਹੈ। ਅਜਿਹੇ ਸਮਾਜ ਦੇ (ਮੌਖਿਕ) ਸਭਿਆਚਾਰ ਵਿਚ ਰੌਂ, ਰਵਾਨੀ ਤੇ ਸਰਲਤਾ ਦੀ ਬਹੁਤਾਤ ਹੁੰਦੀ ਹੈ। ਇਸ ਕਿਸਮ ਦੀ ਅਮੀਰੀ ਮੱਧਕਾਲ ਦੇ ਪੰਜਾਬੀ ਕਾਵਿ ਦੀ ਅਹਿਮ ਸਿਫ਼ਤ ਰਹੀ ਹੈ। ਕਾਵਿਕ ਸਮਾਜ ਦੇ ਬਿਰਤਾਂਤ ਜਾਂ ਪੇਸ਼ਕਾਰੀ ਦੇ ਸਾਂਝੇ ਨੈਣ-ਨਕਸ਼, ਸਾਂਝੇ ਸੰਕੇਤ-ਸੈਨਤਾਂ, ਸਾਂਝੇ ਅਲੰਕਾਰ ਹੁੰਦੇ ਹਨ। ਕੀ ਅਸੀਂ ਹੀਰ ਵਾਰਿਸ ਨੂੰ ਪੰਜਾਬ ਦੇ ਸਮਾਜਿਕ ਇਤਿਹਾਸ ਦਾ ਕਾਵਿਕ ਬਿਰਤਾਂਤ ਨਹੀਂ ਆਖ ਸਕਦੇ? ਅਜਿਹਾ ਬਿਰਤਾਂਤ ਬਸਤੀਵਾਦੀ ਯੁੱਗ ਵਿਚ ਪੈਦਾ ਹੋਈ ਗੱਦ ਮੁਖੀ ਪੰਜਾਬ ਦੀ ਇਤਿਹਾਸਕਾਰੀ ਤੋਂ ਮੂਲ ਰੂਪ ਵਿਚ ਵੱਖਰਾ ਹੈ। ਪੂਰਵ-ਬਸਤੀਵਾਦੀ ਦੌਰ ਦਾ ਪੰਜਾਬੀ ਕਾਵਿਕ ਬਿਰਤਾਂਤ ਉਸ ਗੱਦ-ਬਿਰਤਾਂਤ ਤੋਂ ਵੀ ਨਿਆਰਾ ਹੈ ਜੋ ਸੈਖ਼ ਅਹਿਮਦ ਸਰਹੰਦੀ ਤੇ ਸ਼ਾਹ ਵਲੀਉਲਾ ਜਿਹੇ ਮਜ਼੍ਹਬੀ ਦਾਰਸ਼ਿਨਕ ਜਾਂ ਇਤਿਹਾਸਕਾਰ ਸਿਰਜਦੇ ਹਨ। ਉਨ੍ਹਾਂ ਦਾ ਇਹ ਗੱਦ-ਬਿਰਤਾਂਤ ਸਟੇਟ ਨੂੰ ਮਜ਼੍ਹਬ ਨਾਲ ਜੋੜਦਾ ਹੈ। ਵਿਅਕਤੀਕਰਨ ਦੇ ਅਸਰ ਹੇਠ ਪੈਦਾ ਹੋਇਆ ਗੱਦ-ਬਿਰਤਾਂਤ ਕਾਵਿਕ ਸਮਾਜ ਦੇ ਸਭਿਆਚਾਰਕ ਏਕੇ ਦੀ ਭੰਨ-ਤੋੜ ਕਰਨ ਵੱਲ ਜ਼ਿਆਦਾ ਰੁਚਿਤ ਹੁੰਦਾ ਹੈ।

ਤ੍ਰਿੰਜਣੀ ਸਮਾਜ ਦੀ ਰਹਿਤਲ 'ਤੇ ਗੀਤ ਤੇ ਕਿੱਸੇ-ਕਹਾਣੀਆਂ ਝਰਨਿਆਂ ਵਾਂਗ ਆਪ-ਮੁਹਾਰੇ ਫੁਟਦੇ ਹਨ, ਜੀਵਨ ਦੀਆਂ ਸੱਧਰਾਂ ਦਰਸਾਉਂਦੇ ਹਨ, ਇਨ੍ਹਾਂ ਵਿਚੋਂ ਜੀਵਨ ਦੀ ਨਿੱਘੀ ਝਾਤ ਪੈਂਦੀ ਹੈ, ਇਕ ਮਿੱਠੀ ਛੁਹ ਪ੍ਰਤੀਤ ਹੁੰਦੀ ਹੈ। ਇਸ ਤ੍ਰਿੰਜਣੀ ਸਮਾਜ ਵਿਚ ਮਿਥਿਹਾਸ, ਅਖਾਣ ਤੇ ਮੁਹਾਵਰੇ ਨਿਰਵਿਘਨ ਸਾਹ ਲੈਂਦੇ ਹਨ। ਅਜਿਹੇ ਸਮਾਜ ਦਾ ਸਾਹਿਤਕ ਪ੍ਰਵਾਹ ਕਦੇ ਖਿੰਡਦਾ ਨਹੀਂ। ਮੌਖਿਕਤਾ ਇਸ ਸਾਹਿਤਕ ਨਿਰਤੰਰਤਾਂ ਦੀ ਜਿੰਦ ਜਾਨ ਹੁੰਦੀ ਹੈ। ਮੌਖਿਕ ਬੋਲ ਜਾਂ ਸਾਹਿਤ ਕਿਸੇ ਵੀ ਸਮਾਜ ਵਿਸ਼ੇਸ਼ ਦੇ ਅਟੁਟ ਉਤਸ਼ਾਹ ਤੇ ਸਦੀਵੀ ਨਿੱਘ ਨਾਲ ਲਬਰੇਜ਼ ਹੁੰਦਾ ਹੈ। ਦਲੀਲ ਹੈ ਕਿ ਸਮਾਜਿਕਤਾ ਜਾਂ ਅੰਤਰ-ਮਨੁੱਖੀ ਸਬੰਧਾਂ ਦਾ ਮੁਢਲਾ ਆਧਾਰ ਮਨੋਭਾਵ ਹੀ ਹਨ। ਭਾਸ਼ਾ ਇਨ੍ਹਾਂ ਮਨੋਭਾਵਾਂ ਦੇ ਸੰਚਾਰ ਦੀ ਲੋੜ 'ਚੋਂ ਪੈਦਾ ਹੋਇਆ ਵਰਤਾਰਾ ਹੀ ਤਾਂ ਹੈ। ਇਸ ਲਈ ਮਨੋਵੇਗ, ਨਾ ਕਿ ਭਾਸ਼ਾ, ਸਮਾਜਿਕ ਜਿੰਦਗੀ ਜੀਉਣ ਤੇ ਇਸ ਵਿਚ ਵਿਚਰਨ ਦਾ ਮੂਲ ਆਧਾਰ ਹੈ। ਇਸ ਧਾਰਨਾ ਨੂੰ ਲੈ ਕੇ ਫਰਾਂਸੀਸੀ ਇਤਿਹਾਸਕਾਰ ਲੂਸੀਨ ਫੈਬਰ ਮਨੋਭਾਵੀ ਜਿੰਦਗੀ ਦੇ ਇਤਿਹਾਸਕ ਬਿਰਤਾਂਤ ਨੂੰ ਸਿਰਜਣ ਦਾ ਸੁਝਾਅ ਦਿੰਦਾ ਹੈ।

ਸੋ ਦਲੀਲ ਹੈ ਕਿ ਤ੍ਰਿੰਜਣੀ ਸਮਾਜ ਦੀ ਦ੍ਰਿਸ਼ਟੀ ਜਾਂ ਅਕਲ ਕੇਵਲ ਲਿਖਣ-ਪੜ੍ਹਨ ਤਕ ਹੀ ਸੀਮਿਤ ਨਹੀਂ ਹੁੰਦੀ। ਇਸ ਦੀ ਕਲਪਨਾ ਦੀ ਗਹਿਰਾਈ ਅਥਾਹ ਅਤੇ ਪਰਵਾਜ਼ ਲੰਮੀ ਹੁੰਦੀ ਹੈ। ਕਾਗ਼ਜ਼ ਤੇ ਕਲਮ ਇਸ ਨੂੰ ਆਪਣੇ ਕਲਾਵੇ 'ਚ ਸਮੇਟ ਨਹੀਂ ਸਕਦੇ। ਮੌਖਿਕ ਜਾਂ ਕਾਵਿਕ ਸਮਾਜ ਵਿਚ ਨਿੱਘ ਤੇ ਲਿਵ ਸਦਾ ਬਰਕਰਾਰ ਰਹਿੰਦੇ ਹਨ। ਮੌਖਿਕ ਵਹਿਣ ਵਿਚ, ਰੁਕਾਵਟ ਨਹੀਂ, ਰਵਾਨੀ ਹੁੰਦੀ ਹੈ, ਸਰੋਦੀਪੁਣਾ ਹੁੰਦਾ ਹੈ। ਤ੍ਰਿੰਜਣੀ ਸਮਾਜ ਦੀ ਇਹ ਮੌਖਿਕਤਾ ਮੌਲਿਕ ਹੁੰਦੀ ਹੈ। ਇਸ ਲਈ ਇਹ ਅਜੋਕੇ ਤਕਨੀਕੀ ਯੁੱਗ ਦੀ ਉਸ ਗੌਣ ਮੌਖਿਕਤਾ ਤੋਂ ਵੱਖਰੀ ਹੈ ਜੋ ਰੇਡੀਉ, ਟੈਲੀਵੀਜ਼ਨ ਜਾਂ ਅਜਿਹੀਆਂ ਹੋਰ ਇਲੈਕਟ੍ਰਾਨਿਕ ਜੁਗਤਾਂ 'ਤੇ ਨਿਰਭਰ ਕਰਦੀ ਹੈ ਅਤੇ ਜਿਸ ਦੀ ਹੋਂਦ ਜਾਂ ਹਸਤੀ ਲਿਖਤ/ਪ੍ਰਿੰਟ/ਬਜ਼ਾਰੂ ਸਭਿਆਚਾਰ ਦੀ ਬੁਨਿਆਦ 'ਤੇ ਟਿਕੀ ਹੁੰਦੀ ਹੈ।

ਪੰਜਾਬ ਦੇ ਤ੍ਰਿੰਜਣੀ ਸਮਾਜ ਦਾ ਮੁੱਢ ਕਦੀਮੀ ਸਰੋਦੀਪੁਣਾ ਸੰਗਤ, ਸੰਗੀਤ, ਕੀਰਤਨ, ਮੇਲਿਆਂ, ਸਮਾਅ, ਕਵਾਲੀ, ਰਬਾਬ, ਵੰਝਲੀ, ਬੰਸਰੀ, ਗਿੱਧਿਆਂ, ਭੰਗੜਿਆਂ, ਕਬਿਤਾਂ, ਕਿੱਸਿਆਂ ਅਤੇ ਸਮਾਜਿਕ ਨਾਤਿਆਂ ਵਿਚ ਝਲਕਦਾ ਹੈ। 'ਇਲਹਾਮ' ਅਤੇ 'ਧੁਰ ਕੀ ਬਾਣੀ' ਕਾਵਿਕ ਸਮਾਜ ਦੇ ਆਪਮੁਹਾਰੇ ਸੁੱਚੇ ਰੌਂ 'ਚੋਂ ਹੀ ਪੁੰਗਰਦੀ ਹੈ। ਪੰਜਾਬ ਦੇ ਹੀ ਤ੍ਰਿੰਜਣੀ ਸਮਾਜ ਵਿਚ ਹੁਸਨ ਤੇ ਇਸ਼ਕ ਦੀਆਂ ਬਾਤਾਂ ਪੈਂਦੀਆਂ ਹਨ। 'ਸਿਰ ਨੂੰ ਤਲੀ 'ਤੇ ਰੱਖਣਾ', 'ਸਿਰ ਧੜ ਦੀ ਬਾਜ਼ੀ ਲਾਉਣਾ' ਇਸੇ ਸਮਾਜ ਦੇ ਅਮਲ ਤੇ ਮੁਹਾਵਰੇ ਹਨ। ਇਸੇ ਸਮਾਜ ਵਿਚ ਹੀ ਇਸ਼ਕ ਦੀ ਵੀ ਜਾਤ ਹੁੰਦੀ ਹੈ। ਇਸ ਦੇ ਰਹਿਨੁਮਾ ਨਾਬਰ ਰਹੇ ਹਨ। ਸ਼ਬਦ, ਸਾਜ਼, ਸੰਗੀਤ ਤੇ ਸ਼ਮਸ਼ੀਰ ਦੇ ਚਾਰੇ ਇਲਮ ਇਨ੍ਹਾਂ ਕੋਲ ਇੱਕੋ ਵੇਲੇ ਹੁੰਦੇ ਸਨ। ਤੱਤੀਆਂ ਤਵੀਆਂ ਨੂੰ ਮੁਸੱਲਾ ਬਣਾ ਕੇ ਉਨ੍ਹਾਂ 'ਤੇ ਬਿਰਾਜਣ ਦਾ ਅਤੇ ਲਾੜੇ ਬਣ ਕੇ ਮੌਤ ਨੂੰ ਲਾੜੀ ਬਣਾਉਣ ਦਾ ਸਲੀਕਾ ਇਨ੍ਹਾਂ ਹੀ ਕੋਲ ਸੀ।

ਅਜਿਹੇ ਤ੍ਰਿੰਜਣੀ ਸਮਾਜ ਦੀ ਝਲਕ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਵੇਲਿਆਂ ਦੇ ਪੰਜਾਬ ਵਿਚ ਵੀ ਵੇਖਦੇ ਹਾਂ, ਜਦ 'ਖਾਲਸੇ' ਦੀ ਪਹਿਲੀ ਟੱਕਰ ਫਰੰਗੀ ਨਾਲ ਹੁੰਦੀ ਹੈ, ਤਦ ਸੂਰਮੇ ਸਿੰਘ, ਮਝੈਲ, ਦੁਆਬੀਏ, ਸ਼ਾਮ ਸਿੰਘ ਅਟਾਰੀ ਜਿਹੇ ਸਰਦਾਰ, ਮਜ਼ਹਰ ਅਲੀ, ਮਾਘੇ ਖਾਂ ਤੇ ਸੁਲਤਾਨ ਮਹਿਮੂਦ ਜਿਹੇ ਤੋਪਚੀ ਇੱਕਠੇ ਹੋ ਕੇ ਕੂਚ ਕਰਦੇ ਹਨ: 'ਚੱਲੀ ਸਭ ਪੰਜਾਬ ਦੀ ਬਾਦਸ਼ਾਹੀ, ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ। ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਹੀ, ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।'

ਪੰਜਾਬ ਦੇ ਇਸੇ ਤ੍ਰਿੰਜਣੀ ਸਮਾਜ ਦੀ ਬਿਸਾਤ 'ਤੇ ਅਸੀਂ 'ਮੁਸਲਮਾਨ' ਮਰਦਾਨੇ ਅਤੇ 'ਗ਼ੈਰ-ਮੁਸਲਮਾਨ' ਬਾਲੇ ਨੂੰ 'ਸਿੱਖ' ਗੁਰੂ ਨਾਨਕ ਦੇ ਅੰਗ-ਸੰਗ ਬੈਠਾ ਵੇਖਦੇ ਹਾਂ, ਬਾਬਾ ਨਾਨਕ ਦੀ 'ਧੁਰ ਕੀ ਬਾਣੀ' ਮਰਦਾਨੇ ਦੀ 'ਮੋਮਨ' ਰਬਾਬ 'ਚੋਂ ਵਿਸਮਾਦੀ ਸੰਗੀਤ ਪੈਦਾ ਕਰਦੀ ਹੈ। ਬਾਬਾ ਬਹੁ-ਰੰਗਾ (ਕੈਲੀਡੋਸਕੋਪਿਕ) ਹੈ: ਲੋਕਾਈ ਉਸ ਨੂੰ ਕਦੇ ਪੀਰ, ਕਦੇ ਸਾਧ, ਕਦੇ ਭਗਤ, ਕਦੇ ਫ਼ਕੀਰ, ਕਦੇ ਦਰਵੇਸ਼ ਅਤੇ ਕਦੇ ਗੁਰੂ ਆਖ ਸਤਿਕਾਰਦੀ ਹੈ।

ਇਸ ਤ੍ਰਿੰਜਣੀ ਸਮਾਜ ਦਾ ਬਾਸ਼ਿੰਦਾ, 'ਮੁਸਲਮਾਨ' ਰਾਂਝਾ ਹੀ ਹਿੰਦੂ ਜੋਗੀ ਬਾਲ ਨਾਥ ਤੋਂ ਜੋਗ ਲੈਣ ਦਾ ਹੀਆ ਕਰ ਸਕਦਾ ਹੈ। ਰਾਂਝੇ ਨੂੰ ਪੰਜ 'ਮੁਸਲਮਾਨ' ਸੂਫ਼ੀ ਫ਼ਕੀਰਾਂ, ਅਤੇ 'ਹਿੰਦੂ' ਜੋਗੀ ਦੀ ਅਸੀਸ ਸਦਕਾ ਹੀ ਹੀਰ ਦਾ ਇਸ਼ਕ ਨਸੀਬ ਹੁੰਦਾ ਹੈ। ਸੂਫ਼ੀ ਪੀਰਾਂ ਦੀ ਇਬਾਦਤ ਕਰਦਿਆਂ ਰਾਂਝੇ ਦੀ ਵੰਝਲੀ ਜੋ ਰਾਗ ਅਲਾਪਦੀ ਹੈ ਉਨ੍ਹਾਂ ਵਿਚੋਂ ਭੈਰੋਂ ਤੇ ਹੰਡੋਲ ਵਰਗੇ ਰਾਗ ਸ਼ਿਵਜੀ ਤੇ ਕ੍ਰਿਸ਼ਨ ਨਾਲ ਸੰਬੰਧਤ ਹਨ। ਵੰਝਲੀ ਵੀ ਤਾਂ ਤ੍ਰਿੰਜਣੀ ਸਮਾਜ ਦੀ ਬਨਸਪਤੀ ਦੀ ਪੈਦਾਇਸ਼ ਹੈ। ਕੋਝਾ ਸੁਰ ਕਿਉਂ ਕੱਢੇਗੀ!! ਉਹ ਤਾਂ ਆਪ ਮੁੱਢ ਕਦੀਮੋਂ ਬ੍ਰਾਹਮਣਵਾਦ/ਮੌਲਾਣਾਵਾਦ ਦੀ ਵਿਰੋਧੀ ਹੈ। ਚਨਾਬ ਦਰਿਆ ਤੋਂ ਯਮਨਾ ਨਦੀ ਤੀਕ ਇਸ ਦੀ ਗ਼ੈਰ-ਫ਼ਿਰਕੇਦਾਰਾਨਾ ਤੇ ਨਾਬਰ ਸੁਰ ਗੂੰਜਦੀ ਰਹੀ ਹੈ।

ਇਸ ਤ੍ਰਿੰਜਣੀ ਸਮਾਜ ਵਿਚ ਵਿਚਰਦਿਆਂ ਸ਼ਾਹ ਹੁਸੈਨ ਗਾਉਂਦਾ ਫ਼ਿਰਦਾ ਹੈ, 'ਸਾਲੂ ਮੇਰਾ ਉਣੀ ਦਾ। ਕੋਈ ਸ਼ਾਮ ਬ੍ਰਿੰਦਾਬਨ ਸੁਣੀ ਦਾ।' ਹੀਰ ਸਿਆਲਾਂ ਦੀ ਬੇਟੀ ਦੇ ਨਿਕਾਹ ਦੀ ਤਿੱਥ ਝੰਗ ਦਾ ਬਾਮ੍ਹਣ ਤੈਅ ਕਰਦਾ ਹੈ, ਅਤੇ ਕਾਜ਼ੀ ਨਿਕਾਹ ਦੀਆਂ ਰਸਮਾਂ। ਸੂਫ਼ੀ ਤੇ ਭਗਤੀ ਪਰੰਪਰਾਵਾਂ ਦਾ ਸੁਮੇਲ ਜਾਂ ਬੈਂਗਣੀ ਰੰਗ (ਫਯੂਜ਼ਨ) ਇਸ ਤ੍ਰਿੰਜਣੀ ਸਮਾਜ ਦੀ ਕੈਨਵਸ 'ਤੇ ਹੀ ਵੇਖਣ ਨੂੰ ਮਿਲਦਾ ਹੈ। ਰਣਜੀਤ ਸਿੰਘ ਦਾ ਖਾਲਸਾ ਰਾਜ ਅਤੇ ਸ਼ਾਹ ਮੁਹੰਮਦ ਦਾ ਜੰਗਨਾਮਾ ਇਸੇ ਫੈਲਟ ਕਮਿਊਨਿਟੀ ਦੇ ਇਤਿਹਾਸਿਕ ਪ੍ਰਮਾਣ ਹਨ। ਇਹ ਤ੍ਰਿੰਜਣੀ ਸਮਾਜ ਵੈਰੀ ਨੂੰ ਮਜ਼੍ਹਬੀ/ਫ਼ਿਰਕੇਦਾਰਾਨਾ ਨਜ਼ਰੀਏ ਤੋਂ ਨਹੀਂ ਪਹਿਚਾਣਦਾ, ਇਸ ਲਈ ਕੰਸ, ਰਾਵਣ, ਮਹਿਮੂਦ ਗ਼ਜਨਵੀ, ਚੰਗੇਜ਼, ਹਿਟਲਰ ਸਭ ਇਕੋ ਜਿਹੇ ਹਮਲਾਵਰ ਹਨ। ਇਸ ਤ੍ਰਿੰਜਣੀ ਸਮਾਜ ਦੇ ਸੀਨੇ 'ਚ ਪ੍ਰੀਤਾਂ ਦੀ ਖਾਣ ਹੈ, ਇਸ ਦੇ ਦਰਿਆਵਾਂ ਦਾ ਪਾਣੀ ਪ੍ਰੀਤਾਂ ਦਾ ਪਾਣੀ ਹੈ, ਇਸ ਦੀ ਧਰਤੀ ਇਸ਼ਕਾਂ ਵਾਲੀ ਹੈ। ਇਸ ਕਿਸਮ ਦੀਆਂ ਅਨੇਕਾਂ ਮਿਸਾਲਾਂ ਨਾਲ ਪੰਜਾਬ ਦਾ ਇਤਿਹਾਸ ਭਰਿਆ ਪਇਆ ਹੈ। ਪਰ ਫਰੋਲੇ ਕੌਣ!!! ਬਾਤ ਤਾਂ ਪੰਜਾਬ ਦੀਆਂ ਇਤਿਹਾਸਕ ਸੁਬਾਤਾਂ, ਬਿਸਾਤਾਂ ਤੇ ਬਾਤਾਂ ਦੀਆਂ ਤੈਹਾਂ ਨੂੰ ਰੁਸ਼ਨਾਉਣ ਦੀ ਹੈ। ਇਤਿਹਾਸਕਾਰੀ ਵਿਚ ਇਕ ਸਜਰੇ ਪ੍ਰਵਚਨ ਦੀ ਸਿਰਜਣਾ ਦੀ ਹੈ।

ਪੰਜਾਬ ਦੀ ਫੈਲਟ ਕਮਿਊਨਿਟੀ ਕੇਵਲ ਮੱਧਕਾਲੀ ਸਮਾਜਿਕ ਵਰਤਾਰਾ ਹੀ ਨਹੀਂ ਸੀ, ਬਲਕਿ ਇਹ ਤਾਂ 1947 ਵੇਲੇ ਵੀ ਮੌਜੂਦ ਸੀ ਅਤੇ ਹੁਣ ਵੀ ਹੈ। ਐਪਰ ਗ਼ਾਲਬ ਤੇ ਫਿਰਕੇਦਾਰਾਨਾ ਸਿਆਸਤ ਨੇ ਇਸ ਨੂੰ ਇਕ ਗੋਸ਼ੇ ਕੀਤਾ ਹੋਇਆ ਹੈ। ਇਤਿਹਾਸਕਾਰਾਂ ਨੇ 1947 ਦੀ ਪੰਜਾਬ ਦੀ ਸਿਆਸੀ ਤਕਸੀਮ ਅਤੇ ਫ਼ਿਰਕੂ ਕਤਲੇਆਮ ਦਾ ਜਿੰਨਾ ਨੋਟਿਸ ਲਿਆ ਹੈ, ਉਨੀ ਤਵੱਜੋ ਉਨ੍ਹਾਂ ਨੇ ਪੰਜਾਬੀ ਤ੍ਰਿੰਜਣੀ ਸਮਾਜ ਨੂੰ ਉਜਾਗਰ ਕਰਨ ਵੱਲ ਨਹੀਂ ਦਿੱਤੀ।

ਕਹਿਣ ਦਾ ਭਾਵ ਹੈ ਕਿ ਇਸਲਾਮ, ਹਿੰਦੂ ਤੇ ਸਿੱਖ ਧਰਮਾਂ ਦਾ ਬਿਰਤਾਂਤ ਸਿਰਜਣ ਵਾਲੇ ਇਤਿਹਾਸਕਾਰ ਲੋਕਾਈ ਦੀ ਰੋਜ਼ਮੱਰਾ ਜਿੰਦਗੀ ਨੂੰ ਵੀ ਧਰਮ ਦੇ ਵਰਗਾਤਮਿਕ ਮਾਡਲਾਂ ਅਨੁਸਾਰ ਹੀ ਬਿਆਨਦੇ ਹਨ। ਅਕਸਰ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਕਿ ਲੋਕਾਈ ਦੀ ਸਿੱਖ, ਹਿੰਦੂ, ਮੁਸਲਿਮ ਤਰਜ਼ ਵਾਲੀ ਫ਼ਿਰਕੂ ਤਕਸੀਮ ਦੀ ਸ਼ੁਰੂਆਤ 19ਵੀਂ ਸਦੀ ਦੇ ਬਸਤੀਵਾਦੀ ਪੰਜਾਬ ਵਿਚ ਮਰਦਮਸ਼ੁਮਾਰੀ ਦੀ ਫਰੰਗੀ ਯੋਜਨਾ ਤਹਿਤ ਹੋਈ। ਪਰ ਮਰਦਮਸ਼ੁਮਾਰੀ ਕਰਨ ਵਾਲੇ ਕਰਮਚਾਰੀ ਕਦੇ ਸਿੱਖਾਂ ਨੂੰ ਹਿੰਦੂ-ਮੱਦ ਹੇਠ ਅਤੇ ਕਦੇ ਹਿੰਦੂਆ ਨੂੰ ਸਿੱਖ-ਮੱਦ ਹੇਠ ਦਰਜ਼ ਕਰ ਦਿੰਦੇ ਸਨ। ਲੋਕਾਈ ਲਈ ਵੀ ਆਪਣੇ ਅਨੇਕਾਤਮਿਕ ਧਾਰਮਿਕ ਵਿਸ਼ਵਾਸਾਂ/ਰੀਤੀ-ਰਵਾਜ਼ਾਂ ਨੂੰ ਕਿਸੇ ਇੱਕ ਮਜ਼੍ਹਬ ਵਿਸ਼ੇਸ਼ ਦੇ ਨੁਕਤਾ-ਨਿਗਾਹ ਤੋਂ ਵਿਉਂਤਬੰਦ ਕਰਨਾ ਔਖਾ ਸੀ। ਇਸ ਲਈ ਪੰਜਾਬੀ ਲੋਕਾਈ ਵੀ ਅਕਸਰ ਆਪਣੇ ਆਪ ਨੂੰ ਕਦੇ ਹਿੰਦੂ-ਮੱਦ ਹੇਠ ਅਤੇ ਕਦੇ ਸਿੱਖ-ਮੱਦ ਹੇਠ ਦਰਜ਼ ਕਰਵਾ ਲੈਂਦੀ ਸੀ। ਅਜਿਹੇ ਅੰਕੜਿਆਂ ਤੋਂ ਪ੍ਰੇਸ਼ਾਨ ਹੋ ਕੇ, ਪੰਜਾਬ ਦੀ ਕਲੋਨੀਅਲ ਅਫ਼ਸਰਸ਼ਾਹੀ ਨੂੰ ਇਸ ਤੱਥ ਦਾ ਜਲਦੀ ਹੀ ਇਲਮ ਹੋ ਗਿਆ ਕਿ ਅੰਕੜਿਆਂ 'ਚ ਇਸ ਤਰ੍ਹਾਂ ਦੀ 'ਤਰੋੜ ਮਰੋੜ' ਲੋਕਾਈ ਜਾਂ ਕਰਮਚਾਰੀਆਂ ਦੀ ਗ਼ਲਤੀਆਂ ਕਰਕੇ ਨਹੀਂ, ਸਗੋਂ ਉਨ੍ਹਾਂ (ਅਫ਼ਸਰਸ਼ਾਹੀ) ਦਾ ਪੰਜਾਬ ਦੇ ਸਮਾਜ ਦੀ (ਫ਼ਿਰਕੇਦਾਰਾਨਾ) ਸਮਝ ਦਾ ਆਧਾਰ ਹੀ ਗ਼ਲਤ ਹੈ।

ਇਤਿਹਾਸਕਾਰ ਨੂੰ ਕਿਸੇ ਸਮਾਜ ਵਿਸ਼ੇਸ਼ ਦੇ ਸਭਿਆਚਾਰ ਦਾ ਅਧਿਐਨ ਕਰਦੇ ਹੋਏ ਉਸ ਸਮਾਜ ਦੀ ਤ੍ਰਿੰਜਣੀ ਜਾਂ ਕਾਵਿਕ ਰੂਹ ਦਾ ਗਿਆਨ ਹੋਣਾ ਲਾਜ਼ਮੀ ਹੈ। ਆਰਕਾਈਵਜ਼ ਮੁਖੀ ਰਵਾਇਤੀ ਇਤਿਹਾਸਿਕ-ਬਿਰਤਾਂਤ ਤੇ ਕਾਵਿਕ-ਬਿਰਤਾਂਤ ਦਾ ਫ਼ਰਕ ਇਹ ਤ੍ਰਿੰਜਣੀ ਰੂਹ ਹੀ ਦੱਸ ਸਕਦੀ ਹੈ। ਜਦ ਕਿਸੇ ਧਰਾਤਲ ਵਿਸ਼ੇਸ਼ ਦੀ ਵਸੋਂ ਦੀ ਸ਼ਨਾਖ਼ਤ ਨੂੰ ਮਜ਼੍ਹਬੀ ਪੱਧਰ 'ਤੇ ਸੁੰਗੜਾ ਦਿੱਤਾ ਜਾਂਦਾ ਹੈ, ਤਦ ਉਸ ਦਾ ਸਭਿਆਚਾਰਕ ਤੇ ਸਮਾਜਿਕ ਵਹਿਣ ਅਣਗੌਲਿਆ ਹੋ ਜਾਂਦਾ ਹੈ। ਇਹ ਵਸੋਂ ਆਪਣੀ ਸਭਿਆਚਾਰਕ ਹੋਂਦ ਤੋਂ ਵਾਂਝੀ ਹੋ ਜਾਂਦੀ ਹੈ। ਕਿਉਂਕਿ ਇਸ ਨੂੰ 'ਵੇਖਣ' ਵਾਲੀ ਅੱਖ ਲਘੂਕਾਰਕ ਮਜ਼੍ਹਬੀ ਮਨੋਬਿਰਤੀ ਵਾਲੀ ਹੁੰਦੀ ਹੈ। ਭਾਵ ਜਦ ਸਮਾਜ-ਵਿਗਿਆਨੀ ਦੇ ਬਿਰਤਾਂਤ ਤੇ ਪ੍ਰਵਚਨ ਦੀ ਮਜ਼੍ਹਬੀ ਢਲਾਈ ਹੋਈ ਹੁੰਦੀ ਹੈ, ਤਦ ਉਹ ਸਮਾਜਿਕ ਪਹਿਚਾਣਾਂ ਨੂੰ ਮਜ਼੍ਹਬ ਦੇ ਪੱਖ ਤੋਂ ਹੀ ਪਹਿਚਾਣਦਾ ਹੈ, ਸਭਿਆਚਾਰ ਦੇ ਪੱਖ ਤੋਂ ਨਹੀਂ।

ਬ੍ਰਾਜ਼ੀਲੀ ਇਤਿਹਾਸਕਾਰ, ਗਿਲਬਰਟੋ ਫਰੇਅਰ ਤਾਂ ਇਹ ਵੀ ਆਖਦਾ ਹੈ ਕਿ ਨੈਸ਼ਨਲਿਸਟ ਸ਼ੈਲੀ ਵਿਚ ਸਿਰਜਿਆ ਸਿਆਸੀ ਤੇ ਮਿਲਟਰੀ/ਲਸ਼ਕਰੀ ਇਤਿਹਾਸ ਲੋਕਾਈ ਵਿਚ ਵੰਡੀਆਂ ਪਾਉਂਦਾ ਹੈ, ਜਦ ਕਿ ਸਮਾਜਿਕ ਤੇ ਸਭਿਆਚਾਰ ਇਤਿਹਾਸ ਦਾ ਅਧਿਐਨ ਲੋਕਾਈ ਨੂੰ ਜੋੜਦਾ ਹੈ, ਇਕ ਦੂਜੇ ਨੂੰ ਸਮਝਣ ਦੇ ਰਾਹ ਖੋਲ੍ਹਦਾ ਹੈ।

# ਅਨੰਦਪੁਰ ਸਾਹਿਬ ਦੀ ਪਾਵਨ ਧਰਤੀ

**ਵਿਸਾਖੀ 'ਤੇ ਵਿਸ਼ੇਸ਼**

**ਡਾ. ਕੁਲਦੀਪ ਸਿੰਘ**

ਅਨੰਦ ਦੀ ਨਗਰੀ ਖੁਸ਼ੀਆਂ ਖੇੜਿਆਂ ਦਾ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ। ਖਾਲਸੇ ਦੀ ਜਨਮ ਭੂਮੀ ਅਨੰਦਪੁਰ ਸਾਹਿਬ। ਉਹ ਧਰਤੀ ਜਿਸ ਦਾ ਚੱਪਾ ਚੱਪਾ ਜਬਰ ਤੇ ਜ਼ੁਲਮ ਵਿਰੁਧ ਲੜਦੇ ਰਹੇ ਸਿੰਘਾਂ ਦੇ ਖੂਨ ਨਾਲ ਰੰਗਿਆ ਹੋਇਆ ਹੈ। ਉਹ ਧਰਤੀ ਜਿਸ ਨੂੰ ਕਰੀਬ ਚਾਰ ਦਹਾਕੇ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਰਹੀ ਹੈ। ਰੋਪੜ ਜ਼ਿਲ੍ਹੇ ਦੀ ਸ਼ਿਵਾਲਿਕ ਪਰਬਤ ਲੜੀ ਦਾ ਸ਼ਿੰਗਾਰ। ਬੜੀ ਅਨੋਖੀ ਤੇ ਯੁਧਨੀਤਕ ਪੱਖੋਂ ਮਹਤਵਪੂਰਨ ਸਥਿਤੀ ਹੈ ਇਸ ਨਗਰੀ ਦੀ। ਪੰਜਾਬ ਵਿਚ ਰੋਪੜ ਤੋਂ 30 ਮੀਲ ਉਤਰ ਵਲ ਅਤੇ ਇੰਨਾ ਕੁ ਹੀ ਨੰਗਲ ਤੋਂ ਦਖਣ ਵਲ ਸਥਿਤ ਹੈ-ਇਹ ਨਗਰੀ। ਆਓ ਸਮੁਚੇ ਭਾਰਤ ਦੇ ਇਤਿਹਾਸ ਵਿਚ ਅਨੇਕਾਂ ਯੁਗ ਪਲਟਾਊ ਘਟਨਾਵਾਂ ਦੀ ਜਾਮਨ ਰਹੀ ਇਸ ਧਰਤੀ ਦੇ ਜ਼ਰਾ ਨੇੜਿਓਂ ਹੋ ਕੇ ਦਰਸ਼ਨ ਕਰੀਏ।

ਗੱਲ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਤੋਂ ਸ਼ੁਰੂ ਕਰਦੇ ਹਾਂ ਜਿਨ੍ਹਾਂ 11 ਅਗਸਤ 1664 ਨੂੰ ਗੁਰ ਗੱਦੀ ਸੰਭਾਲੀ। ਉਦੋਂ ਆਪ ਬਾਬਾ ਬਕਾਲਾ ਵਿਚ ਸਨ। ਮਈ 1665 ਵਿਚ ਆਪ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਪਹੁੰਚੇ। ਕੁਝ ਦਿਨ ਇਥੇ ਭਾਗ ਲਾ ਕੇ ਉਹ ਮਾਲਵੇ ਵਲ ਪਰਤਣ ਬਾਰੇ ਸੋਚ ਹੀ ਰਹੇ ਸਨ ਕਿ ਕਹਿਲੂਰ (ਬਿਲਾਸਪੁਰ) ਦੇ ਰਾਜੇ ਦੀਪ ਚੰਦ ਦੀ ਮੌਤ ਹੋ ਗਈ। ਉਸ ਦੀ ਪਤਨੀ ਰਾਣੀ ਚੰਪਾ ਦੇਵੀ ਗੁਰੂ ਘਰ ਦੀ ਸ਼ਰਧਾਲੂ ਸੀ। ਰਾਜੇ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਲਈ 13 ਮਈ 1665 ਨੂੰ ਰਾਣੀ ਦੇ ਸੱਦੇ ਉਤੇ ਗੁਰੂ ਸਾਹਿਬ ਪਰਿਵਾਰ ਸਹਿਤ ਬਿਲਾਸਪੁਰ ਪੁਜੇ। ਰਾਣੀ ਨੂੰ ਗੱਲਾਂ ਗੱਲਾਂ ਵਿਚ ਜਦੋਂ ਗੁਰੂ ਸਾਹਿਬ ਦੇ ਕੀਰਤਪੁਰ ਛਡ ਕੇ ਮਾਲਵੇ ਵਿਚ ਕੋਈ ਨਵਾਂ ਨਗਰ ਵਸਾਉਣ ਦਾ ਪਤਾ ਲੱਗਾ ਤਾਂ ਉਸ ਨੂੰ ਬੜਾ ਦੁਖ ਹੋਇਆ। ਉਸ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਉਹ ਨਵਾਂ ਨਗਰ ਪਹਾੜੀ ਖੇਤਰ ਵਿਚ ਉਸਾਰ ਲੈਣ। ਰਾਣੀ ਨੇ ਲੋਧੀਪੁਰ, ਮੀਆਂਪੁਰ ਅਤੇ ਸਹੋਦੇ ਪਿੰਡਾਂ ਦੀ ਥਾਂ ਦੀ ਪੇਸ਼ਕਸ਼ ਗੁਰੂ ਜੀ ਨੂੰ ਕੀਤੀ। ਭਟ ਵਹੀ ਪੁਰਬੀ ਦਖਣੀ ਖਾਤਾ ਜਲਹਾਨਾ ਇਸ ਦੀ ਗਵਾਹੀ ਦੇਂਦੀ ਹੈ। ਹੁਸ਼ਿਆਰਪੁਰ ਦੇ ਡਿਸਟ੍ਰਿਕਟ ਗਜ਼ਟੀਅਰ ਦਸਦੇ ਹਨ ਕਿ ਗੁਰੂ ਸਾਹਿਬ ਨੇ ਇਹ ਜ਼ਮੀਨ ਰਾਣੀ ਤੋਂ ਖਰੀਦ ਲਈ।

ਸਰੂਪ ਸਿੰਘ ਕੌਸ਼ਿਸ਼ ਅਨੁਸਾਰ ਇਸੇ ਖੇਤਰ ਵਿਚ ਸਤਲੁਜ ਦੇ ਨੇੜੇ ਮਾਖੋਵਾਲੇ ਦੇ ਉਜੜੇ ਥੇਹ ਉਤੇ ਨਵੇਂ ਨਗਰ ਦੀ ਮੋਹੜੀ ਬਾਬਾ ਗੁਰਦਿਤਾ ਨੇ ਗੱਡੀ ਅਤੇ ਇੰਜ 19 ਜੂਨ 1665 ਨੂੰ ਇਸ ਨਗਰੀ ਦਾ ਜਨਮ ਹੋਇਆ। ਗੁਰੂ ਸਾਹਿਬ ਨੇ ਆਪਣੀ ਮਾਤਾ ਦੇ ਨਾਂ ਉਤੇ ਇਸ ਨਗਰ ਦਾ ਨਾਂ ਚਕ ਨਾਨਕੀ ਰੱਖਿਆ। ਭਾਈ ਸੰਤੋਖ ਸਿੰਘ ਅਨੁਸਾਰ ਛੇਤੀ ਹੀ ਕਾਰੀਗਰ ਅਤੇ ਵਿਦਵਾਨ ਆ ਕੇ ਇਥੇ ਵਸਣ ਲਗੇ ਅਤੇ ਇਮਾਰਤਾਂ ਉਸਰਨ ਲੱਗੀਆਂ। ਸੰਗਤਾਂ ਗੁਰਦਰਸ਼ਨਾਂ ਲਈ ਉਮਡਣ ਲਗੀਆਂ ਪਰ ਗੁਰੂ ਸਾਹਿਬ ਛੇਤੀ ਹੀ ਦੂਰ ਪੂਰਬ ਦੇ ਲੰਮੇ ਦੌਰੇ 'ਤੇ ਨਿਕਲ ਤੁਰੇ। ਨਵੰਬਰ 1665 ਨੂੰ ਤੁਰੇ ਗੁਰੂ ਜੀ ਮਾਰਚ 1672 ਨੂੰ ਹੀ ਚਕ ਨਾਨਕੀ ਮੁੜ ਕੇ ਆਏ।

ਇਸੇ ਦੌਰਾਨ ਚਕ ਨਾਨਕੀ ਦਾ ਵਿਕਾਸ ਮੱਠਾ ਪੈਣਾ ਕੁਦਰਤੀ ਸੀ। ਵਾਪਸ ਆ ਕੇ ਵੀ ਗੁਰੂ ਸਾਹਿਬ ਬਹੁਤੀ ਦੇਰ ਟਿਕੇ ਨਹੀਂ ਅਤੇ ਚੁਮਾਸਾ ਕਟ ਕੇ ਫਿਰ ਬਾਹਰ ਤੇ ਮਾਲਵਾ ਦੇਸ਼ ਦੀ ਯਾਤਰਾ ਨੂੰ ਨਿਕਲ ਤੁਰੇ।

ਛੇਤੀ ਹੀ ਇਸ ਧਰਤੀ ਨੇ ਇਕ ਯੁਗ-ਪਲਟਾਊ ਘਟਨਾ ਤੱਕੀ। ਮਈ ਦਾ ਮਹੀਨਾ ਸੀ। ਔਰੰਗਜ਼ੇਬ ਦੇ ਜਾਬਰ ਤੇ ਅਨਿਆਈ ਸੂਬੇਦਾਰਾਂ ਦੇ ਸਤਾਏ ਮਜ਼ਲੂਮ ਕਸ਼ਮੀਰੀ ਪੰਡਿਤਾਂ ਦੀ ਇਕ ਟੋਲੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਆਪ ਦੇ ਦਰਬਾਰ ਵਿਚ ਹਾਜਰ ਹੋਈ। ਭਟ ਵਹੀ ਤਲੌਂਡਾ ਪਰਗਨਾ ਜੀਂਦ ਵਿਚ ਦਿਤੇ ਵੇਰਵੇ ਅਨੁਸਾਰ ਇਨ੍ਹਾਂ ਮਜ਼ਲੂਮਾਂ ਨੇ ਆਪਣੇ ਉਤੇ ਹੁੰਦੇ ਜ਼ੁਲਮਾਂ ਦੀ ਕਹਾਣੀ ਗੁਰੂ ਸਾਹਿਬ ਨੂੰ ਸੁਣਾਈ ਕਿ ਕਿਵੇਂ ਔਰੰਗਜ਼ੇਬ ਗੈਰ ਮੁਸਲਮਾਨਾਂ ਨੂੰ ਧਰਮ ਪਰਿਵਰਤਨ ਲਈ ਮਜਬੂਰ ਕਰ ਰਿਹਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਧੀਰਜ ਦਿਤਾ ਅਤੇ ਇਸ ਜਬਰ ਵਿਰੁਧ ਆਪ ਦਿੱਲੀ ਜਾ ਕੇ ਸ਼ਹਿਨਸ਼ਾਹ ਨਾਲ ਗੱਲ ਕਰਨ ਦਾ ਨਿਰਨਾ ਕੀਤਾ। ਉਹ ਸਮਝ ਚੁਕੇ ਸਨ ਕਿ ਜਬਰ ਜ਼ੁਲਮ ਨੂੰ ਨੱਥ ਪਾਉਣ ਲਈ ਸੀਸ ਦੇਣ ਦਾ ਸਮਾਂ ਆ ਚੁਕਾ ਹੈ। ਇਸ ਲਈ ਉਹ ਨੌਂ ਸਾਲ ਦੇ ਬਾਲ ਗੋਬਿੰਦ ਨੂੰ ਸਿੱਖ ਪੰਥ ਦੀ ਅਗਵਾਈ ਸੌਂਪ ਕੇ ਦਿੱਲੀ ਨੂੰ ਤੁਰ ਪਏ। ਦਿੱਲੀ ਵਿਚ ਹੀ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ 11 ਨਵੰਬਰ 1675 ਨੂੰ ਸ਼ਹੀਦ ਹੋਏ। ਉਨ੍ਹਾਂ ਦਾ ਪਾਵਨ ਸੀਸ ਭਾਈ ਜੈਤਾ ਨੇ ਬੜੀ ਦਲੇਰੀ ਨਾਲ ਬਾਲ ਗੁਰੂ ਗੋਬਿੰਦ ਸਿੰਘ ਅੱਗੇ ਚਕ ਨਾਨਕੀ ਵਿਚ ਲਿਆ ਰੱਖਿਆ। ਗੁਰੂ ਸਾਹਿਬ ਨੇ ਪੂਰੇ ਹੌਸਲੇ ਅਤੇ ਮਰਿਆਦਾ ਨਾਲ ਇਸ ਸੀਸ ਦਾ ਅੰਤਿਮ ਸਸਕਾਰ ਕੀਤਾ।



ਪੰਜਵੇਂ ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਦ ਛੇਵੇਂ ਗੁਰੂ ਹਰਿਗੋਬਿੰਦ ਰਾਏ ਨੇ ਸਿੱਖਾਂ ਨੂੰ ਜ਼ੁਲਮ ਦੇ ਟਾਕਰੇ ਲਈ ਹਥਿਆਰਬੰਦ ਕਰਨਾ ਅਰੰਭ ਹੀ ਦਿਤਾ ਸੀ। ਇਸੇ ਹੀ ਲੜੀ ਨੂੰ ਅਗੇ ਤੋਰਦਿਆਂ ਬਾਲ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦੇ ਟਾਕਰੇ ਲਈ ਸਿੱਖਾਂ ਦੇ ਹੱਥ ਤਲਵਾਰ ਫੜਾਈ। ਉਨ੍ਹਾਂ ਰਣਜੀਤ ਨਗਾਰੇ ਉਤੇ ਚੋਟ ਮਾਰੀ ਤਾਂ ਚਕ ਨਾਨਕੀ ਦਾ ਪਹਾੜੀ ਚੌਗਿਰਦਾ ਥਰਥਰਾ ਉਠਿਆ। ਗੁਲਾਮ ਅਤੇ ਕਾਇਰ ਦਿਲ ਮੁਗਲਾਂ ਦੀ ਝੋਲੀ ਜਾ ਪਏ। ਸਿਰਲਥ ਸੂਰਮੇ ਆਨ-ਅਣਖ ਦੀ ਰਾਖੀ ਲਈ ਚਕ ਨਾਨਕੀ ਵਿਚ ਜੁੜਨ ਲੱਗੇ। ਵੇਖਦਿਆਂ ਵੇਖਦਿਆਂ ਹੀ ਜਾਲਮ ਅਤੇ ਮਜ਼ਲੂਮ ਵਿਚਾਲੇ ਖਿਚੀ ਲਕੀਰ ਤਿਖੀ ਹੋ ਗਈ। ਦਿਲ ਛਡ ਚੁਕੇ ਪਹਾੜੀ ਰਾਜਿਆਂ ਨੂੰ ਹੌਸਲਾ ਫੜਨ ਅਤੇ ਸੰਗਠਿਤ ਹੋਣ ਦਾ ਹੋਕਾ ਚਕ ਨਾਨਕੀ ਨੇ ਦੇ ਦਿਤਾ। ਪਹਾੜੀ ਰਾਜੇ ਸਨ ਕਿ ਇਕ ਕਦਮ ਅਗੇ ਵਧਦੇ ਅਤੇ ਦੋ ਕਦਮ ਪਿਛੇ ਸਰਕ ਜਾਂਦੇ। ਉਹ ਮੁਗਲਾਂ ਤੋਂ ਡਰਦੇ ਹੀ ਸਨ, ਹੁਣ ਗੁਰੂ ਘਰ ਦੀ ਵਧਦੀ ਸ਼ਕਤੀ ਤੋਂ ਵੀ ਕੰਬਣ ਲਗੇ। ਕਦੇ ਉਹ ਗੁਰੂ ਸਾਹਿਬ ਅਗੇ ਹੱਥ ਬੰਨਦੇ ਅਤੇ ਕਦੇ ਮੁਗਲ ਸੂਬੇਦਾਰਾਂ ਕੋਲ।

ਗੁਰੂ ਸਾਹਿਬ ਪਹਾੜੀ ਰਾਜਿਆਂ ਦੀ ਮਜਬੂਰੀ ਸਮਝਦੇ ਸਨ। ਉਹ ਉਨ੍ਹਾਂ ਨਾਲ ਟਕਰਾਓ ਨਹੀਂ ਸਨ ਸਿਰਜਣਾ ਚਾਹੁੰਦੇ। ਇਸੇ ਲਈ ਜਦੋਂ 1685 ਵਿਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਵਲ ਪ੍ਰੇਮ ਭਰਿਆ ਹੱਥ ਵਧਾਇਆ ਤਾਂ ਆਪ ਉਸ ਦੇ ਸੱਦੇ ਉਤੇ ਪਰਿਵਾਰ ਸਮੇਤ ਉਸ ਦੀ ਰਿਆਸਤ ਪਾਉਂਟਾ ਸਾਹਿਬ ਪਹੁੰਚ ਗਏ ਪਰ ਟਕਰਾ ਸੀ ਕਿ ਫਿਰ ਵੀ ਹੋ ਕੇ ਰਿਹਾ। ਆਖਰ ਪਹਾੜੀ ਰਾਜੇ ਕਰਦੇ ਵੀ ਕੀ? ਉਨ੍ਹਾਂ ਕੋਲ ਇਸ ਗੱਲ ਦਾ ਕੀ ਜਵਾਬ ਸੀ ਕਿ ਉਨ੍ਹਾਂ ਕੋਲੋਂ ਖਰੀਦੀ ਜ਼ਮੀਨ 'ਤੇ ਬੈਠਾ ਗੁਰੂ ਮੁਗਲਾਂ ਨੂੰ ਚੁਣੌਤੀ ਦੇ ਰਿਹਾ ਸੀ। ਉਨ੍ਹਾਂ ਦੀ ਦੜ ਵਟ ਜਮਾਨਾ ਕਟ ਦੀ ਨੀਤੀ ਨੂੰ ਗੁਰੂ ਸਾਹਿਬ ਸਵੀਕਾਰ ਨਹੀਂ ਸਨ ਕਰ ਰਹੇ। ਉਨ੍ਹਾਂ ਨੂੰ ਲਗਦਾ ਸੀ ਕਿ ਮੁਗਲਾਂ ਨੇ ਗੁਰੂ ਸਾਹਿਬ ਨਾਲ ਜਦੋਂ ਵੀ ਦੋ ਹੱਥ ਕਰਨੇ ਹਨ, ਸੇਕ ਉਨ੍ਹਾਂ ਨੂੰ ਵੀ ਲੱਗਣਾ ਹੈ। ਕਹਿਲੂਰ (ਬਲਾਸਪੁਰ) ਦੇ ਰਾਜੇ ਭੀਮ ਚੰਦ ਨੇ ਹੀ ਗੁਰੂ ਸਾਹਿਬ ਨਾਲ ਪਹਿਲੀ ਟਕਰ ਲਈ। ਉਹੀ ਕਹਿਲੂਰ ਜਿਸ ਦੇ ਵਡਿਆਂ ਨੇ ਗੁਰੂ ਘਰ ਨੂੰ ਇਥੇ ਨਗਰ ਵਸਾਉਣ ਲਈ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਸੀ। ਭੰਗਾਣੀ ਦਾ ਯੁਧ ਹੋਇਆ। ਭੀਮ ਚੰਦ ਨੂੰ ਨਮੋਸ਼ੀ ਭਰੀ ਹਾਰ ਹੋਈ। ਗੁਰੂ ਸਾਹਿਬ ਸਮਝ ਗਏ ਕਿ ਭਵਿਖ ਵਿਚ ਵਾਰ ਵਾਰ ਟਕਰਾਅ ਹੋਣਗੇ, ਇਸ ਲਈ ਉਹ ਵਾਪਸ ਚਕ ਨਾਨਕੀ ਪਰਤ ਆਏ ਅਤੇ ਇਥੇ ਉਨ੍ਹਾਂ ਕਿਲਿਆਂ ਦੀ ਉਸਾਰੀ ਸ਼ੁਰੂ ਕਰਵਾ ਦਿਤੀ। ਨਗਰ ਨੂੰ ਜਾਂਦੇ ਹਰ ਮਹਤਵਪੂਰਨ ਥਾਂ ਉਤੇ ਉਨ੍ਹਾਂ ਕਿਲੇ ਉਸਾਰੇ। ਉਨ੍ਹਾਂ ਦੇ ਕੇਂਦਰ ਵਿਚ ਕੇਸਗੜ੍ਹ ਅਤੇ ਇਸ ਦੇ ਦੁਆਲੇ ਵਖ ਵਖ ਮਾਰਗਾਂ 'ਤੇ ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਫਤਿਹਗੜ੍ਹ, ਤਾਰਾਗੜ੍ਹ। ਅਨੰਦਗੜ੍ਹ ਦੇ ਨਾਂ ਉਤੇ ਹੀ ਚਕ ਨਾਨਕੀ ਨੂੰ ਅਨੰਦਪੁਰ ਦਾ ਨਵਾਂ ਨਾਂ ਦਿਤਾ ਗਿਆ।

ਜੰਗੀ ਤਿਆਰੀਆਂ ਦੇ ਬਾਵਜੂਦ ਗੁਰੂ ਸਾਹਿਬ ਨੇ ਭੀਮ ਚੰਦ, ਜੋ ਕਿ ਆਪਣੇ ਆਪ ਨੂੰ ਪਹਾੜੀ ਰਾਜਿਆਂ ਦਾ ਮੋਹਰੀ ਮੰਨਦਾ ਸੀ, ਨੂੰ ਜੰਮੂ ਦੇ ਗਵਰਨਰ ਵਲੋਂ ਭੇਜੇ ਗਏ ਮੁਗਲ ਜਰਨੈਲ ਤੋਂ ਬਚਾਇਆ। ਨਦੌਣ ਦੇ ਯੁਧ ਵਿਚ ਉਸ ਦੀ ਮਦਦ ਕੀਤੀ। ਭੀਮ ਚੰਦ ਜਿਤ ਕੇ ਵੀ ਮੁਗਲਾਂ ਦੀ ਹੀ ਝੋਲੀ ਪਿਆ ਰਿਹਾ। ਪਹਾੜੀ ਰਾਜਿਆਂ ਦੀ ਮਦਦ ਨਾਲ ਉਹ ਵਾਰ ਵਾਰ ਅਨੰਦਪੁਰ ਤੇ ਝਪਟਦਾ ਪਰ ਹਰ ਵਾਰ ਉਸ ਨੂੰ ਮੂੰਹ ਦੀ ਮਾਰ ਪੈਂਦੀ।

ਇੰਜ ਹੀ ਆ ਪਹੁੰਚੀ 30 ਮਾਰਚ 1699 ਦੀ ਇਤਿਹਾਸਕ ਵਿਸਾਖੀ ਜਦੋਂ ਭਰੇ ਦਰਬਾਰ ਵਿਚ ਨੰਗੀ ਤਲਵਾਰ ਲਿਸ਼ਕਾਉਂਦੇ ਹੋਏ ਦਸਮ ਗੁਰੂ ਨੇ ਸਿਰਾਂ ਦੀ ਮੰਗ ਕੀਤੀ ਅਤੇ ਮੁਰਦਾ ਦਿਲਾਂ ਵਿਚ ਨਵੀਂ ਰੂਹ ਫੂਕਦੇ ਹੋਏ ਖਾਲਸੇ ਦੀ ਸਿਰਜਣਾ ਕੀਤੀ। ਭਾਈ ਕੁਇਰ ਸਿੰਘ ਕਰਤਾ ਗੁਰਬਿਲਾਸ ਪਾਤਸ਼ਾਹੀ ਦਸ ਨੇ ਬੜੇ ਵਿਸਤਾਰ ਨਾਲ ਇਸ ਸਾਰੇ ਪ੍ਰਸੰਗ ਦਾ ਵਰਣਨ ਕੀਤਾ ਹੈ ਕਿ ਕਿਵੇਂ ਅਨੰਦਪੁਰ ਖਾਲਸੇ ਦੀ ਜਨਮ ਭੂਮੀ ਬਣਿਆ? ਸਭ ਪਾਸੇ ਖਲਬਲੀ ਮਚ ਗਈ ਪਹਾੜੀ ਰਾਜੇ ਥਰ ਥਰ ਕੰਬਣ ਲਗੇ ਕਿ ਮੁਗਲਾਂ ਦਾ ਗੁੱਸਾ ਉਨ੍ਹਾਂ 'ਤੇ ਹੀ ਉਤਰੇਗਾ। ਅਨੰਦਪੁਰ ਦੀਆਂ ਬਾਗੀ ਆਵਾਜ਼ਾਂ ਕੁਚਲਣ ਲਈ ਮੁਗਲਾਂ ਦਾ ਕਹਿਰ ਹੁਣ ਅਨੰਦਪੁਰ ਉਤੇ ਵਰ੍ਹਣਾ ਸੀ। ਉਨ੍ਹਾਂ ਸਰਹਿੰਦ ਦੇ ਫੌਜਦਾਰ ਦੀ ਕਮਾਨ ਹੇਠ ਅਨੰਦਪੁਰ ਆ ਘੇਰਿਆ। ਪਹਾੜੀ ਰਾਜੇ ਵੀ ਲਸ਼ਕਰ ਦੇ ਨਾਲ ਆ ਰਲੇ। ਛੇਤੀ ਹੀ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਉਹ ਗਲਤ ਕਦਮ ਚੁਕ ਬੈਠੇ ਹਨ। ਉਨ੍ਹਾਂ ਕਸਮਾਂ ਖਾ ਕੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਖਾਲੀ ਕਰਨ ਲਈ ਬੇਨਤੀ ਕੀਤੀ ਤਾਂ ਕਿ ਉਹ ਸ਼ਹਿਨਸ਼ਾਹ ਅਗੇ ਆਪਣੀ ਕੋਈ ਤਾਂ ਕਾਰਵਾਈ ਪਾ ਸਕਣ। ਉਨ੍ਹਾਂ ਵਾਅਦੇ ਕੀਤੇ ਕਿ ਗੁਰੂ ਸਾਹਿਬ ਅਨੰਦਪੁਰ ਖਾਲੀ ਕਰ ਦੇਣ। ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਏਗਾ।

ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀਆਂ ਯੁਧਨੀਤਕ ਚਾਲਾਂ ਤੋਂ ਵਾਕਫ ਸਨ। ਇਸ ਲਈ ਉਨ੍ਹਾਂ ਅਨੰਦਪੁਰ ਸਾਹਿਬ ਛਡ ਕੇ ਕੀਰਤਪੁਰ ਤੋਂ ਚਾਰ ਕਿਲੋਮੀਟਰ ਦੂਰ ਯੁਧਨੀਤਕ ਪਖੋਂ ਮਜ਼ਬੂਤ ਨਵਾਂ ਮੋਰਚਾ ਬਣਾ ਲਿਆ। ਇਥੇ ਦਖਣ ਵਲੋਂ ਮੁਗਲਾਂ ਅਤੇ ਉਤਰ ਵਲੋਂ ਪਹਾੜੀ ਰਾਜਿਆਂ ਨੇ ਹੱਲਾ ਬੋਲ ਦਿਤਾ। 7 ਤੋਂ 13 ਅਕਤੂਬਰ ਸੰਨ 1700 ਤਕ ਪੂਰੇ ਸਤ ਦਿਨ ਇਸ ਮੋਰਚੇ ਉਤੇ ਹੱਲੇ ਹੁੰਦੇ ਰਹੇ। ਆਖਰ 14 ਅਕਤੂਬਰ ਨੂੰ ਗੁਰੂ ਸਾਹਿਬ ਦੁਸ਼ਮਣ ਦੇ ਘੇਰੇ ਨੂੰ ਚੀਰ ਕੇ ਸਤਲੁਜ ਪਾਰ ਕਰਕੇ ਬਸੋਹਲੀ ਪਹੁੰਚ ਗਏ। ਇਥੇ ਹੀ ਉਹ ਲੜਾਈ ਹੋਈ ਜਿਸ ਨੂੰ ਇਤਿਹਾਸ ਨਿਰਮੋਹਗੜ੍ਹ ਦੀ ਲੜਾਈ ਕਰਕੇ ਯਾਦ ਕਰਦਾ ਹੈ। ਦੁਸ਼ਮਣ ਪਿਛੇ ਹਟਿਆ ਤੇ ਗੁਰੂ ਸਾਹਿਬ ਵਾਪਸ ਅਨੰਦਪੁਰ ਆ ਡਟੇ।

ਪਹਾੜੀ ਰਾਜਿਆਂ ਤੇ ਮੁਗਲ ਲਸ਼ਕਰ ਨੇ ਹੁਣ ਔਰੰਗਜ਼ੇਬ ਕੋਲ ਫਰਿਆਦ ਕੀਤੀ। ਉਸ ਨੇ ਸਰਹਿੰਦ ਅਤੇ ਲਾਹੌਰ ਦੇ ਹਾਕਮਾਂ ਨੂੰ ਇਸ ਲਸ਼ਕਰ ਦੀ ਮਦਦ ਕਰਨ ਦਾ ਹੁਕਮ ਦੇ ਦਿਤਾ। ਮਈ 1705 ਨੂੰ ਸਾਂਝੇ ਲਸ਼ਕਰ ਨੇ ਮੁੜ ਅਨੰਦਪੁਰ ਆ ਘੇਰਿਆ। ਮਹੀਨਿਆਂ ਤਕ ਘੇਰਾ ਪਿਆ ਰਿਹਾ। ਪੂਰੀ ਨਾਕਾਬੰਦੀ ਤੇ ਲੰਬੇ ਘੇਰੇ ਦੀ ਅਸਫਲਤਾ ਤੋਂ ਪ੍ਰੇਸ਼ਾਨ ਮੁੜ ਸੌਹਾਂ ਖਾ ਕੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛਡ ਜਾਣ ਦੀ ਬੇਨਤੀ ਕੀਤੀ ਗਈ। ਕਿਹਾ ਇਹੀ ਗਿਆ ਕਿ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਏਗਾ। ਸਭ ਕੁਝ ਜਾਣਦੇ ਹੋਏ ਵੀ ਸੰਗਤ ਦਾ ਹੁਕਮ ਮੰਨ ਕੇ ਆਖਰ 5 ਅਤੇ 6 ਦਸੰਬਰ ਦੀ ਵਿਚਕਾਰਲੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛਡ ਦਿਤਾ। ਜਾਂਦੇ ਹੋਏ ਉਨ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦੇ ਪਾਵਨ ਸਥਾਨ ਦੀ ਸੇਵਾ ਸੰਭਾਲ ਉਦਾਸੀ ਸਾਧੂ ਗੁਰਬਖਸ਼ ਨੂੰ ਸੌਂਪੀ। ਅਨੰਦਪੁਰ ਛਡਦੇ ਸਾਰ ਦੁਸ਼ਮਣ ਸਿੱਖ ਫੌਜ 'ਤੇ ਟੁਟ ਪਿਆ। ਖੂਨ ਖਰਾਬੇ ਤੇ ਭਾਰੀ ਨੁਕਸਾਨ ਦੇ ਨਾਲ ਹੀ ਗੁਰੂ ਸਾਹਿਬ ਦਾ ਪਰਿਵਾਰ ਵੀ ਵਿਛੜ ਗਿਆ। ਦੁਸ਼ਮਣ ਨੇ ਅਨੰਦਪੁਰ ਆ ਕੇ ਸਭ ਕੁਝ ਤਹਿਸ ਨਹਿਸ ਕਰ ਦਿਤਾ।

ਠੰਢ ਠੰਢੋਲਾ ਹੋਇਆ ਤਾਂ ਗੁਰੂ ਸਾਹਿਬ ਦੇ ਭਾਈਚਾਰੇ ਵਿਚੋਂ ਗੁਲਾਬ ਰਾਏ ਤੇ ਸ਼ਾਮ ਸਿੰਘ ਨਾਂ ਦੇ ਦੋ ਸੋਢੀ ਜੋ ਪਹਿਲਾਂ ਨਾਹਨ ਵਿਚ ਸਨ, ਅਨੰਦਪੁਰ ਆ ਗਏ। ਉਨ੍ਹਾਂ ਉਦਾਸੀ ਸਾਧੂ ਨੂੰ ਇਕ ਪਾਸੇ ਕਰ ਕੇ ਇਥੋਂ ਦੇ ਧਰਮ ਸਥਾਨਾਂ 'ਤੇ ਆਪਣਾ ਕਬਜ਼ਾ ਜਮਾ ਲਿਆ। ਬਿਲਾਸਪੁਰ ਦੇ ਰਾਜੇ ਨੂੰ ਅਨੰਦਪੁਰ ਸਾਹਿਬ ਦਾ ਮੂਲ ਤਾਰ ਦਿਤਾ। ਗੁਰਧਾਮ ਸੋਢੀ ਸਰਦਾਰਾਂ ਦੇ ਕਬਜ਼ੇ ਵਿਚ ਆ ਗਏ। ਸਿੱਖ ਮਿਸਲਾਂ ਤੇ ਸਿੱਖ ਰਾਜ ਦੇ ਸਮੇਂ ਮਿਸਲਦਾਰਾਂ ਤੇ ਰਾਜਿਆਂ ਨੇ ਗੁਰਧਾਮਾਂ ਦੇ ਨਾਂ ਜਗੀਰਾਂ ਲਾਈਆਂ ਜਿਨ੍ਹਾਂ ਦੇ ਆਸਰੇ ਸੋਢੀ ਸਰਦਾਰ ਗੁਰਧਾਮਾਂ ਦੀ ਸਾਂਭ ਸੰਭਾਲ ਕਰਦੇ ਰਹੇ। ਗੁਰਦੁਆਰਾ ਸੁਧਾਰ ਲਹਿਰ ਸਮੇਂ 15 ਮਾਰਚ 1923 ਨੂੰ ਅਨੰਦਪੁਰ ਦੇ ਇਤਿਹਾਸਕ ਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਏ।

ਨਗਰ ਦੇ ਕੇਂਦਰ ਵਿਚ ਖਾਲਸੇ ਦੀ ਜਨਮ ਭੂਮੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਸ਼ਮੇਸ਼ ਦੇ ਪਵਿਤਰ ਸ਼ਸਤਰ ਤੇ ਯਾਦ ਚਿੰਨ ਸੰਭਾਲੀ ਬੈਠੀ ਹੈ। ਨਾਲ ਹੀ ਕਿਲਾ ਅਨੰਦਗੜ੍ਹ ਅਤੇ ਇਸ ਦੀ ਇਤਿਹਾਸਕ ਬਾਉਲੀ ਹੈ ਜੋ ਕਿਲੇਬੰਦੀ ਸਮੇਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਦੀ ਸੀ। ਉਤਰ ਵਲ ਫਤਿਹਗੜ੍ਹ ਦਾ ਇਕ ਹੋਰ ਕਿਲਾ ਹੈ। ਰਤਾ ਵਿਥ ਤੇ ਲੋਹਗੜ੍ਹ ਦਾ ਕਿਲਾ ਹੈ ਜਿਥੇ ਸਿੱਖ ਸੈਨਾ ਲਈ ਸ਼ਸਤਰ ਬਣਿਆ ਕਰਦੇ ਸਨ। ਇਸੇ ਹੀ ਥਾਂ ਕਦੀ ਭਾਈ ਬਚਿਤਰ ਸਿੰਘ ਨੇ ਨਾਗਣੀ ਬਰਛੀ ਨਾਲ ਮਸਤ ਹਾਥੀ ਨੂੰ ਭਜਾਇਆ ਸੀ। ਨਗਰ ਦੇ ਉਤਰ ਪਛਮ ਵਲ ਹੋਲਗੜ੍ਹ ਸਾਹਿਬ ਹੈ ਜਿਥੇ ਗੁਰੂ ਸਾਹਿਬ ਨੇ ਸਿੰਘਾਂ ਨੂੰ ਰੰਗਾਂ ਦੀ ਥਾਂ ਸ਼ਸਤਰਾਂ ਨਾਲ ਖੇਲਣ ਦੀ ਜਾਚ ਦਸੀ ਸੀ ਅਤੇ ਹੋਲੇ ਮਹੱਲੇ ਦੀ ਰੀਤ ਤੋਰੀ ਸੀ। ਫਿਰ ਮਾਤਾ ਜੀਤੋ ਜੀ ਦੀ ਯਾਦਗਾਰ ਹੈ। ਮੰਜੀ ਸਾਹਿਬ ਹੈ ਜਿਥੇ ਸਾਹਿਬਜ਼ਾਦੇ ਸ਼ਸਤਰ ਅਭਿਆਸ ਕਰਿਆ ਕਰਦੇ ਸਨ। ਇਸ ਤੋਂ ਬਿਨਾ ਗੁਰੂ ਕੇ ਮਹਿਲ, ਥੜਾ ਸਾਹਿਬ, ਭੋਰਾ ਸਾਹਿਬ, ਦਮਦਮਾ ਸਾਹਿਬ, ਅਕਾਲ ਬੁੰਗਾ-ਚੱਪੇ ਚੱਪੇ 'ਤੇ ਗੁਰੂ ਚਰਨਾਂ ਦੀ ਛੋਹ ਸਿਦਕਵਾਨ ਸਿੱਖਾਂ ਨੇ ਸੰਭਾਲ ਲਈ ਹੈ। ਅਨੰਦਪੁਰ ਸਾਹਿਬ ਵਿਚ ਅੱਜ ਜੇ ਪੈਰ ਧਰੋ ਤਾਂ ਕਿੰਨੇ ਹੀ ਪੰਨੇ ਜ਼ਿਹਨ ਵਿਚ ਸਜੀਵ ਹੋ ਉਠਦੇ ਹਨ।

## ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਚੂੜ੍ਹਾ ਛੱਡ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਹਾੜੀਆਂ ਦੀ ਢਾਣੀ ਵਿਚ ਲਾੜਾ ਸਜਦਾ,
ਬੱਘ ਬੱਘ ਬੱਘ ਸ਼ੇਰ ਗੱਜਦਾ,
ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ,
ਸੈਣਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ,
ਚੰਗੀ ਜਿਹੀ ਸੱਦ ਲਾ ਦੇਂ, ਬੱਲੇ ਬੇਲੀਆ,
ਤੂੰਬਾ ਜ਼ਰਾ ਖੋਲ ਖਾਂ, ਜੁਆਨਾ ਤੇਲੀਆ,
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਤੂੰਬੇ ਨਾਲ ਭਾਂਤੋ ਭਾਂਤ ਬੋਲ ਬੋਲੀਆਂ,
ਹਾੜ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ,
ਛਿੰਝ ਦੀ ਤਿਆਰੀ ਹੋਈ, ਢੋਲ ਵੱਜਦੇ,
ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ,
ਲਿਸ਼ਕਦੇ ਨੇ ਪਿੰਡੇ ਗੁੰਨੇ ਹੋਏ ਤੇਲ ਦੇ,
ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ,
ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਵਾਰੀ ਹੁਣ ਆ ਗਈ ਜੇ ਪੀਣ ਖਾਣ ਦੀ,
ਰਿਉੜੀਆਂ ਜਲੇਬੀਆਂ ਦੇ ਆਹੂ ਲਾਹਣ ਦੀ,
ਹੱਟੀਆਂ ਦੇ ਵੱਲ ਆ ਪਏ ਨੇ ਟੁੱਟ ਕੇ,
ਹੁੰਝ ਲਈਆਂ ਥਾਲੀਆਂ ਜੁਆਨਾਂ ਜੁੱਟ ਕੇ,
ਖੁੱਲ੍ਹ ਗਈਆਂ ਬੋਤਲਾਂ ਗਲਾਸ ਫਿਰਿਆ,
ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ,
ਬੁਕਾਂ ਤੇ ਕਮੀਣਾਂ ਨੂੰ ਮਜ਼ਾ ਚਖਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

## ਸੁਣ ਖਾਲਸਾ

ਸੁਣ, ਸਿੱਖੀ ਦੇ ਬਾਗਬਾਂ ਤੈਨੂੰ,
ਦਾਸਤਾਂ ਤੇਰੀ ਸੁਣਾਵਾਂ।
ਕਿਤਰ੍ਹਾਂ ਗੁਰੂ ਨੂੰ ਸੀਸ ਭੇਟ ਤੂੰ,
ਮੰਨੀਆਂ ਸਨ ਰਜ਼ਾਵਾਂ।
ਖੰਡੇ-ਬਾਟੇ ਦੀ ਪਹੁਲ ਛਕ ਕੇ
ਪ੍ਰਗਟ ਜੱਗ 'ਤੇ ਹੋਇਆ
ਦਸਮ ਪਿਤਾ ਨੇ ਦਿਤੀ ਗੁੜ੍ਹਤੀ
ਕਰਕੇ ਤੇਗ ਦੀਆਂ ਛਾਂਵਾਂ।
ਜ਼ਬਰ, ਜ਼ੁਲਮ ਦੀ ਅਗਨੀ ਤੂੰ,
ਸ਼ਹੀਦੀਆਂ ਨਾਲ ਬੁਝਾਈ,
ਖੂਨ ਦੇ ਦੀਵੇ ਬਾਲ ਬਾਲ ਕੇ,
ਰੌਸ਼ਨ ਕੀਤੀਆਂ ਰਾਹਵਾਂ।
ਜੰਗਲ-ਜੂਹਾਂ-ਪਹਾੜ-ਉਜਾੜਾਂ,
ਤੂੰ ਆਪਣੇ ਘਰ ਬਣਾਏ,
ਗੁਰੂ ਦੇ ਦੱਸੇ ਰਾਹ 'ਤੇ ਚੱਲ ਕੇ,
ਲਈਆਂ ਮੌਤ ਸੰਗ ਲਾਵਾਂ।
ਸਿਰਾਂ ਦੇ ਮੁੱਲ ਪੁਆ ਕੇ ਤਾਂ ਵੀ
ਤੂੰ ਈਨ ਨਹੀਂ ਸੀ ਮੰਨੀ
ਨਾ ਹੀ ਮਸੂਮ ਸ਼ਹੀਦ ਕਰਾ ਕੇ
ਰੋਈਆਂ, ਡੋਲੀਆਂ ਮਾਂਵਾਂ।
ਇੰਞ ਸੰਗਲ ਤੋੜ ਗੁਲਾਮੀ ਦੇ,
ਉਚੀਆਂ ਪਰਵਾਜ਼ਾਂ ਭਰੀਆਂ,
ਦੱਬੇ, ਕੁਚਲੇ, ਗਰੀਬਾਂ ਦੀਆਂ
ਬਣਿਆ ਸੈਂ ਤੂੰ ਬਾਹਵਾਂ।
ਅਬਦਾਲੀ, ਗੌਰੀ, ਮੁਗਲਾਂ ਨੂੰ
ਤੂੰ ਘੇਰ ਘੇਰ ਹਰਾਇਆ,
ਅਜ ਕਿਉਂ ਲੰਡੀ, ਬੁੱਚੀ ਅੱਗੇ,
ਹੋਇਆ ਪਿਐਂ ਨਿਥਾਵਾਂ।
ਖੁਦਗਰਜੀਆਂ, ਬਿਪਰਵਾਦ ਨੇ,
ਗ੍ਰਹਿਣ ਹੈ ਤੈਨੂੰ ਲਾਇਆ
ਜਾਹੋ-ਜਲਾਲ ਤੇਰੇ ਦਾ ਸੂਰਜ,
ਲੈ ਰਿਹੈ ਠੰਡੀਆਂ ਸਾਹਵਾਂ।
ਘਰ ਤੇਰੇ ਨੂੰ ਅੱਗ ਲੱਗੀ ਹੈ,
ਤੇਰੇ ਈ ਘਰ ਦੇ ਦੀਵੇ ਤੋਂ,
ਗ਼ੈਰਾਂ ਨੂੰ ਉਲ੍ਹਮੇ ਦੇਣ ਨਾਲ ਤਾਂ,
ਟਲਣੀਆਂ ਨਹੀਂ ਕਜ਼ਾਵਾਂ।
ਬੰਬਾਂ, ਬੰਦੂਕਾਂ ਨਾਲ ਕਦੀ ਵੀ
ਕੌਮ ਨਹੀਂ ਕੋਈ ਮਰਦੀ,
ਬੋਲੀ, ਵਿਰਸਾ ਮਰ ਜਾਵੇ ਤਾਂ,
ਮਿਟ ਜਾਂਦਾ ਏ ਪਰਛਾਂਵਾਂ।
ਤੇਰੇ ਬੂਹੇ ਬਹਿ ਬਹਿ ਕੇ ਚੰਨ,
ਮੁੜ ਮੁੜ ਗਈਆਂ ਬਹਾਰਾਂ,
ਤੇਰੀ ਗ਼ਾਫ਼ਲਾ ਨੀਂਦ ਨਾ ਟੁੱਟੀ
ਸਿਰੋਂ ਢਲਿਆ ਪਰਛਾਂਵਾਂ।

*-ਚੰਨ, ਫੋਨ:908-788-8427*



ਪ੍ਰੋਫੈਸਰ ਪੂਰਨ ਸਿੰਘ
(17 ਫਰਵਰੀ, 1881-31 ਮਾਰਚ, 1931)

# ਪ੍ਰੋਫੈਸਰ ਪੂਰਨ ਸਿੰਘ ਨੂੰ ਯਾਦ ਕਰਦਿਆਂ

*ਪ੍ਰੋਫੈਸਰ ਪੂਰਨ ਸਿੰਘ ਦਾ ਪੰਜਾਬੀ ਸਾਹਿਤ ਗਗਨ ਵਿਚ ਮੁਕਾਮ ਬਹੁਤ ਉਚਾ ਅਤੇ ਸੁੱਚਾ ਹੈ। ਉਨ੍ਹਾਂ ਦਾ ਜਨਮ ਐਬਟਾਬਾਦ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਸਲਹੱਡ ਵਿਚ ਹੋਇਆ। ਸੰਨ 1900 ਵਿਚ ਭਗਤ ਗੋਕਲ ਚੰਦ ਦੀ ਪ੍ਰੇਰਨਾ ਸਦਕਾ ਉਹ ਉਚੇਰੀ ਵਿੱਦਿਆ ਲਈ ਜਾਪਾਨ ਚਲੇ ਗਏ। ਉਥੇ ਉਨ੍ਹਾਂ ਅਪਲਾਈਡ ਕੈਮਿਸਟਰੀ ਦਾ ਅਧਿਐਨ ਕੀਤਾ ਅਤੇ ਸਵਾਮੀ ਰਾਮ ਤੀਰਥ ਦੇ ਪ੍ਰਭਾਵ ਹੇਠ ਆ ਕੇ ਸੰਨਿਆਸ ਧਾਰਨ ਕਰ ਲਿਆ। 1903 ਵਿਚ ਉਹ ਦੇਸ਼ ਪਰਤ ਆਏ। ਉਹ ਕੁਝ ਚਿਰ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਚਿਊਟ ਦੇ ਪ੍ਰਿੰਸੀਪਲ ਵੀ ਰਹੇ। 1907 ਵਿਚ ਉਹ ਫਾਰੈਸਟ ਰੀਸਰਚ ਇੰਸਟੀਚਿਊਟ ਦੇਹਰਾਦੂਨ ਵਿਚ ਪ੍ਰੋਫੈਸਰ ਜਾ ਲੱਗੇ। 1912 ਵਿਚ ਉਹ ਸਿਆਲਕੋਟ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਵਿਚ ਸ਼ਾਮਿਲ ਹੋਏ। ਇਥੇ ਉਹ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੇ ਪ੍ਰਭਾਵ ਸਦਕਾ ਮੁੜ ਸਿੱਖ ਸਜ ਗਏ। ਗ਼ਦਰ ਪਾਰਟੀ ਦੇ ਆਗੂ ਲਾਲਾ ਹਰਦਿਆਲ ਉਨ੍ਹਾਂ ਦੇ ਨਿੱਘੇ ਮਿੱਤਰਾਂ ਵਿਚੋਂ ਸਨ।*

*1918 ਤੋਂ 1926 ਤੱਕ ਪ੍ਰੋ: ਪੂਰਨ ਸਿੰਘ ਨੇ ਕ੍ਰਮਵਾਰ ਪਟਿਆਲੇ, ਗਵਾਲੀਅਰ ਅਤੇ ਕਸ਼ਮੀਰ ਦੇ ਮਹਾਰਾਜਿਆਂ ਅਧੀਨ ਨੌਕਰੀ ਕੀਤੀ। ਕੁਝ ਚਿਰ ਉਹ ਸਰ ਸੁੰਦਰ ਸਿੰਘ ਮਜੀਠੀਆ ਦੀ ਸ਼ੂਗਰ ਫੈਕਟਰੀ ਸਰਹੱਈਆ (ਉਤਰ ਪ੍ਰਦੇਸ਼) ਵਿਚ ਵੀ ਕੰਮ ਕਰਦੇ ਰਹੇ। ਸੰਨ 1926 ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਚੱਕ ਨੰਬਰ 73/19 ਜ਼ਿਲ੍ਹਾ ਸ਼ੇਖੂਪੁਰਾ ਵਿਖੇ 15 ਮੁਰੱਬੇ ਜ਼ਮੀਨ ਰੋਸ਼ਾ ਘਾਹ ਉਗਾਉਣ ਲਈ ਅਲਾਟ ਕੀਤੀ। ਇਥੇ ਉਨ੍ਹਾਂ ਵਿਗਿਆਨਕ ਢੰਗਾਂ ਨਾਲ ਖੇਤੀ ਕਰਨੀ ਸ਼ੁਰੂ ਕੀਤੀ। ਸਾਲ 1929 ਵਿਚ ਉਹ ਤਪਦਿਕ ਰੋਗ ਦਾ ਸ਼ਿਕਾਰ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਦੇਹਰਾਦੂਨ ਲਿਜਾਇਆ ਗਿਆ ਜਿਥੇ ਉਹ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ।*

*ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਕਵਿਤਾ ਦੀ ਝੋਲੀ ਵਿਚ ਤਿੰਨ ਕਾਵਿ ਸੰਗ੍ਰਹਿ 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ' ਅਤੇ 'ਖੁੱਲ੍ਹੇ ਰੰਗ ਅਸਮਾਨੀ' ਪਾਏ। 'ਖੁੱਲ੍ਹੇ ਮੈਦਾਨ' ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸ਼ੈਦਾਈ ਪੂਰਨ ਸਿੰਘ ਦਾ ਇਥੋਂ ਦੇ ਦਰਿਆਵਾਂ, ਕਿਸਾਨਾਂ, ਹੀਰਾਂ-ਰਾਂਝਿਆਂ ਅਤੇ ਅਹੀਰਨਾਂ ਨਾਲ ਪਿਆਰ ਡੁੱਲ-ਡੁੱਲ ਪੈਂਦਾ ਹੈ। 'ਖੁੱਲ੍ਹੇ ਘੁੰਡ' ਦੀਆਂ ਕਵਿਤਾਵਾਂ ਸਿੱਖੀ ਸਿਧਾਂਤਾਂ ਨੂੰ ਉਘਾੜਦੀਆਂ ਹਨ। 'ਖੁੱਲ੍ਹੇ ਰੰਗ ਅਸਮਾਨੀ' ਦੀਆਂ ਕਵਿਤਾਵਾਂ ਬਾਰ ਦੇ ਇਲਾਕੇ ਦੇ ਲੋਕਾਂ, ਪੰਛੀਆਂ ਅਤੇ ਦ੍ਰਿਸ਼ਾਂ ਨਾਲ ਸਬੰਧਤ ਹਨ। 'ਖੁੱਲ੍ਹੇ ਲੇਖ' ਉਨ੍ਹਾਂ ਦੀ ਉਤਮ ਪੰਜਾਬੀ ਗ਼ਦ ਰਚਨਾ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪ੍ਰੋ. ਪੂਰਨ ਸਿੰਘ ਦੀ ਕਲਮ ਤੋਂ ਮਜ਼ਬ ਬਾਰੇ ਲਿਖਿਆ ਲੇਖ ਸੰਖੇਪ ਰੂਪ ਵਿਚ ਪੇਸ਼ ਹੈ। -ਸੰਪਾਦਕ*

ਮਜ਼੍ਹਬ ਸਭ ਥੀਂ ਉਚਾ, ਸੁੱਚਾ, ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ। ਇਸ ਅੰਦਰੂਨੀ ਉਚੀ ਸੁਰਤ ਤੇ ਖੇਤ ਨੂੰ ਰਸਮਾਂ-ਰਿਵਾਜ਼ਾਂ, ਕਾਨੂੰਨਾਂ, ਪਾਪ-ਪੁੰਨਾਂ ਦੀਆਂ ਬਹਿਸਾਂ, ਜਗਤ ਦੀ ਉਤਪਤੀ ਤੇ ਲੈ ਹੋਣ ਦੀ ਫਿਲਾਸਫੀ ਦੇ ਝਗੜਿਆਂ ਵਿਚ ਸੁੱਟ ਕੇ ਕਦੇ ਕੁਛ ਕਹਿਣਾ, ਕਦੇ ਕੁਛ ਕਹਿਣਾ ਤੇ ਮਨਘੜਤ ਗੱਲਾਂ ਦੀਆਂ ਉਲਝਣਾਂ ਵਿਚ ਇਹ ਭੁੱਲ ਜਾਣਾ ਕਿ ਮਜ਼੍ਹਬ ਇਕ ਧਿਆਨ ਪਿਆਰ ਹੈ, ਸਾਡੇ ਆਪਣੇ ਨੀਵੇਂ ਵਲਵਲਿਆਂ ਤੇ ਜਜ਼ਬਿਆਂ ਦਾ ਨਤੀਜਾ ਹੈ। ਹਰ ਕੋਈ ਕਿਸੇ ਨਾ ਕਿਸੇ ਪਿਆਰ ਵਿਚ ਰਹਿੰਦਾ, ਜੀਂਦਾ ਤੇ ਸੁਆਸ ਲੈਂਦਾ ਹੈ। ਆਪੋ-ਆਪਣੀ ਸਥਿਤੀ ਮੁਤਾਬਕ ਹਰ ਇਕ ਬੰਦੇ ਦਾ ਆਪਣਾ ਅੰਦਰ ਦਾ ਮਜ਼੍ਹਬ, ਅਰਥਾਤ ਪਿਆਰ ਦੀ ਟੇਕ, ਬਣਦਾ ਹੈ। ਇਹ ਟੇਕ ਆਪ-ਮੁਹਾਰੀ ਬਣਦੀ ਹੈ। ਇਹ ਜਿਹੜੀ ਗੱਲ ਹੈ ਨਾ ਕਿ ਫਲਾਣਾ ਹਿੰਦੂ, ਈਸਾਈ, ਮੁਸਲਮਾਨ, ਸਿੱਖ, ਬੋਧ ਯਾ ਜੈਨ ਹੈ, ਇਕ ਕਥਨੀ ਮਾਤ੍ਰ ਗੱਲ ਹੈ। ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਮਜ਼੍ਹਬ ਦੀ ਕੈੜ ਹੀ ਨਾ ਹੋਵੇ। ਸਾਰੀ ਉਮਰ ਕਈ ਨਾਂ ਧਰ ਧਰ ਇਕ ਕਿਸਮ ਦੀ ਮਿੱਟੀ ਲਿਬੜੀ ਜਹਾਲਤ ਦੀ ਬੇਹੋਸ਼ੀ ਜਿਹੀ ਵਿਚ ਲੰਘ ਜਾਵੇ। ਮਜ਼੍ਹਬ ਤਾਂ ਅੰਦਰ ਗੂੰਜਦਾ ਕੋਈ ਪ੍ਰਕਾਸ਼ ਵਰਗਾ ਇਸ਼ਕ ਹੈ, ਉਹ ਛੁਪਿਆ ਨਹੀਂ ਰਹਿੰਦਾ।

ਗੁਰੂ ਨਾਨਕ ਸਾਹਿਬ ਇਸ ਹਿੰਦੁਸਤਾਨ ਮੁਲਕ ਵਿਚ ਸਾਰੀ ਉਮਰ ਫਿਰਦੇ ਰਹੇ ਤੇ ਬੜੇ-ਬੜੇ ਮੰਦਰਾਂ ਵਿਚ ਗਏ, ਬੜੀਆਂ-ਬੜੀਆਂ ਮਸੀਤਾਂ ਵਿਚ ਫਿਰੇ, ਪਰ ਸਭ ਪਾਸੇ ਜਹਾਲਤ ਦੀ ਬੇਹੋਸ਼ੀ ਤੱਕੀ। ਮਜ਼੍ਹਬ ਇੰਨਾ ਉਚਾ ਤੇ ਦਿਲ ਵਿਚ ਲੁਕਾਇਆ ਕੋਈ ਬਹੁਮੁੱਲਾ ਦਿਵਯ ਭਾਵ ਹੈ ਜਿਹੜਾ ਗੁਰੂ ਨਾਨਕ ਸਾਹਿਬ ਨੂੰ ਕਿਧਰੇ ਨਾ ਦਿਸਿਆ। ਕਾਸ਼ੀ ਵਿਚ ਬੜੇ-ਬੜੇ ਪੜ੍ਹੇ-ਲਿਖੇ ਪੰਡਿਤ ਥਾਲ ਵਿਚ ਦੀਵੇ ਬਾਲ ਇਕ ਪੱਥਰ ਦੇ ਕਰੂਪ ਬੁੱਤ ਅੱਗੇ ਆਰਤੀ ਕਰਦੇ ਆਪ ਨੇ ਦੇਖੇ, ਆਪ ਨੂੰ ਸਭ ਕੁਝ ਕੂੜ ਦਿਸਿਆ, ਆਪ ਨੇ 'ਗਗਨ ਮੈ ਥਾਲੁ' ਆਪਣੀ ਕਾਸਮਿਕ, ਅਨੇਕ ਅਕਾਸ਼ੀ, ਆਰਤੀ ਉਚਾਰਣ ਕੀਤੀ। ਆਪ ਨੇ ਮਸਜਿਦ ਵਿਚ ਕਾਜ਼ੀਆਂ ਨੂੰ ਈਮਾਨ ਦੇ ਕੇਂਦਰ ਥੀਂ ਪਰ੍ਹੇ ਗਏ ਹੋਏ ਦੇਖਿਆ ਤੇ ਉਨ੍ਹਾਂ ਦੀ ਨਿਸ਼ਾ ਕੀਤੀ ਕਿ ਉਹ ਨਿਮਾਜ਼ ਤੇ ਇਸਲਾਮ ਨਾਲ ਮਖ਼ੌਲ ਜਿਹਾ ਕਰ ਰਹੇ ਹਨ। ਆਪ ਨੇ ਮਾਸ ਨਾ ਖਾਣ ਵਾਲੇ, ਸੁਚਮਣ ਕਰਨ ਵਾਲੇ ਵੈਸ਼ਨਵਾਂ ਨੂੰ ਉਨ੍ਹਾਂ ਦਾ ਵਹਿਮ ਦੱਸਿਆ ਕਿ ਇਹ ਮਜ਼੍ਹਬ ਨਹੀਂ ਹੋ ਸਕਦਾ। ਮਾਸ ਥੀਂ ਜੰਮੇ, ਮਾਸ ਨਾਲ ਪਲੇ, ਮਾਸ ਦੇ ਬਣੇ, ਅਸੀਂ ਮਾਸ ਥੀਂ ਕਿਧਰ ਨੱਸ ਸਕਦੇ ਹਾਂ?

ਜ਼ਨਾਨੀ ਨੂੰ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਕੱਚਾ ਮਾਸ ਘਰ ਲਿਆਏ, ਅਸੀਂ ਕਦ ਤਕ ਤੇ ਕਿੱਥੇ ਤਕ ਤੇ ਕਿੰਜ ਓਸ ਫਿਲਾਸਫੀ ਦੀ ਪਥਰੀਲੀ ਮਣੀ ਮਾਣਕ ਦੀ ਨਿਰਜਿੰਦ ਸੁਚਮਣ ਉਪਰ ਟਿਕ ਸਕਦੇ ਹਾਂ? ਆਪ ਦੇ ਦਿਮਾਗ਼ ਨੂੰ ਹਿੰਦੁਸਤਾਨ ਦੇ ਮਜ਼੍ਹਬਾਂ 'ਤੇ ਸਖ਼ਤ ਘ੍ਰਿਣਾ ਆਈ। ਮਜ਼੍ਹਬ ਓਹ ਨਹੀਂ ਜਿਸ ਨਾਲ ਅਸੀਂ ਧੋਖਾ ਕਮਾ ਸਕੀਏ ਯਾ ਆਪਣੇ ਆਪ ਨੂੰ ਧੋਖਾ ਦੇ ਸਕੀਏ, ਮਜ਼੍ਹਬ ਤਾਂ ਓਨਾ ਹੀ ਸਾਨੂੰ ਲੱਭਦਾ ਹੈ ਜਿੰਨਾ ਸਾਡਾ ਆਪਣਾ ਵਿਤ ਹੋਵੇ। ਕਾਮੀ ਦਾ ਮਜ਼੍ਹਬ ਕਾਮਨੀ, ਨਾਮੇ ਦਾ ਮਜ਼੍ਹਬ ਪ੍ਰੀਤ ਮੁਰਾਰੀ। ਉਮਰ ਖ਼ੱਯਾਮ ਨੇ ਆਪਣੀ ਇਕ ਰੁਬਾਈ ਵਿਚ ਦੱਸਿਆ ਹੈ ਕਿ ਇਕ ਲੰਮੀ ਦਾੜ੍ਹੀ ਵਾਲਾ, ਸਾਵੇ ਰੰਗ ਦਾ ਹਜ਼ਰਤੀ ਲੰਮਾ ਚੋਲਾ ਪਾਇਆ, ਤਸਬੀ ਹੱਥ ਵਿਚ, ਮੌਲਵੀ ਇਕ ਪਹਲਵੀ ਗਾਉਣ ਵਾਲੀ ਨੂੰ ਰਾਹ ਵਿਚ ਮਿਲਿਆ:

ਮੌਲਵੀ: ਤੂੰ ਕੌਣ ਹੈਂ?

ਗਾਉਣ ਵਾਲੀ: ਮੈਂ ਤਾਂ ਜੋ ਹਾਂ, ਦੀਹਦੀ ਹਾਂ। ਤੂੰ ਜੋ ਹੈਂ, ਓਹੋ ਹੀ ਹੈਂ?

ਅ-ਕਪਟਤਾ, ਮਜ਼੍ਹਬ ਜਦ ਲੱਭ ਪਵੇ, ਤਦ ਸਹਿਜ ਸੁਭਾਅ ਪ੍ਰਾਪਤ ਹੁੰਦੀ ਹੈ। ਜਿਵੇਂ ਇਕ ਯਾਤਰੂ ਆਪਣੇ ਰਾਹ ਤੁਰੀ ਜਾਂਦਾ ਹੈ, ਤਿਵੇਂ ਹੀ ਮਜ਼੍ਹਬ ਜਦ ਮਿਲਦਾ ਹੈ, ਸਾਨੂੰ ਰਾਹ ਪਾ ਟੋਰੀ ਜਾਂਦਾ ਹੈ, ਅਸੀਂ ਅੱਗੇ ਹੀ ਪੈਰ ਰੱਖਣ 'ਤੇ ਮਜਬੂਰ ਹੋ ਜਾਂਦੇ ਹਾਂ। ਇਕ ਵੇਰੀ ਇਕ ਇਸ਼ਕ ਪੇਚੇ ਦੀ ਵੇਲ ਉਗ ਪਈ ਤੇ ਲੱਗੀ ਅਰਦਾਸ ਕਰਨ, "ਹਾਏ ਰੱਬਾ! ਮੈਂ ਨਾ ਉਗਾਂ, ਮੈਂ ਨਾ ਉਗਾਂ।" ਇਹ ਭਾਵੇਂ ਆਖਦੀ ਰਹੀ, ਮੈਂ ਨਾ ਉਗਾਂ, ਪਰ ਦਿਨ-ਬ-ਦਿਨ ਉਹ ਵਧਦੀ ਰਹੀ। ਮਜ਼੍ਹਬ ਤਾਂ ਕੁਝ ਐਸੀ ਚਾਲ ਹੈ, ਜੋ ਅਸੀਂ ਚਾਹੀਏ ਵੀ ਕਿ ਨਾ ਚਲੀਏ, ਉਹ ਚਾਲ ਰੁਕ ਨਹੀਂ ਸਕਦੀ, ਸਾਡੀ ਤਰੱਕੀ ਬੰਦ ਨਹੀਂ ਹੋ ਸਕਦੀ।

ਸਿਮਰਣ ਅਥਵਾ ਯਾਦ ਇਲਾਹੀ ਜੀਵਨ ਰੂਹਾਨੀ ਹੈ। ਜਦ ਪਿਆਰਾ ਸਾਹਮਣੇ, ਤਦ ਪਿਆਰ ਦੇ ਦਰਸ਼ਨ ਦਾ ਨਸ਼ਾ ਰੋਮ-ਰੋਮ ਵਿਚ ਵੱਸਦਾ ਹੈ, ਹੱਡੀ-ਹੱਡੀ ਵਿਚ ਕੂਕ ਹੁੰਦੀ ਹੈ। ਸਰੀਰਾਂ ਥੀਂ ਉਠ ਰੂਹਾਂ ਦੇ ਮੇਲੇ ਹਨ ਤੇ ਸਰੀਰਾਂ ਦੇ ਵੀ ਮੇਲੇ ਹਨ। ਰੂਹ ਮਿਲੇ ਪਾਛੇ ਸਰੀਰਾਂ ਦੀ ਛੋਹ ਵੀ ਗਾੜ੍ਹਾ ਏਕਤਾ ਦਾ ਮੇਲਾ ਹੈ। ਤੇ ਜੇ ਰੂਹ ਹੀ ਨਾ ਮਿਲੇ, ਤਦ ਸਰੀਰਾਂ ਦੇ ਮੇਲੇ ਕੋਈ ਮੇਲਾ ਨਹੀਂ।

ਸੁਰਤਿ ਨੂੰ ਅੰਦਰੋਂ ਹੀ ਕੜਾਕਾ ਵੱਜਿਆ, ਕੁਝ ਹੋਇਆ, ਹਾਲਤ ਉਹੋ ਹੀ ਹੋ ਗਈ ਜਿਹੜੀ ਪਿਆਰੇ ਦੀ ਹਜ਼ੂਰੀ ਵਿਚ ਹੁੰਦੀ ਸੀ, ਜਿਹੜੇ ਪ੍ਰਤੱਖ ਮਿਲਿਆਂ ਦੇ ਰਸ ਸਨ। ਉਹੋ ਪ੍ਰਭਾਵ, ਉਹੋ ਦਿਵਯ ਠੰਢ, ਉਹ ਰੂਹਾਨੀ ਚਾਨਣ, ਸਰੀਰ ਤਾਂ ਕਦੇ ਨਹੀਂ ਅੱਗੇ ਵੀ ਮਿਲੇ ਸਨ, ਸੋ ਅੱਜ ਵੀ ਸਰੀਰ ਤਾਂ ਉਥੇ ਤਾਂ ਉਥੇ ਹੀ ਪਿਆ ਰਿਹਾ। ਇਹ ਕੌਣ ਆ ਗਿਆ ਕਿ ਸੁਰਤਿ ਨੇ ਕੜਾਕਾ ਖਾਧਾ। ਉਹੋ ਰਸ ਹੋ ਗਿਆ, ਬਸ ਯਾਦ ਵਿਚ ਕੁਝ ਗੁੰਮਿਆ ਨਹੀਂ, ਪਿਆਰਾ ਯਾਦ ਵਿਚ ਨਾਮ ਹੋ ਗਿਆ, ਤੇ ਨਾਮ ਕਿਹੜਾ? ਉਹ ਜਿਹੜਾ ਰੱਬ ਰੂਪ ਆਦਮੀ ਬਣ ਆਇਆ, ਜਿਹੜਾ ਇਕ ਵਾਰੀ ਮਿਲਿਆ ਤੇ ਫਿਰ ਕਦੇ ਨਾ ਵਿਛੜਿਆ। ਜਿਸ ਕਦੇ ਨਾ ਛੱਡਿਆ ਮੇਰੇ ਰੂਹ ਦਾ ਰੂਹ ਸੁਆਸ ਦਾ ਸੁਆਸ, ਮੇਰੀ ਜਿੰਦ ਦੀ ਜਿੰਦ, ਮੇਰੇ ਕੂੜ ਦਾ ਸੱਚ, ਮੇਰੇ ਸੱਚ ਦਾ ਸੱਚ, ਅ-ਕਪਟਤਾ, ਸਿਦਕ, ਧਿਆਨ, ਸਿਮਰਣ ਤੇ ਨਾਮ। ਇਹ ਹਨ ਸਭ ਥੀਂ ਉਚੇ ਤੇ ਤੀਬਰ ਪਿਆਰ ਦੇ ਵਿਕਾਸ ਤੇ ਪ੍ਰਕਾਸ਼, ਜਿਨ੍ਹਾਂ ਨੂੰ ਮਜ਼੍ਹਬ ਕਹਿਣਾ ਲੋੜੀਏ।

ਮਜ਼੍ਹਬ ਪਿਆਰ ਵਾਂਗ, ਭਾਵ ਵਾਂਗ, ਸਰੀਰਕ ਦੁੱਖ-ਸੁਖ, ਸੁਭਾਅ ਵਾਂਗ, ਜੀਵਨ-ਹਿਲ ਵਾਂਗ, ਜੀਵਨ ਭੁੱਖ ਵਾਂਗ; ਸਭ ਨਾਲ ਕਿਸੇ ਨਾ ਕਿਸੇ ਰੂਪ ਅੰਤਰ, ਅੰਸ਼ ਮਾਤਰ, ਇਕ ਕਸਰ ਇਸ਼ਾਰਿਆਂ ਵਾਂਗ ਸਭ ਪਾਸ ਹੁੰਦਾ ਹੈ ਤੇ ਉਸੇ ਦੇ ਆਸਰੇ ਜੀਵਨ ਲੰਘਦਾ ਹੈ। ਬਿਨਾਂ ਸਿਮਰਨ, ਨਾਮ, ਧਿਆਨ ਦੇ ਕੋਈ ਪ੍ਰਾਣੀ ਜੀ ਹੀ ਨਹੀਂ ਸਕਦਾ, ਪਰ ਹਰ ਇਕ ਦੇ ਹਿੱਸੇ ਓਨਾ ਹੀ ਆਇਆ ਹੋਇਆ ਹੈ, ਜਿੰਨੀ ਜੀਵਨ ਦੀ ਅੱਗ ਉਸ ਵਿਚ ਪ੍ਰਦੀਪਤ ਹੈ।

ਕੂੰਜਾਂ ਜਿਹੜੀਆਂ ਰੂਸ ਦੇ ਠੰਢੇ ਸਾਇਬੇਰੀਆ ਥੀਂ ਉਡ ਕੇ ਪੰਜਾਬ ਵਿਚ ਆਉਂਦੀਆਂ ਹਨ, ਸ਼ਾਇਦ ਚੋਗਾ ਹੀ ਚੁਗਣ, ਇਨ੍ਹਾਂ ਸੋਹਣੇ ਉਡਾਰੂ ਮਹਿਮਾਨਾਂ ਲਈ ਉਪਰਲਾ ਵਚਨ ਹੋਇਆ। ਇਹ ਸਿਮਰਣ ਹੈਵਾਨਾਂ, ਪੰਛੀਆਂ ਮਨੁੱਖਾਂ ਵਿਚ ਸਭ 'ਚ ਪਾਇਆ ਜਾਂਦਾ ਹੈ। ਇਹ ਮਜ਼੍ਹਬ ਦਾ ਕੰਮ ਹੈ। ਸੁਬਕਤਗੀਨ ਨੂੰ ਜਦ ਹਿਰਨੀ ਘੋੜੇ ਮਗਰ ਆਉਂਦੀ ਉਪਰ ਤਰਸ ਆਇਆ ਤੇ ਉਹਦਾ ਬੱਚਾ ਛੱਡ ਦਿੱਤਾ, ਹੋਰ ਉਚੇ ਕਿਸੇ ਪਿਆਰੇ ਦੇ ਸਿਮਰਣ ਦੀ ਘੜੀ ਉਸ ਉਪਰ ਆਈ, ਉਹਦੀ ਉਹੋ ਨਿਮਾਜ਼ ਦੀ ਘੜੀ ਸੀ। ਦਿਨ ਵਿਚ ਪੰਜ ਵੇਰੀ! ਨਹੀਂ ਜੇ ਜੀਵਨ ਵਿਚ ਇਕ ਵਾਰੀ ਵੀ ਨਿਮਾਜ਼ ਇਹੋ ਜਿਹੀ ਪੜ੍ਹੀ ਜਾਵੇ ਤੇ ਮਾਸ ਦੀਆਂ ਕੈਦਾਂ ਵਿਚ ਪਏ ਬੰਦੇ ਸ਼ੇਰਨੀ ਦੀ ਪਿਆਰ ਦੀ ਘੜੀ ਵਾਂਗ ਕਿਸੇ ਖੁੱਲ੍ਹ ਜਾਣ ਵਾਲੀ ਖਿੜਕੀ ਥੀਣ ਅਜ਼ਲ ਦੇ ਪਿਆਰ ਦਾ ਝਾਕਾ ਜੇ ਕਦੇ ਆਵੇ, ਤਦ ਸਿਮਰਣ ਦਾ ਸਵਾਦ ਬੱਝਦਾ ਹੈ।

ਰਾਮ ਕ੍ਰਿਸ਼ਨ ਪਰਮਹੰਸ ਨੇ ਕਿਧਰੇ ਲਿਖਿਆ ਹੈ, ਜੇ ਹਰੀ ਦਾ ਨਾਮ ਲੈ ਇਕ ਵੇਰੀ ਵੀ ਜੀਵਨ ਵਿਚ ਰੂਹ ਦੇ ਰੋਮਾਂ ਦੇ ਦਰ ਖੁੱਲ੍ਹ ਜਾਣ, ਤਾਂ ਅਹੋ ਭਾਗ! ਜਿਹੜਾ ਟੱਬਰ-ਟੋਰ ਵਾਲਾ ਬੰਦਾ ਆਪਣੇ ਟੱਬਰ ਦੀ ਪਾਲਣਾ ਕਰ ਰਿਹਾ ਹੈ, ਆਪਾ ਸਹਿਜ ਸੁਭਾਅ ਇਕ ਨਿੱਕੀ ਜਿਹੀ ਖਿੱਚ ਵਿਚ ਵਾਰ ਰਿਹਾ ਹੈ, ਭਾਵੇਂ ਸ਼ੇਰਨੀ ਦੇ ਸਹਿਜ ਸੁਭਾਅ ਮਾਰ ਕੇ ਅਹਾਰ ਕਰਨ ਵਾਂਗ ਉਹਦਾ ਜੀਵਨ ਕਿੰਨਾ ਹੀ ਕੈਦ ਹੈ, ਤਦ ਵੀ ਉਹਦਾ ਆਪਣੇ ਬਾਲ-ਬੱਚੇ ਦਾ ਨਿੱਕਾ-ਨਿੱਕਾ ਸਿਮਰਣ ਯਾਦ ਭੁੱਲ ਵਿਚ ਵੀ ਜਾਰੀ ਹੈ, ਲਗਾਤਾਰ ਹੈ, ਇਹੋ ਹੀ ਉਸ ਦਾ ਮਜ਼੍ਹਬ ਹੈ ਤੇ ਜਿਹੜਾ ਉਹ ਧੱਕੇ-ਧੱਕੀ ਗਿਰਜੇ ਜਾਂ ਮਸਜਿਦ ਜਾਂ ਠਾਕਰਦੁਆਰੇ ਜਾਂਦਾ ਹੈ, ਉਹ ਇਕ ਆਪਣੇ ਆਪ ਨਾਲ ਧੋਖਾ ਹੈ।

ਨੈਣਾਂ ਵਿਚ ਵੱਸਦਾ ਹੈ, ਨੈਣ ਖੁੱਲ੍ਹਦੇ ਹਨ, ਤਦ ਉਹੋ ਛਬਿਹਰ ਲਾਈ ਅਨੁਰਾਗ ਰੂਪ 'ਫੈਲਿਓ ਅਨੁਰਾਗ' ਦਿੱਸਦਾ ਹੈ। ਆਪਣਾ ਹੱਡੀ-ਮਾਸ ਪਿਆਰਾ ਲਗਦਾ ਹੈ, ਸਭ ਜਗਤ ਪਿਆਰਾ ਲਗਦਾ ਹੈ, ਮਿੱਠਾ ਲਗਦਾ ਹੈ। ਕਦੇ ਯਾਸ, ਉਦਾਸੀ ਘ੍ਰਿਣਾ, ਨਫਰਤ, ਮਾਯੂਸੀ, ਬੇ-ਉਮੀਦੀ ਪਾਸ ਨਹੀਂ ਫੜਕ ਸਕਦੀ।

ਸਭ ਥੀਂ ਪਿਆਰੀ ਵਸਤੂ ਇਉਂ ਇਹ ਮਜ਼੍ਹਬ ਵੀ ਵਸਤੂ ਹੈ:

ਟੂਣੇ ਟਾਮਣ ਕਰ ਕੇ ਨੀ,
ਮੈਂ ਪਿਆਰਾ ਯਾਰ ਮਨਾਵਾਂਗੀ।
ਲਾ ਮਕਾਨ ਦੀ ਪੌੜੀ ਉਪਰ,
ਚੜ੍ਹ ਕੇ ਢੋਲਾ ਗਾਵਾਂਗੀ।
ਸੂਰਜ ਅਗਨ ਅਸਪੰਦ ਤਾਰੇ,
ਮੈਂ ਤਾਂ ਇਹੋ ਜੋਤ ਜਗਾਵਾਂਗੀ।

ਅਸਚਰਜਤਾ ਦਾ ਰੰਗ ਨਿੱਤ ਨਵਾਂ, ਵਿਸਮਾਦ ਤੇ ਤੀਖਣ ਪਿਆਰ ਦੀ ਉਨਮਾਦ ਅਵਸਥਾ ਅੰਦਰ ਛਾਂਦੀ ਹੈ।

ਮਜ਼੍ਹਬ ਮਹਾਂਪੁਰਖਾਂ ਦੀ ਦਾਤ ਹੈ-
ਏਹੁ ਪਿਰਮ ਪਿਆਲਾ ਖਸਮ ਕਾ
ਜੈ ਭਾਵੈ ਤਿਸੁ ਦੇਇ॥

ਜਿਹੜੀ ਦਾਤ ਹੈ, ਜਿਹੜੀ ਕਿਸੇ ਦੀ ਮਿਹਰ ਨੇ ਸਾਡੀ ਝੋਲੀ ਪਾਈ ਹੈ ਪਰ ਉਹ ਟੋਲ, ਸਾਧਨ, ਆਪਣੀਆਂ ਛਾਲਾਂ ਮਾਰਨ ਨਾਲ ਕਿਸੇ ਤਰ੍ਹਾਂ ਸਾਨੂੰ ਮਿਲ ਸਕਦੀ ਹੈ? ਕਿਸੇ ਆਜੜੀ ਦੇ ਬੱਕਰੀ ਦੇ ਖੁਰ ਨੂੰ ਮੇਖ ਲੱਗੀ ਹੋਈ ਸੀ, ਬੀਆਬਾਨਾਂ ਵਿਚ ਫਿਰਦੀ ਦਾ ਖੁਰ ਪਾਰਸ ਨੂੰ ਲੱਗਾ, ਮੇਖ ਸੋਨੇ ਵਾਂਗ ਚਮਕਣ ਲੱਗ ਗਈ। ਲੱਗਾ ਆਜੜੀ ਅਨੇਕ ਪੱਥਰਾਂ ਵਿਚ ਪਾਰਸ ਨੂੰ ਢੂੰਡਣ, ਪਰ ਸਾਰੀ ਉਮਰ ਢੂੰਡ ਕਰਦਾ ਪਾਗਲ ਹੋ ਗਿਆ। ਪਾਰਸ ਤਾਂ ਨਾ ਲੱਭਾ ਤੇ ਉਹ ਕਿਹੜਾ ਨੇਮ ਹੈ ਜਿਸ ਨਾਲ ਉਹਦੀ ਭੇਡ ਦੀ ਮੇਖ ਦੀ ਰੇਖ ਜਾਗੀ, ਜੋ ਚੀਜ਼ ਭੇਡ ਨੂੰ ਛੋਹ ਗਈ, ਉਹ ਉਹਦੇ ਮਾਲਕ ਨੂੰ ਨਾ ਪ੍ਰਾਪਤ ਹੋਈ।


ਇਉਂ ਮਜ਼੍ਹਬ ਦਾਤ ਹੈ। ਇਕ ਆਵੇਸ਼ ਹੈ, ਇਹ ਸਕੂਲਾਂ ਵਿਚ ਪੜ੍ਹਾਇਆ ਨਹੀਂ ਜਾ ਸਕਦਾ, ਇਹ ਉਪਦੇਸ਼ਕਾਂ ਦੇ ਵਖਿਆਨਾਂ ਨਾਲ ਸਿਖਾਇਆ ਨਹੀਂ ਜਾ ਸਕਦਾ। ਇਹ ਮੌਲਵੀਆਂ, ਮੌਲਾਣਿਆਂ, ਪਾਦਰੀਆਂ ਤੇ ਭਾਈਆਂ ਦੇ ਮਜ਼੍ਹਬੀ ਪੋਥੀਆਂ ਦੀਆਂ ਵਾਹਜ਼ਾਂ ਨਾਲ ਸਮਝ ਆ ਨਹੀਂ ਸਕਦਾ। ਹਾਰ ਕੇ ਜਦ ਮਨੁੱਖ ਨਹੀਂ ਬਣਾ ਸਕਦੇ, ਇਹ ਵਿਚਾਰੇ ਹਸਪਤਾਲ ਤੇ ਯਤੀਮਖ਼ਾਨੇ ਤੇ ਸਕੂਲ ਅਤੇ ਗਿਰਜੇ ਖੋਲ੍ਹਣ ਦੀ ਕਰਦੇ ਹਨ। ਈਸਾ ਨੇ ਤਾਂ ਆਪਣਾ ਸੁਨੇਹਾ ਅੱਖ ਦੀ ਮਟਕ ਵਿਚ ਬ੍ਰਿਛ ਹੇਠ ਬੈਠਿਆਂ ਦੇ ਦਿੱਤਾ ਤੇ ਇਥੋਂ ਰਾਈਮਜ਼ ਜਿਹੇ ਸੋਹਣੇ ਗਿਰਜੇ ਹੁੰਦਿਆਂ ਭਰਾਵਾਂ ਦੀਆਂ ਤੋਪਾਂ ਇਕ-ਦੂਜੇ ਨੂੰ ਮਾਰਨ ਲਈ ਚਲੀਆਂ ਤੇ ਗਿਰਜੇ ਨੂੰ ਵੀ ਪਾਰ ਬੁਲਾਯਾ, ਮਜ਼੍ਹਬ ਕਿੱਥੇ? ਜਦ ਭਰਾ ਭਰਾ ਲੜਦੇ ਹਨ ਤੇ ਲੋਕੀਂ ਆਪਣੇ ਨੀਵੇਂ ਤਾਂ ਕਮੀਨੇ ਜਜ਼ਬਿਆਂ ਨੂੰ ਉਲਾਂਭਾ ਨਹੀਂ ਦਿੰਦੇ, ਮਜ਼੍ਹਬਾਂ ਨੂੰ ਕੋਸਦੇ ਹਨ। ਮਜ਼੍ਹਬ ਤਾਂ ਕਦੇ ਬਹੁਵਚਨ ਹੋ ਹੀ ਨਹੀਂ ਸਕਦਾ, ਮਜ਼੍ਹਬ ਦਾ ਸਦਾ ਇਕ ਹੈ:

ਹਿੰਦੂ ਔ ਤੁਰਕ ਕੋਊ ਰਾਫ਼ਜ਼ੀ ਈਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਹੀ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕੋ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥
ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥

ਮਜ਼੍ਹਬ ਜਿਹੜਾ ਇੰਨੇ ਪਿਆਰ ਦੇ ਸਮੁੰਦਰ ਸਾਡੇ ਅੰਦਰ ਸੁੱਟਦਾ ਹੈ, "ਮੈਂ ਉਹ ਹਾਂ ਕਿ ਪਿਆਰ ਦੇ ਸਮੁੰਦਰ ਰੋੜ੍ਹਾਂਗਾ ਤੇ ਆਪ ਪਿੱਛੇ ਰਹਾਂਗਾ।" ਉਹ ਮਜ਼੍ਹਬ ਜਿਹਦੀਆਂ ਨਿੱਕੀਆਂ ਰੇਸ਼ਮ ਡੋਰੀਆਂ ਵਾਂਗ ਨਿੱਕੀਆਂ-ਨਿੱਕੀਆਂ ਸੁਨਹਿਰੀ ਚਮਕਦੀਆਂ ਲਕੀਰਾਂ ਸਾਡੇ ਸਾਧਾਰਨ ਜੀਵਨ ਵਿਚ ਵਗਦੀਆਂ ਹਨ ਤੇ ਅਸੀਂ ਉਨ੍ਹਾਂ ਦੇ ਮੱਧਮ ਜਿਹੇ ਪ੍ਰਕਾਸ਼ ਦੇ ਆਸਰੇ ਜੀਂਦੇ ਹਾਂ, ਜੇ ਉਹ ਕਦੇ ਸਾਡੇ ਅੰਦਰ ਵਾਸ ਕਰੇ ਤਦ ਅਸੀਂ ਤਾਂ ਮਰ ਜਾਂਦੇ ਹਾਂ, ਦੇਵਤੇ ਸਾਡੇ ਮਨ, ਸਰੀਰ ਤੇ ਸੁਰਤਿ ਵਿਚ ਆਣ ਵੱਸਦੇ ਹਨ। ਧਰਤੀ ਹੋਰ ਹੋ ਜਾਂਦੀ ਹੈ, ਉਸ ਮਜ਼੍ਹਬ ਦਾ ਨਾਮ ਲੈ ਕੇ ਲੋਕੀਂ ਲੜਦੇ ਹਨ-ਰੱਬ ਇਕ ਬਾਣੀ ਇਕ, ਬੰਦਾ ਇਹ ਓਹੀ ਹੀ, ਤੇ ਫਿਰ ਜੰਗ, ਮਜ਼੍ਹਬ ਕਿੱਥੇ? ਇਹ ਦਾਤ ਇੰਨੀ ਅਮੋਲਕ ਹੈ ਕਿ ਇਹਦਾ ਵਿਅਰਥ ਨਾਮ ਲੈਣਾ ਸ਼ੀਲਤਾ ਤੇ ਸੁਹਿਰਦਤਾ ਦੇ ਵਿਰੁਧ ਹੈ। ਮਜ਼੍ਹਬ ਕਾਇਦੇ, ਇਖ਼ਲਾਕ, ਇਹ ਕਰੋ; ਇਹ ਨਾ ਕਰੋ ਦੀ ਦੁਨੀਆਂ ਦੀ ਦੁਕਾਨਦਾਰੀ ਦੀਆਂ ਮੁਰਤਬਸ਼ੁਦਾ ਫ਼ਹਿਰਿਸਤ ਥੀਂ ਪਰ੍ਹੇ, ਇਕ ਕਿਸੇ ਅਦ੍ਰਿਸ਼ਟ ਦੀ ਟੇਕ ਵਿਚ ਜੁੜੀ ਸੁਰਤਿ ਦਾ ਪ੍ਰਕਾਸ਼ ਹੈ। ਇਕ ਕਿਸੇ ਪਿਆਰ ਕੇਂਦਰ ਵਿਚ ਜੀਵਨ, ਥੀਣ, ਹੋਣ, ਬਹਿਣ ਦੀ ਸਹਿਜ ਸੁਭਾਅ ਕੀਰਤੀ ਹੈ। ਇਸ ਵਿਚ ਕੋਈ ਦਿਖਾਵਾ, ਬਨਾਵਟ, ਕੋਈ ਯਤਨ, ਜਬਰ, ਤੇ ਕਸ਼ਟਾਂ, ਤਪਾਂ ਦੀ ਸਿਖਾਵਟ ਦਾ ਕੋਈ ਅਸਰ ਨਹੀਂ।

## ਸੰਸਾਰ ਦੀ ਮਹਾਨ ਨ੍ਰਿਤਕੀ ਆਈਸਾਡੋਰਾ ਡੰਕਨ

# ਸ਼ਹਿਰ ਸ਼ਿਕਾਗੋ:ਭਟਕਣਾ ਦਾ ਆਰੰਭ



**ਆਈਸਾਡੋਰਾ ਡੰਕਨ ਦੁਨੀਆਂ ਦੀ ਮਹਾਨ ਨ੍ਰਿਤਕੀ ਤਾਂ ਸੀ ਹੀ, ਉਹ ਮਹਾਨ ਇਨਕਲਾਬੀ ਅਤੇ ਅੰਤਾਂ ਦੀ ਮਨਮੋਹਕ ਵੀ ਸੀ। ਸਾਡੇ ਸ਼ੁਭਚਿੰਤਕ ਹਰਭਜਨ ਸਿੰਘ ਹੁੰਦਲ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਸਦੀ ਜੀਵਨੀ ਦਾ ਖਰੜਾ ਸਾਨੂੰ ਭੇਜਿਆ ਸੀ। ਅਸੀਂ ਇਸ ਵਿਚੋਂ ਦੋ ਲੇਖ ਪਾਠਕਾਂ ਦੀ ਨਜ਼ਰ ਕਰ ਚੁੱਕੇ ਹਾਂ। ਇਸ ਲੇਖ ਵਿਚ ਆਈਸਾਡੋਰਾ ਦੇ ਮੁਢਲੇ ਸੰਘਰਸ਼ ਦੀ ਕਹਾਣੀ ਹੈ। ਸ਼ਿਕਾਗੋ ਵਿਚ ਹੀ ਉਸ ਨੂੰ ਸੰਗੀਤਕਾਰ ਐਥਲਬਰਟ ਨੇਵਿਨ ਮਿਲਿਆ ਜਿਸ ਨੇ ਉਸ ਲਈ ਨ੍ਰਿਤ ਦੇ ਖੇਤਰ ਦਾ ਰਾਹ ਖੋਲ੍ਹਿਆ। -ਸੰਪਾਦਕ**

**ਹਰਭਜਨ ਹੁੰਦਲ**

ਆਈਸਾਡੋਰਾ ਸ਼ਿਕਾਗੋ ਵਿਚ ਕੇਵਲ ਆਪਣੀ ਮਾਂ ਨੂੰ ਹੀ ਲੈ ਕੇ ਆਈ ਸੀ। ਸ਼ਿਕਾਗੋ ਉਨ੍ਹਾਂ ਦਿਨਾਂ ਵਿਚ ਵਪਾਰ ਅਤੇ ਉਦਯੋਗ ਦਾ ਮਸ਼ਹੂਰ ਕੇਂਦਰ ਬਣ ਚੁੱਕਾ ਸੀ। ਉਸ ਨੂੰ ਆਸ ਸੀ ਕਿ ਇਸ ਸ਼ਹਿਰ ਵਿਚ ਉਸ ਦੀ ਨ੍ਰਿਤਕਲਾ ਨੂੰ ਵਿਕਸਿਤ ਹੋਣ ਦੇ ਚੰਗੇ ਮੌਕੇ ਮਿਲਣਗੇ ਪਰ ਛੇਤੀ ਹੀ ਉਸ ਨੂੰ ਅਹਿਸਾਸ ਹੋ ਗਿਆ ਕਿ ਇਥੇ ਵੀ ਕਈ ਸਾਲ ਟੱਕਰਾਂ ਮਾਰਨੀਆਂ ਪੈਣਗੀਆਂ। ਜਨਮ ਭੂਮੀ ਤੋਂ ਤੁਰਨ ਵੇਲੇ ਉਸ ਨੇ ਸ਼ਿਕਾਗੋ ਦੇ ਪ੍ਰੈਸ ਕਲੱਬ ਦੇ ਪ੍ਰਬੰਧਕਾਂ ਦੇ ਨਾਂ ਸਿਫਾਰਿਸ਼ੀ ਚਿੱਠੀ ਲਿਖਵਾ ਲਿਆਂਦੀ ਸੀ। ਪ੍ਰਬੰਧਕਾਂ ਨੂੰ ਮਿਲਣ 'ਤੇ ਉਸ ਨੇ ਬੜੇ ਫ਼ਖ਼ਰ ਨਾਲ ਐਲਾਨ ਕਰਦਿਆਂ ਆਖਿਆ, "ਮੈਂ ਤੁਹਾਡੇ ਲਈ ਕੈਲੀਫੋਰਨੀਆ ਤੋਂ ਇਥੇ ਇਲਹਾਮ ਲੈ ਕੇ ਆਈ ਹਾਂ। ਮੈਨੂੰ ਮਨੁੱਖ ਦੀ ਸੱਚੀ ਹਰਕਤ ਦਾ ਪਤਾ ਲੱਗਾ ਹੈ। ਇਹ ਹਰਕਤ ਜੋ ਪ੍ਰਕਿਰਤੀ ਵਿਚੋਂ ਆਪਣੀ ਪ੍ਰੇਰਨਾ ਪ੍ਰਾਪਤ ਕਰਦੀ ਹੈ, ਅਤੇ ਜਿਹੜੀ ਆਧੁਨਿਕ ਵਿਚਾਰ ਦੇ ਮਨੋਵਿਗਿਆਨਕ ਵਿਕਾਸ ਵਿਚੋਂ ਦੀ ਗੁਜ਼ਰਦੀ ਹੈ, ਇਸ ਨਾਚ ਦੀ ਸੱਚੀ ਭਵਿੱਖਬਾਣੀ ਹੈ।"

ਆਈਸਾਡੋਰਾ ਦਾ ਇਹ ਅਜੀਬ ਐਲਾਨ ਪੜ੍ਹ ਕੇ ਪਾਠਕ ਨੂੰ ਹੈਰਾਨੀ ਹੁੰਦੀ ਹੈ। ਉਸ ਨੇ ਹਾਲੀ ਨਵੇਂ ਸ਼ਹਿਰ ਵਿਚ ਆ ਕੇ ਨ੍ਰਿਤ ਦੇ ਖੇਤਰ ਵਿਚ ਪੈਰ ਜਮਾਉਣੇ ਸਨ। ਭੁੱਖ ਤੇ ਖੱਜਲ-ਖਵਾਰੀ ਝੱਲਣੀ ਸੀ ਤੇ ਥਾਂ-ਥਾਂ ਰੋਟੀ ਰੋਜ਼ੀ ਦੀ ਭਾਲ ਵਿਚ ਭਟਕਣਾ ਸੀ। ਉਹ ਅਜਿਹੀਆਂ ਗੱਪਾਂ ਭਲਾ ਕਿਵੇਂ ਮਾਰ ਸਕਦੀ ਸੀ!! ਇੰਜ ਲਗਦਾ ਹੈ ਕਿ ਇਹ ਗੱਪ ਉਸ ਨੇ ਕਈ ਸਾਲਾਂ ਬਾਅਦ ਆਪਣੀ ਸਵੈ-ਜੀਵਨੀ ਲਿਖਣ ਵੇਲੇ ਕੋਲੋਂ ਬਣਾ ਲਈ ਹੋਵੇਗੀ। (ਹੋਰ ਵੀ ਕਈ ਥਾਈਂ: ਘਟਨਾਵਾਂ ਦੀ ਭੰਨ-ਤੋੜ ਅਤੇ ਵਿਆਖਿਆ ਕਰਦੀ ਹੋਈ, ਉਸ ਦੇ ਜੀਵਨੀ ਲੇਖਕਾਂ ਨੇ ਨੋਟ ਕੀਤੀ ਹੈ।)

ਉਸ ਦੇ ਦਾਅਵੇ ਸੁਣ ਕੇ ਕਈ ਪੱਤਰਕਾਰ ਹੱਸੇ, ਕਈਆਂ ਮਖੌਲ ਉਡਾਇਆ। ਉਸ ਦੀ ਦਰਦ ਕਹਾਣੀ ਸੁਣਨ ਵਿਚ ਕਿਸੇ ਨੂੰ ਕੋਈ ਦਿਲਚਸਪੀ ਨਹੀਂ ਸੀ।

ਛੇਤੀ ਹੀ ਮਾਂ-ਧੀ ਦੀ ਜੇਬ ਖਾਲੀ ਹੋ ਗਈ। ਪ੍ਰਦੇਸ਼ਾਂ ਦੇ ਮਾਮਲੇ ਨਾ ਕੋਈ ਯਾਰ, ਨਾ ਗਮਖਾਰ, ਨਾ ਮਦਦਗਾਰ। ਕਮਰੇ ਦਾ ਕਰਾਇਆ ਕਿਥੋਂ ਦੇਣਾ ਸੀ। ਮਾਲਕ ਮਕਾਨ ਨੇ ਗੰਢੜੀ ਵੀ ਜ਼ਬਤ ਕਰ ਲਈ। ਐਸੀ ਹਾਲਤ ਦਾ ਬਿਆਨ ਖ਼ੁਦ ਆਈਸਾਡੋਰਾ ਦੇ ਸ਼ਬਦਾਂ ਵਿਚ ਪੜ੍ਹਨ ਵਾਲਾ ਹੈ, "ਮੇਰੀ ਗਲ਼ ਦੁਆਲੇ ਸੁਨਹਿਰੀ ਜ਼ੰਜੀਰੀ ਸੀ ਜੋ ਬਚੀ ਸੀ। ਮੈਂ ਇਸ ਨੂੰ ਵੇਚਣ ਲਈ ਘੰਟਿਆਂ ਬੱਧੀ, ਸੜਦੀ ਧੁੱਪ ਵਿਚ ਹਾਲੋਂ-ਬੇਹਾਲ ਭਟਕਦੀ ਫਿਰੀ। ਅਖੀਰ ਮੈਂ ਇਸ ਨੂੰ ਵੇਚਣ ਵਿਚ ਸਫ਼ਲ ਹੋ ਗਈ। ਇਹ ਆਇਰਿਸ਼ ਗੋਟੇ ਦੀ ਕਿਨਾਰੀ ਸੀ ਜਿਸ ਨੇ ਕਮਰੇ ਦੇ ਕਿਰਾਏ ਲਈ ਕਾਫ਼ੀ ਪੈਸੇ ਵਟਾ ਦਿੱਤੇ। ਬਾਕੀ ਬਚੇ ਪੈਸਿਆਂ ਦੀ ਮੈਂ ਟਮਾਟਰਾਂ ਦੀ ਟੋਕਰੀ ਖਰੀਦ ਲਈ ਤੇ ਹਫ਼ਤਾ ਭਰ ਅਸੀਂ ਟਮਾਟਰ ਖਾ ਨੇ ਗੁਜ਼ਾਰਾ ਕੀਤਾ। ਨਾ ਲੂਣ, ਨਾ ਡਬਲ ਰੋਟੀ। ਮੇਰੀ ਮਾਂ ਇੰਨੀ ਕਮਜ਼ੋਰ ਹੋ ਗਈ ਕਿ ਉਹ ਉਠਣ ਜੋਗੀ ਨਾ ਰਹੀ।"

ਐਸੀ ਹਾਲਤ ਵਿਚ ਨੱਚਣਾ ਕਿਸ ਨੂੰ ਸੁੱਝਦਾ ਸੀ। "ਭੂਖੇ ਭਗਤ ਨਾ ਕੀਜੈ" ਵਾਲੀ ਗੱਲ ਬਣੀ ਹੋਈ ਸੀ। ਨੱਚਣਾ ਭੁੱਲ ਕੇ ਆਈਸਾਡੋਰਾ ਨੇ ਜੋ ਕੰਮ ਵੀ ਮਿਲ ਸਕਦਾ ਹੋਵੇ, ਕਰਨ ਦਾ ਫੈਸਲਾ ਕੀਤਾ। ਇੱਕ ਦਿਨ ਉਹ ਰੁਜ਼ਗਾਰ ਦਫ਼ਤਰ ਗਈ। ਸਵਾਗਤ-ਕਰਤਾ ਕੁੜੀ ਨੇ ਪੁੱਛਿਆ:

"ਤੂੰ ਕਿਹੜਾ ਕੰਮ ਕਰ ਸਕਦੀ ਹੈ?"

"ਕੋਈ ਵੀ।" ਉਸ ਨੇ ਉਤਰ ਦਿੱਤਾ।

"ਪਰ ਇੰਜ ਲਗਦਾ ਹੈ ਤੂੰ ਕੁਝ ਵੀ ਕਰਨ ਜੋਗੀ ਨਹੀਂ।"

ਜਵਾਬ ਸੁਣ ਕੇ ਉਹ ਨਿਰਾਸ਼ ਵਾਪਸ ਪਰਤ ਆਈ। ਹੁਣ ਸਵਾਲ ਸੀ ਕਿ ਜਾਵੇ ਤੇ ਕਿੱਥੇ ਜਾਵੇ? ਕਰੇ ਤਾਂ ਕੀ ਕਰੇ? ਖਾਵੇ ਤਾਂ ਕੀ ਖਾਵੇ? ਜਾਂ ਫਿਰ ਘਰ ਬੈਠ ਕੇ ਛੱਡ ਗਏ ਪਿਓ ਦੀ ਜਾਨ ਨੂੰ ਰੋਵੇ ਜਿਹੜਾ ਕਦੇ ਬੈਂਕ ਦਾ ਮਾਲਕ ਹੁੰਦਾ ਸੀ। ਭੈਣ-ਭਰਾ ਪਿੱਛੇ ਰਹਿ ਗਏ ਸਨ। ਮਾਂ ਨਾਲ ਸੀ ਜਿਸ ਨੂੰ ਸੰਗੀਤ ਨਾਲ ਕੁਝ ਪ੍ਰੇਮ ਸੀ ਪਰ ਇਸ ਪਿਆਨੋ ਦੀਆਂ ਸੁਰਾਂ ਅਤੇ ਧੁਨਾਂ ਦੋ ਜੀਆਂ ਨੂੰ ਰੋਟੀ ਨਹੀਂ ਸੀ ਖਵਾ ਸਕਦੀਆਂ।

ਪਰ ਆਈਸਾਡੋਰਾ ਹਾਰ ਮੰਨਣ ਵਾਲੀ ਨੱਢੀ ਨਹੀਂ ਸੀ। ਉਸ ਦੇ ਪੈਰਾਂ ਵਿਚ ਸਫ਼ਰ ਸੀ ਅਤੇ ਅੰਗਾਂ ਵਿਚ ਨਾਚ। ਉਸ ਦੀਆਂ ਅੱਖਾਂ ਵਿਚ ਵਿਸ਼ਵ ਦੇ ਰੰਗਲੇ ਸੁਪਨੇ ਸਨ।

ਅਗਲੇ ਦਿਨ ਉਹ ਸ਼ਹਿਰ ਦੇ ਇਕ ਸੰਗੀਤ ਹਾਲ ਵਿਚ ਪਹੁੰਚੀ। ਉਸ ਨੂੰ ਇਕ ਹਮਦਰਦ ਔਰਤ ਟੱਕਰੀ ਜਿਸ ਨੇ ਉਸ ਲਈ ਆਪਣੇ ਨਾਚ ਦੇ ਪ੍ਰਦਰਸ਼ਨ ਦਾ ਪ੍ਰਬੰਧ ਕੀਤਾ। ਮਾਲਕ ਸੀ ਇਕ ਹੰਕਾਰੀ ਕਲਾ ਪ੍ਰੇਮੀ! ਮੂੰਹ ਵਿਚੋਂ ਸਿਗਰਟ ਨਾ ਕੱਢਣ ਅਤੇ ਸਿਰ ਤੋਂ ਟੋਪ ਨਾ ਲਾਹੁਣ ਵਾਲਾ। ਨਾਚ ਵੇਖ ਕੇ ਆਖਣ ਲੱਗਾ, "ਤੂੰ ਸੋਹਣੀ ਹੈ ਤੇ ਆਕਰਸ਼ਕ ਵੀ। ਜੇ ਜ਼ਰਾ ਫੁਰਤੀ ਹੋਵੇ ਤਾਂ ਕਿਆ ਬਾਤ।"

ਟਿੱਪਣੀ ਸੁਣ ਕੇ ਡੰਕਨ ਨੂੰ ਟਮਾਟਰ ਖਾ ਕੇ ਘਰ ਵਿਚ ਦਿਹਾੜੀ ਕੱਟਦੀ ਆਪਣੀ ਮਾਂ ਦੀ ਯਾਦ ਆਈ! ਨਾਲ ਹੀ ਉਸ ਨੇ ਕਿਹਾ, "ਜੇ ਤੇਰੀ ਫਰਾਕ ਦੇ ਝਾਲਰਾਂ ਲੱਗੀਆਂ ਹੋਣ ਤਾਂ ਹੋਰ ਵੀ ਪ੍ਰਭਾਵਸ਼ਾਲੀ ਲੱਗੇਗੀ।"

ਸੁਣ ਕੇ ਉਹ ਸੋਚੀਂ ਪੈ ਗਈ। ਫਰਾਕ ਨੂੰ ਝਾਲਰਾਂ ਕਿਵੇਂ ਲੱਗਣ? ਕਿੱਥੇ ਪੇਟ ਭਰਨ ਲਈ ਰੋਟੀ ਤੇ ਕਿੱਥੇ ਗੋਟੇ ਕਿਨਾਰੀ ਵਾਲੀਆਂ ਝਾਲਰਾਂ। ਯਾ ਖ਼ੁਦਾ! ਕੀ ਬਣੇਗਾ ਇਸ ਸੁਪਨਸਾਜ਼ ਮੁਟਿਆਰ ਦਾ? ਦੁਬਿਧਾ ਤੇ ਨਿਰਾਸ਼ਾ ਦੇ ਆਲਮ ਵਿਚ ਉਹ ਕੋਈ ਉਪਰਾਲਾ ਕਰਨ, ਕੋਈ ਜੁਗਤ ਲੜਾਉਣ ਲਈ ਮਾਂ ਨੂੰ ਸਾਰੀ ਗੱਲ ਦੱਸੇ ਬਿਨਾ, ਬਾਜ਼ਾਰ ਨੂੰ ਨਿਕਲ ਤੁਰੀ। ਇਸ ਮਨੋ-ਅਵਸਥਾ ਦਾ ਬਿਰਤਾਂਤ ਉਸ ਦੇ ਆਪਣੇ ਸ਼ਬਦਾਂ ਵਿਚ: "ਮੈਂ (ਦੁਕਾਨ ਦੇ) ਅੰਦਰ ਗਈ ਅਤੇ ਆਖਿਆ ਕਿ ਮੈਂ ਮੈਨੇਜਰ ਨੂੰ ਮਿਲਣਾ ਹੈ। ਮੈਨੂੰ ਦਫ਼ਤਰ ਅੰਦਰ ਜਾਣ ਲਈ ਆਖਿਆ ਗਿਆ। ਉਥੇ ਬੈਂਚ ਦੇ ਪਿੱਛੇ ਇਕ ਜਵਾਨ ਆਦਮੀ ਬੈਠਾ ਸੀ। ਮੈਂ ਆਪਣੀ ਹਾਲਤ ਦੱਸੀ ਅਤੇ ਕਿਹਾ-ਜੇ ਉਹ ਮੈਨੂੰ ਹੁਧਾਰ ਦੇ ਦੇਵੇ ਜੋ ਮੈਂ ਆਸਾਨੀ ਨਾਲ ਸਮਾਗਮ ਤੋਂ ਪਿੱਛੋਂ ਅਦਾ ਕਰ ਦਿਆਂਗੀ...। ਮੇਰੀ ਮਾਂ ਸਾਰੀ ਰਾਤ ਲੱਗੀ ਰਹੀ ਅਤੇ ਦਿਨ ਚੜ੍ਹਦੇ ਨੂੰ ਝਾਲਰਾਂ ਤਿਆਰ ਕਰ ਦਿੱਤੀਆਂ।...ਇਸ ਲਿਬਾਸ ਨਾਲ ਛੱਤ ਵਾਲੇ ਬਾਗ਼ ਦੇ ਮੈਨੇਜਰ ਕੋਲ ਗਈ। ਸਾਜ਼ਿੰਦੇ ਮੇਰੀ ਪ੍ਰੀਖਿਆ ਲੈਣ ਲਈ ਤਿਆਰ ਬੈਠੇ ਸਨ।"

ਪ੍ਰੀਖਿਆ ਤੋਂ ਬਾਅਦ ਉਸ ਨੂੰ ਕੰਮ 'ਤੇ ਰੱਖ ਲਿਆ ਗਿਆ ਪਰ ਉਸ ਨੂੰ ਇਹ ਹੱਤਕ ਭਰਿਆ ਕੰਮ ਪ੍ਰਤੀਤ ਹੋਇਆ। ਤਿੰਨ ਹਫ਼ਤੇ ਬਾਅਦ ਉਸ ਨੇ ਇਸ ਅਭਿਆਸ ਤੋਂ ਨਾਹ ਕਰ ਦਿੱਤੀ ਅਤੇ ਭਾਰ-ਮੁਕਤ ਹੋ ਗਈ।

ਇਸ ਪਿੱਛੋਂ ਉਹ ਮਲੰਗਾਂ ਦੇ ਇਕ ਕਲੱਬ ਵਿਚ ਜਾਣ ਲੱਗ ਪਈ ਜਿੱਥੇ 'ਐਂਬਰ' ਨਾਂ ਦੀ ਔਰਤ ਨਾਲ ਉਸ ਦੀ ਨੇੜਤਾ ਹੋ ਗਈ। ਉਥੇ ਬੀਅਰ ਦੇ ਗਲਾਸ ਤੇ ਬਰੈਡ ਦੇ ਖੁੱਲ੍ਹੇ ਗੱਫੇ ਖਾਣ-ਪੀਣ ਨੂੰ ਮਿਲਦੇ ਸੀ। ਇਹ ਕਲੱਬ ਐਂਬਰ ਹੀ ਚਲਾਉਂਦੀ ਸੀ। ਇਸ ਕਲੱਬ ਵਿਚ ਉਸ ਦੀ ਵਾਕਫ਼ੀ ਪੋਲੈਂਡ ਪਰਵਾਸੀ "ਮੀਰੋਸਕੀ" ਨਾਲ ਹੋ ਗਈ ਜੋ ਛੇਤੀ ਹੀ ਪਿਆਰ ਵਿਚ ਬਦਲ ਗਈ। ਇਹ ਉਸ ਦਾ ਪਹਿਲਾ ਪਿਆਰ ਸੀ। ਮੀਰੋਸਕੀ ਨੇ ਉਸ ਨੂੰ ਸ਼ਾਦੀ ਦੀ ਪੇਸ਼ਕਸ਼ ਕੀਤੀ ਜਿਹੜੀ ਉਸ ਨੇ ਟਾਲ ਦਿੱਤੀ। ਦੋਹਾਂ ਦੀ ਉਮਰ ਵਿਚ ਵੀ ਦੋ ਦਹਾਕਿਆਂ ਦਾ ਫ਼ਰਕ ਸੀ। ਅਜੇ ਡੰਕਨ ਨੇ ਆਪਣੇ ਨ੍ਰਿਤ ਨੂੰ ਵਿਕਸਿਤ ਕਰਨ ਦੇ ਰਾਹ ਪੈਣਾ ਸੀ। ਅੱਲੜ ਉਮਰ ਦੀ ਇਸ ਸ਼ਾਦੀ ਨੇ, ਜੇ ਇਹ ਸਿਰ ਚੜ੍ਹੇ ਜਾਂਦੀ, ਉਸ ਦਾ ਕੁਝ ਨਹੀਂ ਸੀ ਸੰਵਾਰਨਾ।

ਉਨ੍ਹਾਂ ਹੀ ਦਿਨਾਂ ਵਿਚ ਇਕ ਨਾਟ ਮੰਡਲੀ ਸ਼ਿਕਾਗੋ ਦਾ ਦੌਰਾ ਕਰ ਰਹੀ ਸੀ। ਉਸ ਦਾ ਮਾਲਕ ਤੇ ਮੁਖੀ ਆਗਸਟਨ ਡਾਲੀ ਸੀ। ਛੋਟੇ ਹੁੰਦਿਆਂ ਸਾਨ ਫਰਾਂਸਿਸਕੋ ਵਿਚ ਡੰਕਨ ਉਸ ਦੇ ਨਾਟਕ ਵੇਖ ਚੁੱਕੀ ਸੀ। ਡੰਕਨ ਨੇ ਉਸ ਦੇ ਮੈਨੇਜਰ ਨਾਲ ਮੁਲਾਕਾਤ ਕਰਨ ਦੀ ਕਈ ਦਿਨ ਕੋਸ਼ਿਸ਼ ਕੀਤੀ ਪਰ ਪਹਿਰੇਦਾਰ ਉਸ ਨੂੰ ਨੇੜੇ ਨਾ ਆਉਣ ਦਿੰਦੇ। ਅਖੀਰ ਇਕ ਦਿਨ ਉਹ ਡਾਲੀ ਨੂੰ ਮਿਲਣ ਅਤੇ ਉਸ ਨਾਲ ਗੱਲ ਕਰਨ ਵਿਚ ਸਫ਼ਲ ਹੋ ਗਈ। ਉਸ ਨੇ ਡੰਕਨ ਨੂੰ ਆਪਣੇ ਨਾਟਕ ਵਿਚ ਛੋਟਾ ਜਿਹਾ ਪਾਰਟ ਕਰਨ ਦੀ ਪੇਸ਼ਕਸ਼ ਕੀਤੀ ਅਤੇ ਆਖਿਆ ਕਿ ਉਸ ਦੀ ਕੰਪਨੀ ਉਸੇ ਸਾਲ ਅਕਤੂਬਰ ਵਿਚ ਨਿਊ ਯਾਰਕ ਜਾ ਰਹੀ ਹੈ। ਜੇ ਉਹ ਇਸ ਤਜਵੀਜ਼ ਨਾਲ ਸਹਿਮਤ ਹੈ ਤਾਂ ਉਥੇ ਪਹੁੰਚ ਜਾਵੇ। ਡੰਕਨ ਨੇ ਇਹ ਗੱਲ ਪ੍ਰਵਾਨ ਕਰ ਲਈ।



*ਆਈਸਾਡੋਰਾ ਡੰਕਨ*

ਸ਼ਿਕਾਗੋ ਤੋਂ ਨਿਊ ਯਾਰਕ ਜਾਣ ਲਈ ਉਸ ਦੇ ਪੱਲੇ ਖੋਟਾ ਧੇਲਾ ਵੀ ਨਹੀਂ ਸੀ। ਉਸ ਨੂੰ ਤਰਕੀਬ ਸੁੱਝੀ। ਉਸ ਨੇ ਆਪਣੇ ਕਿਸੇ ਸ਼ੁੱਭਚਿੰਤਕ ਨੂੰ ਤਾਰ ਭੇਜੀ ਕਿ ਉਹ ਸਫ਼ਰ ਲਈ ਉਸ ਨੂੰ ਸੌ ਡਾਲਰ ਭੇਜੇ।

ਇਹ ਖ਼ਬਰ ਸੁਣ ਕੇ ਉਸ ਦਾ ਪ੍ਰੇਮੀ ਮੀਰੋਸਕੀ ਬੜਾ ਉਦਾਸ ਹੋ ਗਿਆ। ਉਹ ਤਾਂ ਡੰਕਨ ਨਾਲ ਵਿਆਹ ਕਰਨ ਦੇ ਸੁਪਨੇ ਲੈ ਰਿਹਾ ਸੀ। ਅੱਲੜ ਨੱਢੀ ਡੰਕਨ ਨੇ ਉਸ ਪ੍ਰੇਮੀ ਨੂੰ ਬੜੀਆਂ ਦਿਲਬਰੀਆਂ ਦਿੱਤੀਆਂ ਅਤੇ ਸਫ਼ਰ ਦੀ ਤਿਆਰੀ ਕਰਨ ਲੱਗੀ।

***

ਡੰਕਨ ਦੀ ਨਾਚ ਕਲਾ ਨੂੰ ਕਿਸੇ ਹੱਦ ਤੀਕ ਪ੍ਰਵਾਨਗੀ ਮਿਲਣ ਲਈ ਬਹਾਨਾ ਮਿਲ ਗਿਆ ਸੀ। ਡਾਲੀ ਦੀ ਕੰਪਨੀ ਸਾਰੇ ਅਮਰੀਕਾ ਵਿਚ ਨਾਟਕ ਪੇਸ਼ ਕਰਨ ਲਈ ਬੜੀ ਮਸ਼ਹੂਰ ਸੀ। ਉਸ ਦਾ ਸਾਰੇ ਦੇਸ਼ ਵਿਚ ਸਿੱਕਾ ਚੱਲਦਾ ਸੀ। ਸੈਂਕੜੇ ਹੀ ਕਲਾਕਾਰ ਉਸ ਅਧੀਨ ਕੰਮ ਕਰਦੇ ਸਨ। ਉਹ ਜਿਸ ਕਲਾਕਾਰ ਦੀ ਚਾਹੇ, ਤੁਰੰਤ ਛੁੱਟੀ ਕਰ ਸਕਦਾ ਸੀ, ਅਤੇ ਜਿਸ ਉਤੇ ਮਿਹਰਬਾਨ ਹੋ ਜਾਵੇ, ਉਸ ਨੂੰ ਅਸਮਾਨ 'ਤੇ ਚਾੜ੍ਹ ਸਕਦਾ ਸੀ!

ਡੰਕਨ ਲਈ ਹੋਰ ਵੀ ਕਈ ਔਕੜਾਂ ਸਨ। ਉਸ ਦੀ ਰਿਹਾਇਸ਼ ਅਤੇ ਖੁਰਾਕ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੋਣੀ ਸੀ। ਉਹ ਇਕੱਲੀਕਾਰੀ ਸੀ। ਉਸ ਦੀ ਸੁਰੱਖਿਆ ਦਾ ਵੀ ਸਵਾਲ ਸੀ।

ਕਿਰਾਏ ਲਈ ਜਿਹੜੀ ਤਾਰ ਉਸ ਨੇ ਭੇਜੀ, ਉਸ ਦੇ ਸ਼ਬਦ ਵੇਖਣ ਵਾਲੇ ਹਨ: "ਸ਼ਾਨਦਾਰ ਕੰਮ! ਆਗਸਟਨ ਡਾਲੀ। ਪਹਿਲੀ ਅਕਤੂਬਰ ਨੂੰ ਨਿਊ ਯਾਰਕ ਪਹੁੰਚਣ ਦਾ ਸੱਦਾ! ਕਿਰਾਏ ਲਈ ਸੌ ਡਾਲਰ ਭੇਜੋ!"

ਨਿਊ ਯਾਰਕ ਪਹੁੰਚ ਉਸ ਨੇ ਡਾਲੀ ਦੇ ਥੀਏਟਰ ਪਹੁੰਚ ਹਾਜ਼ਰੀ ਜਾ ਭਰੀ। ਉਸ ਦਾ ਜੀਅ ਕਰੇ, ਉਹ ਆਪਣੇ ਨਾਚ ਬਾਰੇ ਚਾਰ ਸ਼ਬਦ ਕਹੇ ਪਰ ਡਾਲੀ ਕੁਝ ਰੁੱਝਿਆ ਹੋਇਆ ਪ੍ਰਤੀਤ ਹੋਇਆ। ਸੋ ਉਸ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਡਾਲੀ ਨੇ ਕਿਹਾ, "ਅਸੀਂ ਪੈਰਿਸ ਤੋਂ ਮੂਕ ਨਾਟਕ ਦੀ ਮਹਾਨ ਕਲਾਕਾਰ ਜੇਨ ਮੇਅ ਨੂੰ ਸੱਦਿਆ ਹੈ। ਇਸ ਨਾਟਕ ਵਿਚ ਤੇਰੇ ਲਈ ਵੀ ਪਾਰਟ ਹੈ। Pantomene ਮੂਕ ਨਾਟਕ ਸ਼ਬਦ ਸੁਣ ਕੇ ਡੰਕਨ ਕੁਝ ਪ੍ਰੇਸ਼ਾਨ ਜਿਹੀ ਹੋ ਗਈ। ਉਹ ਤਾਂ ਸੋਚਦੀ ਸੀ ਕਿ ਉਸ ਨੂੰ ਨਾਟਕ ਵਿਚ ਨ੍ਰਿਤ ਵਾਲਾ ਕੋਈ ਦ੍ਰਿਸ਼ ਪੇਸ਼ ਕਰਨ ਦਾ ਮੌਕਾ ਮਿਲੇਗਾ ਪਰ ਇਥੇ ਹੋਰ ਹੀ ਪੁਆੜਾ ਪੈ ਗਿਆ ਸੀ। ਕੀ ਉਸ ਨੇ ਕਿਸੇ ਗੁੰਗੇ ਪਾਤਰ ਦਾ ਪਾਰਟ ਕਰਨਾ ਸੀ। ਉਸ ਨੇ ਨਾਟਕ ਦਾ ਖਰੜਾ ਲਿਆ ਅਤੇ ਘਰ ਜਾ ਕੇ ਪੜ੍ਹਨਾ ਸ਼ੁਰੂ ਕੀਤਾ ਪਰ ਉਸ ਦੇ ਪਿੜ-ਪੱਲੇ ਕੁਝ ਨਾ ਪਿਆ। ਡੰਕਨ ਨੂੰ ਜਾਪਿਆ ਜਿਵੇਂ ਉਹ ਕਿਸੇ ਭੰਵਰ ਵਿਚ ਘਿਰ ਗਈ ਹੋਵੇ।

ਰੋਂਦੇ ਕੁਰਲਾਉਂਦਿਆਂ ਰਿਹਰਸਲਾਂ ਸ਼ੁਰੂ ਹੋਈਆਂ। ਪਹਿਲੀ ਰਿਹਰਸਲ ਸ਼ੁਰੂ ਹੁੰਦੇ ਹੀ ਜੇਨ ਮੇਅ ਨੂੰ ਡੰਕਨ ਦਾ ਕੰਮ ਵੇਖ ਕੇ ਗੁੱਸਾ ਚੜ੍ਹ ਗਿਆ ਅਤੇ ਉਹ ਡਾਲੀ ਨੂੰ ਆਖਣ ਲੱਗੀ, "ਇਸ ਛੋਕਰੀ ਵਿਚ ਕਿਣਕਾ ਮਾਤਰ ਵੀ ਪ੍ਰਤਿਭਾ ਨਹੀਂ ਹੈ।" ਸੁਣ ਕੇ ਡੰਕਨ ਦੇ ਗਲੇਡੂ ਵਹਿ ਤੁਰੇ। ਉਸ ਨੂੰ ਲੱਗਿਆ, ਜਿਵੇਂ ਕਿਸੇ ਨੇ ਉਸ ਨੂੰ ਪਹਾੜ ਤੋਂ ਹੇਠਾਂ ਧੱਕਾ ਦੇ ਦਿੱਤਾ ਹੋਵੇ ਪਰ ਡਾਲੀ ਕਹਿਣ ਲੱਗਾ, "ਨਹੀਂ, ਇਹ ਲੜਕੀ ਬੜੀ ਭਾਵ-ਪ੍ਰਗਟਾਊ ਲਗਦੀ ਹੈ। ਉਹ ਕੰਮ ਕਰਨਾ ਸਿੱਖ ਲਵੇਗੀ।"

ਹੁਣ ਲੰਮੀਆਂ ਰਿਹਰਸਲਾਂ ਸ਼ੁਰੂ ਹੋਈਆਂ। ਡੰਕਨ ਨੇ ਜੀਅ-ਜਾਨ ਮਾਰ ਕੇ ਕੰਮ ਸਿਖਣਾ ਸ਼ੁਰੂ ਕੀਤਾ ਪਰ ਉਸ ਦਾ ਮਨ ਇਸ ਬਨਾਵਟੀ ਐਕਟਿੰਗ ਵਿਚ ਨਾਂ-ਮਾਤਰ ਵੀ ਖੁੱਭਦਾ ਨਹੀਂ ਸੀ। ਉਸ ਨੂੰ ਸਾਰਾ ਕੁਝ ਫ਼ਜ਼ੂਲ ਅਤੇ ਬਕਵਾਸ ਪ੍ਰਤੀਤ ਹੋ ਰਿਹਾ ਸੀ। ਉਹ ਸੋਚਦੀ-ਕੀ ਇਹੋ ਸੀ ਉਹ ਕ੍ਰਾਂਤੀ ਜੋ ਉਹ ਨ੍ਰਿਤ ਦੇ ਖੇਤਰ ਵਿਚ ਲਿਆਉਣਾ ਚਾਹੁੰਦੀ ਸੀ? ਉਹ ਆਪਣੇ ਪੈਰ ਜਮਾਉਣ ਲਈ ਡਾਲੀ ਵੱਲੋਂ ਮਿਲਿਆ ਇਹ ਨਿਗੂਣਾ ਅਤੇ ਫਜ਼ੂਲ ਮੌਕਾ ਗਵਾਉਣਾ ਨਹੀਂ ਸੀ ਚਾਹੁੰਦੀ। ਕੀ ਪਤਾ ਸੀ, ਕਦੋਂ ਉਸ ਦੀ ਪ੍ਰਤਿਭਾ ਦੇ ਜਲਵੇ ਪ੍ਰਗਟ ਹੋਣ ਲੱਗ ਜਾਣ! ਉਹ ਇਨ੍ਹਾਂ ਦੋ ਵਰ੍ਹਿਆਂ ਦੇ ਕੌੜੇ ਤਜਰਬੇ ਨੂੰ ਮਿੱਠਾ ਕਰ ਕੇ ਮੰਨਣ ਲਈ ਤਿਆਰ ਸੀ!! ਰਾਤ ਦਿਨੇ ਉਸ ਨੂੰ ਆਪਣੇ ਭਵਿੱਖ ਬਾਰੇ ਸੋਚਣਾ ਪੈ ਰਿਹਾ ਸੀ। ਉਹ ਆਪਣੀਆਂ ਯਾਦਾਂ ਵਿਚ ਲਿਖਦੀ ਹੈ, "ਇਹ ਰਿਹਰਸਲਾਂ ਮੇਰੇ ਲਈ ਸ਼ਹੀਦ ਹੋਣ ਦੇ ਬਰਾਬਰ ਸਨ। ਮੈਨੂੰ ਉਹ ਹਰਕਤਾਂ ਕਰਨ ਲਈ ਆਖਿਆ ਜਾਂਦਾ ਸੀ ਜਿਨ੍ਹਾਂ ਨੂੰ ਮੈਂ ਬਕਵਾਸ ਅਤੇ ਬੇਵਕੂਫ਼ਾਂ ਵਾਲੀਆਂ ਸਮਝਦੀ ਸੀ ਤੇ ਇਨ੍ਹਾਂ ਦਾ ਉਸ ਸੰਗੀਤ ਨਾਲ ਕੋਈ ਸਬੰਧ ਨਹੀਂ ਸੀ ਬਣਦਾ ਜਿਸ ਲਈ ਇਹ ਕੀਤੀਆਂ ਜਾ ਰਹੀਆਂ ਸਨ। ਫੇਰ ਵੀ ਜਵਾਨ ਉਮਰ ਵਿਚ ਮੌਕੇ ਅਨੁਸਾਰ ਢਲ ਜਾਣ ਦੀ ਸਮਰੱਥਾ ਹੁੰਦੀ ਹੈ ਅਤੇ ਅਖੀਰ ਮੈਂ ਇਸ ਹਾਸੋਹੀਣੇ ਪਾਰਟ ਦੇ ਅਨੁਕੂਲ ਆਪਣੇ-ਆਪ ਨੂੰ ਢਾਲ ਲਿਆ।"

ਡੰਕਨ ਦੇ ਮਨ ਨੂੰ ਵਾਰ ਵਾਰ ਇਕ ਹੀ ਸਵਾਲ ਪ੍ਰੇਸ਼ਾਨ ਕਰਦਾ ਰਹਿੰਦਾ। ਉਹ ਆਪਣੇ ਆਪ ਨੂੰ ਕਈ ਵਾਰ ਪੁੱਛਦੀ, ਜੇ ਤੂੰ ਬੋਲਣਾ ਚਾਹੁੰਦੀ ਹੈ ਤਾਂ ਬੋਲਦੀ ਕਿਉਂ ਨਹੀ? ਇਹ ਗੁੰਗਿਆਂ ਅਤੇ ਬੋਲ਼ਿਆਂ ਦੇ ਪਾਗਲਖਾਨੇ ਵਿਚ ਇਸ਼ਾਰੇ ਜਿਹੇ ਕਰੀ ਜਾਣ ਦਾ ਅਰਥ ਹੀ ਕੀ ਹੈ? ਅਖੀਰ ਲੰਮੀਆਂ ਅਤੇ ਅਕਾਊ ਰਿਹਰਸਲਾਂ ਤੋਂ ਬਾਅਦ ਨਾਟਕ ਦੀ ਪੇਸ਼ਕਾਰੀ ਦੀ ਰਾਤ ਆਣ ਪਹੁੰਚੀ। ਸਟੇਜ 'ਤੇ ਜਾਣ ਲਈ ਉਸ ਨੂੰ ਜਿਹੜੀ ਪੁਸ਼ਾਕ ਪਹਿਨਣ ਲਈ ਦਿੱਤੀ ਗਈ, ਉਸ ਵਿਚ ਉਸ ਦਾ ਮੂੰਹ ਸਿਰ ਇੰਜ ਲਪੇਟ ਦਿੱਤਾ ਗਿਆ ਕਿ ਪਤਾ ਹੀ ਨਹੀਂ ਸੀ ਲਗਦਾ, ਇਹ ਕੋਈ ਭੂਤ-ਪ੍ਰੇਤ ਹੈ ਜਾਂ ਕੋਈ ਪਾਤਰ। ਉਸ ਦੀ ਨਿਰਾਸ਼ਾ ਅਤੇ ਸਵੈ-ਨਮੋਸ਼ੀ ਦੀ ਕੋਈ ਹੱਦ ਨਹੀਂ ਸੀ! ਦਰਸ਼ਕਾਂ ਵਿਚ ਬੈਠੀ ਉਸ ਦੀ ਮਾਂ ਵੱਖ ਨਿਰਾਸ਼ ਹੋਈ।

ਇਨ੍ਹਾਂ ਰਿਹਰਸਲਾਂ ਦੇ ਸਮੇਂ ਉਸ ਨੂੰ ਕੋਈ ਤਨਖਾਹ ਨਹੀਂ ਸੀ ਮਿਲਦੀ। ਰਿਹਰਸਲ ਵਾਲੀ ਥਾਂ 'ਤੇ ਪਹੁੰਚਣ ਲਈ ਉਸ ਕੋਲ ਕੋਈ ਸਾਧਨ ਨਹੀਂ ਸੀ। ਨਾ ਰੇਲ, ਨਾ ਬੱਸ, ਨਾ ਟੈਕਸੀ ਅਤੇ ਨਾ ਹੀ ਕੋਈ ਹੋਰ ਸਾਧਨ। ਮੁਸੀਬਤ ਇਹ ਕਿ ਉਹ ਭੁੱਖਣ-ਭਾਣੀ ਹੀ ਤੁਰ ਪੈਂਦੀ ਅਤੇ ਸਾਰੀ ਦਿਹਾੜੀ ਕੁਝ ਨਾ ਖਾਂਦੀ-ਪੀਂਦੀ।

ਨਾਟਕਾਂ ਦੀ ਪ੍ਰਦਰਸ਼ਨੀ ਤੋਂ ਬਾਦ ਹੀ ਉਸ ਨੂੰ ਹਫ਼ਤੇ ਦੇ ਪੰਦਰਾਂ ਡਾਲਰ ਮਿਲਣ ਲੱਗੇ। ਇਸ ਰਕਮ ਵਿਚੋਂ ਉਹ ਅੱਧੇ ਆਪਣੀ ਮਾਂ ਨੂੰ ਭੇਜ ਦਿੰਦੀ। ਉਸ ਦੀ ਨਾਟਕ ਕੰਪਨੀ ਦੌਰੇ 'ਤੇ ਜਾਂਦੀ ਰਹਿੰਦੀ ਸੀ।

ਇਕ ਵਾਰ ਫੇਰ ਡੰਕਨ ਨੇ ਆਪਣੀ ਨ੍ਰਿਤ ਕਲਾ ਬਾਰੇ ਡਾਲੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਡੰਕਨ ਦੀ ਗੱਲ ਨੂੰ ਅੱਧ ਵਿਚਾਲਿਓਂ ਕੱਟਦੇ ਹੋਇਆ ਆਖਿਆ, "ਮੈਂ ਇਕ ਕੰਪਨੀ ਨੂੰ ਸ਼ੇਕਸਪੀਅਰ ਦੇ ਨਾਟਕ 'ਗਰਮੀਆਂ ਵਿਚ ਅੱਧੀ ਰਾਤ ਦਾ ਸੁਪਨਾ' ਤਿਆਰ ਕਰਵਾ ਕੇ ਦੌਰੇ 'ਤੇ ਭੇਜ ਰਿਹਾ ਹਾਂ। ਜੇ ਤੇਰਾ ਜੀਅ ਕਰੇ ਤਾਂ ਤੂੰ ਪਰੀਆਂ ਵਾਲੇ ਦ੍ਰਿਸ਼ ਵਿਚ ਆਪਣਾ ਨ੍ਰਿਤ ਪੇਸ਼ ਕਰ ਸਕਦੀ ਹੈਂ।"

ਸੁਣ ਕੇ ਡੰਕਨ ਨੂੰ ਕੁਝ ਧਰਵਾਸ ਤਾਂ ਹੋਇਆ ਪਰ ਉਸ ਦੇ ਨਾਚ ਦੀ ਅੰਤਰੀਵ ਭਾਵਨਾ ਦਾ ਪਰੀਆਂ ਨਾਲ ਕੋਈ ਸਬੰਧ ਨਹੀਂ ਸੀ ਜੁੜਦਾ। ਮਜਬੂਰੀਵੱਸ ਉਸ ਨੇ ਨੱਚਣ ਦੀ ਸਹਿਮਤੀ ਦੇ ਦਿੱਤੀ। ਜਦੋਂ ਉਸ ਨੇ ਅਜਿਹੇ ਨਾਚ ਦੀ ਤਿਆਰੀ ਕੀਤੀ ਤਾਂ ਉਸ ਨੂੰ ਜਿਹੜੀ ਪੁਸ਼ਾਕ ਪਹਿਨਣ ਲਈ ਦਿੱਤੀ ਗਈ, ਉਹ ਬੜੀ ਬੇਸੁਰੀ ਤੇ ਕੁਢੱਬੀ ਸੀ। ਡੰਕਨ ਨੇ ਇਸ ਬਾਰੇ ਬਥੇਰਾ ਇਤਰਾਜ਼ ਕੀਤਾ ਪਰ ਉਸ ਦੀ ਕੋਈ ਗੱਲ ਨਹੀਂ ਸੁਣੀ ਗਈ।

ਜੀਵਨ ਵਿਚ ਪਹਿਲੀ ਵਾਰ ਡੰਕਨ ਨੂੰ ਸਟੇਜ 'ਤੇ ਨੱਚਣ ਦਾ ਮੌਕਾ ਮਿਲ ਰਿਹਾ ਸੀ। ਉਸ ਦਾ ਰੋਮ-ਰੋਮ ਖੁਸ਼ੀ ਵਿਚ ਨੱਚ ਰਿਹਾ ਸੀ। ਸਾਹਮਣੇ ਦਰਸ਼ਕਾਂ ਦੀ ਭੀੜ ਸੀ। ਜਦੋਂ ਉਹ ਨੱਚੀ ਤਾਂ ਹਾਲ ਵਿਚ ਥਰ-ਥਰਾਹਟ ਫੈਲ ਗਈ। ਹਾਲ ਤਾੜੀਆਂ ਨਾਲ ਗੂੰਜ ਉਠਿਆ। ਲੋਕ ਨਾਚ ਵੇਖ ਕੇ ਆਪ-ਮੁਹਾਰੇ ਪ੍ਰਸੰਨ ਹੋਏ। ਸਟੇਜ ਤੋਂ ਉਤਰ ਕੇ ਜਦੋਂ ਡੰਕਨ ਡਰੈਸਿੰਗ ਰੂਮ ਵਿਚ ਗਈ ਤਾਂ ਡੰਕਨ ਨੂੰ ਆਸ ਸੀ ਕਿ ਡਾਲੀ ਉਸ ਨੂੰ ਥਾਪੀ ਦੇਵੇਗਾ ਪਰ ਡਾਲੀ ਉਹ ਦੇ ਗਲ਼ ਪੈ ਗਿਆ ਅਤੇ ਕਹਿਣ ਲੱਗਾ, "ਇਹ ਕੋਈ ਸੰਗੀਤ ਹਾਲ ਨਹੀਂ ਸੀ।" ਡੰਕਨ ਨੇ ਇਹ ਟਿੱਪਣੀ ਲਹੂ ਦਾ ਘੁੱਟ ਸਮਝ ਕੇ ਪੀ ਲਈ।

ਅਗਲੇ ਦਿਨ ਜਦੋਂ ਇਹੀ ਦ੍ਰਿਸ਼ ਪੇਸ਼ ਕਰਨ ਲਈ ਡੰਕਨ ਸਟੇਜ 'ਤੇ ਆਈ ਤਾਂ ਡਾਲੀ ਦੇ ਹੁਕਮ

ਨਾਲ ਸਟੇਜ ਤੋਂ ਬੱਤੀਆਂ ਬੁਝਾ ਦਿੱਤੀਆਂ ਗਈਆਂ। ਡੰਕਨ ਨੱਚ ਰਹੀ ਸੀ, ਦੀਵੇ ਗੁੱਲ ਸਨ। ਦਰਸ਼ਕ ਹਨੇਰੇ ਵਿਚੋਂ ਕੀ ਵੇਖ ਸਕਦੇ ਸਨ ਭਲਾ!


ਕੁਝ ਪੇਸ਼ਕਾਰੀਆਂ ਤੋਂ ਬਾਅਦ ਇਹ ਨਾਟਕੀ ਟੋਲੀ ਦੂਸਰੇ ਸ਼ਹਿਰਾਂ ਦੇ ਦੌਰੇ 'ਤੇ ਤੁਰ ਪਈ। ਹੁਣ ਡੰਕਨ ਦੀ ਤਨਖਾਹ ਭਾਵੇਂ ਪੰਝੀ ਡਾਲਰ ਕਰ ਦਿੱਤੀ ਗਈ ਸੀ ਪਰ ਡੰਕਨ ਉਸ ਸਾਰੇ ਮਾਹੌਲ ਤੋਂ ਤੰਗ ਸੀ। ਉਹ ਕਰਦੀ ਵੀ ਤਾਂ ਕੀ ਕਰਦੀ! ਜੇ ਉਹ ਕੰਪਨੀ ਦਾ ਕੰਮ ਛੱਡ ਦਿੰਦੀ ਸੀ ਤਾਂ ਭੁੱਖੇ ਮਰਨ ਤੋਂ ਕਿਵੇਂ ਬਚਦੀ। ਇੰਜ ਹੀ ਰੋਂਦੇ ਕੁਰਲਾਉਂਦਿਆਂ ਸਮਾਂ ਲੰਘਦਾ ਗਿਆ!

***

ਹੁਣ ਉਹ ਨਿਊ ਯਾਰਕ ਆਣ ਟਿਕੇ ਸਨ। ਸਾਰੇ ਪਰਿਵਾਰ ਨੇ ਸਟੂਡੀਓ ਕਿਰਾਏ 'ਤੇ ਲੈ ਲਿਆ ਸੀ। ਭੈਣ ਅਲਿਜ਼ਬੈਥ ਨੇ ਸਾਨ ਫਰਾਂਸਿਸਕੋ ਵਾਂਗ ਇਥੇ ਸਕੂਲ ਖੋਲ੍ਹ ਲਿਆ। ਆਗਸਟਨ ਇਕ ਨਾਟਕੀ ਕੰਪਨੀ ਵਿਚ ਜਾ ਸ਼ਾਮਿਲ ਹੋਇਆ ਅਤੇ ਰੇਅਮੰਡ ਪੱਤਰਕਾਰੀ ਨੂੰ ਮੂੰਹ ਮਾਰਨ ਲੱਗਾ, ਪਰ ਘਰ ਦਾ ਖਰਚਾ ਫਿਰ ਵੀ ਤੁਰ ਨਹੀਂ ਸੀ ਰਿਹਾ। ਹਾਰ ਕੇ ਸਟੂਡੀਓ ਦਿਨ ਦੇ ਸਮੇਂ ਲਈ ਇਕ ਟੀਚਰ ਨੂੰ ਕਿਰਾਏ ਉਤੇ ਦੇ ਦਿੱਤਾ ਜੋ ਸਾਰਾ ਦਿਨ ਬੱਚਿਆਂ ਨੂੰ ਭਾਸ਼ਣ ਕਲਾ ਦੇ ਗੁਰਮੰਤਰ ਸਿਖਾਉਂਦਾ ਰਹਿੰਦਾ। ਨਾਲ ਦੀ ਨਾਲ ਉਹ ਸੰਗੀਤ ਦੀ ਸਿੱਖਿਆ ਵੀ ਦਿੰਦਾ ਪਰ ਸਵਾਲ ਇਹ ਸੀ ਕਿ ਡੰਕਨ ਸਾਰਾ ਦਿਨ ਕਿੱਥੇ ਆਰਾਮ ਕਰੇ, ਪੜ੍ਹੇ? ਜਾਂ ਕਿੱਥੇ ਅਭਿਆਸ ਕਰੇ?

ਉਧਰ ਆਗਸਟਨ ਡਾਲੀ ਨੇ 'ਗੀਸ਼ਾ' ਨਾਂ ਦਾ ਨਾਟਕ ਤਿਆਰ ਕਰਨ ਦਾ ਫੈਸਲਾ ਕੀਤਾ। ਇਸ ਵਿਚ ਡੰਕਨ ਨੂੰ ਗੀਤ ਗਾਉਣ ਲਈ ਆਖਿਆ ਗਿਆ। ਉਸ ਨੇ ਤਾਂ ਕਦੇ ਗਾਇਆ ਹੀ ਨਹੀਂ ਸੀ, ਉਹ ਗਾਉਣ ਵੇਲੇ ਬਾਕੀ ਕੁੜੀਆਂ ਨਾਲ ਖਲੋਤੀ ਰਹਿੰਦੀ ਅਤੇ ਮੂੰਹ ਹਿਲਾਉਂਦੀ ਰਹਿੰਦੀ। ਇਹ ਹਾਲਤ ਹਾਸੋਹੀਣੀ ਵੀ ਸੀ ਅਤੇ ਦੁਖਦਾਈ ਵੀ। ਉਸ ਦੇ ਸਾਹਮਣੇ ਫਿਰ ਇਕ ਸਵਾਲ ਸੀ ਕਿ ਕਿੰਨੀ ਦੇਰ ਤੀਕ ਡਾਲੀ ਦੀ ਕੰਪਨੀ ਨਾਲ ਚੰਬੜੀ ਰਹੇ?

ਇਕ ਦਿਨ ਉਹ ਇਕ ਖੋਖੇ 'ਤੇ ਬੈਠੀ ਆਪਣੀ ਕਿਸਮਤ ਨੂੰ ਰੋ ਰਹੀ ਕਿ ਲਾਗੋਂ ਦੀ ਡਾਲੀ ਲੰਘਿਆ। ਉਹ ਵੇਖ ਕੇ ਹੈਰਾਨ ਹੋਇਆ ਅਤੇ ਰੋਣ ਦਾ ਕਾਰਨ ਪੁੱਛਿਆ। ਡੰਕਨ ਕਹਿਣ ਲੱਗੀ, "ਮੇਰੇ ਇਥੇ ਕੰਮ ਕਰਨ ਦਾ ਕੀ ਲਾਭ, ਜੇ ਤੁਸੀਂ ਮੇਰੇ ਹੁਨਰ ਦਾ ਲਾਭ ਹੀ ਨਹੀਂ ਉਠਾਉਣਾ।" ਡਾਲੀ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ। ਡੰਕਨ ਨੇ ਇਸ ਸਾਰੀ ਹਾਲਤ 'ਤੇ ਡਾਲੀ ਨਾਲੋਂ ਆਪਣਾ ਨਾਤਾ ਤੋੜਨ ਦਾ ਫੈਸਲਾ ਕੀਤਾ ਅਤੇ ਕੰਪਨੀ ਤੋਂ ਅਸਤੀਫ਼ਾ ਦੇ ਦਿੱਤਾ। ਗੱਲ ਖਤਮ ਹੋ ਗਈ ਅਤੇ ਰੋਜ਼ ਦੀ ਘੈਂਸ-ਘੈਂਸ ਮੁੱਕੀ।



*ਸੰਗੀਤਕਾਰ ਐਥਲਬਰਟ ਨੇਵਿਨ ਦੀ ਰਚਨਾ 'ਨਾਰਸੀਸਸ' ਪੇਸ਼ ਕਰ ਰਹੇ ਕਲਾਕਾਰ ਦੀ ਤਸਵੀਰ*

ਡੰਕਨ ਨੇ ਆਪਣੇ ਪੈਰਾਂ 'ਤੇ ਖਲੋ ਕੇ ਨ੍ਰਿਤ ਦੀ ਆਪਣੀ ਕਲਾ ਨੂੰ ਪ੍ਰਦਰਸ਼ਿਤ ਅਤੇ ਵਿਕਸਿਤ ਕਰਨ ਦਾ ਫੈਸਲਾ ਕੀਤਾ। ਇਹ ਫੈਸਲਾ ਤਲਖ ਹਾਲਾਤ ਨਾਲ ਨੰਗੇ ਧੜ ਲੜਨ ਦਾ ਸੀ ਪਰ ਪ੍ਰਤਿਭਾਸ਼ੀਲ ਵਿਅਕਤੀਆਂ ਅਤੇ ਕਲਾਕਾਰਾਂ ਦੇ ਜੀਵਨ ਵਿਚ ਅਕਸਰ ਹੀ ਅਜਿਹੇ ਮੋੜ ਆਉਂਦੇ ਹਨ, ਜਦੋਂ ਉਨ੍ਹਾਂ ਨੂੰ ਗੱਲ ਹੰਨੇ ਜਾਂ ਬੰਨੇ ਕਰਨੀ ਪੈਂਦੀ ਹੈ। ਡੰਕਨ ਕੰਪਨੀ ਦੇ ਕੰਮ ਤੋਂ ਫਾਰਗ ਹੋ ਆਪਣੇ ਘਰ ਅਥਵਾ ਕਾਰਨੇਗੀ ਹਾਲ ਵਿਚ ਸਟੂਡੀਓ ਪਰਤ ਆਈ ਅਤੇ ਮਾਂ ਦੀ ਸਹਾਇਤਾ ਨਾਲ ਆਪਣੇ ਮੌਲਿਕ ਨ੍ਰਿਤ ਦਾ ਅਭਿਆਸ ਕਰਨ ਲੱਗੀ। ਘਰ ਵਿਚ ਕੋਈ ਪੈਸਾ-ਟਕਾ ਨਹੀਂ ਸੀ। ਰੋਟੀ ਅਤੇ ਨਿੱਤ ਦੀਆਂ ਲੋੜਾਂ ਦੀ ਪੂਰਤੀ ਕਿਵੇਂ ਹੁੰਦੀ? ਉਂਜ ਉਸ ਨੂੰ ਇਕ ਗੱਲ ਦੀ ਖ਼ੁਸ਼ੀ ਸੀ ਕਿ ਉਹ ਮਨ ਇੱਛਤ ਢੰਗ ਨਾਲ ਕੰਮ ਕਰ ਸਕਦੀ ਸੀ। ਉਨ੍ਹਾਂ ਦਿਨਾਂ ਵਿਚ ਉਹ ਆਪਣੇ ਅਭਿਆਸ ਦੌਰਾਨ ਐਥਲਬਰਟ ਨੇਵਿਨ ਦੇ ਸੰਗੀਤ ਤੋਂ ਬੜੀ ਪ੍ਰਭਾਵਿਤ ਸੀ। ਉਸ ਨੇ ਕੁਝ ਦ੍ਰਿਸ਼ਾਂ ਦਾ ਨਾਚ ਤਿਆਰ ਕੀਤਾ ਅਤੇ ਆਪਣੇ ਸਟੂਡੀਓ ਵਿਚ ਉਸ ਦਾ ਲਗਾਤਰ ਅਭਿਆਸ ਕਰਨ ਲੱਗੀ।

ਇਕ ਦਿਨ ਜਦੋਂ ਉਹ ਆਪਣੇ ਸਟੂਡੀਓ ਵਿਚ ਅਭਿਆਸ ਕਰ ਰਹੀ ਸੀ ਤਾਂ ਇਕ ਓਪਰਾ ਆਦਮੀ ਅੰਦਰ ਆਇਆ। ਉਸ ਨੇ ਅੱਖਾਂ ਟੱਡੀਆਂ ਹੋਈਆਂ ਸਨ ਅਤੇ ਉਸ ਦੇ ਸਿਰ ਦੇ ਵਾਲ ਕੰਡਿਆਂ ਵਾਂਗ ਖੜ੍ਹੇ ਸਨ। ਅੰਦਰ ਵੜਦੇ ਹੀ ਉਹ ਚੀਕਿਆ, "ਮੈਂ ਸੁਣਿਆ ਹੈ ਤੂੰ ਮੇਰੇ ਸੰਗੀਤ ਦੇ ਆਧਾਰ 'ਤੇ ਨਾਚ ਪੇਸ਼ ਕਰਦੀ ਹੈ। ਮੈਂ ਅਜਿਹਾ ਕਰਨ ਤੋਂ ਵਰਜਣ ਆਇਆ ਹਾਂ। ਕੋਈ ਵੀ ਮੇਰੇ ਸੰਗੀਤ ਵੀ ਚੋਰੀ ਨਹੀਂ ਕਰ ਸਕਦਾ।"

ਡੰਕਨ ਲਿਖਦੀ ਹੈ, ਮੈਂ ਪੂਰੇ ਠਰ੍ਹੰਮੇ ਨਾਲ ਆਖਿਆ, "ਆਹ ਲੈ ਕੁਰਸੀ ਤੇ ਬੈਠ। ਮੈਂ ਤੇਰੇ ਸੰਗੀਤ ਦੇ ਆਧਾਰ ਉਤੇ ਨਾਚ ਪੇਸ਼ ਕਰਨ ਲੱਗੀ ਹਾਂ। ਜੇ ਤੈਨੂੰ ਪਸੰਦ ਨਾ ਆਵੇ ਤਾਂ ਮੈਂ ਸਹੁੰ ਖਾਂਦੀ ਹਾਂ ਕਿ ਮੈਂ ਇਸ ਨੂੰ ਕਦੇ ਵੀ ਨਹੀਂ ਨੱਚਾਂਗੀ।"

...ਤੇ ਫਿਰ ਮੈਂ ਉਸ ਲਈ ਨਾਰਸੀਸਸ ਦੀ ਝਲਕੀ ਪੇਸ਼ ਕੀਤੀ। ਇਸ ਝਾਕੀ ਵਿਚ ਅਜਿਹੇ ਨੌਜਵਾਨ ਦੀ ਕਲਪਨਾ ਦਾ ਦ੍ਰਿਸ਼ ਹੈ ਜੋ ਵਗਦੀ ਨਦੀ ਦੇ ਕਿਨਾਰੇ ਖੜ੍ਹਾ ਹੈ ਅਤੇ ਆਪਣੇ ਹੀ ਪ੍ਰਛਾਵੇਂ ਉਤੇ ਮੋਹਿਤ ਹੋ ਰਿਹਾ ਹੈ। ਉਹ ਅੰਤ 'ਤੇ ਫੁੱਲ ਦਾ ਰੂਪ ਧਾਰ ਲੈਂਦਾ ਹੈ। ਮੈਂ ਪੂਰੀ ਰੂਹ ਨਾਲ ਇਸ ਝਾਕੀ ਨੂੰ ਨ੍ਰਿਤ ਦੀ ਭਾਸ਼ਾ ਪੇਸ਼ ਕੀਤਾ। ਵੇਖ ਕੇ ਨੇਵਿਨ ਪ੍ਰਸੰਨ ਹੋ ਗਿਆ। ਝਾਕੀ ਮੁੱਕਣ ਤੋਂ ਪਹਿਲਾਂ ਹੀ ਉਹ ਆਪਣੀ ਕੁਰਸੀ ਤੋਂ ਉਠਿਆ ਅਤੇ ਮੈਨੂੰ ਜੱਫੀ ਵਿਚ ਲੈ ਕੇ ਆਖਣ ਲੱਗਾ, "ਤੂੰ ਤਾਂ ਕੋਈ ਫਰਿਸ਼ਤਾ ਹੈ। ਜਦੋਂ ਮੈਂ ਇਸ ਸੰਗੀਤ ਰਚਨਾ ਦੀ ਸਿਰਜਣਾ ਕਰ ਰਿਹਾ ਸੀ ਤਾਂ ਮੇਰੀ ਕਲਪਨਾ ਵਿਚ ਇਹ ਹੀ ਗੱਲਾਂ ਸਨ।"

ਇਹ ਘਟਨਾ ਡੰਕਨ ਦੇ ਜੀਵਨ ਦੀ ਬਹੁਤ ਹੀ ਮਹੱਤਵਪੂਰਨ ਘਟਨਾ ਸੀ। ਇਥੋਂ ਹੀ ਉਸ ਦੀ ਪੈਂਠ ਦੀ ਕਹਾਣੀ ਅਰੰਭ ਹੁੰਦੀ ਹੈ। ਦੋ ਸਾਲ ਜੋ ਉਸ ਨੇ ਡਾਲੀ ਦੀ ਨਾਟ ਕੰਪਨੀ ਵਿਚ ਲਾਏ ਸਨ, ਉਹ ਅਜਾਈਂ ਹੀ ਚਲੇ ਗਏ ਸਨ ਅਤੇ ਡਾਲੀ ਵਰਗਾ ਪ੍ਰਸਿੱਧ ਪ੍ਰਬੰਧਕ ਉਸ ਵਿਚ ਲੁਕੇ ਗੁਣਾਂ ਨੂੰ ਪਛਾਣ ਹੀ ਨਹੀਂ ਸਕਿਆ ਸੀ।

ਡੰਕਨ ਦੀ ਇਸ ਪੇਸ਼ਕਸ਼ ਨੂੰ ਵੇਖ ਕੇ ਨੇਵਿਨ ਨੇ ਖੁਦ ਹੀ ਆਖਿਆ ਕਿ ਅਗਲੇ ਪ੍ਰੋਗਰਾਮਾਂ ਦਾ ਪ੍ਰਬੰਧ ਉਹ ਖੁਦ ਹੀ ਕਰੇਗਾ। ਫੈਸਲੇ ਅਨੁਸਾਰ ਉਹ ਹਰ ਰੋਜ਼ ਡੰਕਨ ਦੀਆਂ ਮਸ਼ਕਾਂ (ਰਿਹਰਸਲਾਂ) ਵਿਚ ਖੁਦ ਹਾਜ਼ਰ ਹੋਣ ਲੱਗਾ।

ਨੇਵਿਨ ਦੀ ਅਗਵਾਈ ਅਤੇ ਮਿਲਵਰਤਨ ਨਾਲ ਡੰਕਨ ਦਾ ਪਹਿਲਾ ਸ਼ੋਅ ਨਿਊ ਯਾਰਕ ਸ਼ਹਿਰ ਵਿਚ ਕੀਤਾ ਗਿਆ ਜੋ ਬੇਹੱਦ ਸਫ਼ਲ ਰਿਹਾ। ਇਸ ਤੋਂ ਪਿੱਛੋਂ ਉਸ ਦੇ ਕਈ ਹੋਰ ਸ਼ੋਅ ਹੋਏ ਜਿਨ੍ਹਾਂ ਸਦਕਾ ਸ਼ਹਿਰ ਦੇ ਕਲਾਤਮਿਕ ਹਲਕਿਆਂ ਵਿਚ ਉਸ ਦੀ ਚਰਚਾ ਹੋਣ ਲੱਗੀ। ਉਚ ਵਰਗ ਦੀਆਂ ਔਰਤ-ਦਰਸ਼ਕਾਂ ਵਿਚ ਉਹ ਦੀ ਕਲਾ ਵਿਚਾਰ-ਚਰਚਾ ਦਾ ਵਿਸ਼ਾ ਬਣ ਗਈ।

ਸਿੱਟੇ ਵਜੋਂ ਸ਼ਾਹੀ ਖਾਨਦਾਨ ਦੀ ਮਸ਼ਹੂਰ ਹਸਤੀ ਮਿਸਿਜ਼ ਅਸਤੋਰ (Astor) ਨੇ ਡੰਕਨ ਨੂੰ ਆਪਣੇ ਮਹੱਲ ਵਿਚ ਸ਼ੋਅ ਕਰਨ ਲਈ ਸੱਦਾ ਦਿੱਤਾ। ਇਹ ਸ਼ੋਅ ਨਿਊਪੋਰਟ ਵਿਚ ਹੋਇਆ। ਇਸ ਪਿੱਛੋਂ ਉਚ ਵਰਗ ਦੇ ਹੋਰ ਦਰਸ਼ਕਾਂ ਦੇ ਘਰੀਂ ਵੀ ਅਜਿਹੇ ਪ੍ਰੋਗਰਮਾਂ ਦਾ ਸੱਦਾ ਆਇਆ। ਡੰਕਨ ਦੀ ਕਲਾ ਅਜੇ ਵੀ ਜਨ-ਸਾਧਾਰਨ ਦੀ ਪਹੁੰਚ ਤੋਂ ਕੋਹਾਂ ਦੂਰ ਸੀ। ਉਚ ਵਰਗ ਦੇ ਦਰਸ਼ਕ ਆਪਣੀ ਹਉਮੈ ਦੀ ਪੂਰਤੀ ਲਈ ਹੀ ਇਨ੍ਹਾਂ ਪ੍ਰੋਗਰਾਮਾਂ ਵਿਚ ਦਿਲਚਸਪੀ ਲੈਂਦੇ ਸਨ। ਕਲਾ ਦੇ ਵਿਕਾਸ ਵਿਚ ਇਹ ਯਤਨ ਕੋਈ ਸਹਾਈ ਨਹੀਂ ਸੀ ਹੋ ਸਕਦੇ। ਡੰਕਨ ਦੀ ਖੁਦ ਵੀ ਮਾਨਸਿਕ ਤ੍ਰਿਪਤੀ ਨਹੀਂ ਸੀ ਹੋ ਰਹੀ। ਉਹ ਹੋਰ ਅਣਕਿਆਸੀਆਂ ਬੁਲੰਦੀਆਂ ਛੂਹਣਾ ਚਾਹ ਰਹੀ ਸੀ।

ਉਸ ਨੂੰ ਵੱਡੇ-ਵੱਡੇ ਸੁਪਨੇ ਸਤਾਉਣ ਲੱਗੇ-ਕਾਸ਼! ਉਹ ਅਮਰੀਕਾ ਦੀ ਕਲਾ ਵਿਰਵੀ ਭੋਂ ਨੂੰ ਤਿਆਗ ਕੇ ਲੰਡਨ ਵਰਗੇ ਕੌਮਾਂਤਰੀ ਪ੍ਰਸਿੱਧੀ ਵਾਲੇ ਸ਼ਹਿਰ ਵਿਚ ਆਪਣੀ ਕਲਾ ਵਿਖਾ ਸਕੇ ਪਰ ਕਿਵੇਂ? ਉਸ ਦੇ ਪਰਿਵਾਰ ਦੀ ਰਿਹਾਇਸ਼ ਅਤੇ ਰੋਟੀ ਦਾ ਗੰਭੀਰ ਮਸਲਾ ਉਂਜ ਦਾ ਉਂਜ ਖੜ੍ਹਾ ਸੀ। ਉਹ ਜਿਸ ਹੋਟਲ ਵਿਚ ਕਿਰਾਏ ਦੇ ਕਮਰੇ ਵਿਚ ਰਹਿ ਰਹੀ ਸੀ, ਉਸ ਦਾ ਕਿਰਾਇਆ ਦੇਣਾ ਵੀ ਮੁਸ਼ਕਲ ਹੋ ਰਿਹਾ ਸੀ। ਇਕ ਦਿਨ ਸਾਰਾ ਪਰਿਵਾਰ ਬੈਠਾ ਵਿਚਾਰ ਕਰ ਰਿਹਾ ਸੀ ਕਿ ਇਸ ਹੋਟਲ ਦਾ ਬਕਾਇਆ ਕਿਵੇਂ ਅਦਾ ਕੀਤਾ ਜਾਵੇ! ਤਾਂ ਡੰਕਨ ਦੇ ਮੂੰਹੋਂ ਨਿਕਲਿਆ, "ਯਾ ਰੱਬ, ਉਸ ਹੋਟਲ ਨੂੰ ਅੱਗ ਲੱਗ ਜਾਵੇ।" ਅਚੇਤ ਹੀ ਆਖੀ ਉਸ ਦੀ ਗੱਲ ਸੱਚੀ ਹੋ ਗਈ। ਹੋਟਲ ਦੀ ਅੱਗ ਵਿਚ ਸਭ ਕੁਝ ਸੜ ਕੇ ਸਵਾਹ ਹੋ ਗਿਆ ਅਤੇ ਨਾਲ ਹੀ ਉਨ੍ਹਾਂ ਦੇ ਕੱਪੜੇ ਤੇ ਪੋਸ਼ਾਕਾਂ ਵੀ। ਹੁਣ ਉਹ ਫਿਰ ਸੜਕ ਉਤੇ ਸਨ। ਬੇਘਰੇ ਤੇ ਬੇਬਸ! ਪੱਲੇ ਕੱਚੀ ਕੌਡੀ ਵੀ ਨਹੀਂ ਸੀ। ਹਾਲਾਤ ਦੀ ਇਹ ਕੇਹੀ ਵਿੰਡਬਨਾ ਸੀ ਕਿ ਉਹ ਲੰਡਨ ਜਾਣ ਦੇ ਸੁਪਨੇ ਲੈ ਰਹੀ ਸੀ!!



*ਸੰਗੀਤਕਾਰ ਐਥਲਬਰਟ ਨੇਵਿਨ*

---

## ਕਹਾਣੀ

# ਭੂਆ ਖ਼ਤਮ ਕੌਰ

***ਸ਼ਮਸ਼ੇਰ ਸੰਧੂ ਦੀ ਆਮ ਲੋਕਾਂ ਵਿਚ ਪਛਾਣ ਗੀਤਕਾਰ ਵਜੋਂ ਹੈ ਅਤੇ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਹਨੇ ਕਿਸੇ ਜ਼ਮਾਨੇ ਵਿਚ ਕਹਾਣੀਆਂ ਵੀ ਲਿਖੀਆਂ ਅਤੇ ਉਹ ਸਾਹਿਤਕ ਪਰਚਾ 'ਸੰਕਲਪ' ਵੀ ਕੱਢਦਾ ਰਿਹਾ ਹੈ। 1992 ਵਿਚ ਜਦੋਂ ਪੰਜਾਬ ਵਿਚ 'ਸਭਿਅਚਾਰਕ' ਮੇਲਿਆਂ ਦੀ ਹਵਾ ਵਗਣੀ ਅਰੰਭ ਹੋਈ ਤਾਂ ਉਹ ਗੀਤ ਲਿਖਣ ਲੱਗ ਪਿਆ। ਹੁਣ ਉਸ ਦੇ ਦਾਅਵੇ ਮੁਤਾਬਕ, ਉਹ ਇਕ ਵਾਰ ਫਿਰ ਕਹਾਣੀ 'ਤੇ ਹੱਥ ਅਜ਼ਮਾਏਗਾ। ਇਹ ਕਹਾਣੀ ਉਹਨੇ ਕਈ ਦਹਾਕੇ ਪਹਿਲਾਂ ਲਿਖੀ ਸੀ। ਇਸ ਵਿਚ ਪੇਸ਼ ਪਾਤਰ ਪਿੰਡ ਦੀ ਪ੍ਰਤੀਨਿਧ ਪਾਤਰ ਹੈ। ਇੱਦਾਂ ਦੇ ਰੰਗ ਹੁਣ ਬੀਤੇ ਦੀ ਬਾਤ ਹੋ ਗਏ ਜਾਪਦੇ ਹਨ।-ਸੰਪਾਦਕ***

**ਸ਼ਮਸ਼ੇਰ ਸੰਧੂ**

ਖ਼ਤਮ ਕੌਰ ਪਿੰਡ ਦੀ ਮਸ਼ਹੂਰ ਤੇ ਬਦਨਾਮ ਔਰਤ ਸੀ। ਆਲੇ-ਦੁਆਲੇ ਦੇ ਪੱਚੀਆਂ ਪਿੰਡਾਂ 'ਚ ਉਹਦੀ ਭੱਲ ਸੀ। ਉਹਨੇ ਪਿੰਡ ਦੇ ਕਿੰਨੇ ਹੀ ਬੰਦਿਆਂ ਨਾਲ ਜੁਆਨੀ 'ਚ ਦੌੜਾਂ ਲਾਈਆਂ ਤੇ ਪੀਂਘਾਂ ਝੂਟੀਆਂ ਸਨ, ਉਨ੍ਹਾਂ ਵਿਚੋਂ ਕੁਝ ਦੇ ਬੱਚਿਆਂ ਦੀ ਹੁਣ ਉਹ ਭੂਆ ਅਖਵਾਉਂਦੀ ਸੀ ਤੇ ਬਾਕੀ ਬਚਦਿਆਂ ਦੀ ਮਾਸੀ।

ਪਿੰਡ ਦੇ ਕਿਸੇ ਵੀ ਮੁੰਡੇ-ਕੁੜੀ ਦੀ ਸੰਗਲੀ-ਕੜੀ ਮੇਲਣੀ ਹੁੰਦੀ, ਉਹ ਝੱਟ ਮਿਲਾ ਦਿੰਦੀ। ਮੁਟਿਆਰਾਂ, ਚੰਚਲ ਕੁੜੀਆਂ ਰਾਤੀਂ ਉਹਨੂੰ ਦੁੱਧ ਦੇ ਗਲਾਸ ਘਰ ਫੜਾ ਕੇ ਜਾਂਦੀਆਂ। ਮਨਚਲੇ ਮੁੰਡੇ ਆਪਣੇ ਖੇਤਾਂ 'ਚੋਂ ਰਾਤ-ਬਰਾਤੇ ਗੰਨੇ, ਖਰਬੂਜ਼ੇ ਖ਼ਤਮ ਕੌਰ ਦੇ ਘਰ ਸੁੱਟ ਜਾਂਦੇ। ਚਾਹ ਲਈ ਉਸ ਨੇ ਬੱਕਰੀ ਰੱਖੀ ਹੋਈ ਸੀ, ਕਈ ਚੋਬਰ ਡੇਕਾਂ ਦੀਆਂ ਲੈਰੀਆਂ ਟਾਹਣੀਆਂ, ਕਿੱਕਰਾਂ ਦੀ ਲੁੰਗ ਉਹਦੀ ਬੱਕਰੀ ਅੱਗੇ ਰੱਖ ਜਾਂਦੇ।

ਉਸ ਘਰੇ ਉਹਦਾ ਗੇੜਾ ਵੱਧ ਵੱਜਦਾ ਜਿੱਥੇ ਕੁੜੀ ਜਾਂ ਮੁੰਡਾ ਜਵਾਨੀ 'ਚ ਪੈਰ ਰੱਖਦਾ ਹੋਵੇ। ਸਾਰਾ ਦਿਨ ਕੌਲੇ ਕੱਛਣ ਕਰਕੇ ਉਹ ਇਕ ਡੰਗ ਦੀ ਰੋਟੀ ਕਿਸੇ ਨਾ ਕਿਸੇ ਘਰੋਂ ਖਾ ਹੀ ਲੈਂਦੀ।

ਕੰਮ ਵਾਲੀਆਂ ਤੀਵੀਆਂ ਉਹਨੂੰ ਘਰ ਵੜਦੀ ਨੂੰ ਦੇਖ ਮੱਥੇ ਵੱਟ ਪਾਉਂਦੀਆਂ, ਕੰਨੀ ਖਿਸਕਾਉਂਦੀਆਂ ਪਰ ਉਹ ਗੱਲਾਂ ਹੀ ਗੱਲਾਂ 'ਚ ਭਰਮਾ ਲੈਂਦੀ, "ਲੈ ਸੁਣ ਲੈ ਭੈਣੇ! ਲਾਗਲੇ ਪਿੰਡ ਭੰਮਾਲੀਂ ਕਹਿੰਦੇ ਚੰਨਣ ਸਿਉਂ ਦੇ ਪੋਤੇ ਨੂੰ ਸੱਤ ਮੋਹਰਾਂ ਸਿਓਨੇ ਦੀਆਂ ਮੰਗਣੇ 'ਤੇ ਪਾਈਆਂ।"

"ਕੁੜੇ ਨਿਹਾਲੀ! ਘਰੇ ਈ ਆਂ। ਸੁਣਿਐ ਪਿੰਡ ਰਾਊਵਾਲ ਨਗੌਰੀ ਦੀ ਤੀਮੀਂ ਨੂੰ ਜੜੁੱਤ ਨਿਆਣੇ ਜੰਮੇ ਆਂ।"

"ਨੀ ਹੰਸਾਂ ਦੀ ਪੱਤੀ 'ਚ ਕਾਣਾ ਕਰਮਾ, ਓਹੀ ਬੱਕਰੀਆਂ ਵਾਲਾ, ਆਂਹਦੇ ਮਾਣੂਕਿਆਂ ਤੋਂ ਮੁੱਲ ਤੀਮੀਂ ਲੈ ਕੇ ਆਇਐ। ਲੈ ਭਾਈ, ਨੱਬਿਆਂ 'ਚ ਤਾਂ ਅੱਜ-ਕੱਲ੍ਹ ਬੱਕਰੀ ਨਈਂ ਆਉਂਦੀ ਤੇ ਉਹ ਤੀਮੀਂ ਲਿਆਇਐ ਨੱਬਿਆਂ ਦੀ। ਚੱਲ ਭਾਈ ਰੋਟੀ ਤੱਤੀ ਤਾਂ ਖਾਊ ਵਿਚਾਰਾ।"

ਅਜਿਹੀਆਂ ਚਟਪਟੀਆਂ ਖ਼ਬਰਾਂ ਉਹ ਘਰੋ-ਘਰੀ ਦੱਸਦੀ ਫਿਰਦੀ। ਗੱਲ ਨੂੰ ਮਸਾਲੇ ਲਾ ਕੇ ਇੰਨੀ ਲੰਮੀ ਕਰ ਦਿੰਦੀ ਕਿ ਜੇ ਕਿਸੇ ਔਰਤ ਦਾ ਧਾਰ ਚੋਣ ਲਈ, ਮੱਝ ਪਸਮਾਉਣ ਵਾਸਤੇ ਕੱਟਰੂ ਛੱਡਿਆ ਹੁੰਦਾ ਤਾਂ ਦੋ-ਦੋ ਥਣ ਚੁੰਘ ਜਾਂਦਾ। ਆਟਾ ਗੁੰਨ੍ਹਦੀਆਂ ਦਾ ਹੱਥ ਰੁਕ ਜਾਂਦਾ ਤੇ ਆਟੇ ਉਪਰ ਸਿੱਕਰੀ ਆ ਜਾਂਦੀ।

ਓਸ ਸਨਿਚਰਵਾਰ ਨੂੰ ਮੈਂ ਪਿੰਡ ਗਿਆ ਤਾਂ ਮੇਰਾ ਮਿੱਤਰ ਦਿਨ ਦੇ ਛਿਪਾ ਨਾਲ ਮੈਨੂੰ ਮਿਲਣ ਆਇਆ। ਘਰ ਦੀ ਕੱਢੀ ਸ਼ਰਾਬ ਨੇ ਉਹਦੇ ਡੋਰੇ ਗੇਰੂ ਰੰਗੇ ਕੀਤੇ ਹੋਏ ਸਨ। ਜੁੱਤੀ ਪਾ ਕੇ ਮੈਂ ਬਾਹਰ ਖੇਤਾਂ ਵੱਲ ਉਹਦੇ ਨਾਲ ਆ ਗਿਆ। ਰਸਤੇ ਵਿਚ ਕੋਈ ਗੱਲ ਨਾ ਹੋਈ। ਟਿੱਬੇ 'ਤੇ ਬੈਠਦਿਆਂ ਹੀ ਮੈਂ ਪੁੱਛਿਆ, "ਹੂੰਅ। ਫੇਰ ਇਸ ਹਫਤੇ ਕੋਈ ਗੱਲ ਅੱਗੇ ਵਧੀ ਕਿ ਨਈਂ?" ਉਹ ਜਿਵੇਂ ਦੱਸਣ ਨੂੰ ਕਾਹਲਾ ਸੀ, "ਬਾਈ, ਆਪਣੀ ਤਾਂ ਬੇਵਾਹ। ਉਹ ਨਈਂ ਅੱਖ ਮਿਲਾਉਂਦੀ, ਉਹ ਨਈਂ ਹੁੰਗਾਰਾ ਭਰਦੀ।"

"ਫੇਰ ਹੁਣ?" ਮੈਂ ਪੁੱਛਿਆ।

"ਫੇਰ ਹੁਣ!" ਉਹਨੇ ਦੁਹਰਾਇਆ।

"ਜਾ ਕੇ ਖ਼ਤਮ ਕੁਰ ਦੇ ਪੈਰੀਂ ਹੱਥ ਲਾ। ਓਹੀ ਕੋਈ ਜੁਗਤ ਬਣਾਊ।" ਮੈਂ ਰਾਇ ਦਿੱਤੀ।

"ਤੂੰ ਨਾਲ ਚੱਲ।" ਉਸ ਉਤਰ ਦਿੱਤਾ।

ਭੂਆ ਖ਼ਤਮ ਕੌਰ ਦੇ ਘਰ ਪੁੱਜੇ ਤਾਂ ਉਹ ਬੱਕਰੀ ਦੀ ਧਾਰ ਕੱਢ ਰਹੀ ਸੀ। ਦੇਖ ਕੇ ਬੋਲੀ, "ਆ ਵੇ ਪੁੱਤ ਸੋਖਿਆ। ਕਦੇ ਗੰਨੇ ਈ ਚੁਪਾ ਦਿਆ ਕਰ ਭੂਆ ਨੂੰ।" ਫੇਰ ਮੇਰੇ ਵੱਲ ਮੂੰਹ ਭੁਆ ਕੇ ਬੋਲੀ, "ਵੇ ਪਾੜ੍ਹਿਆ, ਤੂੰ ਤਾਂ ਦਿਸਣੋਂ ਈ ਰਹਿ ਗਿਆ। ਹਾਅ, ਸੁਣਿਐ, ਪਰਸੋਂ ਲੁਦੇਹਾਣੇ ਬਾਜ਼ਾਰ 'ਚੋਂ ਗੁੰਡਿਆਂ ਨੇ ਦਿਨ-ਦੀਵੀਂ ਕੁੜੀ ਚੱਕ ਲੀ।"

"ਭੂਆ ਮੈਨੂੰ ਤਾਂ ਪਤਾ ਨਈਂ," ਮੈਂ ਕਿਹਾ।

"ਲੈ ਆਂਹਦੇ, ਪਿਛਲੇ ਮਹੀਨੇ ਵੀ ਓਥੇ ਭਾਰਤ ਨਗਰ ਚੌਕ 'ਚੋਂ ਸੈਕਲ 'ਤੇ ਜਾਂਦੀ ਕੁੜੀ ਦੀ ਕੋਈ ਚੁੰਨੀ ਲਾਹ ਕੇ ਲੈ ਗਿਆ। ਹਾਂ, ਸੱਚ, ਲੈ ਮੈਂ ਤਾਂ ਪੁੱਛਿਆ ਈ ਨਈਂ। ਕਿਵੇਂ ਆਉਣੇ ਹੋਏ ਭਾਈ?"

"ਭੂਆ, ਤੇਰੇ ਗੋਚਰਾ ਇਕ ਕੰਮ ਐ। ਜੇ ਪੂਰਾ ਕਰ ਦੇਵੇਂ ਤਾਂ ਸਾਰੀ ਉਮਰ 'ਹਸਾਨ ਨਾ ਭੁੱਲੀਏ।"

ਹੰਢੀ ਹੋਈ ਤੀਵੀਂ ਝੱਟ ਸਾਡੀ ਅੱਖ ਪਛਾਣ ਗਈ। ਬਾਹਰਲਾ ਬੂਹਾ ਭੇੜ ਆਈ। ਪੀੜ੍ਹੀ ਨੇੜੇ ਖਿੱਚ ਕੇ ਬੋਲੀ, "ਹੁਕਮ ਕਰੋ?"

"ਸਾਡੀ ਤਾਂ ਅਰਜ਼ ਐ। ਲੱਸੀ ਪੀਣਿਆਂ ਦੀ ਲੰਮੋ ਉਤੇ ਸੋਖਾ ਡੁੱਲ੍ਹਿਆ ਫਿਰਦੈ। ਊਂ ਤਾਂ, ਉਹ ਵੀ ਫਸਜੂੰ ਫਸਜੂੰ ਕਰਦੀ ਆ ਪਰ ਜਕੋ-ਤਕੀ 'ਚ ਈ ਛੇ ਮਹੀਨੇ ਨੰਘ ਚੱਲੇ ਨੇ।"

ਭੂਆ ਮੇਰੀ ਗੱਲ ਸੁਣ ਕੇ ਪਹਿਲਾਂ ਮੁਸਕਰਾਈ ਤੇ ਫੇਰ ਹੱਸੀ। ਕਹਿਣ ਲੱਗੀ, "ਵੇ ਮੁੰਡਿਓ, ਮੇਰੇ ਕਿਉਂ ਧੌਲੇ ਚੁਗੌਨੇ ਉਂ। ਤੁਸੀਂ ਸਿੱਧੇ ਮੱਥੇ ਈ ਮਿਲੋ। ਲੈ ਪਿਛਲੇ ਐਤਵਾਰ ਦੀ ਗੱਲ ਆ। ਕਿੰਤੀ ਦੀ ਗੱਲ ਕਰਾ 'ਤੀ ਨੰਬੜਾਂ ਦੇ ਦੋਹਤੇ ਨਾਲ। ਵਿਚਾਰੀ ਕਿੰਤੀ ਕੀ ਜਾਣੇ ਇਸ਼ਕੇ ਦੀਆਂ ਰਮਜ਼ਾਂ ਨੂੰ। ਏਸੇ ਚੁੜੇਲ ਜਿਹੀ ਲੰਮੋ ਨੂੰ ਉਹ ਦੱਸ ਬੈਠੀ। ਇਹਨੇ ਫੱਟ ਉਨ੍ਹਾਂ ਦੇ ਘਰੇ ਜਾ ਦੱਸਿਆ। ਸਾਰੇ ਪਿੰਡ 'ਚ ਵਿਚਾਰੇ ਦੋਹਤੇ ਦੀ ਲਾਲਾ-ਲਾਲਾ ਹੋ ਗਈ। ਮੈਂ ਤਾਂ ਭਾਈ ਖੱਜਲ ਹੋ ਜੂੰ। ਲੰਮੋ ਨੂੰ ਕੀ ਪਤੈ ਇਨ੍ਹਾਂ ਸਵਾਦਾਂ ਦਾ। ਨੂਰੀ ਝੂਟੇ ਹਰ ਕਿਸੇ ਦੀ ਕਿਸਮਤ 'ਚ ਨਹੀਂ ਹੁੰਦੇ।"

"ਇਉਂ ਨਾ ਕਰ ਭੂਆ। ਅਸੀਂ ਤਾਂ ਹੁਣ ਤੇਰੇ ਰੱਖਣ ਦੇ ਆਂ। ਕੱਢ ਦੇ ਗਊ ਗਾਰੇ 'ਚੋਂ।" ਸੋਖੇ ਨੇ ਵੀ ਚੁੱਪ ਤੋੜੀ। ਮੈਂ ਸੋਚਿਆ ਭੂਆ ਨੇ ਪੈਸਿਆਂ ਬਿਨਾ ਨਈਂ ਹੁੰਗਾਰਾ ਭਰਨਾ, "ਤੂੰ ਭੂਆ ਆਵਦੀ ਫੀਸ ਲੈ ਠੋਕ ਕੇ ਤੇ ਕੋਸ਼ਿਸ਼ ਕਰ ਵੇਖ।"

ਹਟਵਾਣੀਆਂ ਵਾਂਗੂੰ ਭੂਆ ਝੱਟ ਬੈਂਡ ਬਦਲ ਗਈ, "ਲੈ ਮੈਂ ਆਪਣੀ ਜਣੇ ਪੂਰੀ ਕੋਹਟ ਕਰੂੰ ਤੇ ਰੁਪਈਏ ਲਊਂ ਪੂਰੇ ਪੰਦਰਾਂ। ਅਗਲੇ ਐਤਵਾਰ ਐਨ ਦੁਪਹਿਰੇ ਆ ਜਾਇਓ।"

ਸਾਈ ਵਜੋਂ ਅਸੀਂ ਪੰਜ ਰੁਪਏ ਦਾ ਨੋਟ ਵਧਾਇਆ। ਉਹ ਬੋਲੀ, "ਨਾ ਭਾਈ, ਲੇਖਾ ਮਾਂਵਾਂ-ਧੀਆਂ ਦਾ। ਜੂਏ ਤੇ ਇਸ਼ਕੇ 'ਚ ਹੁਧਾਰ ਨਈਂ ਚੱਲਦੇ। ਪੈਸੇ ਪਹਿਲੋਂ ਈ ਪੂਰੇ ਦੇ ਜੋ, ਆਪਾਂ ਰੀਤ ਨਈਂ ਭੰਨਣੀ। ਪਹਿਲੇ ਦਿਨੋਂ ਹੀ ਮੇਰਾ ਤਾਂ ਸੁਭਾਅ, ਪਈ ਕੰਮ ਠੋਕ ਵਜਾ ਕੇ ਕਰਨਾ ਤੇ ਪੈਸੇ ਵੀ ਠੋਕ ਕੇ ਲੈਣੇ।" ਅਸੀਂ ਪੰਜਾਂ ਦੇ ਹੋਰ ਦੋ ਨੋਟ ਦੇ ਕੇ ਬਾਹਰ ਆ ਗਏ।

ਮਿਥੇ ਦਿਨ, ਮਿਥੇ ਸਮੇਂ ਅਨੁਸਾਰ ਅਸੀਂ ਮਿਥੀ ਥਾਂ ਪੁੱਜ ਗਏ। ਭੂਆ ਨੇ ਕੋਠੜੀ 'ਚ ਵਿਛੇ ਬਿਸਤਰੇ 'ਤੇ ਬਿਠਾਇਆ ਤੇ ਬੋਲੀ, "ਮੈਂ ਲੰਮੋ ਨੂੰ ਲੈਣ ਜਾਨੀ ਆਂ। ਗੱਲ ਬਣਗੀ।" ਤੇ ਫਿਰ ਮੈਨੂੰ ਕਹਿਣ ਲੱਗੀ, "ਤੂੰ ਪਾੜ੍ਹਿਆ, ਆਹ ਨਾਲ ਦੇ ਤੂੜੀ ਵਾਲੇ ਅੰਦਰ ਮੰਜੀ ਡਾਹ ਕੇ ਪੈ ਜਾ।"

ਜਾਣ ਲੱਗੀ ਉਹ ਬਾਹਰੋਂ ਕੁੰਡਾ ਲਾ ਗਈ। ਕੁਝ ਦੇਰ ਪਿੱਛੋਂ ਕੁੰਡਾ ਖੜਕਿਆ। ਫਿਰ ਕੋਠੜੀ ਦਾ ਬੂਹਾ ਭਿੜਨ ਅਤੇ ਫੇਰ ਬਾਹਰਲਾ ਬੂਹਾ ਬੰਦ ਹੋਣ ਦੀ ਆਵਾਜ਼ ਸੁਣਾਈ ਦਿੱਤੀ। ਭੂਆ ਮੇਰੇ ਵੱਲ ਆਈ, "ਲੈ ਪਾੜ੍ਹਿਆ, ਤੂੰ ਨਾ ਹਿੱਲੀਂ ਏਥੋਂ। ਮੈਂ ਵਿਹੜੇ 'ਚ ਰਾਖੀ ਬੈਠਦੀ ਆਂ।" ਕਹਿ ਕੇ ਉਹ ਤੁਰ ਗਈ।

ਅਗਲੇ ਪਲ ਹੀ ਰੌਸ਼ਨਦਾਨ ਵਿਚੋਂ ਮੈਨੂੰ 'ਘੁਰ' 'ਘੁਰ' ਸੁਣਾਈ ਦਿੱਤੀ। ਉਸ ਕੋਠੜੀ ਦਾ ਅਤੇ ਇਸ ਤੂੜੀ ਵਾਲੇ ਕੋਠੇ ਦਾ ਰੌਸ਼ਨਦਾਨ ਸਾਂਝਾ ਸੀ। ਆਵਾਜ਼ ਹੋਰ ਉਚੀ ਹੋ ਗਈ ਪਰ ਸ਼ਬਦ ਸਮਝ ਨਹੀਂ ਸੀ ਆ ਰਹੇ। ਮੈਨੂੰ ਕੀ ਸੁੱਝੀ। ਮੰਜੀ ਨੂੰ ਪੈਂਦ ਪਰਨੇ ਖੜ੍ਹੀ ਕਰਕੇ ਰੌਸ਼ਨਦਾਨ ਵਿਚਦੀ ਕੋਠੜੀ ਵੱਲ ਥੱਲੇ ਝਾਕਿਆ। ਸੋਖਾ ਨੀਵੀਂ ਪਾਈ ਕੁੰਗੜਿਆ ਬੈਠਾ ਸੀ। ਲੰਮੋ ਬਿਫਰੀ ਸ਼ੇਰਨੀ ਵਾਂਗੂ ਚਿੰਘਾੜ ਰਹੀ ਸੀ, "ਐਥੇ ਮੈਂ ਤਾਂ ਆਈ ਕਿ ਤੇਰੇ ਨਾਲ ਦੋ ਹੱਥ ਕਰਨੇ ਸੀ। ਤੂੰ ਮੈਨੂੰ ਬਰਫੀ ਦੀ ਟੁਕੜੀ ਸਮਝਿਐ! ਤੂੰ ਸੋਚਿਆ ਹੋਣੈ, ਇਹਦੇ ਕੋਈ ਭਰਾ ਨਈਂ। ਫਿਰ ਕੀ ਹੋਇਆ, ਮੈਂ ਤਾਂ ਪੁੱਠੇ ਹੱਥ ਦੀ ਚਪੇੜ ਮਾਰ ਕੇ ਤੇਰੇ ਸੱਤ ਗੇੜੇ ਖੁਆ ਦੂੰ।"

ਸੋਖਾ ਚੁੱਪ ਸੀ। ਬਿਲਕੁਲ ਚੁੱਪ। ਕਦੇ ਸੱਜਾ ਗੋਡਾ ਖੁਰਕ ਲਵੇ, ਕਦੇ ਖੱਬਾ। ਅੱਖਾਂ ਧਰਤੀ 'ਚ ਗੱਡੀਆਂ ਹੋਈਆਂ ਸਨ।

ਲੰਮੋ ਫੇਰ ਗੜ੍ਹਕੀ, "ਤੂੰ ਅੱਖ ਤਾਂ ਚੁੱਕ ਤਾਂਹਾਂ। ਮੈਂ ਤਾਂ ਜੇ ਅੱਜ ਪੁੜੈਣ ਤੋਂ ਮਾਮੇ ਦੇ ਪੁੱਤਾਂ ਨੂੰ ਬੁਲਾ ਕੇ ਦੱਸ ਦਿਆਂ ਤਾਂ ਤੈਨੂੰ ਰਾਤੋ-ਰਾਤ ਖਪਾ ਦੇਣ। ਸੱਤਾਂ ਜਣਿਆਂ ਨੂੰ ਬੁਰਕੀ ਬੁਰਕੀ ਆਊ ਤੇਰੀ ਵੱਡੇ ਖੱਬੀਖਾਨ ਦੀ।" ਤੇ ਉਹਨੇ ਸੱਜੇ ਹੱਥ ਨੂੰ ਇਉਂ ਸੋਖੇ ਵੱਲ ਵਧਾਇਆ ਜਿਵੇਂ ਉਹਦੇ ਮੂੰਹ 'ਚ ਤੁੰਨਣਾ ਹੋਵੇ। ਸੋਖੇ ਨੇ ਲੰਮਾ ਸਾਹ ਲੈ ਕੇ ਹਉਕਾ ਜਿਹਾ ਛੱਡਿਆ। ਉਧਰੋਂ ਭੂਆ ਮੇਰੇ ਵੱਲ ਭੱਜੀ ਆਈ। ਮੈਂ ਥੱਲੇ ਉਤਰਿਆ ਤਾਂ ਹਫ਼ੀ ਹੋਈ ਬੋਲੀ, "ਕੁੜੀ ਤਾਂ ਪੈ ਨਿਕਲੀ ਮੁੰਡੇ ਨੂੰ। ਹੁਣ ਕੀ ਲਾਜ ਬਣਾਈਏ!"

"ਦੇਖੀ ਜਾਊ ਜਿਹੜੀ ਹੋਊ। ਤੂੰ ਬਹਿ ਜਾ ਏਥੇ ਈ," ਮੈਂ ਕਿਹਾ। ਉਹ ਥੱਲੇ ਹੀ 'ਵਾਖਰੂ' 'ਵਾਖਰੂ' ਕਰਦੀ ਬੈਠ ਗਈ। ਮੈਂ ਫੇਰ ਮੰਜੀ 'ਤੇ ਚੜ੍ਹ ਕੇ ਕੰਨ ਅਤੇ ਮੂੰਹ ਅੰਦਰ ਨੂੰ ਕੀਤੇ। ਸੋਖਾ ਨਾ ਉਤਲੀ ਦੰਦੀ, ਨਾ ਥੱਲੜੀ ਦੰਦੀ। ਬਸ, ਘੇਸਲ ਜਿਹੀ ਵੱਟੀ ਚੁੱਪਚਾਪ ਅਤੇ ਅਹਿੱਲ ਬੈਠਾ ਸੀ। ਕੁੜੀ ਦਾ ਪਾਰਾ ਫੇਰ ਚੜ੍ਹ ਗਿਆ।

"ਮੈਨੂੰ ਛੀ ਮਹੀਨੇ ਹੋਗੇ ਤੇਰੇ ਮੂੰਹ ਵੱਲ ਵੇਂਹਦੀ ਨੂੰ। ਪਈ ਇਹ ਹੁਣ ਵੀ ਮੇਰਾ ਪਿੱਛਾ ਛੱਡਦਾ, ਹੁਣ ਵੀ। ਤੂੰ ਸਮਝਿਆ ਹੋਣੈ, ਭੋਲੀ-ਭਾਲੀ ਕੁੜੀ ਐ।" ਤੇ ਫੇਰ ਉਹ ਮੰਜੇ ਤੋਂ ਉਠਦੀ ਬੋਲੀ, "ਲੈ ਜੇ ਬੰਦੇ ਦਾ ਹੋਵੇਂਗਾ ਤਾਂ ਮੁੜ ਕੇ ਮੇਰੇ ਪਰਛਾਵੇਂ ਵੱਲ ਨਾ ਝਾਕੀਂ। ਇਸ ਵਾਰ ਤੈਨੂੰ ਛੱਡ 'ਤਾ। ਫੇਰ ਆਪਣਾ ਪੜ੍ਹਿਆ ਵਿਚਾਰੀਂ। ਮੈਥੋਂ ਬੁਰਾ ਕੋਈ ਨਈਂ ਹੋਊ।"

ਲੰਮੋ ਨੇ ਅੰਦਰੋਂ ਗੁੱਸੇ 'ਚ ਬੂਹਾ ਖੜਕਾਇਆ। ਮੈਂ ਮੰਜੀ ਤੋਂ ਥੱਲੇ ਉਤਰ ਆਇਆ। ਲੰਮੋ ਨੇ ਭੂਆ ਵੱਲ ਕਹਿਰੀ ਨਜ਼ਰੇ ਤੱਕਿਆ।

(ਬਾਕੀ ਸਫਾ 42 'ਤੇ)

# ਸਿੱਖਾਂ ਦਾ ਮਨ ਨੀਵਾਂ ਮਤ ਉਚੀ ਜਾਂ ਨੱਕ ਉਚਾ, ਮਤ ਨੀਵੀਂ

ਗੁਰਜੀਤ ਕੌਰ*

ਸਤੰਬਰ 1999 ਦੀ ਗੱਲ ਹੈ। ਦਿੱਲੀ ਦੇ ਗੁਰਦੁਆਰਾ ਰਕਾਬਗੰਜ ਦੇ ਮੀਟਿੰਗ ਹਾਲ ਵਿਚ ਇਕ ਵਿਸ਼ੇ 'ਤੇ ਬੋਲਣ ਲਈ ਕਿਹਾ ਗਿਆ। ਵਿਸ਼ਾ ਸੀ-ਅੱਜ ਤੋਂ 25 ਸਾਲ ਬਾਅਦ ਦੀ ਸਿੱਖੀ। ਮੈਂ ਅਗਲੇ ਦਿਨ ਇਸ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਬੋਲਣ ਤੋਂ ਬਾਅਦ ਕਿਸੇ ਜਥੇਦਾਰ ਜਾਂ ਹੋਰ ਬੈਠੇ ਬੰਦਿਆਂ ਤੋਂ ਕੋਈ ਪ੍ਰਤੀਕ੍ਰਿਆ ਨਹੀਂ ਮਿਲੀ। ਮੇਰੇ ਵਿਚਾਰ ਅੱਜ ਦੇ ਲੇਖ ਵਰਗੇ ਹੀ ਸਨ। ਉਸ ਤੋਂ ਬਾਅਦ ਇਕ ਪ੍ਰਚਾਰਕ ਉਠਿਆ ਅਤੇ ਲੱਗਾ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਦੇ ਅਰਥ ਕਰਨ। ਮੈਂ ਉਸ ਨੂੰ ਉਥੇ ਇਹ ਕਹਿ ਕੇ ਹੀ ਰੋਕ ਦਿੱਤਾ ਕਿ ਇਹ ਤਾਂ ਅਸੀਂ ਕਿਸੇ ਵੀ ਸਟੀਕ ਵਿਚੋਂ ਪੜ੍ਹ ਸਕਦੇ ਹਾਂ। ਉਹ ਵੀ ਇਸੇ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕਰੇ। 70 ਕੁ ਸਾਲ ਦੇ ਬਜ਼ੁਰਗ ਚੁੱਪ ਸਨ ਅਤੇ ਜਥੇਦਾਰ ਵੀ। ਉਨ੍ਹਾਂ ਦੀ ਚੁੱਪ ਦਾ ਕਾਰਨ ਮੈਨੂੰ ਅੱਜ ਸਮਝ ਆਉਂਦਾ ਹੈ। ਉਹ ਲੋਕ ਵੀ ਤਾਂ ਸਾਡੇ ਵਿਚੋਂ ਹੀ ਹਨ ਜਿਨ੍ਹਾਂ ਬਾਰੇ ਸਿੱਖ ਹੋਣ ਦੇ ਨਾਤੇ ਕਿਹਾ ਜਾਂਦਾ ਹੈ ਕਿ ਮਨ ਨੀਵਾਂ ਮੱਤ ਉਚੀ; ਜਿਹੜੇ ਸਿੱਖ ਧਰਮ ਨਾਲ ਵਫ਼ਾਦਾਰੀ ਗੁਰਦੁਆਰਿਆਂ 'ਤੇ ਸੋਨਾ ਲਗਵਾ ਕੇ ਕਰਦੇ ਨੇ। ਪ੍ਰਬੰਧਕ ਕਮੇਟੀ ਹੇਠ ਚਲਦੇ ਅਦਾਰਿਆਂ ਵਿਚ ਕਰਮਚਾਰੀਆਂ ਨੂੰ ਭਾਵੇਂ ਤਨਖਾਹ ਅਤੇ ਢੁੱਕਵੇਂ ਹੱਕ ਵੀ ਨਾ ਮਿਲਦੇ ਹੋਣ।

ਮੈਨੂੰ ਹੁਣ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਕਿ ਜਿਹੜੀ ਤਬਦੀਲੀ ਮੈਂ ਕੁਝ ਸਾਲ ਬਾਅਦ ਹੋਣ ਦੀ ਗੱਲ ਕੀਤੀ ਸੀ, ਉਹ ਤਾਂ ਸ਼ਾਇਦ ਕਿੰਨੇ ਸਾਲ ਪਹਿਲਾਂ ਹੀ ਆ ਚੁੱਕੀ ਸੀ ਜਿਸ ਨੂੰ ਅਸੀਂ ਬ੍ਰਾਹਮਣਵਾਦ ਕਹਿ ਸਕਦੇ ਹਾਂ। ਸਮਝ ਨਹੀਂ ਆਉਂਦੀ ਕਿ ਅਸੀਂ ਕੇਸਧਾਰੀ ਹਿੰਦੂ ਹਾਂ ਕਿ ਬਿਨਾ ਕੇਸਾਂ ਦੇ ਸਿੱਖ। ਪਤਾ ਨਹੀਂ, ਅਸੀਂ ਹਾਲੇ ਕਿੰਨਾ ਕੁ ਗਰਕਣਾ ਹੈ। ਪਹਿਲਾਂ ਹਿੰਦੁਸਤਾਨ ਦਾ ਅਨੁਭਵ ਲਿਆ, ਬਾਅਦ ਵਿਚ ਅਮਰੀਕਾ 'ਚ ਆ ਕੇ ਅਨੁਭਵ ਤੁਲਨਾਤਮਕ ਹੋ ਗਿਆ ਅਤੇ ਸਿੱਖਾਂ ਦੀ ਮੱਤ ਉਚੀ ਦੇ ਕਈ ਉਦਾਹਰਨ ਵੇਖਣ ਨੂੰ ਮਿਲੇ!

ਅਰਦਾਸ ਹੁੰਦੀ ਹੈ ਤਾਂ ਭਾਈ ਸਾਹਿਬ ਕਹਿੰਦੇ ਨੇ ਕਿ ਬਿਨਾ ਬੋਲਿਆਂ ਹੀ ਰੱਬ ਸਭ ਕੁਝ ਜਾਣਦਾ ਹੈ, ਸਵਾਲ ਹੈ, ਤਾਂ ਫਿਰ ਅਰਦਾਸ ਕਿਸ ਗੱਲ ਦੀ ਕਰੀਏ? ਪਰ ਬਾਅਦ ਵਿਚ ਲੜੀ ਸ਼ੁਰੂ ਹੁੰਦੀ ਹੈ ਲੋਕਾਂ ਦੇ ਨਾਂਵਾਂ ਦੀ ਅਤੇ ਭਾਂਤ-ਭਾਂਤ ਦੀਆਂ ਮੰਗਾਂ ਦੀ। ਲੋਕ ਇਹ ਨਹੀਂ ਸਮਝਦੇ ਕਿ ਅਰਦਾਸ ਵਿਚ ਸ਼ਾਮਿਲ ਕਈ ਬਜ਼ੁਰਗ ਨੇ ਜਿਹੜੇ ਖੜ੍ਹੇ ਨਹੀਂ ਸਕਦੇ, ਕਈਆਂ ਬੀਬੀਆਂ ਨੇ ਬੱਚੇ ਕੁੱਛੜ ਚੁੱਕੇ ਹੋਏ ਨੇ। ਅਸੀਂ ਕਦੀ ਸੋਚਿਆ ਹੈ ਕਿ ਜਦੋਂ ਸਾਡੇ 'ਤੇ ਕੋਈ ਬਿਪਤਾ ਪੈ ਜਾਵੇ ਤਾਂ ਅਸੀਂ ਉਥੇ ਖੜ੍ਹੇ-ਖੜ੍ਹੇ ਹੀ ਕਿਉਂ ਕਹਿੰਦੇ ਹਾਂ ਕਿ ਹੇ ਸੱਚਿਆ ਪਾਤਸ਼ਾਹ, ਸਾਨੂੰ ਬਚਾਅ। ਅਸੀਂ ਗੁਰਦੁਆਰੇ ਵੱਲ ਨਹੀਂ ਭੱਜਦੇ। ਕਦੇ ਪੁਲਿਸ ਵਾਲੇ ਤੋਂ ਟਿਕਟ ਲੈਣੋਂ ਬਚ ਜਾਓ ਤਾਂ ਐਤਵਾਰ ਨੂੰ ਸ਼ੁਕਰਾਨੇ ਵਜੋਂ ਭਾਈ ਸਾਹਿਬ ਤੋਂ ਅਰਦਾਸ ਨਹੀਂ ਕਰਾਉਂਦੇ।

ਦੂਜੀ ਉਚੀ ਮੱਤ ਵੇਖੀ ਹੈ ਜਦੋਂ ਕਿਸੇ ਨੂੰ ਪਹਿਲੀ ਵਾਰ ਮਿਲੀਏ ਤਾਂ ਗੱਲ ਜ਼ਰੂਰ ਛਿੜਦੀ ਹੈ ਕਿ ਤੁਸੀਂ ਕਿਹੜੇ ਸੰਤਾਂ ਜਾਂ ਬਾਬਿਆਂ ਨੂੰ ਮੰਨਦੇ ਹੋ। ਜਿੱਦਾਂ ਬਾਬਾ ਨਾ ਹੋ ਗਿਆ, ਕੋਈ ਦੰਤ-ਮੰਜਨ ਹੋ ਗਿਆ ਕਿ ਕਿਹੜਾ ਬਰਾਂਡ ਵਰਤਦੇ ਹੋ? ਤੇ ਜੇ ਮੇਰੇ ਵਰਗੀ ਕਹਿ ਦੇਵੇ ਕਿ ਮੈਂ ਕੋਈ ਬਾਬਾ ਬਰਾਂਡ ਪ੍ਰਾਣੀ ਨਹੀਂ ਤਾਂ ਅਗਲਾ ਮੈਨੂੰ ਨਾਸਤਿਕ ਸਮਝਦਾ ਹੈ। ਮੇਰਾ ਵਿਚਾਰ ਹੈ ਕਿ ਜਦੋਂ ਗੁਰਬਾਣੀ ਦੀ ਰਚਨਾ ਕਰਨ ਵਾਲੇ, ਤੱਤੀਆਂ ਤਵੀਆਂ 'ਤੇ ਬਹਿਣ ਵਾਲੇ ਆਪਣੇ ਆਪ ਨੂੰ ਨੀਚ, ਨਿਰਗੁਣ ਅਤੇ ਮੂਰਖ ਕਹਿ ਕੇ ਸੰਬੋਧਤ ਕਰਦੇ ਨੇ ਤਾਂ ਉਨ੍ਹਾਂ ਤੋਂ ਅੱਗੇ ਨਿਕਲ ਕੇ ਕੋਈ ਕਿੱਦਾਂ ਮੱਥੇ ਟਿਕਵਾ ਸਕਦਾ ਹੈ? ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸੰਤ ਆਮ ਬੰਦੇ ਨੂੰ ਰੱਬ ਨਾਲ ਜੋੜਦਾ ਹੈ। ਬੰਦਾ ਪੁੱਛੇ ਕਿ ਜੁੜਿਆ ਉਸ ਨਾਲ ਜਾਂਦਾ ਹੈ ਜਿਸ ਤੋਂ ਵੱਖਰੇ ਹੋਈਏ।

ਗੁਰਬਾਣੀ ਵਿਚ ਭਗਤਾਂ ਨੇ ਕਿਹਾ ਕਿ ਮੇਰੇ ਤੇ ਤੇਰੇ ਵਿਚ ਪਾਣੀ ਤੇ ਜਲਤਰੰਗ ਦਾ ਅੰਤਰ ਹੈ। ਗੁਰੂ ਸਾਹਿਬ ਕਹਿੰਦੇ ਨੇ, ਮਨਾਂ ਤੂੰ ਆਪ ਹੀ ਜੋਤ ਸਰੂਪ ਹੈ। ਬੱਸ ਦੁਨੀਆਂ 'ਤੇ ਆਉਣ ਦੇ ਮਕਸਦ ਨੂੰ ਪਛਾਣ। ਆਸਾ ਦੀ ਵਾਰ ਵਿਚ ਦਰਜ ਹੈ ਕਿ ਰੱਬ ਨੇ ਸਾਡੇ ਵਰਗੇ ਮੂਰਖਾਂ ਨੂੰ ਆਪਣੇ ਦੱਸੇ ਧੰਦਿਆਂ 'ਤੇ ਲਾਇਆ ਹੈ। ਸਾਰੀ ਉਮਰ ਰੱਬ ਦੀ ਉਪਾਸਨਾ ਕਰਦਿਆਂ ਹੀ ਲੰਘ ਗਈ, ਫਿਰ ਰੱਬ ਸਾਥੋਂ ਵੱਖ ਕਦੋਂ ਹੋਇਆ? ਰਾਗ ਸੋਰਠਿ ਵਿਚ ਅੰਕਤ ਹੈ, ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤ॥ ਧੰਨ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਗੁਰੂ ਅਰਜਨ ਦੇਵ ਜੀ ਇਹ ਪਰਿਭਾਸ਼ਾ ਦਿੰਦੇ ਨੇ ਸੰਤ ਦੀ। 'ਸੰਤ ਸਿਪਾਹੀ' ਦੇ ਸੰਕਲਪ ਤੇ ਹਸਤਾਖਰ ਕੀਤੇ ਗੁਰੂ ਗੋਬਿੰਦ ਸਿੰਘ ਨੇ ਪਰ ਧਿਆਨ ਨਾਲ ਵੇਖੀਏ ਤਾਂ ਇਹ ਸੰਕਲਪ ਗੁਰੂ ਗ੍ਰੰਥ ਸਾਹਿਬ ਵਿਚ ਹਰ ਥਾਂ ਵੇਖਣ ਨੂੰ ਮਿਲਦਾ ਹੈ। ਅਸੀਂ ਭਗਤਾਂ ਲਈ ਵੀ ਕਈ ਵਾਰ ਸੰਤ ਲਫ਼ਜ਼ ਦੀ ਵਰਤੋਂ ਕਰਦੇ ਹਾਂ। ਉਨ੍ਹਾਂ ਆਪਣੇ ਸਮੇਂ ਵਿਚ ਬਾਹਮਣ ਜਾਤ ਦੀਆਂ ਵਧੀਕੀਆਂ ਬਰਦਾਸ਼ਤ ਕਰਦਿਆਂ ਵੀ ਹਿੱਕ ਥਾਪੜ ਕੇ ਉਨ੍ਹਾਂ ਦਾ ਮੁਕਾਬਲਾ ਹੀ ਨਹੀਂ ਕੀਤਾ, ਸਗੋਂ ਲਿਖਤੀ ਬਿਆਨ ਵੀ ਦਿੱਤੇ। 20ਵੀਂ ਸਦੀ ਵਿਚ ਵੀ ਸੰਤ ਸਿਪਾਹੀਆਂ ਦਾ ਉਦਾਹਰਨ ਮਿਲਦਾ ਹੈ ਜਿਵੇਂ ਸੰਤ ਭਿੰਡਰਾਂਵਾਲੇ, ਭਗਤ ਪੂਰਨ ਸਿੰਘ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ।

ਸਵਾਲ ਹੈ, ਅੱਜ ਦੇ ਬਾਬੇ ਜੇ ਰੱਬ ਦੇ ਨਾਂ ਵਿਚ ਯਕੀਨ ਰੱਖਦੇ ਨੇ ਤਾਂ ਫਿਰ ਇਨ੍ਹਾਂ ਨੇ ਅੰਗ-ਰੱਖਿਅਕ ਕਿਸ ਦੇ ਡਰ ਤੋਂ ਰੱਖੇ ਹੋਏ ਨੇ? ਜਿਸ ਤਰ੍ਹਾਂ ਵਿਆਹਾਂ ਵਿਚ ਵੱਖ-ਵੱਖ ਮਰਾਸੀਆਂ ਤੋਂ ਅਖਾੜੇ ਲਵਾਏ ਜਾਂਦੇ ਨੇ, ਇਸੇ ਤਰ੍ਹਾਂ ਹੀ ਸਰਕਾਰਾਂ ਨੇ ਆਪਣੇ ਚੋਣ ਅਖਾੜਿਆਂ ਵਿਚ ਇਨ੍ਹਾਂ ਦੀ ਵਰਤੋਂ ਕਰਨੀ ਹੁੰਦੀ ਹੈ, ਆਪਣੀ ਟੀ.ਆਰ.ਪੀ. ਵਧਾਉਣ ਲਈ। ਜੇ ਇਹ ਲੋਕ ਨਾਂ ਦਾ ਸਹਾਰਾ ਲੈਣ ਵਾਲੇ ਹੋਣ ਤਾਂ ਅੱਜ ਘੱਟ ਤੋਂ ਘੱਟ ਹਿੰਦੁਸਤਾਨ ਦੇ ਇਕ ਨੋਟ 'ਤੇ ਤਾਂ ਭਗਤ ਸਿੰਘ ਦੀ ਫੋਟੋ ਜ਼ਰੂਰ ਹੋਵੇ! ਇੱਕ-ਇੱਕ ਲੱਖ ਰੁਪਏ ਦੇ ਕਰਜ਼ੇ ਲਈ ਕੋਈ ਮਾੜਾ ਕਿਸਾਨ ਗੋਲੀਆਂ ਨਾ ਖਾਵੇ। ਉਤਰੀ ਭਾਰਤ ਦੀ ਭਾਸ਼ਾ ਪੰਜਾਬੀ ਹੋਵੇ। ਅਸਲ ਵਿਚ ਇਹ ਬਾਬੇ ਉਸ ਤੋਤੇ ਵਰਗੇ ਨੇ ਜਿਸ ਨੂੰ 'ਮੰਗ ਤੇ ਪੂਰਤੀ' ਦੇ ਲਫ਼ਜ਼ ਕਹਿਣੇ ਆ ਗਏ ਨੇ, ਅਤੇ ਉਹ ਆਪਣੇ-ਆਪ ਨੂੰ ਅਰਥਸ਼ਾਸਤਰੀ ਸਮਝਣ ਲੱਗ ਪਏ ਹਨ। ਕਸੂਰ ਸਾਡਾ ਵੀ ਹੈ ਕਿ ਵ੍ਹੀਲ ਚੇਅਰ 'ਤੇ ਬੈਠੇ ਬਾਬੇ ਕੋਲੋਂ ਤੰਦਰੁਸਤੀ ਮੰਗਦੇ ਹਾਂ! ਗੁਰਮਤਿ ਹੈ, ਕਿਸੇ ਧੜਾ ਕੀਤਾ ਆਪਣੇ ਸੰਗੀ ਸਾਥੀ ਨਾਲ, ਕੁੜਮ ਜਵਾਈ ਜਾਂ ਭੈਣ-ਭਾਈ ਨਾਲ; ਅਸੀਂ ਧੜਾ ਕੀਤਾ ਉਸ ਸੱਚੇ ਪਾਤਸ਼ਾਹ ਨਾਲ। ਸਾਨੂੰ ਇਹ ਗੱਲ ਹਜ਼ਮ ਨਹੀਂ ਹੁੰਦੀ। ਅਸੀਂ ਢੇਰਾਂ ਦੇ ਢੇਰ ਕਿਤਾਬਾਂ ਪੜ੍ਹ ਕੇ ਡਿਗਰੀਆਂ ਤਾਂ ਲੈ ਲੈਂਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਥਾਂ ਸਿੱਖੀ ਨੂੰ 'ਡਰਾਈਵ ਥਰੂ' ਉਤੇ ਲਿਆ ਖਿਲਾਰਿਆ ਹੈ ਕਿ ਵਕਤ ਅਤੇ ਮੁਸ਼ਕਤ ਘੱਟ ਲੱਗੇ।

ਅਗਲੀ ਗੱਲ ਹੈ ਬੱਚਿਆਂ ਦੇ ਪੱਗਾਂ ਬੰਨਾਉਣ ਦੀ ਰਸਮ ਦੀ। ਪਹਿਲੀ ਗੱਲ, ਇਹ ਰਸਮ ਹੀ ਉਲਟੀ ਹੈ। ਬੱਚਾ ਸਿੱਖ ਘਰ ਵਿਚ ਪੈਦਾ ਹੋਇਆ ਹੈ ਤਾਂ ਉਹ ਜਮਾਂਦਰੂ ਸਿੱਖ ਹੈ ਪਰ ਫਿਰ ਉਹੀ ਬਾਹਮਣਵਾਦ; ਇਹਦੀ ਉਮਰ ਜੋਟਿਆਂ ਵਿਚ ਹੋਵੇ, ਪੱਗ ਨਾਨਕਿਆਂ ਵੱਲੋਂ ਆਵੇ। ਸੁਆਲ ਹੈ ਕਿ ਜਦੋਂ ਗੁਰੂ ਸਾਹਿਬ ਨੇ ਸਿੰਘ ਬਣਾਏ ਸਨ ਤਾਂ ਪੁੱਛਿਆ ਸੀ ਕਿ ਜਿਹੜੇ ਜੋਟਿਆਂ ਵਿਚ ਚਲਦੇ ਨੇ, ਬਾਹਰ ਨਿਕਲੋ; ਤੇ ਸੰਗਤ ਨੂੰ ਉਪਦੇਸ਼ ਦਿੱਤਾ ਹੋਵੇ ਕਿ ਮੈਥੋਂ ਬਾਅਦ ਪੱਗਾਂ ਨਾਨਕਿਆਂ ਵੱਲੋਂ ਆਉਣ। ਬਾਅਦ ਵਿਚ ਇਹ ਵੀ ਵੇਖਿਓ ਕਿ ਨਾਨਕੇ ਬੱਚੇ ਨੂੰ ਸੋਨੇ ਦੀ ਕੋਈ ਚੀਜ਼ ਪਾ ਕੇ ਗਏ ਕਿ ਨਹੀਂ; ਤੇ ਬੇਸ਼ਰਮਾਂ ਵਾਂਗੂ ਸ਼ਰਾਬ ਦਾ ਦੌਰ ਜ਼ਰੂਰ ਚਲਾਇਓ!!! ਹੱਦ ਹੋ ਗਈ...! ਅਸੀਂ ਬਾਹਰ ਨਹੀਂ ਨਿਕਲਦੇ ਇਨ੍ਹਾਂ ਵਹਿਮਾਂ ਵਿਚੋਂ। ਸਿਰ ਨਹਾਉਣ ਵੇਲੇ ਵੀ ਦੇਖਦੇ ਹਾਂ ਕਿ ਵਾਰ ਕੀ ਹੈ? ਹੁਣ ਮੈਂ ਮੰਗਲਵਾਰ ਨੂੰ ਪੈਦਾ ਹੋਈ ਸੀ, ਕੀ ਮੈਨੂੰ ਕਿਸੇ ਨੇ ਨੁਹਾਇਆ ਨਹੀਂ ਹੋਣਾ? ਜਾਂ ਮੈਂ ਕੋਈ ਦੇਵੀ ਹਾਂ ਕਿ ਮੇਰੇ ਝਾਟੇ ਵਿਚ ਕਿਸੇ ਦੀ ਉਮਰ ਦਾ ਲੇਖਾ-ਜੋਖਾ ਹੈ? ਰੱਬ ਤਾਂ ਦੁਨੀਆਂ ਤੋਂ ਬੰਦੇ ਭੇਜਣ ਅਤੇ ਫਿਰ ਚੁੱਕਣ ਲੱਗਿਆਂ ਤਿੱਥ-ਵਾਰ ਨਹੀਂ ਵੇਖਦਾ। ਤੇ ਅਸੀਂ ਹਾਂ ਕਿ ਰੱਬ ਤੋਂ ਵੀ ਅੱਗੇ ਲੰਘ ਗਏ ਹਾਂ।

ਅਮਰੀਕਾ ਆ ਕੇ ਇਕ ਗੱਲ ਹੋਰ ਵੇਖੀ ਕਿ ਗੁਰਦੁਆਰਿਆਂ ਵਿਚ ਪੱਗ ਬੰਨ੍ਹਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਮੈਂ ਦਿੱਲੀ ਵਿਚ ਜੰਮੀ ਪਲੀ ਹਾਂ, ਪਹਿਲਾਂ-ਪਹਿਲ ਤਾਂ ਮੈਨੂੰ ਇਹ ਗੱਲ ਬਹੁਤ ਹੀ ਅਜੀਬ ਲਗਦੀ ਹੁੰਦੀ ਸੀ। ਇਕ ਵਾਰ ਮੈਂ ਕਲਿੰਟਨ-ਮਿੱਸੀਸਿੱਪੀ ਦੇ ਗੁਰਦੁਆਰੇ 'ਚ ਖੜ੍ਹੀ ਸੀ ਕਿ ਇਕ ਔਰਤ ਨੇ ਮੈਥੋਂ ਪੁੱਛਿਆ ਕਿ ਉਹ ਪੱਗ ਵਾਲੇ ਤੁਹਾਡੇ ਹਸਬੈਂਡ ਨੇ? ਮੈਨੂੰ ਬਹੁਤ ਹੈਰਾਨੀ ਹੋਈ ਕਿ ਇੰਨੇ ਬੰਦਿਆਂ ਵਿਚ ਪੱਗ ਵਾਲਾ ਸਿਰਫ਼ ਇਕੋ ਹੀ ਬੰਦਾ ਸੀ। ਇਕ ਗੱਲ ਦਾ ਉਤਰ ਮੈਨੂੰ ਅੱਜ ਵੀ ਨਹੀਂ ਮਿਲ ਸਕਿਆ...ਆਮ ਹੀ ਕਿਹਾ ਜਾਂਦਾ ਹੈ ਕਿ ਪੱਗ ਨਾਲ ਨੌਕਰੀ ਨਹੀਂ ਮਿਲਦੀ। ਇਹ ਕਿਸੇ ਨੇ ਨਹੀਂ ਕਿਹਾ ਕਿ ਪੱਗ ਬੰਨ੍ਹਦੇ ਸਾਂ ਤਾਂ ਨੌਕਰੀ ਮਿਲੀ ਨਹੀਂ। ਇਸ ਕਰਕੇ ਪੱਗ ਤਿਆਗਣੀ ਪਈ। ਸਿੱਖ ਕੌਮ ਜਿਹੜੀ ਜੁਝਾਰੂ ਮੰਨੀ ਜਾਂਦੀ ਰਹੀ ਹੈ, ਜੰਗ ਵਿਚ ਕੁੱਦਣ ਤੋਂ ਪਹਿਲਾਂ ਹੀ ਹਾਰ ਮੰਨ ਗਈ ਹੈ। ਮੇਰੇ ਖਿਆਲ ਵਿਚ ਜਿਹੜੇ ਪੱਗਾਂ ਬੰਨ੍ਹਦੇ ਨੇ, ਉਹ ਅਮਰੀਕਾ ਵਿਚ ਭੁੱਖੇ ਮਰਦੇ ਹੋਣਗੇ। ਚਲੋ ਸਾਰੀਆਂ ਗੱਲਾਂ ਮੰਨ ਲਈਆਂ ਪਰ ਗੁਰਦੁਆਰੇ ਅਤੇ ਪਾਰਟੀਆਂ ਵਿਚ ਤਾਂ ਕੋਈ ਨੌਕਰੀ ਮੰਗਣ ਨਹੀਂ ਆਉਂਦਾ, ਪੱਗ ਉਦੋਂ ਕਿੱਥੇ ਹੁੰਦੀ ਹੈ? ਚਲੋ ਇਹ ਵੀ ਮੰਨ ਲਿਆ ਕਿ ਮਜਬੂਰੀ ਹੈ ਪਰ ਬੀਬੀਆਂ ਨੂੰ ਕੀ ਹੋ ਗਿਆ ਹੈ? ਉਨ੍ਹਾਂ ਬਾਰੇ ਤਾਂ ਬਾਣੀ ਵਿਚ ਰਾਗ ਆਸਾ ਵਿਚ ਦਰਜ ਹੈ, 'ਜਿਨ ਸਿਰਿ ਸੋਹਨਿ ਪਟੀਆ ਮਾਗੀ ਪਾਇ ਸੰਧੂਰੁ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ॥'

ਮੈਂ ਉਸ ਦਿਨ ਹਿਊਸਟਨ ਹਵਾਈ ਅੱਡੇ 'ਤੇ ਕੇ.ਐਲ.ਐਮ. ਦੇ ਕਰਮਚਾਰੀ ਦੇ ਗੁਰਸਿੱਖ ਮੁੰਡੇ ਵੇਖੇ ਤਾਂ ਜਾਪਿਆ ਕਿ ਨਹੀਂ ਮਨਾ! ਇੰਨਾ ਵੀ ਔਖਾ ਨਹੀਂ ਹੈ ਧਰਮ ਪੁਗਾਉਣਾ। ਜਿੰਨਾ ਅਮਰੀਕਾ ਵਿਚ ਧਰਮ ਪੁਗਾਉਣਾ ਸੌਖਾ ਹੈ, ਸ਼ਾਇਦ ਹੋਰ ਕਿਤੇ ਵੀ ਨਹੀਂ। ਅਸੀਂ ਤਿੰਨ ਦਹਾਕਿਆਂ ਤੋਂ ਚੀਕਾਂ ਮਾਰ ਰਹੇ ਹਾਂ ਚੁਰਾਸੀ ਦਾ ਹਿਸਾਬ ਲੈਣ ਲਈ, ਪਰ ਜੇ ਕੋਈ ਕਹਿ ਦੇਵੇ ਕਿ ਉਦੋਂ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਹੋਂਦ ਮਿਟਾਈ ਗਈ ਸੀ ਪਰ ਹੁਣ ਤਾਂ ਤੁਸੀਂ ਸਾਰੇ ਦੇ ਸਾਰੇ ਹੀ ਆਪਣੇ-ਆਪ ਨੂੰ ਹਲਾਕ ਕਰ ਰਹੇ ਹੋ! ਇਸ ਦਾ ਜੁਆਬ ਦਿਓ? ਖਾਲਿਸਤਾਨ ਮੰਗਦੇ ਹੋ ਤਾਂ ਉਹਦੇ ਵਿਚ ਰਹਿਣਾ ਕਿਸਨੇ ਹੈ? ਨਾਈਆਂ ਅਤੇ ਬਾਬਿਆਂ ਨੇ? ਨਾਂ ਨਾਲ ਕਿਸੇ ਕੋਲੋਂ ਸਿੰਘ ਜਾਂ ਕੌਰ ਨਹੀਂ ਲੱਗਦਾ। ਸਿੱਧਾ ਗੋਤ ਲਾਇਆ ਹੁੰਦਾ ਹੈ। ਇਸ ਕਿਟਾਣੂ ਦੇ ਜਨਮਦਾਤਾ ਹਨ, ਪੰਜਾਬ ਦੇ ਔਖੇ ਗਵੱਈਏ ਜਾਂ ਫਿਰ ਆਰਥਿਕ ਮੰਦਹਾਲੀ ਦਾ ਦੌਰ ਜਿਸ ਦਾ ਸਾਹਮਣਾ ਸਿੱਖਾਂ ਨੇ ਪੈਨ ਦੀ ਸਿਆਹੀ ਬਚਾ ਕੇ ਕਰਨਾ ਹੈ?

ਇਤਿਹਾਸ ਫੋਲ ਕੇ ਵੇਖੀਏ ਤਾਂ ਸਿੱਖੀ ਦੀ ਸ਼ੁਰੂਆਤ ਸੋਚੀਆਂ ਨੇ ਕੀਤੀ ਪਰ ਬਾਅਦ ਦੀ ਵਾਗਡੋਰ ਸਭ ਨਾਲੋਂ ਜ਼ਿਆਦਾ ਜੱਟ ਭਾਈਚਾਰੇ ਨੇ ਸੰਭਾਲੀ। ਇਹ ਝੂਠ ਨਹੀਂ ਕਿ ਉਹ ਭਾਵੇਂ ਸਿੱਖ ਕੌਮ ਲਈ ਜੱਦੋਜਹਿਦ ਹੋਵੇ ਤੇ ਭਾਵੇਂ ਆਜ਼ਾਦੀ ਦੀ ਲੜਾਈ, ਜੱਟ ਭਾਈਚਾਰੇ ਬਗੈਰ ਇਹ ਸੰਭਵ ਹੀ ਨਹੀਂ ਸੀ। ਅਜੋਕੇ ਸਮੇਂ ਵਿਚ ਭਾਵੇਂ ਪੰਜਾਬ ਵੀ ਭੱਈਆਂ ਦੇ ਖਿਲਾਫ਼ ਖੜ੍ਹਾ ਹੋਵੇ ਅਤੇ ਭਾਵੇਂ ਯੂਟਿਊਬ ਦੀ ਕਿਸੇ ਮੂਰਖ ਬੀਬੀ ਦੇ; ਜ਼ਿਆਦਾਤਰ ਸਹਿਯੋਗ ਇਸ ਭਾਈਚਾਰੇ ਦਾ ਹੁੰਦਾ ਹੈ, ਪਰ ਕਦੇ ਅਖਬਾਰਾਂ ਵਿਚ ਵਿਆਹਾਂ ਦੇ ਇਸ਼ਤਿਹਾਰ ਵੇਖੋ! ਇਹ ਵੇਖ ਕੇ ਅਫ਼ਸੋਸ ਹੁੰਦਾ ਹੈ ਕਿ 'ਉਹੀ ਜੁਆਬ ਦੇਣ ਜਿਹੜੇ ਮੁੰਡੇ ਦੀ ਇੰਡੀਆ ਬੈਠੀ ਭੈਣ ਨੂੰ ਮੰਗਵਾ ਸਕਣ ਜਾਂ ਫਿਰ ਕਾਗ਼ਜ਼ੀ ਵਿਆਹ ਵੀ ਹੋ ਸਕਦਾ ਹੈ!' ਅੱਜ ਵੀ ਸਰਕਾਰੀ ਜਾਂ ਗੈਰ-ਸਰਕਾਰੀ ਅਦਾਰਿਆਂ ਵਿਚ ਇਹੀ ਭਾਈਚਾਰਾ ਹੈ ਜਿਹੜਾ ਉਚੀਆਂ ਪਦਵੀਆਂ ਮੱਲੀ ਬੈਠਾ ਹੈ। ਜਦੋਂ 'ਪੁੱਤ ਜੱਟਾਂ ਦਾ' ਕਹਿ ਕੇ ਮੱਥੇ ਕੱਢੇ ਜਾਂਦੇ ਨੇ, ਤਾਂ ਬੰਦਾ ਇਕ ਵਾਰ ਸੋਚਣ 'ਤੇ ਮਜਬੂਰ ਹੁੰਦਾ ਹੈ ਕਿ ਕਿਹੜੇ ਜੱਟ ਬਈ? ਜਿਹੜੇ ਬਾਹਰਲੀਆਂ ਕਮਾਈਆਂ 'ਤੇ ਹਿੰਦੁਸਤਾਨ ਵਿਚ ਬੈਠੇ ਐਸ਼ਾਂ ਕਰਦੇ ਨੇ? ਜਿਹੜੇ ਸ਼ਰਾਬਾਂ ਪੀਂਦੇ ਤੇ ਹੋਰ ਨਸ਼ੇ ਕਰਦੇ ਨੇ? ਜਿਹੜੇ ਉਚ ਅਧਿਕਾਰੀ ਨੇ ਜਾਂ ਫਿਰ ਜਿਹੜੇ ਮਰਜੀਵੜੇ ਹੋਏ? ਪੁੱਤ ਜੱਟਾਂ ਦੇ ਜਾਂ ਫਿਰ ਸਿੱਖਾਂ ਦੇ?

ਅਮਰੀਕਾ ਵਿਚ ਬੈਠੇ ਸਿੱਖਾਂ ਨੇ ਆਪ ਹੱਡ-ਤੋੜਵੀਂ ਮਿਹਨਤ ਕੀਤੀ ਅਤੇ ਅਮੀਰ ਕੀਤੇ ਹਿੰਦੁਸਤਾਨ ਦੇ ਮਹਾਸ਼ੇ ਤੇ ਭੱਈਏ, ਵਧੀਆ-ਵਧੀਆ ਬੰਗਲੇ ਬਣਵਾ ਕੇ। ਅਮਰੀਕਾ ਵਿਚ ਆ ਕੇ ਮੈਂ ਕਈ ਬਜ਼ੁਰਗਾਂ ਤੋਂ ਸੁਣਿਆ ਹੈ ਕਿ ਅਸੀਂ ਵਿਆਹ ਕਰਨ ਗਏ ਤਾਂ ਮੁੰਡੇ ਵਾਲਿਆਂ ਕਿਹਾ ਕਿ ਸਿਰਫ਼ ਰੋਟੀ ਦੇ ਦਿਓ, ਹੋਰ ਸਾਨੂੰ ਕੁਝ ਨਹੀਂ ਚਾਹੀਦਾ। ਅਹਿਸਾਨ ਮੰਨਣ ਵਾਲਿਆਂ ਦੇ ਦਿਮਾਗ ਵਿਚ ਇਹ ਨਹੀਂ ਆਉਂਦਾ ਕਿ ਤੁਸੀਂ ਜਿੰਨੀ ਜਮ੍ਹਾਂ ਪੂੰਜੀ ਕੁੜੀ ਦੇ ਪੂਰੇ ਵਿਆਹ ਲਈ ਰੱਖੀ ਸੀ, ਉਹ ਤਾਂ ਤੁਸੀਂ ਬਰਾਤ ਦੀ ਸੇਵਾ ਵਿਚ ਹੀ ਖਰਚ ਕਰ ਦਿੱਤੀ। ਤੁਸੀਂ ਕੀ ਬਚਾਇਆ? ਨਾਲੇ ਅਹਿਸਾਨ ਥੱਲੇ ਵੀ ਆ ਗਏ। ਸੁਆਦ ਤੇ ਤਾਂ ਹੈ ਕਿ ਜੇ ਕੁੜੀ ਤਿੰਨੀ ਕੱਪੜੀਂ ਵਿਦਾ ਹੋਵੇ ਅਤੇ ਬਰਾਤ ਸੰਤਾਂ ਦੇ ਜ਼ਮਾਨੇ ਵਾਂਗ ਗਿਆਰਾਂ ਬੰਦਿਆਂ ਦੀ ਹੁੰਦੀ। ਜਿੰਨੇ ਮਰਜ਼ੀ ਪਾਖੰਡ ਕਰ ਲਓ, ਹਫ਼ਤੇ ਤੋਂ ਬਾਅਦ ਕਿਸੇ ਨੂੰ ਨਾ ਹੀ ਵਿਆਹ ਚੇਤਾ ਰਹਿੰਦਾ ਹੈ, ਅਤੇ ਨਾ ਹੀ ਉਸ ਦੀ ਰੋਟੀ ਦਾ। ਹਾਂ, ਜੇ ਕੋਈ ਕਮੀ ਰਹਿ ਗਈ ਹੋਵੇ ਤਾਂ ਉਹ ਸਦੀਆਂ ਤੱਕ ਚਿਤਾਰੀ ਜਾਂਦੀ ਹੈ।

ਆਪਣੀ ਉਚੀ ਮੱਤ ਦਾ ਹਵਾਲਾ ਅਸੀਂ ਸਭ ਤੋਂ ਵੱਧ ਦਿੰਦੇ ਹਾਂ ਨਗਰ ਕੀਰਤਨ ਸਜਾਉਣ ਸਮੇਂ ਜਾਂ ਕਿਸੇ ਹੋਰ ਪਰੇਡ ਸਮੇਂ। ਅਫ਼ਸੋਸ ਵਾਲੀ ਗੱਲ ਹੈ ਕਿ ਜਦੋਂ ਕੋਈ ਪੰਜਾਬੀ ਮੇਲਾ ਮਨਾਉਣਾ ਹੋਵੇ ਤਾਂ ਜਿਹਨੂੰ ਜਿਸ ਪਾਸਿਓਂ ਵੀ ਪਤਾ ਲੱਗ ਜਾਵੇ; ਉਹਦਾ ਉਦਮ ਛਾਲਾਂ ਮਾਰਨ ਲੱਗ ਪੈਂਦਾ ਹੈ, ਪਰ ਜਦੋਂ ਗੱਲ ਨਗਰ ਕੀਰਤਨ ਸਜਾਉਣ ਦੀ ਹੋਵੇ ਤਾਂ ਫਿਰ ਪੁੱਠੀਆਂ-ਸਿੱਧੀਆਂ ਦਲੀਲਾਂ। ਸਿੱਖ ਪਰੇਡ ਨਾ ਹੋਈ ਸ਼ਰੀਕੇ ਵਿਚ ਵਿਆਹ ਹੋ ਗਿਆ ਕਿ ਸਾਰੀਆਂ ਆਕੜਾਂ ਹੁਣੇ ਹੀ ਮਾਰਨੀਆਂ ਨੇ। ਕਿਤੇ ਸਿੱਖੀ ਦੀ ਗੱਲ ਛੇੜੋ ਤਾਂ ਸਭ ਤੋਂ ਵੱਧ ਉਹੀ ਟੱਪਣਗੇ ਜਿਹੜੇ ਹੌਲੇ ਹੋਣਗੇ; ਕਿਉਂਕਿ ਗਿਆਨਵਾਨ ਬੰਦਾ ਤਾਂ ਕਰਤੂਤ ਵਿਚ ਯਕੀਨ ਰੱਖਦਾ ਹੈ। ਇਹੋ ਜਿਹੇ ਲੋਕ ਗੁਰਦੁਆਰੇ ਹੋਣ ਤਾਂ ਕਹਿਣਗੇ ਕਿ ਸੇਵਾ ਕਰਨੀ ਜਾਂ ਗੁਰਦੁਆਰੇ ਆਉਣਾ ਹੈ ਤਾਂ ਆਪਣੇ ਆਪ ਲਈ; ਕਿਸੇ ਲਈ ਥੋੜ੍ਹਾ। ਤੇ ਜਦੋਂ ਸਿੱਖ ਕੌਮ ਦੀ ਪਛਾਣ ਬਣਾਉਣ ਦੀ ਗੱਲ ਹੋਵੇ ਤਾਂ ਨਾਮਣਾ ਖੱਟਣ ਦਾ ਝਗੜਾ ਪੈ ਜਾਂਦਾ ਹੈ। ਸ਼ਰਮ ਵਾਲੀ ਗੱਲ ਹੈ ਕਿ ਸਿੱਖ ਪਰੇਡ 'ਤੇ ਉਸ ਗਰਾਊਂਡ ਵਿਚ ਕਿਤੇ ਵੱਧ ਭੀੜ ਹੁੰਦੀ ਹੈ ਜਿੱਥੇ ਕੋਈ ਗਾਇਕ ਸੰਘ ਪਾੜਦਾ ਹੋਵੇ, ਅਤੇ ਕੋਈ ਛੁਰਲੀ ਲੱਕ ਮਟਕਾਉਂਦੀ ਹੋਵੇ।

ਅਸੀਂ ਉਸ ਧਰਮ ਵਿਚ ਪੈਦਾ ਹੋਏ ਹਾਂ ਜਿਸ ਨੂੰ ਸਿਰਫ਼ ਧਰਮ ਹੀ ਨਹੀਂ, ਜੀਵਨ ਜਾਚ ਵੀ ਕਿਹਾ ਜਾ ਸਕਦਾ ਹੈ ਪਰ ਅਫ਼ਸੋਸ ਕਿ ਅੱਜ ਅਸੀਂ ਗੁਰੂਆਂ ਨੂੰ ਕੀ ਚੇਤਾ ਕਰਨਾ ਹੈ, ਗੁਰੂਆਂ ਦੇ ਮੁਖ ਵਿਚੋਂ ਨਿਕਲੀ ਗੁਰਮੁਖੀ ਨੂੰ ਹੀ ਅਪਨਾ ਕੇ ਰਾਜ਼ੀ ਨਹੀਂ! ਇਤਿਹਾਸ ਗਵਾਹ ਹੈ ਕਿ ਪਹਿਲਾਂ ਭਾਸ਼ਾ ਮੁੱਕੀ, ਫਿਰ ਧਰਮ। ਹਿੰਦੁਸਤਾਨ ਵਿਚ ਹਿੰਦੀ ਅਤੇ ਇੱਥੇ ਅੰਗਰੇਜ਼ੀ। ਅਸੀਂ ਸ਼ਾਨ ਨਾਲ ਕਹਿੰਦੇ ਹਾਂ ਕਿ ਬੱਚਾ ਸਮਝ ਸਭ ਲੈਂਦਾ ਹੈ ਪਰ ਬੋਲ ਨਹੀਂ ਸਕਦਾ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਭਗਤ, ਗੁਰੂਆਂ ਤੋਂ ਪਹਿਲੇ ਆਏ ਸੀ ਅਤੇ ਅਨਪੜ੍ਹਤਾ ਦੇ ਬਾਵਜੂਦ ਉਹ ਸਮੇਂ ਤੇ ਸਮਾਜ ਨੂੰ ਹਲੂਣਾ ਦੇਣ ਵਾਲੀਆਂ ਗੱਲਾਂ ਕਰ ਗਏ ਪਰ ਅਸੀਂ ਇੰਨੀਆਂ ਡਿਗਰੀਆਂ ਲੈਣ ਦੇ ਬਾਵਜੂਦ ਚੰਗੇ ਅਤੇ ਮਾੜੇ ਰਾਹ ਵਿਚ ਫ਼ਰਕ ਨਹੀਂ ਕਰ ਸਕਦੇ। ਸੱਚ ਹੀ ਹੈ, 'ਸਾਡੀ ਮੱਤ ਪੱਤ ਦਾ ਰਾਖਾ, ਆਪ ਸ੍ਰੀ ਅਕਾਲ ਪੁਰਖ ਵਾਹਿਗੁਰੂ।'

*ਬੈਟਾਊਨ, ਟੈਕਸਸ।

## ਭੂਆ ਖ਼ਤਮ ਕੌਰ

*(ਸਫਾ 41 ਦੀ ਬਾਕੀ)*

ਫੇਰ ਕਿਸੇ ਭਲਵਾਨ ਦੀ ਭੈਣ ਵਾਂਗੂੰ ਮੇਲ੍ਹਦੀ ਹੋਈ ਵਿਹੜੇ ਦਾ ਬੂਹਾ ਖੋਲ੍ਹ ਕੇ ਅਹੁ ਗਈ, ਅਹੁ ਗਈ।

ਸੋਖਾ ਅਜੇ ਵੀ ਨੀਵੀਂ ਪਾਈ ਬੈਠਾ ਸੀ। ਭੂਆ ਤੇ ਮੈਂ ਅੰਦਰ ਗਏ ਤਾਂ ਉਸ ਨੇ ਫਿਰ ਵੀ ਮੂੰਹ ਉਤਾਂਹ ਨਾ ਚੁੱਕਿਆ। ਪਾਣੀਓਂ-ਪਾਣੀ ਹੋਇਆ ਉਹ ਝੇਂਪਿਆ ਬੈਠਾ ਸੀ। ਕੁਝ ਪਲ ਅਸੀਂ ਤਿੰਨੋ ਹੀ ਚੁੱਪ-ਚਾਪ ਬੈਠੇ ਰਹੇ। ਇਕ-ਦੂਜੇ ਦੇ ਸਾਹਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ।

ਆਖਰ ਭੂਆ ਨੇ ਚੁੱਪ ਤੋੜੀ, "ਮੈਂ ਤਾਂ ਭਾਈ ਥੋਨੂੰ ਪਹਿਲਾਂ ਈ ਕਹਿੰਦੀ ਸੀ, ਪਈ ਇਹ ਕੁੜੀ ਇਹੋ ਜਿਹੀ ਹੈ ਨਈਂ। ਵਾਖਰੂ ਵਾਖਰੂ।" ਅਸੀਂ ਚੁੱਪ ਰਹੇ।

"ਚੱਲੀਏ ਬਈ।" ਮੈਂ ਸੋਖੇ ਦਾ ਮੋਢਾ ਹਲੂਣਿਆ।

"ਹੂੰ...ਅ।" ਉਹਦੀ ਆਵਾਜ਼ ਜਿਵੇਂ ਕਿਸੇ ਡੂੰਘੇ ਖੂਹ 'ਚੋਂ ਆਈ।

ਉਠ ਕੇ ਵਿਹੜੇ ਵਿਚ ਆਏ ਤਾਂ ਪਿੱਛਿਓਂ ਭੂਆ ਦੀ ਆਵਾਜ਼ ਆਈ, "ਮੁੰਡਿਓ, ਠਹਿਰਿਓ ਘੜੀ ਕੁ।" ਅਸੀਂ ਖੜ੍ਹੇ ਗਏ। ਕੋਲ ਆ ਕੇ ਉਹਨੇ ਖੀਸੇ 'ਚੋਂ ਪੰਜਾਂ ਪੰਜਾਂ ਦੇ ਉਹੀ ਤਿੰਨ ਨੋਟ ਕੱਢੇ ਤੇ ਸੋਖੇ ਵੱਲ ਵਧਾਏ, "ਆਹ ਸਾਂਭੋ ਆਵਦੀ ਅਮਾਨਤ।" ਉਹ ਧੀਮੀ ਤੇ ਉਦਾਸੀ ਭਰੇ ਲਹਿਜੇ 'ਚ ਬੋਲੀ ਜਿਵੇਂ ਵਪਾਰ 'ਚ ਘਾਟਾ ਪੈ ਗਿਆ ਹੋਵੇ।

"ਇਹ ਕੀ ਭੂਆ। ਤੂੰ ਰਹਿਣ ਦੇ।" ਮੈਂ ਕਿਹਾ। "ਰੱਖ ਲੈ ਭੂਆ। ਅਸੀਂ ਨਈਂ ਵਾਪਸ ਲੈਣੇ।" ਸੋਖੇ ਨੇ ਵੀ ਆਖ ਦਿੱਤਾ।

ਭੂਆ ਨੇ ਤੋੜ-ਮਰੋੜ ਕੇ ਨੋਟਾਂ ਨੂੰ ਸੋਖੇ ਦੇ ਖੀਸੇ 'ਚ ਪਾ ਦਿੱਤਾ ਤੇ ਬੋਲੀ: "ਨਾ ਬਈ, ਧਰਮਰਾਜ ਨੂੰ 'ਗਾਂਹ ਜਾ ਕੇ ਲੇਖਾ ਦੇਣਾ ਪਊ। ਆਪਾਂ ਤਾਂ ਹੱਕ ਦੀ ਖਾਣ ਵਾਲੇ ਆਂ।"

## ਸੰਤ ਸਮਾਜ ਦੀ ਚਣੌਤੀ ਪ੍ਰਵਾਨ!

ਸੰਤ ਸਮਾਜ ਦੇ ਆਗੂਆਂ ਦੀ ਪਿਛਲੇ ਦਿਨੀਂ ਪਿੰਡ ਰਾਮਪੁਰ ਖੇੜਾ ਵਿਚ ਭਾਈ ਹਰਨਾਮ ਸਿੰਘ ਧੁੰਮਾ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿਚ ਸੰਤ ਸਮਾਜ ਦੇ ਆਗੂਆਂ ਨੇ ਨਾਨਕਸ਼ਾਹੀ ਕੈਲੰਡਰ 'ਚ ਕੀਤੀਆਂ ਗਈਆਂ ਸੋਧਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਵਿਚਾਰ ਚਰਚਾ ਕਰਨ ਦੀ ਚੁਣੌਤੀ ਦਿੱਤੀ ਹੈ। ਸੰਤ ਸਮਾਜ ਦੇ ਮੁਖੀ ਦੇ ਬਿਆਨ ਕਿ ਸੰਤ ਸਮਾਜ, ਸਿੱਖ ਵਿਦਿਵਾਨ ਅਤੇ ਨਿਹੰਗ ਸਿੰਘ ਜਥੇਬੰਦੀਆਂ ਦੀ ਅਗਵਾਈ ਹੇਠ ਬਣੀ ਕਮੇਟੀ ਕਿਸੇ ਵੀ ਮੰਚ ਤੇ ਇਕੱਲੇ ਸ. ਪੁਰੇਵਾਲ ਹੀ ਨਹੀਂ ਬਲਕਿ ਹਰ ਕਿਸੇ ਦੀ ਤਸੱਲੀ, ਤਰਕ ਨਾਲ ਕਰਵਾਉਣ ਲਈ ਤਿਆਰ ਹੈ, ਸਬੰਧੀ ਬੇਨਤੀ ਹੈ ਕਿ ਸਾਨੂੰ ਸੰਤ ਸਮਾਜ ਦਾ ਕੈਲੰਡਰ ਸਬੰਧੀ ਵਿਚਾਰ ਕਰਨ ਦਾ ਦਿੱਤਾ ਖੁਲ੍ਹਾ ਸੱਦਾ ਪ੍ਰਵਾਨ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਤ ਸਮਾਜ ਦੇ ਜਨਰਲ ਸਕੱਤਰ ਭਾਈ ਹਰੀ ਸਿੰਘ ਰੰਧਾਵਾ ਨੇ ਲੰਘੀ 9 ਜਨਵਰੀ ਨੂੰ ਰੇਡੀਓ 'ਸ਼ੇਰ ਏ ਪੰਜਾਬ' ਤੇ ਸ. ਪਾਲ ਸਿੰਘ ਪੁਰੇਵਾਲ ਨੂੰ ਸੱਦਾ ਦਿੱਤਾ ਸੀ ਕਿ ਜੇ ਉਹ ਪੰਜਾਬ ਆ ਜਾਵੇ ਤਾਂ ਅਸੀਂ ਮੀਟਿੰਗ ਕਰਕੇ ਇਸ ਮਸਲੇ ਨੂੰ ਨਜਿੱਠ ਲਵਾਂਗੇ। ਇਸ ਸੱਦੇ ਨੂੰ ਪ੍ਰਵਾਨ ਕਰਕੇ ਸ. ਪਾਲ ਸਿੰਘ ਪੁਰੇਵਾਲ ਪੰਜਾਬ ਗਏ ਸਨ। ਕੀ ਭਾਈ ਹਰੀ ਸਿੰਘ ਦਾ ਫ਼ਰਜ਼ ਨਹੀਂ ਸੀ ਕਿ ਆਪਣੇ ਕਹੇ ਸ਼ਬਦਾਂ 'ਤੇ ਅਮਲ ਕਰਦੇ? ਹੁਣ ਜਦੋਂ ਸ. ਪੁਰੇਵਾਲ ਵਾਪਸ ਚਲੇ ਗਏ ਹਨ ਤਾਂ ਸੰਤ ਸਮਾਜ ਨੇ ਫੇਰ ਬਿਆਨ ਦਾਗਣੇ ਸ਼ੁਰੂ ਕਰ ਦਿੱਤੇ ਹਨ। ਅਜਿਹਾ ਕਿਉਂ?

ਸਾਨੂੰ ਭਾਈ ਹਰਨਾਮ ਸਿੰਘ ਦਾ ਸੱਦਾ ਪ੍ਰਵਾਨ ਹੈ ਅਤੇ ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸਾਰੀ ਵਿਚਾਰ ਚਰਚਾ ਪੂਰੇ ਪਾਰਦਰਸ਼ੀ ਤਰੀਕੇ ਨਾਲ, ਅੱਜ ਦੇ ਸਭ ਤੋਂ ਆਧੁਨਿਕ ਮੰਚ 'ਇੰਟਰਨੈਟ' 'ਤੇ ਲਿਖਤੀ ਰੂਪ ਵਿਚ ਹੋਵੇਗੀ ਤਾਂ ਜੋ ਦੁਨੀਆਂ ਭਰ 'ਚ ਬੈਠੀ ਸਿੱਖ ਕੌਮ ਨਾਲ ਦੀ ਨਾਲ ਜਾਣੂ ਹੋ ਸਕੇ।

**ਪੰਥ ਦੇ ਦਾਸ: ਡਾ. ਗੁਰਮੀਤ ਸਿੰਘ ਬਰਸਾਲ, ਸਰਵਜੀਤ ਸਿੰਘ ਸੈਕਰਾਮੈਂਟੋ, ਕੁਲਦੀਪ ਸਿੰਘ ਜਾਗੋ ਖਾਲਸਾ, ਜਸਵਿੰਦਰ ਸਿੰਘ ਮੁੱਦਕੀ, ਭਾਈ ਜਸਮਿੰਤਰ ਸਿੰਘ ਅਤੇ ਇੰਦਰਜੀਤ ਸਿੰਘ ਉਮਰਪੁਰੀ (ਸਾਕਾ ਜਥੇਬੰਦੀ)।**

---

## ਸੰਪਾਦਕ ਦੀ ਡਾਕ

### 11ਵੀਂ ਵਰ੍ਹੇਗੰਢ ਉਤੇ ਵਧਾਈ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੀ 11ਵੀਂ ਵਰ੍ਹੇਗੰਢ ਉਤੇ ਆਪ ਜੀ ਅਤੇ ਪੰਜਾਬ ਟਾਈਮਜ਼ ਦੇ ਸਮੁੱਚੇ ਸਟਾਫ ਨੂੰ ਬਹੁਤ ਬਹੁਤ ਵਧਾਈ। ਪੰਜਾਬ ਟਾਈਮਜ਼ ਦੇ ਸਾਲਾਨਾ ਸਮਾਗਮ ਨੂੰ ਮਿਲੇ ਬਹੁਤ ਚੰਗੇ ਹੁੰਗਾਰੇ ਤੋਂ ਜ਼ਾਹਰ ਸੀ ਕਿ ਇਸ ਦੇ ਪਾਠਕ ਇਸ ਅਖਬਾਰ ਨੂੰ ਕਿੰਨਾ ਪਿਆਰ ਕਰਦੇ ਹਨ।

ਪੰਜਾਬ ਟਾਈਮਜ਼ ਵਿਚ ਛਪਦੀ ਮਿਆਰੀ ਸਾਹਿਤਕ ਸਮਗਰੀ ਅਤੇ ਨਵੇਂ ਨਿਵੇਕਲੇ ਕਾਲਮ ਪਾਠਕ ਦਾ ਦਿਲ ਮੋਹ ਲੈਂਦੇ ਹਨ। ਜੇ ਮੈਂ ਇਹ ਕਹਾਂ ਕਿ ਇਹ ਅਖਬਾਰ ਅਮਰੀਕਾ ਵਿਚ ਛਪਦੇ ਸਭ ਅਖਬਾਰਾਂ ਵਿਚੋਂ ਇਸ ਪੱਖੋਂ ਨੰਬਰ ਇਕ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬ ਟਾਈਮਜ਼ ਸੱਚਮੁੱਚ ਹੀ ਪੰਜਾਬੀ ਪੱਤਰਕਾਰੀ ਅਤੇ ਬੋਲੀ ਲਈ ਇਕ ਚਾਨਣਮੁਨਾਰਾ ਹੈ। ਇਹ ਵਾਹਿਗੁਰੂ ਦੀ ਕਿਰਪਾ ਹੀ ਹੈ ਕਿ ਸਿਹਤ ਦੀਆਂ ਮਜਬੂਰੀਆਂ ਦੇ ਬਾਵਜੂਦ ਆਪ ਜੀ ਇਸ ਪਰਚੇ ਨੂੰ ਇੰਨਾ ਵਧੀਆ ਚਲਾ ਰਹੇ ਹੋ। ਵਾਹਿਗੁਰੂ ਤੁਹਾਨੂੰ ਚੰਗੀ ਸਿਹਤ ਬਖਸ਼ੇ ਅਤੇ ਇਹ ਪੰਜਾਬੀ ਪਰਚਾ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਦਾ ਰਹੇ ਅਤੇ ਅਸੀਂ ਇਸ ਦਾ ਲਾਹਾ ਪ੍ਰਾਪਤ ਕਰਦੇ ਰਹੀਏ।

*-ਹੀਰਾ ਸਿੰਘ ਸੈਣੀ*
*ਪੈਲਾਟਾਈਨ, ਸ਼ਿਕਾਗੋ।*

# ਦਰਦ ਅਤੇ ਦੁਖਾਂਤ ਦੀ ਕਹਾਣੀ ਮੀਨਾ ਕੁਮਾਰੀ



ਮੀਨਾ ਕੁਮਾਰੀ, ਮਧੂਬਾਲਾ, ਨਰਗਿਸ ਤੇ ਨੂਤਨ ਚਾਰ ਅਜਿਹੀਆਂ ਅਭਿਨੇਤਰੀਆਂ ਸਨ ਜਿਨ੍ਹਾਂ ਨੇ ਭਾਰਤੀ ਫ਼ਿਲਮ ਜਗਤ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿਚ ਭਰਵਾਂ ਯੋਗਦਾਨ ਪਾਇਆ ਸੀ ਤੇ ਆਪਣੀ ਬੇਜੋੜ ਅਦਾਕਾਰੀ ਨਾਲ ਸਜੀਆਂ ਕਈ ਸਾਰੀਆਂ ਅਜਿਹੀਆਂ ਯਾਦਗਾਰੀ ਫ਼ਿਲਮਾਂ ਦਿੱਤੀਆਂ ਜੋ ਮੀਲ ਪੱਥਰ ਹੋ ਨਿੱਬੜੀਆਂ ਸਨ। ਮੀਨਾ ਕੁਮਾਰੀ ਦੀ 'ਪਾਕੀਜ਼ਾ', ਮਧੂਬਾਲਾ ਦੀ 'ਮੁਗਲ-ਏ-ਆਜ਼ਮ', ਨਰਗਿਸ ਦੀ 'ਮਦਰ ਇੰਡੀਆ' ਤੇ ਨੂਤਨ ਦੀ 'ਬੰਦਿਨੀ' ਫ਼ਿਲਮਾਂ ਇਨ੍ਹਾਂ ਅਭਿਨੇਤਰੀਆਂ ਦੀ ਅਤਿ-ਸਜੀਵ ਤੇ ਭਾਵਪੂਰਤ ਅਦਾਕਾਰੀ ਸਦਕਾ ਦਰਸ਼ਕਾਂ ਦੇ ਚੇਤਿਆਂ 'ਚ ਸਦਾ ਹੀ ਸਾਂਭੀਆਂ ਰਹਿਣਗੀਆਂ ਤੇ ਆਉਣ ਵਾਲਾ ਜ਼ਮਾਨਾ ਇਨ੍ਹਾਂ ਦੀ ਬਾਤ ਪਾਉਂਦਾ ਹੋਇਆ ਇਨ੍ਹਾਂ ਮਹਾਨ ਤੇ ਗੁਣਵਾਨ ਅਦਾਕਾਰਾਂ ਨੂੰ ਨਤਮਸਤਕ ਹੁੰਦਾ ਰਹੇਗਾ।

ਭਾਰਤੀ ਫ਼ਿਲਮਾਂ 'ਚ ਮੀਨਾ ਕੁਮਾਰੀ ਅਜਿਹੀ ਹਸਤੀ ਸੀ ਕਿ ਅੱਜ ਵੀ ਉਨ੍ਹਾਂ ਦੀ ਅਮਿੱਟ ਛਾਪ ਫਿਲਮ ਪ੍ਰੇਮੀਆਂ ਦੇ ਦਿਲਾਂ 'ਚ ਡੂੰਘਾਈ ਤੱਕ ਛਾਈ ਹੋਈ ਹੈ। ਦਰਦ ਭਰੇ ਕਿਰਦਾਰਾਂ 'ਚ ਅਦਾਕਾਰੀ ਦਾ ਜੋ ਮੁਕਾਮ ਮੀਨਾ ਕੁਮਾਰੀ ਨੇ ਕਾਇਮ ਕੀਤਾ, ਉਸ ਨੂੰ ਪਾਰ ਕਰਨਾ ਤਾਂ ਦੂਰ, ਉਸ ਨੂੰ ਕੋਈ ਹੋਰ ਨਾਇਕਾ ਛੂਹ ਤੱਕ ਨਹੀਂ ਸਕੀ। ਮੀਨਾ ਕੁਮਾਰੀ ਦਾ ਜਨਮ 1 ਅਗਸਤ 1932 ਨੂੰ ਗਰੀਬ ਮੁਸਲਮਾਨ ਪਰਿਵਾਰ 'ਚ ਹੋਇਆ। ਮੀਨਾ ਕੁਮਾਰੀ ਦੇ ਪਿਤਾ ਅਲੀ ਬਖਸ਼ ਸੰਗੀਤ ਨਿਰਦੇਸ਼ਕ ਸਨ ਤੇ ਮਾਂ ਇਕਬਾਲ ਚਰਿੱਤਰ ਅਦਾਕਾਰਾ ਸੀ। ਫ਼ਿਲਮਾਂ 'ਚ ਸੰਗੀਤ ਦੇਣ ਤੋਂ ਇਲਾਵਾ ਮੀਨਾ ਕੁਮਾਰੀ ਦੇ ਪਿਤਾ ਸਟੇਜ 'ਤੇ ਹਰਮੋਨੀਅਮ ਵਜਾਉਂਦੇ ਸਨ। ਪਰਿਵਾਰ ਦੀ ਗਰੀਬੀ ਕਾਰਨ ਮੀਨਾ ਕੁਮਾਰੀ ਵੀ ਸਟੇਜ 'ਤੇ ਅਦਾਕਾਰੀ ਕਰਨ ਲੱਗੀ ਤੇ ਮਾਂ ਨਾਲ ਫ਼ਿਲਮ ਦੀ ਸ਼ੂਟਿੰਗ ਦੌਰਾਨ ਸਟੂਡੀਓ ਵੀ ਜਾਣ ਲੱਗੀ। ਇਕ ਦਿਨ ਫ਼ਿਲਮ ਦੀ ਸ਼ੂਟਿੰਗ ਦੌਰਾਨ ਬਾਲ ਕਲਾਕਾਰ ਦੀ ਲੋੜ ਮਹਿਸੂਸ ਹੋਈ। ਇਥੋਂ ਹੀ ਬੇਬੀ ਮੀਨਾ ਦੀ 'ਏਕ ਹੀ ਭੂਲ' ਨਾਮੀ ਫ਼ਿਲਮ ਨਾਲ ਫ਼ਿਲਮੀ ਪਰਦੇ 'ਤੇ ਆਮਦ ਹੋਈ। 13-14 ਸਾਲ ਦੀ ਉਮਰ ਵਿਚ ਉਸ ਨੇ ਸਹਿ-ਨਾਇਕਾ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ 'ਮਗਰੂਰ, ਬਿਛੜੇ ਬਾਲਮ, ਸਨਮ ਤੇ ਪੀਆ ਘਰ ਆ ਜਾ' ਨਾਮਕ ਫ਼ਿਲਮਾਂ ਕੀਤੀਆਂ। ਬਤੌਰ ਮੁੱਖ ਨਾਇਕਾ ਉਸ ਦੀ ਪਹਿਲੀ ਫ਼ਿਲਮ 'ਸ੍ਰੀ ਗਣੇਸ਼ ਮਹਿਮਾ' ਸੀ ਜੋ ਕਿ ਬੇਹੱਦ ਸਫ਼ਲ ਰਹੀ ਸੀ। ਉਸ ਦੇ ਅਭਿਨੈ ਨਾਲ ਸਜੀਆਂ ਅਨੇਕਾਂ ਯਾਦਗਾਰੀ ਫ਼ਿਲਮਾਂ ਵਿਚੋਂ 'ਫੁੱਟਪਾਥ', 'ਸ਼ਾਰਦਾ', 'ਪਰਿਣਿਤਾ', 'ਸਾਹਿਬ ਬੀਵੀ ਔਰ ਗੁਲਾਮ', 'ਕੋਹਿਨੂਰ', 'ਸਹਾਰਾ', 'ਬੰਦਿਸ਼' ਤੇ 'ਚਿਰਾਗ ਕਹਾਂ ਰੌਸ਼ਨੀ ਕਹਾਂ' ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।

ਆਰਥਿਕ ਤੰਗੀ ਤੇ ਘਰੇਲੂ ਝਗੜਿਆਂ ਦੇ ਕਾਰਨ ਮੀਨਾ ਕੁਮਾਰੀ 'ਚ ਸੰਵੇਦਨਸ਼ੀਲਤਾ ਤੇ ਭਾਵੁਕਤਾ ਘਰ ਕਰ ਗਈ। ਮੀਨਾ ਕੁਮਾਰੀ ਦੀ ਸਾਰੀ ਉਮਰ ਤਨਹਾਈ ਤੇ ਤਣਾਅ ਦੇ ਆਲਮ 'ਚ ਹੀ ਬੀਤੀ। ਇਸੇ ਤਨਹਾਈ ਤੇ ਖਾਮੋਸ਼ੀ ਦੇ ਪਲਾਂ ਨੇ ਉਨ੍ਹਾਂ ਨੂੰ ਸ਼ੇਅਰੋ-ਸ਼ਾਇਰੀ ਵੱਲ ਮੋੜ ਦਿੱਤਾ। ਮੀਨਾ ਕੁਮਾਰੀ ਨੂੰ ਬਤੌਰ ਅਦਾਕਾਰਾ ਜੇ. ਬੀ. ਐਚ. ਵਾਡੀਆ ਵੱਲੋਂ ਨਿਰਦੇਸ਼ਿਤ ਫ਼ਿਲਮ 'ਮਦਹੋਸ਼' (1951) ਰਾਹੀਂ ਪਛਾਣ ਮਿਲੀ। ਇਸ ਪਿੱਛੋਂ ਕਈ ਸਮਾਜਿਕ ਅਤੇ ਧਾਰਮਿਕ ਫ਼ਿਲਮਾਂ 'ਚ ਮੀਨਾ ਕੁਮਾਰੀ ਨੇ ਲਾਜਵਾਬ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ। ਵਿਜੇ ਭੱਟ ਵੱਲੋਂ ਨਿਰਦੇਸ਼ਿਤ ਫ਼ਿਲਮ 'ਬੈਜੂ ਬਾਵਰਾ' ਨੇ ਉਨ੍ਹਾਂ ਨੂੰ ਫ਼ਿਲਮ ਜਗਤ ਦੀ ਸਿਖਰ 'ਤੇ ਸਥਾਪਿਤ ਕਰ ਦਿੱਤਾ। ਇਹ ਬੇਸ਼ੁਮਾਰ ਸਫ਼ਲਤਾ ਵੀ ਮੀਨਾ ਕੁਮਾਰੀ ਦੇ ਦਿਲ 'ਚ ਲੁਕੇ ਦਰਦ ਤੇ ਇਕੱਲੇਪਣ ਦੇ ਅਹਿਸਾਸ ਨੂੰ ਸਹਾਰਾ ਨਾ ਦੇ ਸਕੀ।


ਮੀਨਾ ਕੁਮਾਰੀ ਤੇ ਕਮਾਲ ਅਮਰੋਹੀ 'ਚ ਲੰਬੇ ਸਮੇਂ ਤੱਕ ਚੱਲੇ ਰੋਮਾਂਸ ਦੇ ਬਾਅਦ 14 ਅਗਸਤ 1952 'ਚ ਦੋਵੇਂ ਵਿਆਹ ਦੇ ਬੰਧਨ 'ਚ ਬੱਝ ਗਏ ਪਰ ਇਹ ਰਿਸ਼ਤਾ ਬਹੁਤੀ ਦੇਰ ਤੱਕ ਟਿਕਿਆ ਨਾ ਰਹਿ ਸਕਿਆ ਤੇ ਦੋਹਾਂ ਨੇ ਕਾਨੂੰਨੀ ਤੌਰ 'ਤੇ ਤਲਾਕ ਲੈ ਲਿਆ। ਸ਼ਰਾਬ ਨੂੰ ਉਸ ਨੇ ਆਪਣੀ ਹਮਦਮ ਤੇ ਹਮਸਫ਼ਰ ਬਣਾ ਲਿਆ ਅਤੇ ਜ਼ਿੰਦਗੀ ਬਿਤਾਉਣ ਦੀ ਥਾਂ ਜ਼ਿੰਦਗੀ 'ਕੱਟਣ' ਲੱਗ ਪਈ। ਲੇਖਕ ਗੁਲਜ਼ਾਰ, ਅਦਾਕਾਰ ਧਰਮਿੰਦਰ ਅਤੇ ਗੀਤਕਾਰ ਨਿਰਦੇਸ਼ਕ ਸਾਵਨ ਕੁਮਾਰ ਉਸ ਦੀ ਜ਼ਿੰਦਗੀ 'ਚ ਆਏ। ਕੁਝ ਲੋਕ ਹਮਦਰਦ ਬਣਨ ਦੀ ਥਾਂ ਜ਼ਖ਼ਮਾਂ ਨੂੰ ਕੁਰੇਦ ਕੇ ਹੋਰ ਡੂੰਘਿਆਂ ਕਰਕੇ ਚਲੇ ਗਏ। ਮੀਨਾ ਕੁਮਾਰੀ ਦਾ ਨਾਂ ਉਨ੍ਹਾਂ ਦੇ ਸਮਕਾਲੀ ਕਈ ਨਵੇਂ ਅਤੇ ਪੁਰਾਣੇ ਫ਼ਿਲਮਕਾਰਾਂ ਨਾਲ ਜੁੜਦਾ ਤੇ ਟੁੱਟਦਾ ਰਿਹਾ। ਮੀਨਾ ਕੁਮਾਰੀ ਨੇ ਤਕਰੀਬਨ ਹਰ ਤਰ੍ਹਾਂ ਦੇ ਕਿਰਦਾਰ ਦਮਦਾਰ ਤਰੀਕੇ ਨਾਲ ਨਿਭਾਏ ਪਰ ਉਨ੍ਹਾਂ ਨੂੰ ਦੁਖਾਂਤ ਕਿਰਦਾਰਾਂ 'ਚ ਸਭ ਤੋਂ ਵੱਧ ਸ਼ੋਹਰਤ ਹਾਸਲ ਹੋਈ।ਨਿਰਦੇਸ਼ਕ ਗੁਲਜ਼ਾਰ ਦੀ ਫ਼ਿਲਮ 'ਮੇਰੇ ਅਪਨੇ' 'ਚ ਮੀਨਾ ਕੁਮਾਰੀ ਨੇ ਦੀਦੀ ਦਾ ਕਿਰਦਾਰ ਨਿਭਾਅ ਕੇ ਫ਼ਿਲਮੀ ਦੁਨੀਆ 'ਚ ਆਪਣੀ ਪੂਰਨਤਾ ਦਾ ਸੰਕੇਤ ਦੇ ਦਿੱਤਾ ਸੀ। ਦਰਦ ਦੀ ਮਲਿਕਾ ਮਹਿਜ਼ਬੀਂ ਉਰਫ਼ ਮੀਨਾ ਕੁਮਾਰੀ 31 ਮਾਰਚ 1972 ਨੂੰ ਬੰਬਈ ਦੇ ਐਲਿਜ਼ਾਬੇਥ ਨਰਸਿੰਗ ਹੋਮ 'ਚ ਦੁਨੀਆ ਨੂੰ ਅਲਵਿਦਾ ਕਹਿ ਗਈ।

# ਬਲਵੀਰ ਰਾਜ ਕਪੂਰ ਉਰਫ਼ ਸ਼ਸ਼ੀ ਕਪੂਰ

ਸ਼ਸ਼ੀ ਕਪੂਰ ਮਸ਼ਹੂਰ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਬੇਟੇ ਹਨ। ਉਨ੍ਹਾਂ ਦੀਆਂ ਰੋਮਾਂਟਿਕ ਫ਼ਿਲਮਾਂ ਨੇ 70-80 ਦੇ ਦਹਾਕੇ 'ਚ ਕਾਫ਼ੀ ਧੂਮ ਮਚਾਈ ਸੀ। ਅਮਿਤਾਭ ਬਚਨ ਦੇ ਨਾਲ ਉਨ੍ਹਾਂ ਦੀ ਜੋੜੀ ਵਾਲੀਆਂ ਫ਼ਿਲਮਾਂ ਨੇ ਤਾਂ ਸਫਲਤਾ ਦੇ ਕਈ ਰਿਕਾਰਡ ਵੀ ਕਾਇਮ ਕੀਤੇ ਹਨ। 18 ਮਾਰਚ, 1930 ਨੂੰ ਕੋਲਕਾਤਾ 'ਚ ਪੈਦਾ ਹੋਏ ਅਦਾਕਾਰ-ਨਿਰਮਾਤਾ ਸ਼ਸ਼ੀ ਕਪੂਰ ਦਾ ਬਚਪਨ ਦਾ ਨਾਂ ਬਲਵੀਰ ਰਾਜ ਕਪੂਰ ਸੀ। ਬੰਬਈ ਆਉਣ ਪਿਛੋਂ ਉਨ੍ਹਾਂ ਨੇ ਮਾਟੁੰਗਾ ਦੇ ਡਾਨ ਵਾਸਕੋ ਸਕੂਲ 'ਚ ਪੜ੍ਹਾਈ ਕੀਤੀ।



'ਦੀਵਾਰ' ਫ਼ਿਲਮ ਦਾ ਉਨ੍ਹਾਂ ਡਾਇਲਾਗ 'ਭਾਈ, ਮੇਰੇ ਪਾਸ ਮਾਂ ਹੈ' ਤਾਂ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਹੈ। ਉਨ੍ਹਾਂ ਦਾ ਡਾਂਸ ਦਾ ਅੰਦਾਜ਼ ਵੀ ਸਭ ਤੋਂ ਨਿਰਾਲਾ ਸੀ। ਫ਼ਿਲਮ 'ਹਸੀਨਾ ਮਾਨ ਜਾਏਗੀ' ਦਾ ਗੀਤ 'ਜੋਗਨ ਬਨ ਜਾਊਂਗੀ' ਹੋਵੇ ਜਾਂ ਫ਼ਿਲਮ 'ਸੁਹਾਗ' ਦਾ 'ਤੇਰੀ ਰਬ ਨੇ ਬਨਾ ਦੀ ਜੋੜੀ' ਇਨ੍ਹਾਂ ਗੀਤਾਂ 'ਤੇ ਉਨ੍ਹਾਂ ਦਾ ਡਾਂਸ ਹੋਵੇ ਜਾਂ ਫਿਰ 'ਪਰਦੇਸੀਓਂ ਸੇ ਨਾ ਅੱਖੀਆਂ ਮਿਲਾਨਾ' ਗੀਤ 'ਤੇ ਮਾਸੂਮ ਅਦਾਇਗੀ, ਸ਼ਸ਼ੀ ਕਪੂਰ ਸਭ ਨੂੰ ਮੋਹਿਤ ਕਰ ਲੈਣ ਦੀ ਸਮਰੱਥਾ ਰੱਖਣ ਵਾਲੇ ਬੇਜੋੜ ਅਦਾਕਾਰ ਹਨ। ਅਦਾਕਾਰੀ ਤਾਂ ਉਨ੍ਹਾਂ ਦੇ ਖੂਨ 'ਚ ਹੀ ਹੈ।




ਸਾਲ 2009 ਦਾ ਲਾਈਫ ਟਾਈਮ ਐਚੀਵਮੈਂਟ ਐਵਾਰਡ ਹਾਸਲ ਕਰਨ ਵਾਲੇ ਸ਼ਸ਼ੀ ਕਪੂਰ ਨੂੰ ਪਦਮ ਭੂਸ਼ਣ ਨਾਲ ਵੀ ਨਿਵਾਜਿਆ ਗਿਆ ਹੈ। ਉਨ੍ਹਾਂ ਨੇ 1958 'ਚ ਬ੍ਰਿਟਿਸ਼ ਅਦਾਕਾਰਾ ਜੈਨੀਫਰ ਕੈਡਲ ਨਾਲ ਵਿਆਹ ਕੀਤਾ ਜਿਸ ਤੋਂ ਉਨ੍ਹਾਂ ਦੇ ਦੋ ਪੁੱਤਰ ਤੇ ਇਕ ਧੀ ਹੋਈ। ਜੈਨੀਫਰ ਦੀ 1984 'ਚ ਕੈਂਸਰ ਨਾਲ ਮੌਤ ਹੋ ਗਈ। ਉਹ ਪੂਰੀ ਤਰ੍ਹਾਂ ਫਿੱਟ ਰਹੇ ਪਰ ਪਤਨੀ ਦੇ ਜਾਣ ਦਾ ਦੁੱਖ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਲੱਗਾ।

ਉਨ੍ਹਾਂ ਨੇ 1940 'ਚ ਬਤੌਰ ਬਾਲ ਕਲਾਕਾਰ ਫ਼ਿਲਮ 'ਆਗ' ਤੇ 'ਆਵਾਰਾ' 'ਚ ਅਦਾਕਾਰੀ ਕੀਤੀ। ਬਤੌਰ ਹੀਰੋ ਉਨ੍ਹਾਂ ਨੇ ਯਸ਼ ਚੋਪੜਾ ਦੀ ਫ਼ਿਲਮ 'ਧਰਮ ਪੁੱਤਰ' ਨਾਲ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ। ਉਸ ਪਿਛੋਂ ਉਨ੍ਹਾਂ ਨੇ ਵਕਤ, ਕੰਨਿਆ ਦਾਨ, ਹਸੀਨਾ ਮਾਨ ਜਾਏਗੀ, ਕਭੀ-ਕਭੀ, ਤ੍ਰਿਸ਼ੂਲ, ਕਾਲਾ ਪੱਥਰ, ਸੱਤਿਅਮ ਸ਼ਿਵਮ ਸੁੰਦਰਮ, ਸ਼ਾਨ, ਨਮਕ ਹਲਾਲ, ਸ਼ਰਮੀਲੀ ਵਰਗੀਆਂ ਤਕਰੀਬਨ 100 ਤੋਂ ਵੀ ਵਧੇਰੇ ਫ਼ਿਲਮਾਂ ਕੀਤੀਆਂ। ਆਪਣੀ ਬ੍ਰਿਟਿਸ਼ ਪਤਨੀ ਜੈਨੀਫਰ ਕੈਡਲ ਨਾਲ ਵੀ ਕਈ ਬ੍ਰਿਟਿਸ਼ ਅਤੇ ਅਮਰੀਕੀ ਫ਼ਿਲਮਾਂ 'ਚ ਕੰਮ ਕੀਤਾ। ਇਨ੍ਹਾਂ 'ਚ ਸ਼ੈਕਸਪੀਅਰ ਵਾਲਾ, ਬਾਂਬੇ ਟਾਕੀ ਤੇ ਹੀਟ ਐਂਡ ਡਸਟ ਮੁਖ ਹਨ। ਸ਼ਸ਼ੀ ਕਪੂਰ ਦੇ ਤਿੰਨੇ ਬੱਚੇ ਕਰਨ ਕਪੂਰ, ਕੁਣਾਲ ਕਪੂਰ ਤੇ ਸੰਜਨਾ ਕਪੂਰ ਵੀ ਕਿਸੇ ਨਾ ਕਿਸੇ ਰੂਪ 'ਚ ਬਾਲੀਵੁੱਡ ਨਾਲ ਜੁੜੇ ਹੋਏ ਹਨ।

ਸ਼ਸ਼ੀ ਕਪੂਰ ਨੇ ਫ਼ਿਲਮਾਂ ਦੀ ਸਫਲਤਾ ਦੇ ਝੰਡੇ ਗੱਡਣ ਪਿੱਛੋਂ ਆਪਣੇ ਇਕ ਪ੍ਰੋਡਕਸ਼ਨ ਹਾਊਸ 'ਫ਼ਿਲਮ ਵਾਲਾਸ' ਦੀ ਸਥਾਪਨਾ ਕੀਤੀ ਤੇ 1981 'ਚ ਫ਼ਿਲਮ 'ਕਲਯੁਗ' ਦਾ ਨਿਰਮਾਣ ਕੀਤਾ। ਇਸੇ ਸਾਲ ਉਨ੍ਹਾਂ ਨੇ ਇਕ ਹੋਰ ਫ਼ਿਲਮ '36 ਚੌਰੰਗੀ ਲੇਨ' ਅਤੇ 1984 'ਚ 'ਉਤਸਵ' ਨਾਮੀ ਫ਼ਿਲਮ ਬਣਾਈ। ਉਨ੍ਹਾਂ ਨੇ ਅਮਿਤਾਭ ਬਚਨ ਨੂੰ ਲੈ ਕੇ 'ਅਜੂਬਾ' ਦਾ ਨਿਰਦੇਸ਼ਨ ਵੀ ਕੀਤਾ। ਫ਼ਿਲਮਾਂ 'ਚ ਅਦਾਕਾਰੀ ਦੌਰਾਨ ਸ਼ਸ਼ੀ ਕਪੂਰ ਨੂੰ ਫ਼ਿਲਮ ਫੇਅਰ ਤੇ ਨੈਸ਼ਨਲ ਐਵਾਰਡ ਸਮੇਤ ਵੱਖ-ਵੱਖ ਐਵਾਰਡ ਮਿਲੇ। ਪੁਰਾਣੇ ਜ਼ਮਾਨੇ 'ਚ ਧਰਮਿੰਦਰ ਤੇ ਜਤਿੰਦਰ ਤੋਂ ਇਲਾਵਾ ਸ਼ਸ਼ੀ ਕਪੂਰ ਦਾ ਨਾਂ ਰੋਮਾਂਟਿਕ ਹੀਰੋਜ਼ ਦੀ ਸ਼੍ਰੇਣੀ 'ਚ ਲੋਕਾਂ ਦੀ ਜ਼ੁਬਾਨ 'ਤੇ ਆਉਂਦਾ ਹੈ।

# ਫ਼ਿਲਮ ਗੇਮ 'ਚ ਅਜਬ ਘਟਨਾਵਾਂ ਦੀ ਪੇਸ਼ਕਾਰੀ

ਨਿਰਮਾਤਾ ਫਰਹਾਨ ਅਖ਼ਤਰ ਤੇ ਰਿਤੇਸ਼ ਸਿਧਵਾਨੀ ਦੀ ਅਭਿਨੈ ਦੇਵ ਦੇ ਨਿਰਦੇਸ਼ਨ 'ਚ ਬਣੀ ਤੇ ਸ਼ੰਕਰ ਅਹਿਸਾਨ ਲੋਏ ਦੇ ਸੰਗੀਤ ਨਾਲ ਸਜੀ ਫ਼ਿਲਮ 'ਗੇਮ' ਨੀਲ ਮੈਨਨ (ਅਭਿਸ਼ੇਕ ਬੱਚਨ) ਓ.ਪੀ. ਰਾਮਸੇ (ਬੋਮਨ ਈਰਾਨੀ), ਤਿਸ਼ਾ ਖੰਨਾ (ਸ਼ਹਾਨਾ ਗੋਸਵਾਮੀ) ਤੇ ਵਿਕਰਮ ਕਪੂਰ (ਜਿੰਮੀ ਸ਼ੇਰਗਿੱਲ) ਨਾਮੀ ਚਾਰ ਅਜਨਬੀਆਂ ਦੀ ਕਹਾਣੀ ਹੈ। ਨੀਲ ਇਕ ਕੈਸੀਨੋ ਦਾ ਮਾਲਕ ਹੈ। ਉਸ ਨੇ ਆਪਣਾ ਪੈਸਾ ਵੱਖ-ਵੱਖ ਧੰਦਿਆਂ ਵਿਚ ਲਗਾ ਰੱਖਿਆ ਹੈ, ਜਿਨ੍ਹਾਂ ਵਿਚੋਂ ਕੁਝ ਕਾਨੂੰਨੀ ਹਨ ਤੇ ਕੁਝ ਗ਼ੈਰ-ਕਾਨੂੰਨੀ। ਵਿਕਰਮ ਇਕ ਸੁਪਰ ਸਟਾਰ ਹੈ, ਜਿਸ ਨੂੰ ਭਾਰਤ ਦੀਆਂ ਗਲੀਆਂ ਵਿਚ ਰਹਿਣ ਵਾਲਾ ਬੱਚਾ-ਬੱਚਾ ਜਾਣਦਾ ਹੈ। ਵਿਕਰਮ ਦੀਆਂ ਪਿਛਲੀਆਂ ਤਿੰਨ ਫਿਲਮਾਂ ਲਗਾਤਾਰ ਫਲਾਪ ਰਹੀਆਂ ਹਨ। ਅਗਲੀ ਵੱਡੀ




ਫ਼ਿਲਮ ਰਿਲੀਜ਼ ਹੋਣ ਵਾਲੀ ਹੈ ਜਿਸ 'ਤੇ ਉਸ ਦਾ ਕੈਰੀਅਰ ਦਾਅ 'ਤੇ ਲੱਗਿਆ ਹੈ। ਓ.ਪੀ. ਰਾਮਸੇ ਥਾਈਲੈਂਡ ਦਾ ਨਾਮੀ ਨੇਤਾ ਹੈ ਜੋ ਉਥੋਂ ਦਾ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਸ਼ਾਮਲ ਹੈ। ਤਿਸ਼ਾ ਖੰਨਾ ਕ੍ਰਾਈਮ ਜਰਨਲਿਸਟ ਹੈ ਜਿਸ ਦਾ ਕੈਰੀਅਰ ਹੁਣ ਤੱਕ ਸਹੀ ਦਿਸ਼ਾ ਵਿਚ ਅੱਗੇ ਨਹੀਂ ਵਧਿਆ ਹੈ। ਇਹ ਚਾਰੇ ਇਕ-ਦੂਜੇ ਨੂੰ ਬਿਲਕੁਲ ਵੀ ਨਹੀਂ ਜਾਣਦੇ। ਇਨ੍ਹਾਂ ਨੂੰ ਕਬੀਰ ਮਲਹੋਤਰਾ (ਅਨੁਪਮ ਖੇਰ) ਨਾਮੀ ਸ਼ਖ਼ਸ ਗ੍ਰੀਸ ਸਥਿਤ ਆਪਣੇ ਨਿੱਜੀ ਟਾਪੂ 'ਤੇ ਬੁਲਾਉਂਦਾ ਹੈ। ਕਬੀਰ ਬਾਰੇ ਇਨ੍ਹਾਂ ਨੂੰ ਜ਼ਿਆਦਾ ਪਤਾ ਨਹੀਂ ਹੈ ਪਰ ਉਸ ਦੇ ਬੁਲਾਏ ਥਾਂ 'ਤੇ ਉਹ ਪਹੁੰਚ ਜਾਂਦੇ ਹਨ।

ਅਗਲੀ ਸਵੇਰ ਸਾਰੇ ਪਛਤਾਉਂਦੇ ਹਨ ਕਿ ਉਹ ਇਥੇ ਕਿਉਂ ਆਏ। ਮਾਇਆ (ਸੇਰਾ ਜੇਨ ਡਿਏਸ) ਇਨ੍ਹਾਂ ਚਾਰਾਂ ਅਜਨਬੀਆਂ ਵਿਚਾਲੇ ਦੀ ਕੜੀ ਹੈ ਤੇ ਸਿਆ ਅਗਨੀਹੋਤਰੀ (ਕੰਗਨਾ) ਇਕ ਜਾਸੂਸ। ਇਨ੍ਹਾਂ ਸਾਰਿਆਂ ਨਾਲ ਕੁਝ ਅਜੀਬ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਕਹਾਣੀ ਵਿਚ ਦਿਲਚਸਪੀ ਉਤਰਾਅ-ਚੜ੍ਹਾਅ ਆਉਂਦੇ ਹਨ। 'ਗੇਮ' ਵਿਚ ਪਿਆਰ, ਬਦਲਾ, ਸਜ਼ਾ ਤੇ ਹਤਿਆਵਾਂ ਹਨ। ਹਰ ਕੋਈ ਠੋਸ ਕਾਰਨਾਂ ਦੇ ਨਾਲ ਸ਼ੱਕ ਦੇ ਘੇਰੇ ਵਿਚ ਹੈ।

# ਪ੍ਰਿਟੀ ਹੁਣ ਛੋਟੇ ਪਰਦੇ ਜੋਗੀ

ਅੱਜ ਕਲ੍ਹ ਪ੍ਰਿਟੀ ਜ਼ਿੰਟਾ ਛੋਟੇ ਪਰਦੇ 'ਤੇ ਰਿਐਲਿਟੀ ਸ਼ੋਅ ਹੋਸਟ ਕਰ ਰਹੀ ਹੈ। ਇਸ ਸ਼ੋਅ ਦੀ ਮੇਜ਼ਬਾਨੀ ਕਰਨ 'ਚ ਉਸ ਨੂੰ ਕਾਫ਼ੀ ਮਜ਼ਾ ਆ ਰਿਹਾ ਹੈ। 'ਅਬ ਇੰਡੀਆ ਤੋੜੇਗਾ' ਨਾਮੀ ਇਸ ਸ਼ੋਅ 'ਚ ਉਹ ਕਾਫ਼ੀ ਸਲਿਮ ਤੇ ਤਰੋਤਾਜ਼ਾ ਲੱਗ ਰਹੀ ਹੈ। ਸੈਟ 'ਤੇ ਮੌਜੂਦ ਇਕ ਸੂਤਰ ਦਾ ਕਹਿਣਾ ਹੈ ਕਿ ਪ੍ਰਿਟੀ ਸ਼ੋਅ 'ਚ ਹਿੱਸਾ ਲੈ ਰਹੇ ਮੁਕਾਬਲੇਬਾਜ਼ਾਂ ਨਾਲ ਕਾਫ਼ੀ ਵਧੀਆ ਤਰੀਕੇ ਨਾਲ ਘੁਲ-ਮਿਲ ਰਹੀ ਹੈ। ਉਸ ਦਾ ਕਹਿਣਾ ਹੈ ਕਿ ਜਿਥੇ ਆਮ ਤੌਰ 'ਤੇ ਜ਼ਿਆਦਾਤਰ ਫ਼ਿਲਮੀ ਸਿਤਾਰੇ ਆਪਣੇ ਕੰਮ ਨਾਲ ਮਤਲਬ ਰੱਖਦੇ ਹਨ ਤੇ ਮੁਕਾਬਲੇਬਾਜ਼ਾਂ ਨਾਲ ਬਹੁਤੀ ਗੱਲਬਾਤ ਨਹੀਂ ਕਰਦੇ ਪਰ ਪ੍ਰਿਟੀ ਜ਼ਿੰਟਾ ਉਨ੍ਹਾਂ ਸਭ ਤੋਂ ਕਾਫ਼ੀ ਵੱਖਰੀ ਹੈ।



ਉਂਜ ਵੀ ਸ਼ੁਰੂ ਤੋਂ ਹੀ ਪ੍ਰਿਟੀ ਦਾ ਸੁਭਾਅ ਕਾਫ਼ੀ ਚੁਲਬੁਲਾ ਤੇ ਦੋਸਤਾਨਾ ਰਿਹਾ ਹੈ ਜਿਸ ਕਾਰਨ ਉਸ ਨੂੰ ਲੋਕਾਂ ਨਾਲ ਘੁਲਣ-ਮਿਲਣ 'ਚ ਬਹੁਤਾ ਸਮਾਂ ਨਹੀਂ ਲੱਗਦਾ। ਇਹ ਅਮੈਰਿਕਨ ਸ਼ੋਅ 'ਗਿੰਨੀਜ਼ ਵਰਲਡ ਰਿਕਾਰਡਸ' ਦਾ ਭਾਰਤੀ ਰੀਮੇਕ ਹੈ ਜਿਸ 'ਚ ਪ੍ਰਿਟੀ ਦੀ ਹੋਸਟਿੰਗ ਦਰਸ਼ਕਾਂ ਨੂੰ ਕਾਫ਼ੀ ਪਸੰਦ ਆ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਸ਼ੋਅ ਨਾਲ ਪ੍ਰਿਟੀ ਨੇ ਤਕਰੀਬਨ ਦੋ ਸਾਲਾਂ ਪਿਛੋਂ ਕੈਮਰੇ 'ਤੇ ਵਾਪਸੀ ਕੀਤੀ ਹੈ ਤੇ ਲੱਗਦਾ ਹੈ ਕਿ ਵਾਪਸੀ ਲਈ ਹੁਣ ਉਹ ਕਮਰ ਕੱਸ ਕੇ ਤਿਆਰ ਹੈ।

# PUNJAB AUTO WERKS

## Akal Transport Corp

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ
ਸਿਰਜਣਾ ਦਿਵਸ ਅਤੇ ਵਿਸਾਖੀ ਦੀ ਸਮੂਹ ਸਿੱਖ ਸੰਗਤਾਂ,
ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

## ਕੋਟਾਨਿ ਕੋਟਿ ਵਧਾਈ



ਮੇਜਰ ਗੁਰਚਰਨ ਸਿੰਘ ਝੱਜ



ਜੈਦੇਵ ਸਿੰਘ (ਸੱਤੀ) ਭੱਠਲ



ਸੁਖਰਾਜ ਸਿੰਘ ਤੱਖੜ

**For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars**

ਲੀਜ਼ 'ਤੇ ਟੈਕਸੀ ਕੈਬ ਵੀ ਦਿੰਦੇ ਹਾਂ

ਅਮਰੀਕਨ ਅਤੇ ਇੰਪੋਰਟਡ ਕਾਰਾਂ
ਦੀ ਰਿਪੇਅਰ ਦੇ ਕੰਮ ਤਸੱਲੀਬਖ਼ਸ਼
ਅਤੇ ਵਾਜਬ ਭਾਅ ਉਤੇ ਕਰਦੇ ਹਾਂ



## ਪੰਜਾਬ ਆਟੋ ਵਰਕਸ

### ਅਕਾਲ ਟਰਾਂਸਪੋਰਟ ਕਾਰਪੋਰੇਸ਼ਨ

**Ph: 312-243-3344, 312-243-2255**

Fax:312-243-2277
1930 Hubbard St, Chicago IL 60622

# Imperial Truck & Trailer Repair

**2142 W. Yosemite Ave., Manteca, CA 95337**

## ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਸਭਨਾਂ ਨੂੰ

## ਲੱਖ ਲੱਖ ਵਧਾਈ

# Grand Opening



Now Truck Parts Available

**All Kinds of Welding Work & General Repair.**

Oil Change **$189.99** Only

Brake **$89.00** With Labor

Wheel Seal **$89.00** With Labor

Labor Rate **$50.00** Hourly Rate

***Wheel Balancing***

24 Hours Road Service & Towing

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

## Tire Service

We carry all major brand tires-new and used at very attractive prices.

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

**Call-Jasvir Singh, Ph:209-239-8111**
**Cell:916-470-5520, Fax: 209-239-4969**

## ਸਭਨਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ ਲੱਖ ਲੱਖ ਵਧਾਈ

# ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਸਹਿਯੋਗੀਆਂ, ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੁੱਚੇ ਭਾਈਚਾਰੇ ਨੂੰ

# ਵਿਸਾਖੀ ਮੁਬਾਰਕ !




ਕਬੱਡੀ ਖਿਡਾਰੀ ਸੰਨ੍ਹੀ ਕੰਦੋਲਾ (ਵਿਚਕਾਰ) ਆਪਣੇ ਪਿਤਾ ਅਤੇ ਭਰਾ ਨਾਲ





ਲਾਲੀ ਕੰਦੋਲਾ ਅਤੇ ਸੁਖਜਿੰਦਰ ਕੌਰ ਕੰਦੋਲਾ

## ਵਲੋਂ:ਲਾਲੀ ਕੰਦੋਲਾ, ਸੁਖਜਿੰਦਰ ਕੌਰ ਕੰਦੋਲਾ ਅਤੇ ਪਰਿਵਾਰ


Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF | MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

## ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਨਵੀਂ ਇਮਾਰਤ ਮੁਕੰਮਲ ਹੋਣ 'ਤੇ ਅਕਾਲ ਪੁਰਖ ਦਾ ਕੋਟਾਨਿ ਕੋਟਿ ਸ਼ੁਕਰਾਨਾ ਅਤੇ ਸੰਗਤਾਂ ਨੂੰ ਲਖ ਲਖ ਵਧਾਈ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969, NMLS# 352095

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



**Jaswinder Gill** M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## JUST SOLD

1. 680 Upper Vinters Cir, Fremont, CA 94539
2. 3257 Poetry Ct., Stockton, CA 95206
3. 2201 Monroe St. #504, Santa Clara, CA 95050
4. 2370 Picasso Way, Stockton, CA 95206
5. 950 Silver Ct., Lathrop, CA 95330
6. 304 Pennyhill Dr., San Jose, CA 95127
7. 234 Pamela Ave 6plex, San Jose CA 95116
8. 3809 Amy Pl, Union city, CA 94587
9. 6400 Christie Ave #5322, Emeryville, CA 94608
10. 2728 Jackson Ave, Tracy CA 95377
11. 1027 Boardwalk Dr, Stockton CA 95206
12. 2975 Winwood Way, San jose CA 95148

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.



Sam Chahal
916-612-5773



Ginni Jaspal
510-579-6259



Kamaljit Sidhu
510-541-2253



Rakesh Pabla
408-531-5464

ਨੋਟ: ਨਵੇਂ ਸਾਲ 2011 ਦੇ ਕੈਲੰਡਰ ਗੋਲਡਨ ਸਟੇਟ ਰਿਐਲਟੀ ਦੇ ਦਫਤਰ ਤੋਂ ਲਏ ਜਾ ਸਕਦੇ ਹਨ।